SUPREME AUDIT INSTITUTION OF INDIA

लोकहितार्थ सत्यनिष्ठा

Dedicated to Truth in Public Interest

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ
# ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ
# ਰਾਜ ਰੈਵੀਨਿਊ ਉੱਤੇ ਰਿਪੋਰਟ

## ਪੰਜਾਬ ਸਰਕਾਰ

2025 ਦੀ ਰਿਪੋਰਟ ਨੰ. 3

(ਸੰਯੁਕਤ ਲੇਖਾ ਪ੍ਰੀਖਿਆ ਰਿਪੋਰਟ – ਰੈਵੀਨਿਊ)

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ

# ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ

# ਰਾਜ ਰੈਵੀਨਿਊ ਉੱਤੇ ਰਿਪੋਰਟ

**ਪੰਜਾਬ ਸਰਕਾਰ**

2025 ਦੀ ਰਿਪੋਰਟ ਨੰ. 3

(ਸੰਯੁਕਤ ਲੇਖਾ ਪ੍ਰੀਖਿਆ ਰਿਪੋਰਟ – ਰੈਵੀਨਿਊ)

## ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਭੂਮਿਕਾ** | iii | |
| **ਝਲਕ** | v-xi | |
| **ਅਧਿਆਇ-I: ਜਨਰਲ** | | |
| ਜਾਣ-ਪਛਾਣ | 1.1 | 1 |
| ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ | 1.2 | 1 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.3 | 10 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.4 | 11 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦਾ ਹੁੰਗਾਰਾ | 1.5 | 11 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ | 1.6 | 13 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵੀ | 1.7 | 14 |
| **ਆਬਕਾਰੀ ਅਤੇ ਕਰ ਵਿਭਾਗ** | | |
| **ਅਧਿਆਇ-II: ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲ ਕਰਨ ਉੱਤੇ ਵਿਭਾਗ ਦੀ ਨਿਗਰਾਨੀ (ਪੜਾਅ-II)** | 2.1 ਤੋਂ 2.9 | 17 |
| **ਅਧਿਆਇ-III: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ** | 3.1 ਤੋਂ 3.13 | 69 |
| **ਅਧਿਆਇ-IV: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਕਰ-ਰੈਵੀਨਿਊ ਵਿਭਾਗ)** | | |
| **ਆਬਕਾਰੀ ਅਤੇ ਕਰ ਵਿਭਾਗ** | | |
| ਵਿਆਜ ਨਾ ਲਗਾਉਣਾ | 4.1 | 124 |
| ਸ਼ੱਕੀ ਖਰੀਦਾਂ ਤੇ ਇਨਪੁਟ ਟੈਕਸ ਕ੍ਰੈਡਿਟ | 4.2 | 126 |
| ਗਲਤ 'ਸੀ' ਫਾਰਮਾਂ 'ਤੇ ਕਰ ਦੀ ਰਿਆਇਤ ਦੀ ਅਨਿਯਮਿਤ ਮੰਨਜ਼ੂਰੀ ਦੇਣਾ | 4.3 | 129 |
| ਡੀਮਡ ਨਿਰਯਾਤ ‘ਤੇ ਕਰ ਦੀ ਛੋਟ ਦੀ ਅਨਿਯਮਿਤ ਮੰਨਜ਼ੂਰੀ | 4.4 | 130 |
| ਕਰ ਘੱਟ ਲਗਾਉਣਾ ਅਤੇ ਸਰਚਾਰਜ ਨਾ ਲਗਾਉਣਾ | 4.5 | 132 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਇਨਪੁਟ ਟੈਕਸ ਕ੍ਰੈਡਿਟ ਦੀ ਅਸਵੀਕਾਰਯੋਗ ਮੰਨਜ਼ੂਰੀ | 4.6 | 133 |
| ਆਬਕਾਰੀ ਲਾਇਸੈਂਸ ਫੀਸ ਦਾ ਦੇਰੀ ਨਾਲ ਭੁਗਤਾਨ 'ਤੇ ਵਿਆਜ ਨਾ ਲਗਾਉਣਾ | 4.7 | 134 |
| ਐਕਸਪੋਰਟ-ਇਨ-ਬਾਂਡ ਅਧੀਨ ਜਾਰੀ ਸ਼ਰਾਬ ‘ਤੇ ਆਬਕਾਰੀ ਕਰ ਦੀ ਵਸੂਲੀ ਨਾ ਕਰਨਾ | 4.8 | 135 |
| ਆਈ ਟੀ ਫੀਸ ਦਾ ਭੁਗਤਾਨ ਨਾ ਕਰਨਾ | 4.9 | 137 |
| **ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ** | | |
| ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਦੀ ਅਨਿਯਮਿਤ ਛੋਟ | 4.10 | 138 |
| ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ | 4.11 | 140 |
| ‘ਵੇਚਣ ਲਈ ਇਕਰਾਰਨਾਮੇ’ 'ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ | 4.12 | 141 |
| ਪਾਵਰ ਆਫ ਅਟਾਰਨੀ ਤੇ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ | 4.13 | 143 |
| ਜਾਇਦਾਦਾਂ ਦੇ ਘੱਟ ਮੁਲਾਂਕਣ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ | 4.14 | 144 |
| ਲੀਜ਼ ਡੀਡ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ | 4.15 | 146 |
| **ਅੰਤਿਕਾਵਾਂ** | | 149 |
| **ਸੰਖੇਪਕ ਸ਼ਬਦਾਂ ਦੀ ਸ਼ਬਦਾਵਲੀ** | | 187 |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ 31 ਮਾਰਚ 2023 ਨੂੰ ਸਮਾਪਤ ਹੋਏ ਸਾਲ ਲਈ ਪਾਲਣ ਲੇਖਾ ਪ੍ਰੀਖਿਆ 'ਤੇ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਦਰਸਾਏ ਗਏ ਦ੍ਰਿਸ਼ਟਾਂਤ ਉਹ ਹਨ ਜਿਹੜੇ ਕਿ 2023-24 ਦੇ ਸਮੇਂ ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਵੇਲੇ ਧਿਆਨ ਵਿੱਚ ਆਏ ਅਤੇ ਇਸਦੇ ਨਾਲ-ਨਾਲ ਉਹ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਿਛਲੇ ਸਾਲਾਂ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ।

ਇਹ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨਕੂਲਤਾ ਵਿੱਚ ਸੰਚਾਲਤ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।**

# ਝਲਕ

## ਝਲਕ

ਇਸ ਰਿਪੋਰਟ ਵਿੱਚ 'ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ ਪੜਾਅ-II' 'ਸਿਰਲੇਖ ਵਾਲੇ ਇੱਕ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ (ਐਸ ਐਸ ਸੀ ਏ), 'ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ' ਸਿਰਲੇਖ ਵਾਲੀ ਇੱਕ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਕਰ ਰੈਵੀਨਿਊ ਵਿਭਾਗਾਂ ਦੇ ਅਧੀਨ ਪਾਲਣ ਮੁੱਦਿਆਂ ਨੂੰ ਕਵਰ ਕਰਨ ਵਾਲੀਆਂ 15 ਟਿੱਪਣੀਆਂ ਸ਼ਾਮਲ ਹਨ ਜਿਹਨਾਂ ਵਿੱਚ ₹ 2,202.45 ਕਰੋੜ[1] ਦਾ ਮੁੱਦ੍ਰਾ ਮੁੱਲ ਸ਼ਾਮਲ ਹੈ।

### ਅਧਿਆਇ-I: ਜਨਰਲ

ਸਾਲ 2022-23 ਲਈ ਰਾਜ ਸਰਕਾਰ ਦੀਆਂ ਕੁੱਲ ਪ੍ਰਾਪਤੀਆਂ ₹ 87,615.60 ਕਰੋੜ ਸਨ। ਸਰਕਾਰ ਨੇ ₹ 48,475.11 ਕਰੋੜ ਇਕੱਠੇ ਕੀਤੇ ਜਿਸ ਵਿੱਚ ₹ 42,243.17 ਕਰੋੜ ਦਾ ਕਰ ਰੈਵੀਨਿਊ ਅਤੇ ₹ 6,231.94 ਕਰੋੜ ਦਾ ਗੈਰ-ਕਰ ਰੈਵੀਨਿਊ ਸ਼ਾਮਲ ਹੈ। ਰਾਜ ਸਰਕਾਰ ਨੂੰ ਵੰਡਣਯੋਗ ਕੇਂਦਰੀ ਕਰਾਂ ਵਿੱਚ ਰਾਜ ਦੇ ਹਿੱਸੇ ਵਜੋਂ ₹ 17,163.65 ਕਰੋੜ ਅਤੇ ਭਾਰਤ ਸਰਕਾਰ ਤੋਂ ₹ 21,976.84 ਕਰੋੜ ਸਹਾਇਤਾ ਗ੍ਰਾਂਟਾਂ ਵਜੋਂ ਪ੍ਰਾਪਤ ਹੋਏ ਹਨ।

ਰੈਵੀਨਿਊ ਪ੍ਰਾਪਤੀਆਂ ਦੇ ਪੰਜ-ਸਾਲਾਂ ਦੇ ਰੁਝਾਨ ਨੇ ਦਰਸਾਇਆ ਕਿ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੇ ਆਪਣੇ ਰੈਵੀਨਿਊ ਦਾ ਹਿੱਸਾ 2018-19 ਵਿੱਚ 62.88 *ਪ੍ਰਤੀਸ਼ਤ* ਤੋਂ ਘਟ ਕੇ 2022-23 ਵਿੱਚ 55.33 *ਪ੍ਰਤੀਸ਼ਤ* ਰਹਿ ਗਿਆ। ਜਦੋਂਕਿ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਆਮਦਨ ਦਾ ਹਿੱਸਾ 2018-19 ਦੇ 19.28 *ਪ੍ਰਤੀਸ਼ਤ* ਤੋਂ ਮਾਮੂਲੀ ਜਿਹਾ ਵੱਧ ਕੇ 2022-23 ਵਿੱਚ 19.59 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਸਹਾਇਤਾ ਗ੍ਰਾਂਟਾਂ 2018-19 ਵਿੱਚ 17.84 *ਪ੍ਰਤੀਸ਼ਤ* (₹ 11,107.37 ਕਰੋੜ) ਤੋਂ ਵਧ ਕੇ 2022-23 ਵਿੱਚ 25.08 *ਪ੍ਰਤੀਸ਼ਤ* (₹ 21,976.84 ਕਰੋੜ) ਹੋ ਗਈਆਂ। ਸਾਲ 2022-23 ਦੌਰਾਨ, ਰਾਜ ਸਰਕਾਰ ਨੇ ਕੁੱਲ ਰੈਵੀਨਿਊ ਪ੍ਰਾਪਤੀਆਂ (₹ 87,615.60 ਕਰੋੜ) ਦਾ 55.33 *ਪ੍ਰਤੀਸ਼ਤ* (₹ 48,475.11 ਕਰੋੜ) ਇਕੱਠਾ ਕੀਤਾ। ਪ੍ਰਾਪਤੀਆਂ ਦਾ ਬਾਕੀ 44.67 *ਪ੍ਰਤੀਸ਼ਤ* (₹ 39,140.49 ਕਰੋੜ) ਭਾਰਤ ਸਰਕਾਰ ਤੋਂ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਅਤੇ ਸਹਾਇਤਾ ਗ੍ਰਾਂਟਾਂ ਦੀ ਨਿਰੋਲ ਆਮਦਨ ਦੇ ਹਿੱਸੇ ਵਜੋਂ ਸੀ। ਕੁੱਲ ਮਿਲਾ ਕੇ, ਪਿਛਲੇ ਦੋ ਵਿੱਤੀ ਵਰ੍ਹਿਆਂ ਦੌਰਾਨ ਰਾਜ ਦੇ ਆਪਣੇ ਰੈਵੀਨਿਊ ਵਿੱਚ ਵਾਧਾ ਹੋਇਆ ਹੈ। ਸਾਲ 2022-23 ਦੌਰਾਨ, ਪਿਛਲੇ ਸਾਲ ਦੇ ਮੁਕਾਬਲੇ ਸਹਾਇਤਾ ਗ੍ਰਾਂਟ ਵਿੱਚ 5.82 *ਪ੍ਰਤੀਸ਼ਤ* ਦਾ ਵਾਧਾ ਹੋਇਆ। ਇਸ ਸਮੇਂ ਦੌਰਾਨ, ਕਰ ਰੈਵੀਨਿਊ ਵਿੱਚ ਪਿਛਲੇ ਸਾਲ ਦੇ ਮੁਕਾਬਲੇ 13.17 *ਪ੍ਰਤੀਸ਼ਤ* ਅਤੇ ਗੈਰ-ਕਰ ਰੈਵੀਨਿਊ ਵਿੱਚ 30.27 *ਪ੍ਰਤੀਸ਼ਤ* ਦਾ ਵਾਧਾ ਹੋਇਆ, ਜੋ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੀਆਂ ਆਪਣੀਆਂ ਪ੍ਰਾਪਤੀਆਂ ਵਿੱਚ ਵਾਧੇ ਨੂੰ ਦਰਸਾਉਂਦਾ ਹੈ।

***(ਪੈਰ੍ਹਾ 1.2, ਪੰਨਾ 1)***

[1] **ਅਧਿਆਇ-II**: **₹ 2,065.11 ਕਰੋੜ** (***ਲਿਮਿਟਡ ਲੇਖਾ ਪ੍ਰੀਖਿਆ:*** *ਵਸੂਲੀ ਕੀਤੀ ਗਈ* – ₹ 2.14 ਕਰੋੜ, ਐਸ ਸੀ ਐਨ ਜਾਰੀ ਕੀਤਾ ਗਿਆ- ₹ 1,472.75 ਕਰੋੜ, ਏ ਐਸ ਐਮ ਟੀ-10 – ₹ 49.78 ਕਰੋੜ; ***ਵਿਸਥਾਰਤ ਲੇਖਾ ਪ੍ਰੀਖਿਆ*** : ਵਸੂਲੀ ਕੀਤੀ ਗਈ- ₹ 0.55 ਕਰੋੜ, ਐਸ ਸੀ ਐਨ ਜਾਰੀ ਕੀਤਾ ਗਿਆ- ₹ 333.18 ਕਰੋੜ, ਏ ਐਸ ਐਮ ਟੀ-10 – ₹ 206.71 ਕਰੋੜ)
**ਅਧਿਆਇ-III**: **₹ 120.18 ਕਰੋੜ**
**ਅਧਿਆਇ-IV**: **₹ 17.16 ਕਰੋੜ**

ਲੇਖਾ ਪ੍ਰੀਖਿਆ ਕੀਤੀਆਂ ਗਈਆਂ 133 ਇਕਾਈਆਂ ਦੀ ਨਮੂਨਾ-ਜਾਂਚ ਦੌਰਾਨ 70,566 ਮਾਮਲਿਆਂ ਵਿੱਚ ₹ 266.61 ਕਰੋੜ ਦੇ ਰੈਵੀਨਿਊ ਨਾਲ ਜੁੜੇ ਘੱਟ ਮੁਲਾਂਕਣ, ਥੋੜੇ ਜਾਂ ਕਰ ਅਤੇ ਡਿਊਟੀਆਂ ਨਾ-ਲਗਾਉਣ ਦੇ ਮੁੱਦੇ ਸਾਹਮਣੇ ਆਏ। ਵਿਭਾਗਾਂ ਨੇ ਸਾਲ 2022-23 ਦੌਰਾਨ 800 ਮਾਮਲਿਆਂ ਵਿੱਚ ₹ 19.03 ਕਰੋੜ ਦੀ ਵਸੂਲੀ ਕੀਤੀ, ਜਿਨ੍ਹਾਂ ਵਿੱਚੋਂ 2022-23 ਤੋਂ ਪਹਿਲਾਂ ਕੀਤੀ ਗਈ ਲੇਖਾ ਪ੍ਰੀਖਿਆ ਵਿੱਚ ₹ 19.01 ਕਰੋੜ ਦੇ 797 ਮਾਮਲੇ ਧਿਆਨ ਵਿੱਚ ਲਿਆਂਦੇ ਗਏ ਸਨ।

***(ਪੈਰ੍ਹਾ 1.4, ਪੰਨਾ 11 )***

ਕਰ ਰੈਵੀਨਿਊ ਵਿਭਾਗਾਂ ਵਿੱਚ, 2022-23 ਦੌਰਾਨ ਲੇਖਾ ਪ੍ਰੀਖਿਆ ਕੀਤੀਆਂ ਗਈਆਂ ਇਕਾਈਆਂ ਵਿਰੁੱਧ ਵਿਭਾਗਾਂ ਦੇ ਮੁਖੀਆ ਨੂੰ 133 ਨਿਰੀਖਣ ਰਿਪੋਰਟਾਂ ਜਾਰੀ ਕੀਤੀਆ ਗਈਆਂ ਸਨ, ਉਨ੍ਹਾਂ ਵਿੱਚੋਂ, ਲੇਖਾ ਪ੍ਰੀਖਿਆ ਨੂੰ ਚਾਰ ਹਫਤਿਆਂ ਦੇ ਨਿਰਧਾਰਤ ਸਮੇਂ ਵਿੱਚ 127 ਨਿਰੀਖਣ ਰਿਪੋਰਟਾਂ ਦਾ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਤੋਂ ਇਲਾਵਾ, ਮਾਰਚ 2023 ਤੱਕ ਦੇ ਸਾਲਾਂ ਲਈ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਕਿ ਜੂਨ 2023 ਦੇ ਅੰਤ ਤੱਕ 2,426 ਨਿਰੀਖਣ ਰਿਪੋਰਟਾਂ ਨਾਲ ਸਬੰਧਤ ₹ 4,298.17 ਕਰੋੜ ਦੀਆਂ 10,867 ਟਿੱਪਣੀਆਂ ਬਕਾਇਆ ਰਹੀਆਂ।

***(ਪੈਰ੍ਹਾ 1.5, ਪੰਨਾ 11 )***

ਰੈਵੀਨਿਊ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ ਅਤੇ ਆਵਾਜਾਈ ਵਿਭਾਗ ਨਾਲ ਹੋਈਆਂ ਦੋ ਲੇਖਾ ਪ੍ਰੀਖਿਆ ਕਮੇਟੀ ਮੀਟਿੰਗਾਂ ਵਿੱਚ ਰੈਵੀਨਿਊ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਨਾਲ ਸਬੰਧਤ ₹ 0.11 ਕਰੋੜ ਦੇ ਮੁੱਦ੍ਰਾ ਮੁੱਲ ਦੀਆਂ 13 ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ।

***(ਪੈਰ੍ਹਾ 1.5.1, ਪੰਨਾ 13)***

## ਅਧਿਆਇ-II: ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ (ਪੜਾਅ-II)

ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ 'ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ-ਪੜਾਅ-II' ਤਿੰਨ ਭਾਗਾਂ ਭਾਵ 'ਸਰਕਲ ਲੇਖਾ ਪ੍ਰੀਖਿਆ', 'ਕੇਂਦਰੀਕ੍ਰਿਤ ਲੇਖਾ ਪ੍ਰੀਖਿਆ' ਅਤੇ 'ਵਿਸਥਾਰਤ ਲੇਖਾ ਪ੍ਰੀਖਿਆ' ਵਿੱਚ ਕੀਤੀ ਗਈ ਸੀ।

'ਸਰਕਲ ਲੇਖਾ ਪ੍ਰੀਖਿਆ' ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਸਰਕਲਾਂ ਦੇ ਜ਼ਰੂਰੀ ਨਿਗਰਾਨੀ ਕਾਰਜਾਂ ਜਿਵੇਂ ਕਿ ਰਿਟਰਨ ਫਾਈਲਿੰਗ ਦੀ ਨਿਗਰਾਨੀ, ਕਰਦਾਤਾ ਦੁਆਰਾ ਪਾਲਣ ਆਦਿ ਲਈ ਦਸਤਾਵੇਜ਼ ਸਹੀ ਨਹੀਂ ਸਨ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਕੀਤੇ ਸਰਕਲਾਂ ਵਿੱਚ ਪੜਤਾਲ ਦੇ ਮਾਮਲਿਆਂ ਦੀ ਲੇਖਾ ਪ੍ਰੀਖਿਆ ਜਾਂਚ ਵਿੱਚ ਕਰ ਦਾ ਭੁਗਤਾਨ ਨਾ ਕਰਨ, ਵਿਆਜ ਦਾ ਭੁਗਤਾਨ ਨਾ ਕਰਨ ਅਤੇ ਅਯੋਗ ਇਨਪੁਟ ਟੈਕਸ ਕ੍ਰੈਡਿਟ ਦੀਆਂ ਉਦਾਹਰਣਾਂ ਸਾਹਮਣੇ ਆਈਆਂ। ਇੱਕ ਪ੍ਰਣਾਲੀਗਤ ਦ੍ਰਿਸ਼ਟੀਕੋਣ ਤੋਂ ਵਿਭਾਗ ਨੂੰ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਰਿਟਰਨ ਫਾਈਲਿੰਗ, ਕਰਦਾਤਾ ਦੁਆਰਾ ਪਾਲਣ, ਕਰ ਭੁਗਤਾਨ, ਪੰਜੀਕਰਣ ਨੂੰ ਰੱਦ ਕਰਨ ਅਤੇ ਡਿਫਾਲਟਰਾਂ ਤੋਂ ਬਕਾਏ ਦੀ ਵਸੂਲੀ 'ਤੇ ਪ੍ਰਭਾਵਸ਼ਾਲੀ ਨਿਗਾਰਨੀ ਸਥਾਪਤ ਕੀਤੀ ਜਾ ਸਕੇ।

366 ਮਾਮਲਿਆਂ ਦੀ 'ਕੇਂਦਰੀਕ੍ਰਿਤ ਲੇਖਾ ਪ੍ਰੀਖਿਆ', ਜੋ ਕਿ 654 ਦ੍ਰਿਸ਼ਟਾਂਤਾਂ ਵਿੱਚ ਬਦਲ ਗਈਆਂ; ਨੇ ਕਰਦਾਤਾਵਾਂ ਦੇ ਡਾਟਾਸੈਟਾਂ ਦੇ ਜੋਖਮ ਅਧਾਰਤ ਵਿਸ਼ਲੇਸ਼ਣ ਦੇ ਨਤੀਜੇ ਵਜੋਂ ₹ 32,153.78 ਕਰੋੜ ਦੀਆਂ ਡੇਵੀਏਸ਼ਨਾਂ ਨੂੰ ਸਾਹਮਣੇ ਲਿਆਂਦਾ। ਵਿਭਾਗ ਦੇ ਜਵਾਬ 642 ਦ੍ਰਿਸ਼ਟਾਂਤਾਂ ਵਿੱਚ ਪ੍ਰਾਪਤ ਹੋਏ। ਪ੍ਰਾਪਤ ਹੋਏ ਜਵਾਬਾਂ ਵਿਚੋਂ ₹ 1,646.00 ਕਰੋੜ ਦੇ 326 ਦ੍ਰਿਸ਼ਟਾਂਤ (50.78 *ਪ੍ਰਤੀਸ਼ਤ*) ਪਾਲਣ ਡੇਵੀਏਸ਼ਨਾਂ ਵਿੱਚ ਬਦਲ ਗਏ, ਜਿੱਥੇ ਵਿਭਾਗ ਨੇ 33 ਦ੍ਰਿਸ਼ਟਾਂਤਾਂ ਵਿੱਚ ₹ 2.14 ਕਰੋੜ ਦੀਆਂ ਵਸੂਲੀਆਂ ਦੇ ਨਾਲ 36.60 *ਪ੍ਰਤੀਸ਼ਤ* ਡੇਵੀਏਸ਼ਨਾਂ ਵਾਲੇ ਵਿੱਚ ਅਸੰਗਤੀਆਂ ਨੂੰ ਸਵੀਕਾਰ ਕੀਤਾ, 184 ਦ੍ਰਿਸ਼ਟਾਂਤਾਂ ਵਿੱਚ ₹ 1,472.75 ਕਰੋੜ ਦੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਅਤੇ ₹ 49.78 ਕਰੋੜ ਦੇ 18 ਦ੍ਰਿਸ਼ਟਾਂਤਾਂ ਵਿੱਚ ਏ ਐਸ ਐਮ ਟੀ-10 ਜਾਰੀ ਕਰਕੇ ਕਰਦਾਤਾਵਾਂ ਤੋਂ ਜਵਾਬ ਮੰਗਿਆ ਗਿਆ। ਇਨ੍ਹਾਂ ਦ੍ਰਿਸ਼ਟਾਂਤਾਂ ਵਿੱਚ ਜੋਖਮ ਵਾਲੇ ਖੇਤਰਾਂ ਵਿੱਚ ਡੇਵੀਏਸ਼ਨਾਂ ਦੀਆਂ ਉੱਚੀਆਂ ਦਰਾਂ ਵੇਖੀਆਂ ਗਈਆਂ ਜਿਵੇਂ ਕਿ ਇਨਪੁਟ ਟੈਕਸ ਕ੍ਰੈਡਿਟ ਬੇਮੇਲਤਾ, ਸੀਮਾ ਮਿਆਦ ਤੋਂ ਬਾਅਦ ਪ੍ਰਾਪਤ ਕੀਤਾ ਇਨਪੁਟ ਟੈਕਸ ਕ੍ਰੈਡਿਟ, ਚੁਕਤਾ ਨਾ ਕੀਤੀ ਗਈ ਕਰ ਦੇਣਦਾਰੀ, ਕਰ ਦੇ ਦੇਰੀ ਨਾਲ ਭੁਗਤਾਨ ਤੇ ਵਿਆਜ ਦਾ ਘੱਟ/ਨਾ ਭੁਗਤਾਨ ਕਰਨਾ ਅਤੇ ਜੀ ਐਸ ਟੀ ਆਰ-3ਬੀ ਨਾ ਫਾਇਲ ਕਰਨਾ। ਇਸ ਤੋਂ ਇਲਾਵਾ, ₹ 115.83 ਕਰੋੜ ਦੇ 85 ਦ੍ਰਿਸ਼ਟਾਂਤ ਕਰਦਾਤਾਵਾਂ ਨਾਲ ਪੱਤਰ ਵਿਹਾਰ ਅਧੀਨ ਸਨ। ₹ 5.50 ਕਰੋੜ ਦੇ ਛੇ ਦ੍ਰਿਸ਼ਟਾਂਤਾਂ ਵਿੱਚ ਵਿਭਾਗ ਦੇ ਜਵਾਬ ਲੇਖਾ ਪ੍ਰੀਖਿਆ ਨੂੰ ਸਵੀਕਾਰ ਨਹੀਂ ਸਨ ਅਤੇ ਹੋਰ ਸਪੱਸ਼ਟੀਕਰਨ ਮੰਗਿਆ ਗਿਆ ਸੀ। ਵਿਭਾਗ ਵੱਲੋਂ ₹ 61.54 ਕਰੋੜ ਦੇ 24 ਦ੍ਰਿਸ਼ਟਾਂਤਾਂ ਦੀ ਜਾਂਚ ਕੀਤੀ ਜਾ ਰਹੀ ਸੀ। ₹ 47.66 ਕਰੋੜ ਦੇ ਅੱਠ ਦ੍ਰਿਸ਼ਟਾਂਤਾਂ (ਟਰਨਓਵਰ ਦੀ ਬੇਮੇਲਤਾ ਸਮੇਤ) ਵਿੱਚ ਵਿਭਾਗ ਨੇ ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਂਦੀਆਂ ਗਈਆਂ ਡੇਵੀਏਸ਼ਨਾਂ ਨੂੰ ਸਵੀਕਾਰ ਨਹੀਂ ਕੀਤਾ ਪਰ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ। 284 ਦ੍ਰਿਸ਼ਟਾਂਤਾਂ (44.24 *ਪ੍ਰਤੀਸ਼ਤ*) ਵਿੱਚ, ਜਿੱਥੇ ਵਿਭਾਗ ਦਾ ਜਵਾਬ ਲੇਖਾ ਪ੍ਰੀਖਿਆ ਨੂੰ ਸਵੀਕਾਰਯੋਗ ਸੀ, ਕਰਦਾਤਾਵਾਂ ਦੁਆਰਾ ਡਾਟਾ ਐਂਟਰੀ ਗਲਤੀਆਂ ਵਿੱਚ 22 ਦ੍ਰਿਸ਼ਟਾਂਤ ਸ਼ਾਮਲ ਸਨ, ਵਿਭਾਗ ਨੇ 44 ਦ੍ਰਿਸ਼ਟਾਂਤਾਂ ਵਿੱਚ ਸਰਗਰਮੀ ਨਾਲ ਕਾਰਵਾਈ ਕੀਤੀ ਸੀ ਅਤੇ 218 ਦ੍ਰਿਸ਼ਟਾਂਤਾਂ ਵਿੱਚ, ਵਿਭਾਗ ਕੋਲ ਜਾਇਜ਼ ਸਪੱਸ਼ਟੀਕਰਨ ਸਨ। ਇਸ ਤੋਂ ਇਲਾਵਾ 12 ਮਾਮਲਿਆਂ ਜਿਹਨਾਂ ਵਿੱਚ ₹ 51.44 ਕਰੋੜ ਸ਼ਾਮਲ ਹਨ, ਵਿਭਾਗ ਦਾ ਜਵਾਬ ਪ੍ਰਾਪਤ ਨਹੀਂ ਹੋਇਆ ਸੀ।

70 ਮਾਮਲਿਆਂ ਦੀ 'ਵਿਸਥਾਰਤ ਲੇਖਾ ਪ੍ਰੀਖਿਆ' ਵਿੱਚ 393 ਦ੍ਰਿਸ਼ਟਾਂਤਾਂ ਨਾਲ ਸਬੰਧਤ 61 ਮਾਮਲਿਆਂ ਵਿੱਚ ਪਾਲਣਾ ਦੀਆਂ ਕਮੀਆਂ ਸਾਹਮਣੇ ਆਈਆਂ ਜਿਨ੍ਹਾਂ ਦਾ ਰੈਵੀਨਿਊ ₹ 3,250.60 ਕਰੋੜ ਸੀ, ਜਿਸ ਵਿੱਚ ₹ 0.49 ਕਰੋੜ ਵਿਆਜ ਦਾ ਭੁਗਤਾਨ ਨਾ ਕੀਤਾ ਜਾਣਾ, ₹ 3,181.46 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ/ਕਰ ਦੇਣਦਾਰੀ ਵਿੱਚ ਬੇਮੇਲਤਾ ਅਤੇ ₹ 68.65 ਕਰੋੜ ਦੇ ਟਰਨਓਵਰ ਦੀ ਬੇਮੇਲਤਾ ਸ਼ਾਮਲ ਹੈ। ਇਨ੍ਹਾਂ ਵਿੱਚੋਂ, 210 ਦ੍ਰਿਸ਼ਟਾਂਤਾਂ ਵਿੱਚ ₹ 540.44 ਕਰੋੜ ਦੀਆਂ ਕਮੀਆਂ ਨੂੰ ਵਿਭਾਗ ਦੁਆਰਾ ਸਵੀਕਾਰ ਕਰ ਲਿਆ ਗਿਆ ਸੀ ਜਿਸ ਵਿੱਚ 19 ਦ੍ਰਿਸ਼ਟਾਂਤਾਂ ਵਿੱਚ ₹ 0.55 ਕਰੋੜ ਦੀਆਂ ਵਸੂਲੀਆਂ ਵੀ ਸ਼ਾਮਲ ਸਨ। ਮੁੱਖ ਕਾਜ਼ਟਿਵ ਫੈਕਟਰ ਅਯੋਗ ਅਤੇ ਅਨਿਯਮਿਤ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਲੈ ਰਹੇ ਸਨ ਅਤੇ ਰਿਵਰਸ ਚਾਰਜ ਪ੍ਰਣਾਲੀ ਦੇ ਨਾਲ-ਨਾਲ ਫਾਰਵਰਡ ਚਾਰਜ ਪ੍ਰਣਾਲੀ ਦੇ ਅਧੀਨ ਕਰ ਦਾ ਗਲਤ ਨਿਪਟਾਰਾ ਕਰਨਾ ਸੀ।

*ਸਿਫਾਰਸ਼ਾਂ :*

- ਵਿਭਾਗ ਰੈਵੀਨਿਊ ਲੀਕੇਜ਼ ਤੋਂ ਬਚਣ ਲਈ ਰਿਟਰਨ ਮਾਮਲਿਆਂ ਦੀ ਜਾਂਚ ਸ਼ੁਰੂ ਕਰਨ ਅਤੇ ਨਿਗਰਾਨੀ ਕਰਨ ਲਈ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।
- ਵਿਭਾਗ ਸਰਕਲਾਂ ਵਿੱਚ ਸੰਸਥਾਗਤ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ ਤਾਂ ਜੋ:
  - ਰਿਟਰਨ ਫਾਈਲਿੰਗ ਅਤੇ ਫਾਈਲ ਨਾ ਕਰਨ ਵਾਲਿਆਂ ਤੇ ਕੀਤੀ ਕਾਰਵਾਈ ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨਾ ਅਤੇ ਬਣਾਈ ਰੱਖਣਾ; ਅਤੇ
  - ਅਰਜ਼ੀ 'ਤੇ ਜੀ ਐਸ ਟੀ ਰਜਿਸਟ੍ਰੇਸ਼ਨਾਂ ਨੂੰ ਸਮੇਂ ਸਿਰ ਰੱਦ ਕਰਨ ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨਾ।

*(ਪੈਰ੍ਹਾ 2.1 ਤੋਂ 2.9, ਪੰਨਾ 17 ਤੋਂ 68)*

## ਅਧਿਆਇ-III: ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ

'ਵਸਤਾਂ ਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ' ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ₹ 120.18 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ ਟਿੱਪਣੀਆਂ ਨੂੰ ਸਾਹਮਣੇ ਲਿਆਦਾਂ ਗਿਆ। ਲੇਖਾ ਪ੍ਰੀਖਿਆ ਦੋ ਪ੍ਰਮੁੱਖ ਮੁੱਦਿਆਂ ਤੇ ਕੇਂਦ੍ਰਿਤ ਸੀ: (i) ਈ-ਵੇਅ ਬਿਲ ਵਿਧੀ ਦੀ ਪ੍ਰਭਾਵਸ਼ੀਲਤਾ ਅਤੇ (ii) ਰੋਕਥਾਮ ਅਤੇ ਲਾਗੂ ਕਰਨ ਦੀਆਂ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ।

ਈ-ਵੇਅ ਬਿਲ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਦੀ ਲੇਖਾ ਪ੍ਰੀਖਿਆ ਜਾਂਚ ਵਿੱਚ ਈ-ਵੇਅ ਬਿਲ ਪ੍ਰਣਾਲੀ ਦੇ ਡਿਜ਼ਾਈਨ ਵਿੱਚ ਕਮੀਆਂ ਸਾਹਮਣੇ ਆਈਆਂ, ਜਿਸ ਕਾਰਨ ਈ-ਵੇਅ ਬਿਲ ਪ੍ਰਣਾਲੀ ਨੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਅੰਤਰਰਾਜੀ ਈ-ਵੇਅ ਬਿਲ ਤਿਆਰ ਕਰਨ ਦੀ ਮੰਨਜ਼ੂਰੀ ਦਿੱਤੀ, ਜਦੋਂ ਕਿ ਜੀ ਐਸ ਟੀ ਉਪਬੰਧਾਂ ਅਨੁਸਾਰ, ਅੰਤਰਰਾਜੀ ਸਪਲਾਈ ਕਰਨ ਵਾਲੇ ਕਰਦਾਤਾ ਕੰਪੋਜ਼ਿਸ਼ਨ ਸਕੀਮ ਲਈ ਯੋਗ ਨਹੀਂ ਸਨ। ਇਸ ਤੋਂ ਇਲਾਵਾ, ਟਰਨਓਵਰ ਦੀ ਨਿਰਧਾਰਤ ਸੀਮਾ ਤੋਂ ਵੱਧ ਕਰਦਾਤਾਵਾਂ ਨੂੰ ਕੰਪੋਜ਼ਿਸ਼ਨ ਸਕੀਮ ਤੋਂ ਬਾਹਰ ਲਿਆਉਣ ਅਤੇ ਆਮ ਕਰਦਾਤਾ ਵਜੋਂ ਕਰ ਅਦਾ ਕਰਨ ਦੀ ਜ਼ਰੂਰਤ ਸੀ ਪਰ ਈ-ਵੇਅ ਬਿਲ ਪ੍ਰਣਾਲੀ ਅਤੇ ਜੀ ਐਸ ਟੀ ਐਨ ਪੋਰਟਲ ਵਿਚਕਾਰ ਤਾਲਮੇਲ ਦੀ ਘਾਟ ਸੀ, ਜਿਸ ਕਾਰਨ ਉਹ ਕੰਪੋਜ਼ਿਸ਼ਨ ਕਰਦਾਤਾ ਵੀ ਈ-ਵੇਅ ਬਿਲ ਤਿਆਰ ਕਰਨ ਦੇ ਯੋਗ ਸਨ, ਜਿਨ੍ਹਾਂ ਦਾ ਟਰਨਓਵਰ ਥ੍ਰੈਸ਼ਹੋਲਡ ਸੀਮਾ ਤੋਂ ਵੱਧ ਗਿਆ ਸੀ ਅਤੇ ਕਰਦਾਤਾਵਾਂ ਨੇ ਕੰਪੋਜ਼ਿਸ਼ਨ ਕਰਦਾਤਾ ਵਜੋਂ ਕਾਰੋਬਾਰੀ ਗਤੀਵਿਧੀਆਂ ਜਾਰੀ ਰੱਖੀਆਂ। ਇਸ ਤੋਂ ਇਲਾਵਾ, ਈ-ਵੇਅ ਪ੍ਰਣਾਲੀ ਨੇ ਜੀ ਐਸ ਟੀ ਰਿਟਰਨ ਨਾਨ-ਫਾਇਲਰਾਂ ਅਤੇ ਨਿੱਲ ਫਾਈਲਰਾਂ ਦੁਆਰਾ ਈ-ਵੇਅ ਬਿਲ ਤਿਆਰ ਕਰਨ ਦੀ ਮੰਨਜ਼ੂਰੀ ਦਿੱਤੀ। ਨਿੱਲ ਫਾਈਲਰ ਜੀ ਐਸ ਟੀ ਆਰ-1 ਰਿਟਰਨ ਵਿੱਚ ਖਰੀਦਦਾਰੀ ਕਰਦਾਤਾਵਾਂ ਨੂੰ ਇਨਪੁਟ ਟੈਕਸ ਕ੍ਰੈਡਿਟ ਪਾਸ ਕਰਨ ਦੇ ਯੋਗ ਸਨ, ਜਦੋਂ ਕਿ ਇਨ੍ਹਾਂ ਕਰਦਾਤਾਵਾਂ ਨੇ ਜੀ ਐਸ ਟੀ ਰਿਟਰਨਾਂ ਵਿੱਚ ਕਰ ਦਾ ਭੁਗਤਾਨ ਨਹੀਂ ਕੀਤਾ ਸੀ। ਈ-ਵੇਅ ਬਿਲ ਪ੍ਰਣਾਲੀ ਨੇ ਸਿੰਗਲ ਇਨਵੌਇਸ 'ਤੇ ਕਈ ਈ-ਵੇਅ ਬਿਲ ਤਿਆਰ ਕਰਨ ਦੀ ਮੰਨਜ਼ੂਰੀ ਵੀ ਦਿੱਤੀ। ਇਸ ਤੋਂ ਇਲਾਵਾ, ਈ-ਵੇਅ ਬਿਲ

ਪ੍ਰਣਾਲੀ ਵਿੱਚ ਵਾਹਨ ਡਾਟਾ ਦੀ ਕੁਸ਼ਲ ਵਰਤੋਂ ਦੀ ਘਾਟ ਸੀ ਕਿਉਂਕਿ ਇਹ ਵਾਹਨ ਡਾਟਾ ਨਾਲ ਮੈਪ ਕੀਤੇ ਜਾਣ ਦੇ ਬਾਵਜੂਦ ਈ-ਵੇਅ ਬਿਲ ਬਣਾਉਣ ਤੋਂ ਪਹਿਲਾਂ ਜੋਖਮ ਭਰੇ ਵਹੀਕਲਾਂ ਦੀ ਪਛਾਣ ਕਰਨ ਵਿੱਚ ਅਸਮਰੱਥ ਸੀ ਅਤੇ ਇਸ ਨੇ ਅਜਿਹੇ ਵਹੀਕਲਾਂ ਦੀ ਵਰਤੋਂ ਕਰਕੇ ਈ-ਵੇਅ ਬਿਲ ਬਣਾਉਣ ਦੀ ਮੰਨਜ਼ੂਰੀ ਦਿੱਤੀ ਜੋ ਵਾਹਨ 'ਤੇ ਉਪਲਬਧ ਜਾਣਕਾਰੀ ਅਨੁਸਾਰ ਚੋਰੀ, ਸਕ੍ਰੈਪ, ਸਮਰਪਣ, ਰੱਦ ਜਾਂ ਮੁਅੱਤਲ ਕੀਤੇ ਗਏ ਸਨ।

ਵਿਭਾਗ ਦੀਆਂ ਰੋਕਥਾਮ ਅਤੇ ਲਾਗੂ ਕਰਨ ਵਾਲੀਆਂ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਦੀ ਲੇਖਾ ਪ੍ਰੀਖਿਆ ਜਾਂਚ ਵਿੱਚ ਕਈ ਕਮੀਆਂ ਸਾਹਮਣੇ ਆਈਆਂ। ਇਹ ਵੇਖਿਆ ਗਿਆ ਕਿ ਈ-ਵੇਅ ਬਿਲਾਂ ਦੀ ਤਸਦੀਕ ਕਰਨ ਲਈ ਟੀਚੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਵਿੱਚ ਨਿਰਧਾਰਤ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ, ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਕੇਂਦਰ ਅਤੇ ਰਾਜਾਂ ਦੇ ਕਰ ਅਧਿਕਾਰੀਆਂ ਦੁਆਰਾ ਵਰਤੋਂ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੁਆਰਾ ਤਿਆਰ ਕੀਤੇ ਜਾ ਰਹੇ ਜੋਖਮ ਭਰੇ ਲੈਣ-ਦੇਣ ਬਾਰੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੀਆਂ ਸਨ। ਇਸ ਤੋਂ ਇਲਾਵਾ, ਇਹ ਵੀ ਵੇਖਿਆ ਗਿਆ ਕਿ ਜਬਤ ਕਰ ਲਏ ਗਏ ਮਾਲ ਅਤੇ ਵਹੀਕਲਾਂ ਨੂੰ ਉਚਿਤ ਅਧਿਕਾਰੀਆਂ ਦੁਆਰਾ ਇਲੈਕਟ੍ਰਾਨਿਕ ਕੈਸ਼ ਲੈਜਰ ਡੈਬਿਟ ਕਰਕੇ ਸਰਕਾਰੀ ਖਾਤਿਆਂ ਵਿੱਚ ਕਰ ਅਤੇ ਜੁਰਮਾਨੇ ਦੀ ਵਸੂਲੀ ਕੀਤੇ ਬਿਨਾਂ ਜਾਰੀ ਕੀਤਾ ਗਿਆ ਸੀ ਅਤੇ ਵਿਅਕਤੀਆਂ ਵੱਲੋਂ ਇਲੈਕਟ੍ਰਾਨਿਕ ਕੈਸ਼ ਲੈਜਰ ਵਿੱਚ ਕਰ ਅਤੇ ਜੁਰਮਾਨੇ ਦੀ ਮੰਗੀ ਗਈ ਰਾਸ਼ੀ ਜਮ੍ਹਾਂ ਕਰਨ ਤੋਂ ਬਾਅਦ ਰਿਲੀਜ਼ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ, ਅੰਦਰੂਨੀ ਅਤੇ ਅੰਤਰ ਵਿਭਾਗੀ ਤਾਲਮੇਲ ਦੀ ਘਾਟ ਸੀ ਕਿਉਂਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਦੇ ਪਰੋਪਰ ਅਧਿਕਾਰੀਆਂ ਦੁਆਰਾ ਵਹੀਕਲਾਂ ਦੀ ਇੰਟਰਸੈਪਸ਼ਨ ਦੌਰਾਨ ਵੇਖੇ ਗਏ ਅਪਰਾਧਾਂ ਨਾਲ ਸਬੰਧਤ ਜਾਣਕਾਰੀ ਅਧਿਕਾਰ ਖੇਤਰ ਦੇ ਕਰ ਅਧਿਕਾਰੀਆਂ ਨਾਲ ਸਾਂਝੀ ਨਹੀਂ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਈ-ਵੇਅ ਬਿਲਾਂ ਦੇ ਲੈਣ-ਦੇਣ ਵਿੱਚ ਇਹ ਵੀ ਦੇਖਿਆ ਕਿ ਗੈਰ-ਰਜਿਸਟਰਡ ਵਿਅਕਤੀਆਂ ਨੇ ₹ 40 ਲੱਖ ਦੀ ਥ੍ਰੈਸ਼ਹੋਲਡ ਸੀਮਾਂ ਤੋਂ ਵੱਧ ਸਪਲਾਈ ਕੀਤੀ ਸੀ, ਜਿਸ ਤੋਂ ਬਾਅਦ ਜੀ ਐਸ ਟੀ ਰਜਿਸਟ੍ਰੇਸ਼ਨ ਲਾਜ਼ਮੀ ਸੀ। ਕੁਝ ਮਾਮਲਿਆਂ ਵਿੱਚ, ਸਪਲਾਈ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਕੋਲ ਉਪਲਬਧ ਇੰਟਰਸੈਪਸ਼ਨ ਰਿਕਾਰਡਾਂ ਦੇ ਅਨੁਸਾਰ ਕੀਤੀ ਗਈ ਸੀ ਪਰ ਸਬੰਧਤ ਕਰਦਾਤਾਵਾਂ ਨੇ ਆਪਣੇ ਜੀ ਐਸ ਟੀ ਆਰ-1 ਰਿਟਰਨਾਂ ਵਿੱਚ ਅਜਿਹੀ ਸਪਲਾਈ ਦੀ ਰਿਪੋਰਟ ਨਹੀਂ ਕੀਤੀ।

***ਸਿਫਾਰਸ਼ਾਂ :***

- ਈ-ਵੇਅ ਬਿਲ ਪ੍ਰਣਾਲੀ ਨੂੰ ਜੀ ਐਸ ਟੀ ਐਨ ਤੇ ਉਪਲਬਧ ਕਰਦਾਤਾਵਾਂ ਦੀ ਜਾਣਕਾਰੀ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਅਤੇ ਜੀ ਐਸ ਟੀ ਪ੍ਰਬੰਧਾਂ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ;
- ਵਿਭਾਗ ਕਈ ਈ-ਵੇਅ ਬਿਲ ਬਣਾਉਣ ਲਈ ਇੱਕੋ ਚਲਾਨ ਦੀ ਵਰਤੋਂ ਨੂੰ ਰੋਕਣ ਲਈ ਈ-ਵੇਅ ਬਿਲ ਪ੍ਰਣਾਲੀ ਵਿੱਚ ਢੁਕਵੇਂ ਪ੍ਰਮਾਣਿਕਤਾ ਨਿਯੰਤਰਣ ਸ਼ਾਮਲ ਕਰਨ ਤੇ ਵਿਚਾਰ ਕਰ ਸਕਦਾ ਹੈ;

- ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੁਆਰਾ ਜੋਖਮ ਭਰੇ ਈ-ਵੇਅ ਬਿਲ ਲੈਣ-ਦੇਣ ਬਾਰੇ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਵਿਭਾਗੀ ਅਧਿਕਾਰੀਆਂ ਦੁਆਰਾ ਕਰ ਚੋਰੀ ਦੇ ਸੰਭਾਵਿਤ ਮਾਮਲਿਆਂ ਦੀ ਪਛਾਣ ਕਰਨ ਲਈ ਕੀਤੀ ਜਾ ਸਕਦੀ ਹੈ;
- ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਵਿੱਚ ਪਰੌਪਰ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਜਾ ਸਕਦੇ ਹਨ ਕਿ ਜਬਤ ਵਸਤਾਂ ਜਾਂ ਵਹੀਕਲਾਂ ਨੂੰ ਸਰਕਾਰੀ ਖਜ਼ਾਨੇ ਵਿੱਚ ਡਿਮਾਂਡਜ਼ ਦੇ ਵਿਰੁੱਧ ਭੁਗਤਾਨਾਂ ਨੂੰ ਪ੍ਰਾਪਤ ਹੋਣ ਤੋਂ ਬਾਅਦ ਹੀ ਰਿਲੀਜ਼ ਕੀਤਾ ਜਾਵੇ; ਅਤੇ
- ਜਿੱਥੇ ਸਪਲਾਇਰ ਗੈਰ-ਰਜਿਸਟਰਡ ਵਿਅਕਤੀ ਸਨ, ਵਿਭਾਗ ਥ੍ਰੈਸ਼ਹੋਲਡ ਸੀਮਾਂ ਤੋਂ ਵੱਧ ਈ-ਵੇਅ ਬਿਲ ਤਿਆਰ ਕਰਨ ਤੋਂ ਰੋਕਣ ਲਈ ਈ-ਵੇਅ ਬਿਲ ਪ੍ਰਣਾਲੀ ਵਿੱਚ ਪ੍ਰਮਾਣਿਕਤਾ ਨਿਯਤਰੰਣ ਸ਼ਾਮਲ ਕਰਨ ਤੇ ਵਿਚਾਰ ਕਰ ਸਕਦਾ ਹੈ।

*(ਪੈਰ੍ਹਾ 3.1 ਤੋਂ 3.13, ਪੰਨਾ 69 ਤੋਂ 122)*

## ਅਧਿਆਇ-IV: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਕਰ-ਰੈਵੀਨਿਊ ਵਿਭਾਗਾਂ)

ਰਾਜ ਕਰ ਦੇ 10 ਸਹਾਇਕ ਕਮਿਸ਼ਨਰਾਂ ਅਧੀਨ ਨਿਰਧਾਰਣ ਅਥਾਰਟੀਆਂ ਨੇ ਕਾਨੂੰਨੀ ਘੋਸ਼ਣਾਵਾਂ ਪੇਸ਼ ਨਾ ਕਰਨ ਦੇ ਕਾਰਣ 20 ਨਿਰਧਾਰਣ ਮਾਮਲਿਆਂ ਵਿੱਚ ₹ 12.92 ਕਰੋੜ ਦੀ ਵਾਧੂ ਮੰਗ ਕੀਤੀ ਪਰ ₹ 5.13 ਕਰੋੜ ਦਾ ਵਿਆਜ ਨਹੀਂ ਲਗਾਇਆ।

*(ਪੈਰ੍ਹਾ 4.1, ਪੰਨਾ 124)*

ਰਾਜ ਕਰ ਦੇ ਸਹਾਇਕ ਕਮਿਸ਼ਨਰ, ਲੁਧਿਆਣਾ-I ਅਤੇ ਲੁਧਿਆਣਾ-III ਅਧੀਨ ਨਿਰਧਾਰਣ ਅਥਾਰਟੀਆਂ ਨੇ ਦੋ ਮਾਮਲਿਆਂ ਵਿੱਚ ਸ਼ੱਕੀ/ਸਦੇਂਹਪੂਰਣ ਖਰੀਦ ਤੇ ₹ 2.96 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਆਗਿਆ ਦਿੱਤੀ।

*(ਪੈਰ੍ਹਾ 4.2, ਪੰਨਾ 126)*

ਰਾਜ ਕਰ ਦੇ ਸਹਾਇਕ ਕਮਿਸ਼ਨਰ, ਫਿਰੋਜ਼ਪੁਰ ਅਧੀਨ ਨਿਰਧਾਰਣ ਅਥਾਰਟੀ ਨੇ 'ਸੀ' ਫਾਰਮਾਂ ਨੂੰ ਅਸਲੀ ਹੋਣ ਨੂੰ ਯਕੀਨੀ ਬਣਾਏ ਬਿਨਾਂ ਇੱਕ ਨਿਰਧਾਰਣ ਮਾਮਲੇ ਵਿੱਚ ₹ 0.68 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਅਨਿਯਮਤ ਰਿਆਇਤ ਦੀ ਆਗਿਆ ਦਿੱਤੀ।

*(ਪੈਰ੍ਹਾ 4.3, ਪੰਨਾ 129)*

ਸੰਯੁਕਤ ਉਪ-ਰਜਿਸਟਰਾਰ, ਸਾਹਨੇਵਾਲ ਨੇ ਨਗਰ ਨਿਗਮ, ਲੁਧਿਆਣਾ ਦੇ ਹੱਕ ਵਿੱਚ ਰਜਿਸਟਰਡ ਅਚੱਲ ਜਾਇਦਾਦਾਂ ਦੀ ਵਿਕਰੀ ਦੇ 48 ਵਿਲੇਖਾਂ 'ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਦੇ ਰੂਪ ਵਿੱਚ ₹ 2.76 ਕਰੋੜ ਦੀ ਅਨਿਯਮਤ ਛੋਟ ਦਿੱਤੀ।

*(ਪੈਰ੍ਹਾ 4.10, ਪੰਨਾ 138)*

ਜਾਇਦਾਦਾਂ ਦੇ ਗਲਤ ਵਰਗੀਕਰਣ ਕਾਰਨ 26 ਮਾਮਲਿਆਂ ਵਿੱਚ ਦਸ ਉਪ-ਰਜਿਸਟਰਾਰਾਂ/ ਸੰਯੁਕਤ ਉਪ-ਰਜਿਸਟਰਾਰਾਂ ਨੇ ₹ 1.95 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ।

*(ਪੈਰ੍ਹਾ 4.11, ਪੰਨਾ 140)*

ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਜਾਇਦਾਦਾਂ ਦੇ ਕਬਜ਼ੇ ਦੇ ਭੁਗਤਾਨ ਲਈ 'ਵੇਚਣ ਲਈ ਇਕਰਾਰਨਾਮੇ' ਤੇ ₹ 1.11 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ।

*(ਪੈਰ੍ਹਾ 4.12, ਪੰਨਾ 141)*

ਉਪ-ਰਜਿਸਟਰਾਰ, ਜਲੰਧਰ-I ਨੇ ਰਾਸ਼ੀ ਦੇ ਬਦਲੇ ਅਚੱਲ ਜਾਇਦਾਦ ਦੀ ਵਿਕਰੀ ਲਈ ਡਿਵੈਲਪਰ ਨੂੰ ਅਧਿਕਾਰਤ ਕਰਦੀ ਪਾਵਰ ਆਫ ਅਟਾਰਨੀ 'ਤੇ ₹ 0.90 ਕਰੋੜ ਦੀ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਨਹੀਂ ਲਗਾਈ।

*(ਪੈਰ੍ਹਾ 4.13 ਪੰਨਾ 143)*

# ਅਧਿਆਇ-I

# ਜਨਰਲ


Education, Sports, Art and Culture
Non Tax Receipts
Interest Receipts
Cooperation
Police
Medical and Public Health
Irrigation
Public Works
CAG's DPC Act
Departmental Audit Committees
Inspection Reports
Grant-in-Aid
Stamp Duty
Motor Vehicle Tax
Duties on Electricity
Punjab Government
Tax Receipts
Forest and Wildlife
Value Added Tax
ATN
State Goods and Services Tax
Public Accounts Committee
State Excise
Share of Net Proceeds of Divisible Union Taxes and Duties

# ਅਧਿਆਇ-I

# ਜਨਰਲ

## 1.1 ਜਾਣ-ਪਛਾਣ

ਇਸ ਰਿਪੋਰਟ ਵਿੱਚ ਰਾਜ ਸਰਕਾਰ ਦੇ ਰੈਵੀਨਿਊ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਤੋਂ ਉੱਭਰੇ ਮਾਮਲੇ ਸ਼ਾਮਲ ਹਨ। ਇਸ ਰਿਪੋਰਟ ਦਾ ਮੁਢਲਾ ਮੰਤਵ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜਿਆਂ ਨੂੰ ਵਿਧਾਨਪਾਲਿਕਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਦੀਆਂ ਲੱਭਤਾਂ ਤੋਂ ਆਸ ਹੈ ਕਿ ਇਹ ਕਾਰਜਪਾਲਿਕਾ ਨੂੰ ਸੋਧਮਈ ਕਾਰਵਾਈ ਕਰਨ ਅਤੇ ਅਜਿਹੀਆਂ ਨੀਤੀਆਂ ਅਤੇ ਨਿਰਦੇਸ਼ ਬਣਾਉਣ ਦੇ ਸਮਰੱਥ ਬਣਾਉਣਗੀਆਂ ਜਿਸ ਨਾਲ ਇਨ੍ਹਾਂ ਵਿਭਾਗਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਇਸ ਤਰਾਂ ਬਿਹਤਰ ਸ਼ਾਸਨ ਪ੍ਰਬੰਧ ਵਿੱਚ ਯੋਗਦਾਨ ਹੋਵੇਗਾ।

ਇਸ ਰਿਪੋਰਟ ਨੂੰ ਹੇਠ ਲਿਖੇ ਚਾਰ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ:

- **ਅਧਿਆਇ-I** ਵਿੱਚ ਰਾਜ ਦੀ ਰੂਪ ਰੇਖਾ ਦੇ ਨਾਲ-ਨਾਲ ਪੰਜਾਬ ਸਰਕਾਰ ਦੁਆਰਾ 2022-23 ਦੌਰਾਨ ਜੁਟਾਈ ਗਈ ਕਰ ਅਤੇ ਗੈਰ-ਕਰ ਰੈਵੀਨਿਊ, ਰਾਜਾਂ ਨੂੰ ਸੌਂਪੇ ਗਏ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟਾਂ ਦੇ ਵੇਰਵੇ, ਲੇਖਾ ਪ੍ਰੀਖਿਆ ਦਾ ਅਧਿਕਾਰ, ਲੇਖਾ ਪ੍ਰੀਖਿਆ ਦਾ ਅਧਿਕਾਰ ਖੇਤਰ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਲਈ ਨਿਰੀਖਣ ਰਿਪੋਰਟਾਂ ਨਾਮਕ ਵੱਖ-ਵੱਖ ਲੇਖਾ ਪ੍ਰੀਖਿਆ ਉਤਪਾਦਾਂ ਵੱਲ ਸਰਕਾਰ ਦੇ ਹੁੰਗਾਰੇ ਦੇ ਵੇਰਵੇ ਸ਼ਾਮਲ ਹਨ।
- **ਅਧਿਆਇ-II** ਵਿੱਚ 'ਜੀ ਐਸ ਟੀ ਭੁਗਤਾਨਾਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ (ਪੜਾਅ-II)' ਉੱਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਦੀਆਂ ਲੱਭਤਾਂ ਸ਼ਾਮਲ ਹਨ।
- **ਅਧਿਆਇ-III** ਵਿੱਚ 'ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ' ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ' ਦੀਆਂ ਲੱਭਤਾਂ ਸ਼ਾਮਲ ਹਨ।
- **ਅਧਿਆਇ-IV** ਵਿੱਚ ਕਰ ਰੈਵੀਨਿਊ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ-ਵੱਖ ਲੱਭਤਾਂ ਸ਼ਾਮਲ ਹਨ।

## 1.2 ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ

1.2.1 ਪੰਜਾਬ ਸਰਕਾਰ ਦੁਆਰਾ ਸਾਲ 2022-23 ਦੌਰਾਨ ਜੁਟਾਏ ਗਏ ਕਰ ਅਤੇ ਗੈਰ-ਕਰ ਰੈਵੀਨਿਊ, ਰਾਜਾਂ ਨੂੰ ਸੌਂਪਿਆ ਗਿਆ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਵਿੱਚ ਰਾਜ ਦਾ ਹਿੱਸਾ ਅਤੇ ਭਾਰਤ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟਾਂ ਅਤੇ ਇਨ੍ਹਾਂ ਦੇ ਪਿਛਲੇ ਚਾਰ ਸਾਲਾਂ ਦੇ ਅੰਕੜੇ ਹੇਠਾਂ **ਸਾਰਣੀ** 1.1 ਅਤੇ **ਚਾਰਟ** 1.1 ਵਿੱਚ ਦਰਸਾਏ ਗਏ ਹਨ।

## ਸਾਰਣੀ 1.1: ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ

*(₹ ਕਰੋੜ ਵਿੱਚ)*

| ਲੜੀ ਨੰ. | ਵੇਰਵੇ | 2018-19 | 2019-20 | 2020-21 | 2021-22 | 2022-23 |
|---|---|---|---|---|---|---|
| 1. | **ਰਾਜ ਸਰਕਾਰ ਦੁਆਰਾ ਜੁਟਾਇਆ ਗਿਆ ਰੈਵੀਨਿਊ** | | | | | |
| | ਕਰ ਰੈਵੀਨਿਊ | 31,574.28 | 29,994.79 | 30,052.83 | 37,326.86 | 42,243.17 |
| | ਗੈਰ-ਕਰ ਰੈਵੀਨਿਊ | 7,582.29 | 6,654.08 | 4,152.13 | 4,783.77 | 6,231.94 |
| | **ਜੋੜ** | **39,156.57** | **36,648.87** | **34,204.96** | **42,110.63** | **48,475.11** |
| 2. | **ਭਾਰਤ ਸਰਕਾਰ ਤੋਂ ਪ੍ਰਾਪਤੀਆਂ** | | | | | |
| | ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀਆਂ ਨਿਰੋਲ ਪ੍ਰਾਪਤੀਆਂ ਵਿੱਚ ਹਿੱਸਾ | 12,005.14 | 10,345.85 | 10,638.21 | 15,288.79 | 17,163.65 |
| | ਸਹਾਇਤਾ ਗ੍ਰਾਂਟਾਂ | 11,107.37 | 14,580.03 | 24,205.01 | 20,768.89 | 21,976.84 |
| | **ਜੋੜ** | **23,112.51** | **24,925.88** | **34,843.22** | **36,057.68** | **39,140.49** |
| 3. | ਰਾਜ ਸਰਕਾਰ ਦੀਆਂ ਕੁੱਲ ਰੈਵੀਨਿਊ ਪ੍ਰਾਪਤੀਆਂ *(1 ਅਤੇ 2)* | **62,269.08** | **61,574.75** | **69,048.18** | **78,168.31** | **87,615.60** |
| | **1 ਤੋਂ 3 ਦੀ ਪ੍ਰਤੀਸ਼ਤਤਾ** | **62.88** | **59.52** | **49.54** | **53.87** | **55.33** |

*ਸ੍ਰੋਤ: ਵਿੱਤ ਲੇਖੇ*



ਰੈਵੀਨਿਊ ਪ੍ਰਾਪਤੀਆਂ ਦਾ ਪੰਜ ਸਾਲਾਂ ਰੁਝਾਨ ਦਰਸਾਉਂਦਾ ਹੈ ਕਿ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੇ ਆਪਣੇ ਰੈਵੀਨਿਊ ਦਾ ਹਿੱਸਾ 2018-19 ਵਿੱਚ 62.88 *ਪ੍ਰਤੀਸ਼ਤ* ਤੋਂ ਘਟ ਕੇ 2022-23 ਵਿੱਚ 55.33 *ਪ੍ਰਤੀਸ਼ਤ* ਰਹਿ ਗਿਆ। ਜਦੋਂ ਕਿ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ 2018-19 ਵਿੱਚ 19.28 *ਪ੍ਰਤੀਸ਼ਤ* ਤੋਂ ਮਾਮੂਲੀ ਜਿਹੀ ਵੱਧ ਕੇ 2022-23 ਵਿੱਚ 19.59 *ਪ੍ਰਤੀਸ਼ਤ* ਹੋ ਗਈ, ਸਹਾਇਤਾ ਗ੍ਰਾਂਟਾਂ 2018-19 ਵਿੱਚ 17.84 *ਪ੍ਰਤੀਸ਼ਤ* (₹ 11,107.37 ਕਰੋੜ) ਤੋਂ ਵੱਧ ਕੇ 2022-23 ਵਿੱਚ 25.08 *ਪ੍ਰਤੀਸ਼ਤ* (₹ 21,976.84 ਕਰੋੜ) ਹੋ ਗਈਆਂ। ਸਾਲ 2022-23 ਦੌਰਾਨ, ਰਾਜ ਸਰਕਾਰ ਨੇ ਆਪਣੇ ਸਰੋਤਾਂ ਤੋਂ ਕੁੱਲ ਰੈਵੀਨਿਊ ਪ੍ਰਾਪਤੀਆਂ (₹ 87,615.60 ਕਰੋੜ) ਦਾ 55.33 *ਪ੍ਰਤੀਸ਼ਤ* (₹ 48,475.11 ਕਰੋੜ) ਜੁਟਾਇਆ। ਪ੍ਰਾਪਤੀਆਂ ਦਾ ਬਾਕੀ 44.67 *ਪ੍ਰਤੀਸ਼ਤ* (₹ 39,140.49 ਕਰੋੜ) ਭਾਰਤ ਸਰਕਾਰ ਵੱਲੋਂ ਵੰਡਣਯੋਗ ਕੇਂਦਰੀ ਕਰਾਂ ਅਤੇ ਡਿਊਟੀਆਂ ਦੀ ਨਿਰੋਲ ਪ੍ਰਾਪਤੀ ਦੇ ਹਿੱਸੇ ਅਤੇ ਸਹਾਇਤਾ ਗ੍ਰਾਂਟਾਂ ਵਜੋਂ ਸੀ। ਪਿਛਲੇ ਦੋ ਵਿੱਤੀ ਸਾਲਾਂ ਦੌਰਾਨ ਸਮੁੱਚੇ ਤੌਰ ਤੇ ਰਾਜ ਦਾ ਆਪਣਾ ਰੈਵੀਨਿਊ ਵਧ ਗਿਆ ਹੈ। ਇਸੇ ਸਮੇਂ 'ਤੇ ਪਿਛਲੇ ਸਾਲ ਦੇ ਮੁਕਾਬਲੇ ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ 13.17 *ਪ੍ਰਤੀਸ਼ਤ* ਅਤੇ ਗੈਰ-ਕਰ ਰੈਵੀਨਿਊ ਵਿੱਚ 30.27 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ, ਜੋ ਕੁੱਲ ਪ੍ਰਾਪਤੀਆਂ ਵਿੱਚ ਰਾਜ ਦੀਆਂ ਆਪਣੀਆਂ ਪ੍ਰਾਪਤੀਆਂ ਵਿੱਚ ਵਾਧੇ ਨੂੰ ਦਰਸਾਉਂਦਾ ਹੈ।

**1.2.2** ਸਾਲ 2018-19 ਤੋਂ 2022-23 ਦੇ ਸਮੇਂ ਦੌਰਾਨ ਜੁਟਾਏ ਗਏ ਕਰ ਰੈਵੀਨਿਊ ਦੇ ਵੇਰਵੇ ਅਤੇ ਰੁਝਾਨ ਨੂੰ ਹੇਠਾਂ **ਸਾਰਣੀ** 1.2 ਵਿੱਚ ਦਰਸਾਇਆ ਗਿਆ ਹੈ ਅਤੇ ਗ੍ਰਾਫਿਕਲ ਪੇਸ਼ਕਾਰੀ **ਚਾਰਟ** 1.2 ਵਿੱਚ ਦਰਸਾਈ ਗਈ ਹੈ:

**ਸਾਰਣੀ 1.2: 2018-19 ਤੋਂ 2022-23 ਤੱਕ ਦੇ ਕਰ ਰੈਵੀਨਿਊ ਦੇ ਵੇਰਵੇ**

*(₹ ਕਰੋੜ ਵਿੱਚ)*

| ਲੜੀ ਨੰ. | ਰੈਵੀਨਿਊ ਦੀ ਮੱਦ | 2018-19 (ਜੋੜ ਦਾ *ਪ੍ਰਤੀਸ਼ਤ*) | 2019-20 (ਜੋੜ ਦਾ *ਪ੍ਰਤੀਸ਼ਤ*) | 2020-21 (ਜੋੜ ਦਾ *ਪ੍ਰਤੀਸ਼ਤ*) | 2021-22 (ਜੋੜ ਦਾ *ਪ੍ਰਤੀਸ਼ਤ*) | 2022-23 (ਜੋੜ ਦਾ *ਪ੍ਰਤੀਸ਼ਤ*) | 2021-22 ਨਾਲੋਂ 2022-23 ਦੌਰਾਨ ਅਸਲ ਦੇ ਵਧਣ (+) ਜਾਂ ਘਟਣ (-) ਦੀ ਪ੍ਰਤੀਸ਼ਤਤਾ | |
|---|---|---|---|---|---|---|---|---|
| 1. | ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ) | 13,273.15 *(42.04)* | 12,751.20 *(42.51)* | 11,818.93 *(39.33)* | 15,541.59 *(41.64)* | 18,127.84 *(42.91)* | (+) | 16.64 |
| | ਵਿਕਰੀਆਂ, ਵਪਾਰ ਆਦਿ 'ਤੇ ਕਰ | 6,571.92 *(20.81)* | 5,222.58 *(17.41)* | 5,372.02 *(17.87)* | 6,869.31 *(18.40)* | 5,636.87 *(13.34)* | (-) | 17.94 |
| 2. | ਰਾਜ ਆਬਕਾਰੀ | 5,072.40 *(16.06)* | 4,865.01 *(16.22)* | 6,164.32 *(20.51)* | 6,157.28 *(16.50)* | 8,437.18 *(19.97)* | (+) | 37.03 |
| 3. | ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ | 2,297.54 *(7.28)* | 2,258.07 *(7.53)* | 2,470.33 *(8.22)* | 3,308.35 *(8.86)* | 4,226.54 *(10.01)* | (+) | 27.75 |
| 4. | ਬਿਜਲੀ ਉੱਤੇ ਕਰ ਅਤੇ ਡਿਊਟੀਆਂ | 2,329.55 *(7.38)* | 2,696.56 *(8.99)* | 2,541.84 *(8.46)* | 2,851.63 *(7.64)* | 2,887.64 *(6.84)* | (+) | 1.26 |
| 5. | ਵਾਹਨਾਂ ਉੱਤੇ ਕਰ | 1,861.39 *(5.90)* | 1,994.32 *(6.65)* | 1,472.13 *(4.90)* | 2,358.96 *(6.32)* | 2,673.56 *(6.33)* | (+) | 13.34 |
| 6. | ਹੋਰ[1] | 168.33 *(0.53)* | 207.05 *(0.69)* | 213.26 *(0.71)* | 239.74 *(0.64)* | 253.54 *(0.60)* | (+) | 5.76 |
| | **ਜੋੜ** | **31,574.28** | **29,994.79** | **30,052.83** | **37,326.86** | **42,243.17** | **(+)** | **13.17** |

*ਸ੍ਰੋਤ: ਵਿੱਤ ਲੇਖੇ*

[1] 'ਹੋਰ' ਵਿੱਚੋਂ ਲੇਖਿਆਂ ਦੀਆਂ ਚਾਰ ਮੱਦਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਸ਼ਾਮਲ ਹਨ, ਜਿਨ੍ਹਾਂ ਅਧੀਨ ਪ੍ਰਾਪਤੀਆਂ ਕੁੱਲ ਕਰ ਰੈਵੀਨਿਊ ਪ੍ਰਾਪਤੀਆਂ ਦੇ ਇੱਕ *ਪ੍ਰਤੀਸ਼ਤ* ਤੋਂ ਵੀ ਘੱਟ ਹਨ। ਇਸ ਲਈ, ਇਨ੍ਹਾਂ ਮੱਦਾਂ ਦੀਆਂ ਰੈਵੀਨਿਊ ਪ੍ਰਾਪਤੀਆਂ ਨੂੰ 'ਹੋਰ' ਅਧੀਨ ਮਿਲਾ ਦਿੱਤਾ ਗਿਆ ਹੈ।
1. ਆਮਦਨ ਅਤੇ ਖਰਚੇ 'ਤੇ ਹੋਰ ਕਰ: 2022-23 ਦੌਰਾਨ ₹ 158.22 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 155.89 ਕਰੋੜ ਦੀ ਪ੍ਰਾਪਤੀ ਨਾਲੋਂ 1.49 *ਪ੍ਰਤੀਸ਼ਤ* ਵੱਧ ਹੈ।
2. ਭੌਂ ਰੈਵੀਨਿਊ: ਸਾਲ 2022-23 ਦੌਰਾਨ ₹ 92.94 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 83.54 ਕਰੋੜ ਦੀ ਪ੍ਰਾਪਤੀ ਨਾਲੋਂ 11.25 *ਪ੍ਰਤੀਸ਼ਤ* ਵੱਧ ਹੈ।
3. ਵਸਤਾਂ ਅਤੇ ਯਾਤਰੀਆਂ 'ਤੇ ਕਰ: 2022-23 ਦੌਰਾਨ ₹ 0.0003 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 0.0026 ਕਰੋੜ ਦੀ ਪ੍ਰਾਪਤੀ ਨਾਲੋਂ 88.46 *ਪ੍ਰਤੀਸ਼ਤ* ਘੱਟ ਹੈ।
4. ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ: 2022-23 ਦੌਰਾਨ ₹ 2.38 ਕਰੋੜ ਦੀਆਂ ਪ੍ਰਾਪਤੀਆਂ ਪਿਛਲੇ ਸਾਲ ਦੀ ₹ 0.31 ਕਰੋੜ ਦੀ ਪ੍ਰਾਪਤੀ ਨਾਲੋਂ 667.74 *ਪ੍ਰਤੀਸ਼ਤ* ਵੱਧ ਹੈ।

**ਚਾਰਟ 1.2: ਕਰ-ਰੈਵੀਨਿਊ ਦਾ ਰੁਝਾਨ**




ਡਾਟਾ ਸ੍ਰੋਤ: ਵਿੱਤ ਲੇਖੇ

* ਹੋਰ ਵਿੱਚ 'ਭੌਂ ਰੈਵੀਨਿਊ', 'ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ', 'ਆਮਦਨ ਅਤੇ ਖਰਚੇ 'ਤੇ ਹੋਰ ਕਰ', 'ਵਸਤਾਂ ਅਤੇ ਯਾਤਰੀਆਂ ਤੇ ਕਰ'

ਇਹ ਵੇਖਿਆ ਗਿਆ ਹੈ ਕਿ ਕਰ ਰੈਵੀਨਿਊ ਦੇ ਮੁੱਖ ਅੰਸ਼ਦਾਤਾ 'ਵਿਕਰੀਆਂ, ਵਪਾਰ, ਆਦਿ ਉੱਤੇ ਕਰ', 'ਰਾਜ ਵਸਤਾਂ ਅਤੇ ਸੇਵਾਵਾਂ ਕਰ' ਅਤੇ 'ਰਾਜ ਆਬਕਾਰੀ' ਹਨ। ਸਾਲ 2022-23 ਦੌਰਾਨ, ਰੈਵੀਨਿਊ ਦੀਆਂ ਇਨ੍ਹਾਂ ਮੱਦਾਂ ਨੇ ਕੁੱਲ ਕਰ ਰੈਵੀਨਿਊ ਉਗਰਾਹੀ ਵਿੱਚ 76.23 *ਪ੍ਰਤੀਸ਼ਤ* ਦਾ ਯੋਗਦਾਨ ਪਾਇਆ। ਪਿਛਲੇ ਸਾਲ ਦੀ ਤੁਲਨਾ ਵਿੱਚ ਰੈਵੀਨਿਊ ਵਿੱਚ 'ਰਾਜ ਵਸਤਾਂ ਅਤੇ ਸੇਵਾਵਾਂ ਕਰ' ਅਧੀਨ 16.64 *ਪ੍ਰਤੀਸ਼ਤ* ਦਾ ਵਾਧਾ ਦਰਜ ਕੀਤਾ ਗਿਆ, ਜਦੋਂਕਿ 'ਵਿਕਰੀਆਂ, ਵਪਾਰ, ਆਦਿ 'ਤੇ ਕਰ' ਵਿੱਚ 17.94 *ਪ੍ਰਤੀਸ਼ਤ* ਦਾ ਘਾਟਾ ਦਰਜ ਕੀਤਾ ਗਿਆ। 'ਰਾਜ ਆਬਕਾਰੀ', 'ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ', 'ਬਿਜਲੀ 'ਤੇ ਕਰ ਅਤੇ ਡਿਊਟੀਆਂ' ਅਤੇ ਵਾਹਨਾਂ 'ਤੇ ਕਰ ਤੋਂ

ਰੈਵੀਨਿਊ ਵਿੱਚ ਕ੍ਰਮਵਾਰ 37.03 *ਪ੍ਰਤੀਸ਼ਤ,* 27.75 *ਪ੍ਰਤੀਸ਼ਤ,* 1.26 *ਪ੍ਰਤੀਸ਼ਤ* ਅਤੇ 13.34 *ਪ੍ਰਤੀਸ਼ਤ* ਦਾ ਵਾਧਾ ਹੋਇਆ।

ਜਿਵੇਂ ਕਿ ਸਬੰਧਤ ਵਿਭਾਗਾਂ ਦੁਆਰਾ ਦੱਸਿਆ ਗਿਆ ਅਤੇ ਲੇਖਿਆਂ ਦੇ ਵਿਸ਼ਲੇਸ਼ਣ ਅਨੁਸਾਰ ਰੈਵੀਨਿਊ ਪ੍ਰਾਪਤੀਆਂ ਵਿੱਚ ਵਧਣ ਜਾਂ ਘਟਣ ਦੇ ਕਾਰਣ ਹੇਠਾਂ ਦਿੱਤੇ ਗਏ ਹਨ:

**ਰਾਜ ਵਸਤਾਂ ਅਤੇ ਸੇਵਾਵਾਂ ਕਰ**: ਵਿਭਾਗ ਨੇ ਰੈਵੀਨਿਊ ਵਿਚ ਵਾਧੇ ਦੇ ਕਾਰਣਾਂ ਲਈ ਵਿਭਾਗ ਦੀਆਂ ਲਾਗੂ ਕਰਨ ਵਾਲੀਆਂ ਗਤੀਵਿਧੀਆਂ ਅਤੇ ਜਾਅਲੀ ਇਕਾਈਆਂ ਨੂੰ ਖਤਮ ਕਰਨਾ ਦੱਸਿਆ (ਅਕਤੂਬਰ 2023)। ਇਸ ਤੋਂ ਇਲਾਵਾ, ਆਟੋਮੋਬਾਈਲ, ਖਪਤਕਾਰ ਡਿਊਰੇਬਲਜ਼, ਫਾਸਟ ਮੂਵਿੰਗ ਖਪਤਕਾਰ ਵਸਤਾਂ, ਸੂਚਨਾ ਤਕਨਾਲੋਜੀ ਅਤੇ ਈ-ਕਾਮਰਸ ਵਰਗੇ ਖੇਤਰਾਂ ਅਧੀਨ ਜ਼ਿਆਦਾ ਕਰ ਦੀ ਉਗਰਾਹੀਂ ਹੋਈ।

**ਵਿਕਰੀਆਂ, ਵਪਾਰ, ਆਦਿ ਉੱਤੇ ਕਰ:** ਵਿਭਾਗ ਨੇ ਰੈਵੀਨਿਊ ਵਿੱਚ ਘਾਟੇ (17.94 *ਪ੍ਰਤੀਸ਼ਤ*) ਦਾ ਕਾਰਣ ਡੀਜ਼ਲ, ਪਟਰੋਲ ਅਤੇ ਸ਼ਰਾਬ ਤੇ ਘੱਟ ਕਰ ਦਰਾਂ ਨੂੰ ਦੱਸਿਆ (ਅਕਤੂਬਰ 2023)।

**ਰਾਜ ਆਬਕਾਰੀ**: ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (37.03 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਕਿ ਰਾਜ ਆਬਕਾਰੀ ਅਧੀਨ ਕੁੱਲ ₹ 2,279.90 ਕਰੋੜ ਦਾ ਸਮੁੱਚਾ ਵਾਧਾ ਮੁੱਖ ਤੌਰ ਤੇ ਰੈਵੀਨਿਊ ਹੋਰ ਪ੍ਰਾਪਤੀਆਂ ਅਧੀਨ ਪ੍ਰਾਪਤੀਆਂ ਵਿੱਚ ਵਾਧੇ ਕਾਰਨ ਹੋਇਆ ਹੈ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 1,937.18 ਕਰੋੜ ਦਾ ਵਾਧਾ ਹੋਇਆ ਹੈ।

**ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸਾਂ:** ਵਿਭਾਗ ਨੇ ਰੈਵੀਨਿਊ ਪ੍ਰਾਪਤੀਆਂ ਵਿੱਚ ਵਾਧੇ (27.75 *ਪ੍ਰਤੀਸ਼ਤ*) ਦਾ ਕਾਰਣ ਰਜਿਸਟ੍ਰੇਸ਼ਨ ਦੀ ਵੱਧ ਸੰਖਿਆ ਅਤੇ ਉਗਰਾਹੀ ਦੀਆਂ ਦਰਾਂ ਵਿੱਚ ਵਾਧੇ ਨੂੰ ਦੱਸਿਆ (ਸਤੰਬਰ 2023)।

**ਬਿਜਲੀ ਉੱਤੇ ਕਰ ਅਤੇ ਡਿਊਟੀਆਂ**: ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (1.26 *ਪ੍ਰਤੀਸ਼ਤ*) ਦਾ ਕਾਰਣ ਪਿਛਲੇ ਸਾਲ 2021-22 ਲਈ ਬਿਜਲੀ ਦੀ ਡਿਊਟੀ ਦੇ ਬਕਾਏ ਵਿੱਚ ਵਾਧੇ ਨੂੰ ਦੱਸਿਆ (ਅਕਤੂਬਰ 2023)।

**ਵਾਹਨਾਂ ਉੱਤੇ ਕਰ** :ਵਿਭਾਗ ਨੇ ਰੈਵੀਨਿਊ ਪ੍ਰਾਪਤੀਆਂ ਵਿੱਚ ਵਾਧੇ (13.34 *ਪ੍ਰਤੀਸ਼ਤ*) ਦਾ ਕਾਰਣ ਵਾਹਨਾਂ ਦੀ ਰਜਿਸਟ੍ਰੇਸ਼ਨ ਵਿੱਚ ਵਾਧੇ ਅਤੇ ਕੰਪਾਊਡਿੰਗ ਫੀਸ ਨੂੰ ਦੱਸਿਆ (ਸਤੰਬਰ 2023)।

**ਹੋਰ :** ਇਸ ਵਿੱਚ ਕਰ ਰੈਵੀਨਿਊ ਦੀਆਂ ਚਾਰ ਮੱਦਾ ਭਾਵ 'ਆਮਦਨ ਅਤੇ ਖਰਚੇ ਉੱਤੇ ਹੋਰ ਕਰ', 'ਭੌਂ ਰੈਵੀਨਿਊ', 'ਵਸਤਾਂ ਅਤੇ ਯਾਤਰੀਆਂ ਉੱਤੇ ਕਰ' ਅਤੇ 'ਵਸਤਾਂ ਅਤੇ ਸੇਵਾਂਵਾਂ ਉੱਤੇ ਹੋਰ ਕਰ ਅਤੇ ਡਿਊਟੀਆਂ' ਸ਼ਾਮਲ ਹਨ। ਵਿਭਾਗ ਦੁਆਰਾ ਵਾਧੇ ਜਾਂ ਘਾਟੇ ਦੇ ਕਾਰਨ ਹੇਠ ਦਿੱਤੇ ਦੋ ਮੁੱਖ ਮੱਦਾਂ ਵਿੱਚ ਦਿੱਤੇ ਗਏ ਸਨ:

- ***ਭੌਂ-ਰੈਵੀਨਿਊ*** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ (11.25 *ਪ੍ਰਤੀਸ਼ਤ*) ਲਈ ਜਾਇਦਾਦਾਂ ਦੀ ਰਜਿਸਟ੍ਰੇਸ਼ਨ ਵਿੱਚ ਵਾਧੇ ਨੂੰ ਕਾਰਣ ਦੱਸਿਆ (ਸਤੰਬਰ 2023)।
- ***ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ*** : ਵਿਭਾਗ ਨੇ ਰੈਵੀਨਿਊ ਵਿੱਚ ਵਾਧੇ

(667.74 *ਪ੍ਰਤੀਸ਼ਤ*) ਦਾ ਕਾਰਣ ਨਹੀਂ ਦੱਸਿਆ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 2.07 ਕਰੋੜ ਦਾ ਵਾਧਾ ਮੁੱਖ ਤੌਰ ਤੇ ਛੋਟੀ ਮੱਦ 'ਮਨੋਰੰਜਨ ਕਰ' ਅਧੀਨ ਵਾਧੇ ਕਾਰਨ ਹੋਇਆ ਸੀ ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 2.08 ਕਰੋੜ ਦਾ ਵਾਧਾ ਹੋਇਆ।

1.2.3 ਸਾਲ 2018-19 ਤੋਂ 2022-23 ਦੇ ਸਮੇਂ ਦੌਰਾਨ ਇਕੱਠੇ ਕੀਤੀ ਗਈ ਗੈਰ-ਕਰ ਰੈਵੀਨਿਊ ਦੇ ਵੇਰਵੇ ਅਤੇ ਰੁਝਾਨ ਨੂੰ **ਸਾਰਣੀ 1.3** ਵਿੱਚ ਦਰਸਾਇਆ ਗਿਆ ਹੈ ਅਤੇ ਗ੍ਰਾਫਿਕਲ ਪੇਸ਼ਕਾਰੀ **ਚਾਰਟ 1.3** ਵਿੱਚ ਦਿਖਾਈ ਗਈ ਹੈ।

**ਸਾਰਣੀ 1.3: 2018-19 ਤੋਂ 2022-23 ਤੱਕ ਦੇ ਗੈਰ-ਕਰ ਰੈਵੀਨਿਊ ਦੇ ਵੇਰਵੇ**

***(₹ ਕਰੋੜ ਵਿੱਚ)***

| ਲੜੀ ਨੰ. | ਰੈਵੀਨਿਊ ਦੀ ਮੱਦ | 2018-19 (ਜੋੜ ਦਾ *ਪ੍ਰਤੀਸ਼ਤ*) | 2019-20 (ਜੋੜ ਦਾ *ਪ੍ਰਤੀਸ਼ਤ*) | 2020-21 (ਜੋੜ ਦਾ *ਪ੍ਰਤੀਸ਼ਤ*) | 2021-22 (ਜੋੜ ਦਾ *ਪ੍ਰਤੀਸ਼ਤ*) | 2022-23 (ਜੋੜ ਦਾ *ਪ੍ਰਤੀਸ਼ਤ*) | 2021-22 ਨਾਲੋਂ 2022-23 ਦੌਰਾਨ ਅਸਲ ਦੇ ਵਧਣ (+) ਜਾਂ ਘਟਣ (-) ਦੀ ਪ੍ਰਤੀਸ਼ਤਤਾ |
|---|---|---|---|---|---|---|---|
| 1. | ਫੁਟਕਲ ਆਮ ਸੇਵਾਵਾਂ[2] | 4,851.51 *(63.98)* | 2,743.87 *(41.24)* | 2,208.41 *(53.19)* | 2,375.91 *(49.67)* | 2,827.63 (45.37) | (+) 19.01 |
| 2. | ਵਿਆਜ ਪ੍ਰਾਪਤੀਆਂ | 1,455.26 *(19.19)* | 2,105.51 *(31.64)* | 144.38 *(3.48)* | 181.08 *(3.78)* | 242.76 (3.90) | (+) 34.06 |
| 3. | ਹੋਰ ਪ੍ਰਸ਼ਾਸਨਿਕ ਸੇਵਾਵਾਂ[3] | 150.63 *(1.99)* | 145.23 *(2.18)* | 233.92 *(5.63)* | 69.70 *(1.46)* | 116.65 (1.87) | (+) 67.36 |
| 4. | ਪੁਲਿਸ | 73.38 *(0.97)* | 60.93 *(0.92)* | 89.76 *(2.16)* | 142.34 *(2.98)* | 130.54 (2.09) | (-) 8.29 |
| 5. | ਮੈਡੀਕਲ ਅਤੇ ਜਨ ਸਿਹਤ | 263.42 *(3.47)* | 250.57 *(3.76)* | 287.61 *(6.93)* | 406.81 *(8.50)* | 396.33 (6.36) | (-) 2.58 |
| 6. | ਸਿੰਜਾਈ[4] | 24.22 *(0.32)* | 94.32 *(1.42)* | 94.35 *(2.27)* | 134.73 *(2.82)* | 135.94 (2.18) | (+) 0.90 |
| 7. | ਗੈਰ-ਲੋਹ ਖਣਨ ਅਤੇ ਧਾਤੂ ਉਦਯੋਗ | 36.13 *(0.48)* | 90.88 *(1.36)* | 120.56 *(2.90)* | 136.53 *(2.85)* | 248.80 (3.99) | (+) 82.23 |
| 8. | ਲੋਕ ਨਿਰਮਾਣ | 28.81 *(0.38)* | 21.71 *(0.33)* | 14.26 *(0.34)* | 11.34 *(0.24)* | 18.87 (0.30) | (+) 66.40 |
| 9. | ਜੰਗਲਾਤ ਅਤੇ ਜੰਗਲੀ ਜੀਵ | 15.66 *(0.21)* | 19.53 *(0.29)* | 30.88 *(0.75)* | 19.13 *(0.40)* | 186.66 (3.00) | (+) 875.74 |
| 10. | ਸਹਿਕਾਰਤਾ | 3.31 *(0.04)* | 7.09 *(0.11)* | 7.47 *(0.18)* | 6.57 *(0.14)* | 9.88 (0.16) | (+) 50.38 |
| 11. | ਸਿੱਖਿਆ , ਖੇਡਾਂ, ਕਲਾ ਅਤੇ ਸੱਭਿਆਚਾਰ | 56.75 *(0.75)* | 196.22 *(2.95)* | 137.70 *(3.32)* | 155.19 *(3.24)* | 326.94 (5.25) | (+) 110.67 |
| 12. | ਹੋਰ[5] | 623.21 *(8.22)* | 918.22 *(13.80)* | 782.83 *(18.85)* | 1,144.44 *(23.92)* | 1,590.94 (25.53) | (+) 39.01 |
| **ਜੋੜ** | | **7,582.29** | **6,654.08** | **4,152.13** | **4,783.77** | **6,231.94** | (+) **30.27** |

***ਸ੍ਰੋਤ: ਵਿੱਤ ਲੇਖੇ***

2 ਇਸ ਮੱਦ ਵਿੱਚ 'ਅਨਕਲੇਮਡ ਡਿਪਾਜ਼ਿਟਸ', 'ਰਾਜ ਲਾਟਰੀਆਂ', 'ਗਰੰਟੀ ਫੀਸ' ਅਤੇ 'ਹੋਰ ਪ੍ਰਾਪਤੀਆਂ' ਤੋਂ ਪ੍ਰਾਪਤੀਆਂ ਸ਼ਾਮਲ ਹਨ।

3 ਇਸ ਮੱਦ ਵਿੱਚ 'ਨਿਆਂ ਪ੍ਰਬੰਧ', 'ਚੋਣਾਂ' ਅਤੇ 'ਹੋਰ ਸੇਵਾਵਾਂ' ( ਹੋਮ ਗਾਰਡਜ਼, ਮੈਰਿਜ ਫੀਸ, ਸਰਕਾਰੀ ਲੇਖਾ ਪ੍ਰੀਖਿਆ ਲਈ ਫੀਸ, ਗੈਸਟ ਹਾਊਸਾਂ ਤੋਂ ਪ੍ਰਾਪਤੀਆਂ, ਆਦਿ) ਤੋਂ ਪ੍ਰਾਪਤੀਆਂ ਸ਼ਾਮਲ ਹਨ।

4 ਇਸ ਮੱਦ ਵਿੱਚ ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਸ਼ਾਮਲ ਹੈ।ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਅਧੀਨ 2022-23 ਦੌਰਾਨ ਕ੍ਰਮਵਾਰ ₹ 120.87 ਕਰੋੜ, ₹ 13.21 ਕਰੋੜ ਅਤੇ ₹ 1.86 ਕਰੋੜ ਦੀ ਪ੍ਰਾਪਤੀ ਸੀ।

5 ਇਸ ਵਿੱਚ ਰੈਵੀਨਿਊ ਦੀਆਂ 31 ਮੱਦਾਂ ਹਨ, ਜੋ ਕਿ ਇਸ ਸਾਰਣੀ ਦੇ ਲੜੀ ਨੰ 1 ਤੋਂ 11 ਵਿੱਚ ਦਰਸਾਈਆਂ ਰੈਵੀਨਿਊ ਦੀਆਂ ਮੱਦਾਂ ਅਧੀਨ ਸ਼ਾਮਲ ਨਹੀਂ ਹਨ। 'ਹੋਰ' ਵਿੱਚ ਸ਼ਾਮਲ ਰੈਵੀਨਿਊ ਦੀਆਂ ਮੱਦਾਂ ਅਧੀਨ ਸਾਲ 2022-23 ਦੀਆਂ ਪ੍ਰਾਪਤੀਆਂ ਦੇ ਵੇਰਵੇ ਇਸ ਰਿਪੋਰਟ ਦੀ ਅੰਤਿਕਾ 1.1 ਵਿੱਚ ਉਪਲਬਧ ਹਨ।

**ਚਾਰਟ 1.3: ਗੈਰ-ਕਰ ਰੈਵੀਨਿਊ ਦੇ ਰੁਝਾਨ**




* 'ਹੋਰ' ਵਿੱਚ ਰੈਵੀਨਿਊ ਦੀਆਂ 31 ਮੱਦ ਸ਼ਾਮਲ ਹਨ, ਜਿਨ੍ਹਾਂ ਦਾ ਵੇਰਵਾ ਇਸ ਰਿਪੋਰਟ ਦੀ ਅੰਤਿਕਾ 1.1 ਵਿੱਚ ਉਪਲਬਧ ਹੈ।
** 'ਸਿੰਜਾਈ' ਵਿੱਚ ਮੁੱਖ ਸਿੰਜਾਈ, ਦਰਮਿਆਨੀ ਸਿੰਜਾਈ ਅਤੇ ਲਘੂ ਸਿੰਜਾਈ ਸ਼ਾਮਲ ਹਨ।
*** 'ਫੁਟਕਲ ਆਮ ਸੇਵਾਵਾਂ' ਵਿੱਚ 'ਅਨਕਲੇਮਡ ਡਿਪਾਜ਼ਿਟ', 'ਰਾਜ ਲਾਟਰੀਆਂ', 'ਗਰੰਟੀ ਫੀਸ' ਅਤੇ 'ਹੋਰ ਪ੍ਰਾਪਤੀਆਂ' ਸ਼ਾਮਲ ਹਨ।

ਸਾਲ 2022-23 ਵਿੱਚ ਸਮੁੱਚੀ ਗੈਰ-ਕਰ ਰੈਵੀਨਿਊ ਪਿਛਲੇ ਸਾਲ ਦੇ ਮੁਕਾਬਲੇ 30.27 *ਪ੍ਰਤੀਸ਼ਤ* ਵਧੀ। ਪਿਛਲੇ ਸਾਲ ਦੇ ਮੁਕਾਬਲੇ ਜੰਗਲਾਤ ਅਤੇ ਜੰਗਲੀ ਜੀਵ (875.74 *ਪ੍ਰਤੀਸ਼ਤ*), ਸਿੱਖਿਆ, ਖੇਡਾਂ ਕਲਾ ਅਤੇ ਸੱਭਿਆਚਾਰ (110.67 *ਪ੍ਰਤੀਸ਼ਤ*), ਗੈਰ-ਲੋਹ ਖਣਨ ਅਤੇ ਧਾਤੂ ਉਦਯੋਗਾਂ (82.23 *ਪ੍ਰਤੀਸ਼ਤ*) 'ਹੋਰ ਪ੍ਰਸ਼ਾਸਕੀ ਸੇਵਾਵਾਂ (67.36 *ਪ੍ਰਤੀਸ਼ਤ*), ਲੋਕ ਨਿਰਮਾਣ (66.40 *ਪ੍ਰਤੀਸ਼ਤ*), 'ਸਹਿਕਾਰਤਾ' (50.38 *ਪ੍ਰਤੀਸ਼ਤ*) ਅਤੇ 'ਵਿਆਜ ਪ੍ਰਾਪਤੀਆਂ' (34.06 *ਪ੍ਰਤੀਸ਼ਤ*) ਅਧੀਨ ਮਹੱਤਵਪੂਰਨ ਵਾਧਾ ਵੇਖਿਆ ਗਿਆ ਸੀ।

ਸਬੰਧਤ ਵਿਭਾਗਾਂ ਦੁਆਰਾ ਪ੍ਰਦਾਨ ਕੀਤੇ ਅਨੁਸਾਰ ਅਤੇ ਲੇਖਿਆਂ ਦੇ ਵਿਸ਼ਲੇਸ਼ਣ ਅਨੁਸਾਰ ਗੈਰ-ਕਰ ਰੈਵੀਨਿਊ ਪ੍ਰਾਪਤੀਆਂ ਵਿੱਚ ਵਾਧੇ ਅਤੇ ਘਾਟੇ ਦੇ ਕਾਰਨ ਹੇਠਾਂ ਦਿੱਤੇ ਗਏ ਹਨ।

**ਫੁੱਟਕਲ ਜਨਰਲ ਸੇਵਾਵਾਂ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (19.01 *ਪ੍ਰਤੀਸ਼ਤ*) ਦਾ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 451.72 ਕਰੋੜ ਦਾ ਵਾਧਾ ਮੁੱਖ ਤੌਰ 'ਤੇ ਛੋਟੀਆਂ ਮੱਦਾਂ 'ਰਾਜ ਲਾਟਰੀਆਂ' ਅਤੇ 'ਹੋਰ ਪ੍ਰਾਪਤੀਆਂ' ਅਧੀਨ ਪ੍ਰਾਪਤੀਆਂ ਵਿੱਚ ਵਾਧੇ ਕਾਰਨ ਹੋਇਆ ਸੀ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 500.44 ਕਰੋੜ ਦਾ ਵਾਧਾ ਹੋਇਆ ਹੈ।

**ਵਿਆਜ ਪ੍ਰਾਪਤੀਆਂ**: ਵਿਭਾਗ ਨੇ ਵਿਆਜ ਪ੍ਰਾਪਤੀਆਂ ਵਿੱਚ ਵਾਧੇ (34.06 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 61.68 ਕਰੋੜ ਦਾ ਵਾਧਾ ਮੁੱਖ ਤੌਰ 'ਤੇ ਛੋਟੀ ਮੱਦ ਹੋਰ ਪ੍ਰਾਪਤੀਆਂ ਅਧੀਨ ਪ੍ਰਾਪਤੀਆਂ ਵਿੱਚ ਵਾਧੇ ਕਾਰਨ ਹੋਇਆ ਹੈ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 94.61 ਕਰੋੜ ਦਾ ਵਾਧਾ ਹੋਇਆ ਹੈ।

**ਹੋਰ ਪ੍ਰਸ਼ਾਸਨਿਕ ਸੇਵਾ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (67.36 *ਪ੍ਰਤੀਸ਼ਤ*) ਦੇ ਕਾਰਣ ਪੇਸ਼ ਨਹੀਂ ਕੀਤੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 46.95 ਕਰੋੜ ਦਾ ਵਾਧਾ ਮੁੱਖ ਤੌਰ ਤੇ ਛੋਟੀਆਂ ਮੱਦਾਂ 'ਜੁਰਮਾਨੇ ਅਤੇ ਜ਼ਬਤ' ਅਤੇ 'ਹੋਰ ਪ੍ਰਾਪਤੀਆਂ ਅਧੀਨ ਵਾਧੇ ਕਾਰਨ ਹੋਇਆ ਹੈ, ਜਿਸ ਅਧੀਨ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 46.18 ਕਰੋੜ[6] ਦਾ ਵਾਧਾ ਹੋਇਆ ਹੈ।

**ਪੁਲਿਸ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (8.29 *ਪ੍ਰਤੀਸ਼ਤ*) ਦਾ ਕਾਰਣ ਪਿਛਲੇ ਸਾਲ ਦੇ ਮੁਕਾਬਲੇ ਭਰਤੀ ਫੀਸ ਦੀਆਂ ਘੱਟ ਪ੍ਰਾਪਤੀਆਂ ਨੂੰ ਦੱਸਿਆ (ਸਤੰਬਰ 2023)।

**ਮੈਡੀਕਲ ਅਤੇ ਜਨਤਕ ਸਿਹਤ**: ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਨੇ ਰੈਵੀਨਿਊ ਪ੍ਰਾਪਤੀਆਂ ਵਿੱਚ ਕਮੀ (2.58 *ਪ੍ਰਤੀਸ਼ਤ*) ਦਾ ਕਾਰਣ ਕਰਮਚਾਰੀ ਰਾਜ ਬੀਮਾ ਸਕੀਮ ਅਤੇ ਆਯੁਰਵੈਦ ਅਧੀਨ ਪਿਛਲੇ ਸਾਲ ਦੇ ਮੁਕਾਬਲੇ ਘਟ ਪ੍ਰਾਪਤੀਆਂ ਨੂੰ ਦੱਸਿਆ (ਅਕਤੂਬਰ 2023)।

**ਸਿੰਜਾਈ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (0.90 *ਪ੍ਰਤੀਸ਼ਤ*) ਦਾ ਕਾਰਣ ਵੱਖ ਵੱਖ ਏਜੰਸੀਆਂ ਤੋਂ ਬਕਾਇਆ ਰਾਸ਼ੀ ਦੀ ਵਸੂਲੀ, ਉਦਯੋਗਿਕ ਉਦੇਸ਼ ਸਮੇਤ ਵੱਖ-ਵੱਖ ਸੈਕਟਰਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਵਿੱਚ ਵਾਧਾ, ਪੁਰਾਣੇ ਅਤੇ ਅਪ੍ਰਚਲਿਤ ਸਮਾਨ ਦੀ ਵਿਕਰੀ, ਗੁਜਰਾਤ ਗੈਸ ਪਾਈਪਲਾਈਨ ਦੀਆਂ ਮੁਆਵਜ਼ੇ ਦੀਆਂ ਪ੍ਰਾਪਤੀਆਂ ਅਤੇ ਵਪਾਰਕ ਵਰਤੋਂ ਲਈ ਪਾਣੀ ਦੀ ਸਪਲਾਈ ਲਈ ਵਸੂਲੀਆਂ ਗਈਆਂ ਦਰਾਂ ਵਿੱਚ ਸੋਧ ਕਰਕੇ ਪ੍ਰਾਪਤੀਆਂ ਨੂੰ ਦੱਸਿਆ (ਸਤੰਬਰ 2023)।

**ਗੈਰ-ਲੋਹ ਖਣਨ ਅਤੇ ਧਾਤੂ ਉਦਯੋਗ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (82.23 *ਪ੍ਰਤੀਸ਼ਤ*) ਦਾ ਕਾਰਨ ਰਾਇਲਟੀ ਦੀਆਂ ਦਰਾਂ ਵਿੱਚ ਵਾਧਾ, ਨੇੜਲੇ ਰਾਜਾਂ ਤੋਂ ਪ੍ਰਾਪਤ ਸਮਾਨ 'ਤੇ ਰਾਇਲਟੀ ਲਗਾਉਣਾ ਅਤੇ ਮਾਈਨਿੰਗ ਬਲਾਕਾਂ ਦੀ ਸੁਰੱਖਿਆ ਰਾਸ਼ੀਆਂ ਨੂੰ ਜ਼ਬਤ ਕਰਨਾ ਦੱਸਿਆ (ਅਕਤੂਬਰ 2023)।

---

[6] ਜੁਰਮਾਨੇ ਅਤੇ ਜ਼ਬਤੀ : ₹ 10.77 ਕਰੋੜ ਅਤੇ ਹੋਰ ਸੇਵਾਵਾਂ ਅਧੀਨ ਹੋਰ ਪ੍ਰਾਪਤੀਆਂ: ₹ 35.41 ਕਰੋੜ ।

**ਲੋਕ ਨਿਰਮਾਣ**: ਵਿਭਾਗ ਨੇ ਕਿਰਾਏ, ਮਸ਼ੀਨਰੀ ਅਤੇ ਉਪਕਰਣਾਂ ਦੇ ਕਿਰਾਏ ਦੇ ਚਾਰਜ਼ਿਜ਼, ਛੁੱਟੀ ਤਨਖਾਹ ਯੋਗਦਾਨ ਅਤੇ ਫੁਟਕਲ ਪ੍ਰਾਪਤੀਆਂ ਲਈ ਪ੍ਰਾਪਤੀਆਂ ਵਿੱਚ ਵਾਧੇ (66.40 *ਪ੍ਰਤੀਸ਼ਤ*) ਦਾ ਕਾਰਣ ਦੱਸਿਆ (ਅਕਤੂਬਰ 2023) ਅਤੇ ਕਿਹਾ ਕਿ ਮੂਲ ਰੂਪ ਵਿੱਚ ਇੱਕ ਖਰਚ ਵਿਭਾਗ ਹੋਣ ਦੇ ਕਾਰਣ ਆਮਦਨ ਦਾ ਕੋਈ ਨਿਯਮਤ ਸਰੋਤ ਨਹੀਂ ਹੈ, ਪ੍ਰਾਪਤੀਆਂ ਵਧਦੀਆਂ ਜਾਂ ਘਟਦੀਆਂ ਰਹਿ ਸਕਦੀਆਂ ਹਨ।

**ਜੰਗਲਾਤ ਅਤੇ ਜੰਗਲੀ ਜੀਵ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (₹ 875.74 *ਪ੍ਰਤੀਸ਼ਤ*) ਦਾ ਕਾਰਨ ਸਮਾਜਿਕ ਅਤੇ ਖੇਤੀ ਜੰਗਲਾਤ ਤੋਂ ਵਧੇਰੇ ਪ੍ਰਾਪਤੀਆਂ ਨੂੰ ਦੱਸਿਆ (ਸਤੰਬਰ 2023)। ਲੇਖਿਆਂ ਦੇ ਹੋਰ ਵਿਸ਼ਲੇਸ਼ਣ ਨੇ ਦਰਸਾਇਆ ਕਿ ਸਮਾਜਿਕ ਅਤੇ ਖੇਤੀ ਜੰਗਲਾਤ ਤੋਂ ਵੱਧ ਪ੍ਰਾਪਤੀਆਂ ਤੋਂ ਇਲਾਵਾ, ਸਾਲ 2019-20 ਅਤੇ 2020-21 ਦੌਰਾਨ ਕੀਤੇ ਗਏ ਖਰਚਿਆਂ ਦੀ ਵਾਪਸੀ ਦੇ ਕਾਰਨ ਰਾਜ ਮੁਆਵਜ਼ਾ ਜੰਗਲਾਤ ਫੰਡ ਤੋਂ ਪ੍ਰਾਪਤੀਆਂ ਹੋਈਆਂ ਜਿਸ ਨਾਲ ਪਿਛਲੇ ਸਾਲ ਦੇ ਮੁਕਾਬਲੇ ਇਸ ਮੱਦ ਅਧੀਨ ਕੁੱਲ ₹ 167.53 ਕਰੋੜ ਦਾ ਸਮੁੱਚਾ ਵਾਧਾ ਹੋਇਆ।

**ਸਹਿਕਾਰਤਾ**: ਵਿਭਾਗ ਨੇ ਇਸ ਮੱਦ ਅਧੀਨ ਪ੍ਰਾਪਤੀਆਂ ਦੇ ਸਮੁੱਚੇ ਵਾਧੇ (50.38 *ਪ੍ਰਤੀਸ਼ਤ*) ਦੇ ਕਾਰਨ ਪੇਸ਼ ਨਹੀਂ ਕੀਤੇ, ਹਾਲਾਂਕਿ, ਛੋਟੀ ਮੱਦ 'ਲੇਖਾ ਪ੍ਰੀਖਿਆ ਫੀਸ' ਅਧੀਨ ਵਾਧੇ ਨੂੰ ਪਿਛਲੇ ਸਾਲ ਨਾਲ ਸਬੰਧਤ ਪੁਰਾਣੇ ਬਕਾਏ ਦੀ ਵਸੂਲੀ ਨੂੰ ਕਾਰਣ ਦੱਸਿਆ ਗਿਆ (ਅਗਸਤ 2023)। ਲੇਖਿਆ ਦੇ ਹੋਰ ਵਿਸ਼ਲੇਸ਼ਣ ਨੇ ਦਰਸਾਇਆ ਕਿ ਪਿਛਲੇ ਸਾਲ ਦੇ ਮੁਕਾਬਲੇ ਹੋਰ ਪ੍ਰਾਪਤੀਆਂ ਵਿੱਚ ਵੀ ਵਾਧਾ ਹੋਇਆ ਸੀ।

**ਸਿੱਖਿਆ, ਖੇਡਾਂ ਕਲਾ ਅਤੇ ਸੱਭਿਆਚਾਰ**: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ (110.67 *ਪ੍ਰਤੀਸ਼ਤ*) ਦੇ ਕਾਰਨ ਨਹੀਂ ਦੱਸੇ। ਹਾਲਾਂਕਿ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਕੁੱਲ ₹ 171.75 ਕਰੋੜ ਦਾ ਸਮੁੱਚਾ ਵਾਧਾ ਮੁੱਖ ਤੌਰ ਤੇ ਛੋਟੀਆਂ ਮੱਦਾਂ 'ਸੈਕੰਡਰੀ ਸਿੱਖਿਆ' ਅਤੇ 'ਯੂਨੀਵਰਸਿਟੀ ਅਤੇ ਉੱਚ ਸਿੱਖਿਆ' ਅਧੀਨ ਵਧੇਰੇ ਪ੍ਰਾਪਤੀਆਂ ਕਾਰਨ ਹੋਇਆ। ਜਿਸ ਅਧੀਨ ਪਿਛਲੇ ਸਾਲ ਦੇ ਮੁਕਾਬਲੇ ₹ 177.02 ਕਰੋੜ[7] ਦੀ ਵਧੇਰੇ ਪ੍ਰਾਪਤੀਆਂ ਪ੍ਰਾਪਤ ਹੋਈਆਂ ਸਨ।

**ਹੋਰ**: ਹੋਰ ਸ਼੍ਰੇਣੀ ਵਿੱਚ ਗੈਰ-ਕਰ ਰੈਵੀਨਿਊ ਦੀਆਂ 31 ਮੱਦਾਂ (**ਅੰਤਿਕਾ 1.1**) ਸ਼ਾਮਲ ਹਨ, ਇਸ ਤੋਂ ਇਲਾਵਾ ਜੋ ਸਾਰਣੀ 1.3 ਵਿੱਚ ਲੜੀ ਨੰਬਰ 1 ਤੋਂ 11 ਵਿੱਚ ਸ਼ਾਮਲ ਹਨ। ਇਸ ਸ਼੍ਰੇਣੀ ਅਧੀਨ ਪਿਛਲੇ ਸਾਲ ਦੇ ਮੁਕਾਬਲੇ ਕੁੱਲ 39.01 *ਪ੍ਰਤੀਸ਼ਤ* ਦਾ ਵਾਧਾ ਹੋਇਆ ਸੀ। ਜਦੋਂਕਿ ਮੁੱਦਰਾ ਮੁੱਲ ਦੇ ਹਿਸਾਬ ਨਾਲ 17 ਮੱਦਾਂ ਅਧੀਨ ₹ 0.034 ਕਰੋੜ ਤੋਂ ₹ 338.93 ਕਰੋੜ ਦੇ ਵਿਚਕਾਰ ਵਾਧਾ ਵੇਖਿਆ ਗਿਆ ਸੀ ਤਾਂ ਮੁੱਦਰਾ ਮੁੱਲ ਦੇ ਹਿਸਾਬ ਨਾਲ 13 ਮੱਦਾਂ ਵਿੱਚ ₹ 0.0001 ਕਰੋੜ ਤੋਂ ₹ 188.07 ਕਰੋੜ ਦੇ ਵਿਚਕਾਰ ਕਮੀ ਦੇਖੀ ਗਈ ਸੀ। ਇਕ ਮੱਦ ਦੇ ਅਧੀਨ, ਪ੍ਰਾਪਤੀ ਪਿਛਲੇ ਸਾਲ ਦੇ ਮੁਕਾਬਲੇ ਨਾ ਤਾਂ ਵਧੀ ਅਤੇ ਨਾ ਹੀ ਘਟੀ।

ਸਬੰਧਤ ਵਿਭਾਗਾਂ ਦੁਆਰਾ ਸੂਚਿਤ ਕੀਤੇ ਅਨੁਸਾਰ ਤਿੰਨ ਮੱਦਾ ਅਧੀਨ ਵਾਧੇ ਅਤੇ ਘਾਟੇ ਦੇ ਕਾਰਣ ਹੇਠਾਂ ਦਿੱਤੇ ਗਏ ਹਨ:

[7] ਸੈਕੰਡਰੀ ਸਿੱਖਿਆ : ₹ 160.70 ਕਰੋੜ ਯੂਨੀਵਰਸਿਟੀ ਅਤੇ ਉੱਚ ਸਿੱਖਿਆ: ₹ 16.32 ਕਰੋੜ।

- ***ਫਸਲ ਪਾਲਣ***: ਵਿਭਾਗ ਨੇ ਪ੍ਰਾਪਤੀਆਂ ਵਿੱਚ ਵਾਧੇ[8] (2,390.34 *ਪ੍ਰਤੀਸ਼ਤ*) ਦਾ ਕਾਰਨ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਭੁਗਤਾਨਾਂ ਦੀਆਂ ਵਸੂਲੀ ਅਤੇ ਵੱਖ-ਵੱਖ ਸਕੀਮਾਂ ਨਾਲ ਸਬੰਧਤ ਖਜ਼ਾਨੇ ਵਿੱਚ ਅਣਵਰਤੇ ਫੰਡ ਜਮ੍ਹਾਂ ਕਰਵਾਉਣਾ ਦੱਸਿਆ (ਅਕਤੂਬਰ 2023)।
- ***ਡੇਅਰੀ ਵਿਕਾਸ***: ਵਿਭਾਗ ਨੇ ਕਿਹਾ (ਸਤੰਬਰ 2023) ਕਿ ਉਸ ਨੂੰ ਸਕ੍ਰੈਪ ਸਮੱਗਰੀ ਦੇ ਨਿਪਟਾਰੇ ਵਰਗੀਆਂ ਫੁਟਕਲ ਪ੍ਰਾਪਤੀਆਂ ਨਹੀਂ ਹੁੰਦੀਆਂ। ਇਸ ਤੋਂ ਇਲਾਵਾ, ਜਿਵੇਂ ਕਿ ਲੇਖਿਆਂ ਤੋਂ ਵੇਖਿਆ ਗਿਆ ਹੈ, ਇਸ ਮੱਦ ਅਧੀਨ ਸਮੁੱਚਾ ਵਾਧਾ (566.67 *ਪ੍ਰਤੀਸ਼ਤ*) ਮੁੱਖ ਤੌਰ 'ਤੇ ਹੋਰ ਪ੍ਰਾਪਤੀਆਂ ਅਧੀਨ ਵਧੇਰੇ ਪ੍ਰਾਪਤੀਆਂ ਕਾਰਨ ਹੋਇਆ ਸੀ, ਜਿਸ ਅਧੀਨ ਪਿਛਲੇ ਸਾਲ ਦੇ ਮੁਕਾਬਲੇ ₹ 0.039 ਕਰੋੜ ਦੀ ਵਧੇਰੇ ਪ੍ਰਾਪਤੀਆਂ ਪ੍ਰਾਪਤ ਹੋਈਆਂ ਸਨ।
- ***ਸੜਕ ਆਵਾਜਾਈ***: ਵਿਭਾਗ ਨੇ ਪ੍ਰਾਪਤੀਆਂ ਵਿੱਚ ਕਮੀ (30.50 *ਪ੍ਰਤੀਸ਼ਤ*) ਦਾ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਬੱਸਾਂ ਦੇ ਬੇੜੇ ਦੀ ਗਿਣਤੀ ਵਿੱਚ ਕਮੀ ਨੂੰ ਦੱਸਿਆ (ਸਤੰਬਰ 2023) ਕਿਉਂਕਿ 1995 ਤੋਂ ਨਵੀਆਂ ਬੱਸਾਂ ਬੇੜੇ ਵਿੱਚ ਸ਼ਾਮਲ ਨਹੀਂ ਕੀਤੀਆਂ ਗਈਆਂ ਸਨ। ਬੇੜੇ ਦੀਆਂ ਸਾਰੀਆਂ ਬੱਸਾਂ ਮਿਆਦ ਪੁਗਾ ਚੁੱਕਣ ਦੇ ਨੇੜੇ ਪਹੁੰਚ ਗਈਆਂ ਸਨ ਅਤੇ ਲਾਭਕਾਰੀ ਅੰਤਰ-ਰਾਜੀ ਰੂਟਾਂ ਦੀ ਬਜਾਏ ਸਥਾਨਕ ਰੂਟਾਂ ‘ਤੇ ਚਲਾਈਆਂ ਜਾ ਰਹੀਆਂ ਸਨ। ਇਸ ਤੋਂ ਇਲਾਵਾ, ਰਿਆਇਤੀ ਜਾਂ ਮੁਫਤ ਬੱਸ ਯਾਤਰਾ ਸਹੂਲਤਾਂ ਦੇ ਬਦਲੇ ਵੱਖ-ਵੱਖ ਵਿਭਾਗਾਂ ਤੋਂ ਘੱਟ ਪ੍ਰਾਪਤੀਆਂ ਅਤੇ ਔਰਤਾਂ ਨੂੰ ਮੁਫਤ ਬੱਸ ਯਾਤਰਾ ਸਹੂਲਤਾਂ ਦੇ ਬਦਲੇ ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਤੋਂ ਦਾਅਵੇ ਪ੍ਰਾਪਤ ਨਾ ਹੋਣ ਕਾਰਨ ਪ੍ਰਾਪਤੀਆਂ ਵਿੱਚ ਕਮੀ ਆਈ।

ਹੋਰ ਵਿਭਾਗਾਂ ਨੇ ਗੈਰ-ਕਰ ਰੈਵੀਨਿਊ ਦੀਆਂ 28 ਮੱਦਾਂ[9] ਅਧੀਨ ਪਿਛਲੇ ਸਾਲ ਦੇ ਮੁਕਾਬਲੇ 2022-23 ਦੀਆਂ ਪ੍ਰਾਪਤੀਆਂ ਵਿੱਚ ਬਦਲਾਅ ਦੇ ਕਾਰਨਾਂ ਬਾਰੇ ਜਾਣਕਾਰੀ ਨਹੀਂ ਦਿੱਤੀ।

## 1.3 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 149 ਅਤੇ 151 ਅਤੇ ਸੀ ਏ ਜੀ ਦੀਆਂ ਕਰਤੱਵ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ (ਡੀ ਪੀ ਸੀ) ਐਕਟ, 1971 ਤੋਂ ਲਿਆ ਗਿਆ ਹੈ। ਸੀ ਏ ਜੀ ਰਾਜ ਸਰਕਾਰ ਦੇ ਵਿਭਾਗਾਂ ਦੇ ਖਰਚਿਆਂ ਦੀ ਲੇਖਾ ਪ੍ਰੀਖਿਆ ਸੀ ਏ ਜੀ ਦੇ ਡੀ ਪੀ ਸੀ ਐਕਟ ਦੀ ਧਾਰਾ 13[10] ਦੇ ਅਧੀਨ ਕਰਦਾ ਹੈ। ਇਸ ਤੋਂ ਇਲਾਵਾ, ਸੀ ਏ ਜੀ ਹੋਰ ਖੁਦਮੁਖਤਿਆਰ ਸੰਸਥਾਵਾਂ ਦੀ

---

[8] ਰੁਪਏ ਦੇ ਹਿਸਾਬ ਨਾਲ ₹ 170.67 ਕਰੋੜ।

[9] **(1)** 0050-ਲਾਭ ਅਤੇ ਲਾਭ ਅੰਸ਼, **(2)** 0051-ਲੋਕ ਸੇਵਾ ਕਮਿਸ਼ਨ **(3)** 0056-ਜੇਲ੍ਹਾਂ **(4)** 0057-ਸਪਲਾਈਜ਼ ਅਤੇ ਡਿਸਪੋਜ਼ਲਜ਼ **(5)** 0058-ਲਿਖਣ ਸਮੱਗਰੀ ਅਤੇ ਛਪਾਈ **(6)** 0071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ ਲਈ ਯੋਗਦਾਨ ਅਤੇ ਵਸੂਲੀਆਂ **(7)** 0211-ਪਰਿਵਾਰ ਭਲਾਈ **(8)** 0215-ਜਲ ਸਪਲਾਈ ਅਤੇ ਸੈਨੀਟੇਸ਼ਨ **(9)** 0216-ਮਕਾਨ ਉਸਾਰੀ **(10)** 0217-ਸ਼ਹਿਰੀ ਵਿਕਾਸ **(11)** 0220-ਸੂਚਨਾ ਅਤੇ ਪ੍ਰਚਾਰ **(12)** 0230-ਕਿਰਤ ਅਤੇ ਰੁਜ਼ਗਾਰ **(13)** 0235-ਸਮਾਜਿਕ ਸੁਰੱਖਿਆ ਅਤੇ ਭਲਾਈ **(14)** 0250-ਹੋਰ ਸਮਾਜਿਕ ਸੇਵਾਵਾਂ **(15)** 0403-ਪਸ਼ੂ ਪਾਲਣ **(16)** 0405-ਮੱਛੀ ਪਾਲਣ **(17)** 0415-ਖੇਤੀਬਾੜੀ ਖੋਜ ਅਤੇ ਸਿੱਖਿਆ **(18)** 0435-ਹੋਰ ਖੇਤੀਬਾੜੀ ਪ੍ਰੋਗਰਾਮ **(19)** 0515-ਹੋਰ ਪੇਂਡੂ ਵਿਕਾਸ ਪ੍ਰੋਗਰਾਮ **(20)** 0802-ਪੈਟ੍ਰੋਲੀਅਮ (**21**) 0810-ਊਰਜਾ ਦੇ ਗੈਰ-ਰਿਵਾਇਤੀ ਸ੍ਰੋਤ **(22)** 0851- ਪੇਂਡੂ ਅਤੇ ਲਘੂ ਉਦਯੋਗ **(23)** 0852- ਉਦਯੋਗ **(24)** 1054- ਸੜਕਾਂ ਅਤੇ ਪੁਲ **(25)** 1275-ਹੋਰ ਸੰਚਾਰ ਸੇਵਾਵਾਂ **(26)** 1452-ਸੈਰ ਸਪਾਟਾ **(27)** 1456- ਸਿਵਲ ਸਪਲਾਈਜ਼ **(28)** 1475- ਹੋਰ ਆਮ ਆਰਥਿਕ ਸੇਵਾਵਾਂ।

[10] (i) ਰਾਜ ਦੇ ਸੰਚਿਤ ਫੰਡ ਵਿੱਚੋਂ ਸਾਰੇ ਖਰਚਿਆਂ ਦੀ ਲੇਖਾ ਪ੍ਰੀਖਿਆ; (ii) ਕੰਟੀਜੈਂਸੀ ਫੰਡਾਂ ਅਤੇ ਲੋਕ ਲੇਖਿਆਂ ਨਾਲ ਸਬੰਧਤ ਸਾਰੇ ਲੈਣ-ਦੇਣ; ਅਤੇ (iii) ਸਾਰੇ ਵਪਾਰ ਉਤਪਾਦਨ, ਲਾਭ ਅਤੇ ਘਾਟੇ ਦੇ ਲੇਖੇ ਬੈਲੇਂਸਸ਼ੀਟ ਅਤੇ ਹੋਰ ਸਹਾਇਕ ਲੇਖਿਆਂ ਦੀ ਲੇਖਾ ਪ੍ਰੀਖਿਆ ।

ਲੇਖਾ ਪ੍ਰੀਖਿਆ ਵੀ ਕਰਦਾ ਹੈ ਜਿਨ੍ਹਾਂ ਨੂੰ ਡੀ ਪੀ ਸੀ ਐਕਟ ਦੀ ਧਾਰਾ 14[11] ਦੇ ਅਧੀਨ ਸਰਕਾਰ ਦੁਆਰਾ ਕਾਫੀ ਹੱਦ ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸੀ ਏ ਜੀ ਦੇ ਡੀ ਪੀ ਸੀ ਐਕਟ ਦੀ ਧਾਰਾ 16 ਸੀ ਏ ਜੀ ਨੂੰ ਭਾਰਤ ਸਰਕਾਰ ਅਤੇ ਹਰੇਕ ਰਾਜ ਅਤੇ ਵਿਧਾਨ ਸਭਾ ਵਾਲੇ ਹਰੇਕ ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ ਦੀਆਂ ਸਾਰੀਆਂ ਪ੍ਰਾਪਤੀਆਂ (ਰੈਵੀਨਿਊ ਅਤੇ ਪੂੰਜੀਗਤ ਦੋਵਾਂ) ਦੀ ਲੇਖਾ ਪ੍ਰੀਖਿਆ ਕਰਨ ਅਤੇ ਆਪਣੇ ਆਪ ਨੂੰ ਸੰਤੁਸ਼ਟ ਕਰਨ ਦਾ ਅਧਿਕਾਰ ਦਿੰਦੀ ਹੈ ਕਿ ਨਿਯਮ ਅਤੇ ਪ੍ਰਕਿਰਿਆਵਾਂ ਮੁਲਾਂਕਣ, ਸੰਗ੍ਰਹਿ ਅਤੇ ਰੈਵੀਨਿਊ ਦੀ ਉਚਿਤ ਵੰਡ 'ਤੇ ਪ੍ਰਭਾਵਸ਼ਾਲੀ ਜਾਂਚ ਨੂੰ ਸੁਰੱਖਿਅਤ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ ਅਤੇ ਉਹਨਾਂ ਦੀ ਉਚਿਤ ਪਾਲਣਾ ਕੀਤੀ ਜਾ ਰਹੀ ਹੈ। ਵੱਖ-ਵੱਖ ਲੇਖਾ ਪ੍ਰੀਖਿਆਵਾਂ ਲਈ ਸਿਧਾਂਤ ਅਤੇ ਵਿਧੀਆਂ ਲੇਖਾ ਪ੍ਰੀਖਿਆ ਅਤੇ ਲੇਖਾ (ਸੋਧਾਂ), 2020 ਦੇ ਨਿਯਮਾਂ ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

## 1.4 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਪਾਲਣ ਲੇਖਾ ਪ੍ਰੀਖਿਆ ਵਿੱਚ, ਲੇਖਾ ਪ੍ਰੀਖਿਆ ਪ੍ਰਕਿਰਿਆ ਵਿਭਾਗਾਂ ਅਤੇ ਸਕੀਮਾਂ ਦੇ ਜੋਖਮ ਮੁਲਾਂਕਣ ਨਾਲ ਗਤੀਵਿਧੀਆਂ ਦੀ ਨਾਜ਼ੁਕਤਾ/ਗੁੰਝਲਦਾਰਤਾ, ਸੌਂਪੇ ਗਏ ਵਿੱਤੀ ਸ਼ਕਤੀਆਂ ਦੇ ਪੱਧਰ, ਅੰਦਰੂਨੀ ਨਿਯੰਤਰਣ, ਹਿੱਸੇਦਾਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁਰੂ ਹੁੰਦੀ ਹੈ। ਇਸ ਜੋਖਮ ਮੁਲਾਂਕਣ ਦੇ ਅਧਾਰ 'ਤੇ ਲੇਖਾ ਪ੍ਰੀਖਿਆ ਦਾ ਦਾਇਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਇੱਕ ਸਾਲਾਨਾ ਲੇਖਾ ਪ੍ਰੀਖਿਆ ਯੋਜਨਾ ਤਿਆਰ ਕੀਤੀ ਜਾਂਦੀ ਹੈ।

ਸਾਲ 2022-23 ਦੌਰਾਨ ਕਰ ਰੈਵੀਨਿਊ ਨਾਲ ਸਬੰਧਤ 402 ਲੇਖਾ ਪ੍ਰੀਖਿਆ ਯੋਗ ਇਕਾਈਆਂ[12] ਸਨ, ਜਿਨ੍ਹਾਂ ਵਿੱਚੋਂ 133 ਇਕਾਈਆਂ[13] (33.08 *ਪ੍ਰਤੀਸ਼ਤ*) ਦੀ ਯੋਜਨਾ ਜੋਖਮ ਵਿਸ਼ਲੇਸ਼ਣ ਦੇ ਆਧਾਰ 'ਤੇ ਬਣਾਈ ਗਈ ਸੀ ਅਤੇ ਉਨ੍ਹਾਂ ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੀ ਨਮੂਨਾ-ਜਾਂਚ ਵਿੱਚ 70,566 ਮਾਮਲਿਆਂ ਵਿੱਚ ₹ 266.61 ਕਰੋੜ ਦੇ ਰੈਵੀਨਿਊ ਨਾਲ ਜੁੜੇ ਘੱਟ ਮੁਲਾਂਕਣ ਘੱਟ ਜਾਂ ਗੈਰ-ਕਰ ਅਤੇ ਡਿਊਟੀਆਂ ਨਾ ਲਗਾਉਣ ਦੇ ਮੁੱਦੇ ਸਾਹਮਣੇ ਆਏ। ਵਿਭਾਗਾਂ ਨੇ ਸਾਲ 2022-23 ਦੌਰਾਨ 800 ਮਾਮਲਿਆਂ ਵਿੱਚ ₹ 19.03 ਕਰੋੜ ਦੀ ਵਸੂਲੀ ਕੀਤੀ, ਜਿਨ੍ਹਾਂ ਵਿੱਚੋਂ 2022-23 ਤੋਂ ਪਹਿਲਾਂ ਕੀਤੀ ਗਈ ਲੇਖਾ ਪ੍ਰੀਖਿਆ ਵਿੱਚ ₹ 19.01 ਕਰੋੜ ਦੇ 797 ਮਾਮਲਿਆਂ ਨੂੰ ਧਿਆਨ ਵਿੱਚ ਲਿਆਂਦਾ ਗਿਆ ਸੀ।

## 1.5 ਲੇਖਾ ਪ੍ਰੀਖਿਆ ਵੱਲ ਸਰਕਾਰ ਦਾ ਹੁੰਗਾਰਾ

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਸਰਕਾਰੀ ਵਿਭਾਗਾਂ ਦਾ ਸਮੇਂ-ਸਮੇਂ ਤੇ ਲੇਖਾ ਪ੍ਰੀਖਿਆ ਨਿਰੀਖਣ ਕਰਦਾ ਹੈ ਤਾਂ ਜੋ ਲੈਣ-ਦੇਣ ਦੀ ਨਮੂਨਾ-ਜਾਂਚ ਕੀਤੀ ਜਾ ਸਕੇ ਅਤੇ ਨਿਯਮਾਂ ਅਤੇ

---

[11] ਰੁਜ਼ਗਾਰ ਸਿਰਜਣ, ਗਰੀਬੀ ਹਟਾਉਣ, ਸਾਖਰਤਾ ਫੈਲਾਉਣਾ, ਸਾਰਿਆਂ ਲਈ ਸਿਹਤ ਅਤੇ ਬਿਮਾਰੀਆਂ, ਵਾਤਾਵਰਣ ਆਦਿ ਦੀ ਰੋਕਥਾਮ ਲਈ ਅਤੇ ਸਰਕਾਰ ਵੱਲੋਂ ਕਾਫੀ ਵਿੱਤੀ ਸਹਾਇਤਾ ਦਿੱਤੀਆਂ ਗਈਆਂ ਸਕੀਮਾਂ ਨੂੰ ਲਾਗੂ ਕਰਨ ਲਈ ਸਥਾਪਤ ਕੀਤੀਆਂ ਗਈਆਂ ਕਈ ਗੈਰ-ਵਪਾਰਕ ਖੁਦਮੁਖਤਿਆਰ/
ਅਰਥ-ਖੁਦਮੁਖਤਿਆਰ ਸੰਸਥਾਵਾਂ ਦਾ ਧਾਰਾ 14 ਅਧੀਨ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ।

[12] ਭੌਂ ਰੈਵੀਨਿਊ: 87 ਇਕਾਈਆਂ, ਅਸ਼ਟਾਮ ਡਿਊਟੀ: 181 ਇਕਾਈਆਂ, ਰਾਜ ਆਬਕਾਰੀ: 66 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 52 ਇਕਾਈਆਂ ਅਤੇ ਮੋਟਰ ਵਹੀਕਲ ਕਰ: 16 ਇਕਾਈਆਂ।

[13] ਭੌਂ ਰੈਵੀਨਿਊ: 1 ਇਕਾਈਆਂ, ਅਸ਼ਟਾਮ ਡਿਊਟੀ : 64 ਇਕਾਈਆਂ, ਰਾਜ ਆਬਕਾਰੀ: 37 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 15 ਇਕਾਈਆਂ ਅਤੇ ਮੋਟਰ ਵਹੀਕਲ ਕਰ: 16 ਇਕਾਈਆਂ।

ਪ੍ਰਕਿਰਿਆਵਾਂ ਵਿੱਚ ਨਿਰਧਾਰਤ ਮਹੱਤਵਪੂਰਨ ਲੇਖਿਆਂ ਅਤੇ ਹੋਰ ਰਿਕਾਰਡਾਂ ਦੀ ਸਾਂਭ ਸੰਭਾਲ ਦੀ ਤਸਦੀਕ ਕੀਤੀ ਜਾ ਸਕੇ। ਇਨ੍ਹਾਂ ਨਿਰੀਖਣਾਂ ਤੋਂ ਬਾਅਦ ਨਿਰੀਖਣ ਰਿਪੋਰਟਾਂ (ਆਈ ਆਰ) ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਨਿਰੀਖਣ ਦੌਰਾਨ ਪਾਈਆਂ ਗਈਆਂ ਬੇਨਿਯਮੀਆਂ ਸ਼ਾਮਲ ਹੁੰਦੀਆਂ ਹਨ ਅਤੇ ਮੌਕੇ ਤੇ ਨਿਪਟਾਰਾ ਨਹੀਂ ਕੀਤਾ ਜਾਂਦਾ, ਜੋ ਨਿਰੀਖਣ ਕੀਤੇ ਗਏ ਦਫਤਰਾਂ ਦੇ ਮੁੱਖੀਆਂ ਨੂੰ ਤੁਰੰਤ ਸੋਧਮਈ ਕਾਰਵਾਈ ਕਰਨ ਲਈ ਅਗਲੇ ਉੱਚ ਅਧਿਕਾਰੀਆਂ ਨੂੰ ਕਾਪੀਆਂ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

ਦਫਤਰਾਂ ਦੇ ਮੁਖੀਆ ਨੂੰ ਨਿਰੀਖਣ ਰਿਪੋਰਟਾਂ ਪ੍ਰਾਪਤ ਹੋਣ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ ਅੰਦਰ ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਗੰਭੀਰ ਵਿੱਤੀ ਬੇਨਿਯਮੀਆਂ ਦੀ ਰਿਪੋਰਟ ਵਿਭਾਗ ਅਤੇ ਸਰਕਾਰ ਦੇ ਮੁਖੀਆ ਨੂੰ ਕੀਤੀ ਜਾਂਦੀ ਹੈ।

ਕਰ ਰੈਵੀਨਿਊ ਵਿਭਾਗਾਂ ਵਿੱਚ 2022-23 ਦੌਰਾਨ ਲੇਖਾ ਪ੍ਰੀਖਿਆ ਕੀਤੀਆਂ ਗਈਆਂ 133 ਇਕਾਈਆਂ ਦੇ ਮੁਕਾਬਲੇ ਦਫਤਰਾਂ ਦੇ ਮੁਖੀਆ ਨੂੰ 133 ਨਿਰੀਖਣ ਰਿਪੋਰਟਾਂ[14] ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ ਲੇਖਾ ਪ੍ਰੀਖਿਆ ਨੂੰ ਚਾਰ ਹਫਤਿਆਂ ਦੇ ਨਿਰਧਾਰਤ ਸਮੇਂ ਵਿੱਚ 127 ਨਿਰੀਖਣ ਰਿਪੋਰਟਾਂ[15] ਦਾ ਜਵਾਬ ਨਹੀਂ ਮਿਲਿਆ। ਇਸ ਤੋਂ ਇਲਾਵਾ, ਮਾਰਚ 2023 ਤੱਕ ਦੇ ਸਾਲਾਂ ਲਈ ਜਾਰੀ ਨਿਰੀਖਣ ਰਿਪੋਰਟਾਂ ਨੇ ਦਰਸਾਇਆ ਕਿ ਜੂਨ 2023 ਦੇ ਅੰਤ ਤੱਕ 2,426 ਨਿਰੀਖਣ ਰਿਪੋਰਟਾਂ[16] ਨਾਲ ਸਬੰਧਤ ₹ 4,298.17 ਕਰੋੜ[17] ਦੇ 10,867 ਨਿਰੀਖਣ[18] ਬਕਾਇਆ ਰਹੇ।

ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ ਦੀ ਵਰੇ-ਵਾਰ ਸਥਿਤੀ ਮੁੱਦਰਾ **ਸਾਰਣੀ** 1.4 ਵਿੱਚ ਦਿੱਤੀ ਗਈ ਹੈ।

**ਸਾਰਣੀ 1.4: ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ**

| ਵੇਰਵੇ | ਅਪ੍ਰੈਲ 2018 ਤੋਂ ਪਹਿਲਾਂ | 2018-19 | 2019-20 | 2020-21 | 2021-22 | 2022-23 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 1,688 | 217 | 167 | 114 | 107 | 133 | **2,426** |
| ਟਿੱਪਣੀਆਂ | 6,496 | 941 | 906 | 669 | 811 | 1,044 | **10,867** |
| ਮੁੱਦ੍ਰਾ ਮੁੱਲ (₹ ਕਰੋੜ ਵਿੱਚ) | 3,102.39 | 253.99 | 292.63 | 188.79 | 193.76 | 266.61 | **4,298.17** |

*ਸ੍ਰੋਤ: ਦਫਤਰ ਦਾ ਰਿਕਾਰਡ*

ਲੇਖਾ ਪ੍ਰੀਖਿਆ ਦਾ ਮੰਤਵ ਇਹ ਜਾਂਚ ਕਰਨਾ ਹੈ ਕਿ ਕੀ ਨਿਰਧਾਰਤ ਨਿਯਮਾਂ, ਕਾਨੂੰਨਾਂ, ਪ੍ਰਕਿਰਿਆਵਾਂ ਦੀ ਪਾਲਣਾ ਹੋ ਰਹੀ ਹੈ ਅਤੇ ਪਾਲਣਾ ਨਾ ਕੀਤੇ ਜਾਣ, ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਅਸਫ਼ਲਤਾਵਾਂ ਦੇ ਮਾਮਲਿਆਂ ਨੂੰ ਉਜਾਗਰ ਕਰਨਾ ਹੈ। ਆਈ ਆਰਜ਼ ਅਤੇ ਲੇਖਾ ਪ੍ਰੀਖਿਆ ਟਿੱਪਣੀਆਂ

14 ਭੌਂ ਰੈਵੀਨਿਊ: 1 ਇਕਾਈਆਂ, ਅਸ਼ਟਾਮ ਡਿਊਟੀ : 64 ਇਕਾਈਆਂ, ਰਾਜ ਆਬਕਾਰੀ: 37 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 15 ਇਕਾਈਆਂ ਅਤੇ ਮੋਟਰ ਵਹੀਕਲ ਕਰ: 16 ਇਕਾਈਆਂ

15 ਭੌਂ ਰੈਵੀਨਿਊ: 1 ਇਕਾਈਆਂ, ਅਸ਼ਟਾਮ ਡਿਊਟੀ : 61 ਇਕਾਈਆਂ, ਰਾਜ ਆਬਕਾਰੀ: 34 ਇਕਾਈਆਂ, ਵੈਲਿਊ ਐਡੇਡ ਕਰ/ਜੀ ਐਸ ਟੀ: 15 ਇਕਾਈਆਂ ਅਤੇ ਮੋਟਰ ਵਹੀਕਲ ਕਰ: 16 ਇਕਾਈਆਂ

16 **ਨਿਰੀਖਣ** : ਮਨੋਰੰਜਨ ਅਤੇ ਲਗਜ਼ਰੀ ਕਰ (215), ਭੌਂ ਰੈਵੀਨਿਊ (997), ਮੋਟਰ ਵਾਹਨ ਕਰ (1,994), ਰਾਜ ਆਬਕਾਰੀ (460), ਅਸ਼ਟਾਮ ਡਿਊਟੀ (5,247), ਵੈਟ (1,954)।

17 **ਮੁੱਦ੍ਰਾ ਮੁੱਲ**: ਮਨੋਰੰਜਨ ਅਤੇ ਲਗਜ਼ਰੀ ਕਰ (₹ 16.54 ਕਰੋੜ), ਭੌਂ ਰੈਵੀਨਿਊ (₹ 1,957.57 ਕਰੋੜ), ਮੋਟਰ ਵਾਹਨ ਕਰ (₹ 397.39 ਕਰੋੜ), ਰਾਜ ਆਬਕਾਰੀ (₹ 483.30 ਕਰੋੜ), ਅਸ਼ਟਾਮ ਡਿਊਟੀ (₹ 633.66 ਕਰੋੜ) ਅਤੇ ਵੈਟ (₹ 809.71 ਕਰੋੜ)।

18 **ਨਿਰੀਖਣ ਰਿਪੋਰਟਾਂ**: ਮਨੋਰੰਜਨ ਅਤੇ ਲਗਜ਼ਰੀ ਕਰ (95), ਭੌਂ ਰੈਵੀਨਿਊ (275), ਮੋਟਰ ਵਾਹਨ ਕਰ (233), ਰਾਜ ਆਬਕਾਰੀ (310), ਅਸ਼ਟਾਮ ਡਿਊਟੀ (1,171), ਵੈਟ (352)।

ਲਈ ਨਿਪਟਾਰੇ ਦਾ ਵੱਡੀ ਸੰਖਿਆ ਵਿੱਚ ਬਕਾਇਆ, ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਨਾਕਾਫ਼ੀ ਹੁੰਗਾਰੇ ਨੂੰ ਦਰਸਾਉਂਦਾ ਹੈ। ਇਨ੍ਹਾਂ ਲੇਖਾ ਪ੍ਰੀਖਿਆ ਟਿੱਪਣੀਆਂ ਤੇ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ ਅਤੇ ਰੈਵੀਨਿਊ ਦੇ ਨੁਕਸਾਨ ਦਾ ਜੋਖਮ ਖੜਾ ਕਰਦੀ ਹੈ। ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵਧ ਰਿਹਾ ਬਕਾਇਆ, ਲੇਖਾ ਪ੍ਰੀਖਿਆ ਦੁਆਰਾ ਨਿਰੰਤਰ ਉਠਾਏ ਗਏ ਮਾਮਲਿਆਂ ਨੂੰ ਹੱਲ ਕਰਨ ਵੱਲ ਸਰਕਾਰ ਦੇ ਧਿਆਨ ਦੇਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਵਿਭਾਗੀ ਅਫਸਰ ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ ਤੇ ਨਿਰਧਾਰਤ ਸਮਾਂ-ਸੀਮਾ ਵਿੱਚ ਕਾਰਵਾਈ ਕਰਨ ਵਿੱਚ ਅਸਫਲ ਰਹੇ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਸਰਕਾਰ ਨੂੰ ਤੁਰੰਤ ਅਤੇ ਉਚਿਤ ਕਾਰਵਾਈ ਕਰਨ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

### 1.5.1 ਵਿਭਾਗੀ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ

ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਨਿਪਟਾਰਾ ਕਰਨ ਦੀ ਨਿਗਰਾਨੀ ਕਰਨ ਅਤੇ ਪ੍ਰਗਤੀ ਨੂੰ ਤੇਜ ਕਰਨ ਲਈ ਸਰਕਾਰ ਨੇ ਵਿਭਾਗੀ ਲੇਖਾ ਪ੍ਰੀਖਿਆ ਕਮੇਟੀਆਂ ਦੀ ਸਥਾਪਨਾ ਕੀਤੀ ਹੋਈ ਹੈ।

2022-23 ਦੌਰਾਨ ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ ਅਤੇ ਆਵਾਜਾਈ ਵਿਭਾਗ ਨਾਲ ਹੋਈਆਂ ਲੇਖਾ ਪ੍ਰੀਖਿਆ ਕਮੇਟੀ ਦੀਆਂ ਦੋ ਮੀਟਿੰਗਾਂ ਹੋਈਆਂ ਸਨ। ਸਿੱਟੇ ਵਜੋਂ ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ ਨਾਲ ਸਬੰਧਤ ₹ 0.11 ਕਰੋੜ ਦੇ ਮੁੱਦਰਾ ਮੁੱਲ ਵਾਲੀਆਂ 13 ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ ਸੀ।

ਸਰਕਾਰ ਸਾਰੇ ਰੈਵੀਨਿਊ ਵਿਭਾਗਾਂ ਲਈ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ ਨਿਯਮਤ ਅੰਤਰਾਲਾਂ ਤੇ ਕਰਵਾਏ ਜਾਣ ਨੂੰ ਯਕੀਨੀ ਬਣਾ ਸਕਦੀ ਹੈ।

## 1.6 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਅਤੇ ਵਿਸਥਾਰਤ ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਵਿਭਾਗਾਂ ਦਾ ਹੁੰਗਾਰਾ

ਲੇਖਾ ਪ੍ਰੀਖਿਆ ਅਤੇ ਲੇਖੇ ਨਿਯਮਤਾਵਾਂ, 2020 ਨਿਰਧਾਰਤ ਕਰਦੇ ਹਨ ਕਿ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜਿਆਂ ਦੇ ਉੱਤਰ ਨਿਰਧਾਰਤ ਮਿਆਦ ਅੰਦਰ ਭੇਜਣੇ ਚਾਹੀਦੇ ਹਨ।

ਪਿਛਲੇ ਕੁੱਝ ਸਾਲਾਂ ਵਿੱਚ ਲੇਖਾ ਪ੍ਰੀਖਿਆ ਨੇ ਰੈਵੀਨਿਊ ਦੀ ਉਗਰਾਹੀ, ਕਰ ਨਿਰਧਾਰਣ ਅਤੇ ਇਸ ਦੇ ਨਾਲ ਅੰਦਰੂਨੀ ਕੰਟਰੋਲਾਂ ਦੀ ਗੁਣਵੱਤਾ ਬਾਰੇ ਕਈ ਮਹੱਤਵਪੂਰਨ ਕਮੀਆਂ, ਜੋ ਕਿ ਵਿਭਾਗਾਂ ਦੇ ਕੰਮਕਾਜ 'ਤੇ ਮਾੜਾ ਪ੍ਰਭਾਵ ਪਾ ਰਹੀਆ ਸਨ, ਦੀ ਸੂਚਨਾ ਦਿੱਤੀ ਹੈ। ਲੇਖਾ ਪ੍ਰੀਖਿਆ ਨੇ ਕਾਰਜਕਾਰੀ ਨੂੰ ਸੋਧਮਈ ਕਾਰਵਾਈ ਕਰਨ ਅਤੇ ਰੈਵੀਨਿਊ ਦੀ ਉਗਰਾਹੀ ਵਿੱਚ ਸੁਧਾਰ ਕਰਨ ਲਈ ਢੁਕਵੀਆਂ ਸਿਫਾਰਸ਼ਾਂ ਕੀਤੀਆਂ ਸਨ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰ/ਸਕੱਤਰਾਂ ਨੂੰ ਲੇਖਾ ਪ੍ਰੀਖਿਆ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਉਂਦੇ ਹੋਏ ਅਤੇ ਛੇ ਹਫ਼ਤੇ ਦੀ ਨਿਰਧਾਰਤ ਮਿਆਦ ਵਿੱਚ ਆਪਣਾ ਉੱਤਰ ਭੇਜਣ ਦੀ ਬੇਨਤੀ ਕਰਦੇ ਹੋਏ, ਭੇਜਿਆ ਜਾਂਦਾ ਹੈ। ਵਿਭਾਗਾਂ/ਸਰਕਾਰ ਵਲੋਂ ਉੱਤਰਾਂ ਦੀ ਪ੍ਰਾਪਤੀ ਨਾ ਹੋਣ ਦੇ ਤੱਥ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਇਨ੍ਹਾਂ ਟਿੱਪਣੀਆਂ ਦੇ ਅਖੀਰ ਤੇ ਜ਼ਰੂਰ ਦਰਸਾਇਆ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਕਰਨ ਲਈ ਕਾਰਵਾਈ ਨਾਕਾਫੀ ਪਾਈ ਗਈ ਹੈ :

### 1.7.1 ਐਕਸ਼ਨ ਟੇਕਨ ਨੋਟਸ ਪੇਸ਼ ਨਾ ਕਰਨਾ

ਲੋਕ ਲੇਖਾ ਕਮੇਟੀ ( ਪੀ ਏ ਸੀ) ਦੇ ਨਿਯਮਾਂ ਅਤੇ ਪ੍ਰਕਿਰਿਆ ਦੇ ਅਨੁਸਾਰ, ਸਾਰੇ ਪ੍ਰਸ਼ਾਸਕੀ ਵਿਭਾਗਾਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਏ ਗਏ ਸਾਰੇ ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ 'ਤੇ ਖੁਦ ਕਾਰਵਾਈ ਸ਼ੁਰੂ ਕਰਨੀ ਹੁੰਦੀ ਹੈ, ਚਾਹੇ ਇਹਨਾਂ ਨੂੰ ਪੀ ਏ ਸੀ ਦੁਆਰਾ ਜਾਂਚ ਲਈ ਲਿਆ ਗਿਆ ਹੋਵੇ ਜਾਂ ਨਹੀਂ। ਉਨ੍ਹਾਂ ਨੂੰ ਲੇਖਾ ਪ੍ਰੀਖਿਆ ਦੁਆਰਾ ਸਹੀ ਢੰਗ ਨਾਲ ਪੜਤਾਲ ਕੀਤੇ ਗਏ ਵਿਸਥਾਰਤ ਨੋਟ ਵੀ ਪੇਸ਼ ਕਰਨੇ ਹੁੰਦੇ ਹਨ, ਜੋ ਰਾਜ ਵਿਧਾਨ ਸਭਾ ਵਿੱਚ ਲੇਖਾ ਪ੍ਰੀਖਿਆ ਰਿਪੋਰਟਾਂ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਉਨ੍ਹਾਂ ਦੁਆਰਾ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੁਧਾਰਤਮਕ ਕਾਰਵਾਈ ਨੂੰ ਦਰਸਾਉਂਦੇ ਹਨ।

ਇਨ੍ਹਾਂ ਉਪਬੰਧਾਂ ਦੇ ਬਾਵਜੂਦ, ਰਿਪੋਰਟਾਂ ਦੀ ਲੇਖਾ ਪ੍ਰੀਖਿਆ ਟਿੱਪਣੀਆਂ ਬਾਰੇ ਐਕਸ਼ਨ ਟੇਕਨ ਨੋਟਸ (ਏ ਟੀ ਐਨਜ਼) ਭੇਜਣ ਵਿੱਚ ਅਸਧਾਰਣ ਦੇਰੀ ਕੀਤੀ ਜਾ ਰਹੀ ਸੀ। 31 ਮਾਰਚ 2016 ਤੋਂ 2021 ਤੱਕ ਸਮਾਪਤ ਹੋਏ ਸਾਲਾਂ ਲਈ ਪੰਜਾਬ ਸਰਕਾਰ ਦੇ ਰੈਵੀਨਿਊ ਖੇਤਰ ਉੱਤੇ ਭਾਰਤ ਦੇ ਲੇਖਾ ਪ੍ਰੀਖਿਆ ਅਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਕੁੱਲ 108 ਟਿੱਪਣੀਆਂ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) 29 ਮਾਰਚ 2017 ਅਤੇ 7 ਮਾਰਚ 2023 ਦੇ ਵਿਚਕਾਰ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੀਆਂ ਗਈਆਂ ਸਨ।

108 ਟਿੱਪਣੀਆਂ ਵਿੱਚੋਂ, 45 ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਤਿੰਨ ਤੋਂ 70 ਮਹੀਨਿਆਂ ਦੀ ਦੇਰੀ ਨਾਲ ਪ੍ਰਾਪਤ ਹੋਏ ਸਨ, ਜਦੋਂ ਕਿ 63 ਪੈਰ੍ਹਿਆਂ ਦੇ ਮੁਕਾਬਲੇ ਏ ਈ ਐਨ ਮਾਰਚ 2024 ਦੇ ਅੰਤ ਤੱਕ ਪ੍ਰਾਪਤ ਨਹੀਂ ਹੋਏ ਸਨ। ਦੇਰੀ ਨਾਲ ਪ੍ਰਾਪਤ ਹੋਏ ਏ ਟੀ ਐਨਜ਼ ਅਤੇ ਪ੍ਰਾਪਤ ਨਾ ਹੋਣ ਵਾਲੇ ਏ ਟੀ ਐਨ ਦੇ ਵੇਰਵੇ ਕ੍ਰਮਵਾਰ **ਸਾਰਣੀ** 1.5 ਅਤੇ **ਸਾਰਣੀ** 1.6 ਵਿੱਚ ਦਰਸਾਏ ਗਏ ਹਨ।

**ਸਾਰਣੀ 1.5: 31 ਮਾਰਚ 2024 ਤੱਕ ਏ ਟੀ ਐਨਜ਼ ਦੀ ਪ੍ਰਾਪਤੀ ਵਿੱਚ ਦੇਰੀ**

| ਲੜੀ ਨੰ. | ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ | ਪੈਰ੍ਹਿਆਂ ਦੀ ਸੰਖਿਆ (ਕਾਰਗੁਜ਼ਾਰੀ ਲੇਖਾ ਪ੍ਰੀਖਿਆ ਸਮੇਤ) | ਪ੍ਰਾਪਤ ਏ ਟੀ ਐਨਜ਼ | ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਰੱਖੇ ਜਾਣ ਦੀ ਤਰੀਕ | ਏ ਟੀ ਐਨਜ਼ ਪ੍ਰਾਪਤੀ ਦਾ ਸਮਾਂ | ਏ ਟੀ ਐਨਜ਼ ਪ੍ਰਾਪਤੀ ਵਿੱਚ ਦੇਰੀ |
|---|---|---|---|---|---|---|
| 1. | 2015-16 | 22 | 13 | 29.03.2017 | 2018 ਤੋਂ 2023 | 09 ਤੋਂ 70 ਮਹੀਨੇ |
| 2. | 2016-17 | 23 | 19 | 22.03.2018 | 2018 ਤੋਂ 2023 | 03 ਤੋਂ 57 ਮਹੀਨੇ |
| 3. | 2017-18 | 18 | 7 | 27.02.2020 | 2021 ਤੋਂ 2023 | 09 ਤੋਂ 35 ਮਹੀਨੇ |
| 4. | 2018-19 | 19 | 1 | 29.06.2022 | 2023 | 03 ਤੋਂ 11 ਮਹੀਨੇ |
| 5. | 2019-20 | 13 | 5 | 29.06.2022 | 2023 | 03 ਤੋਂ 11 ਮਹੀਨੇ |
| **ਜੋੜ** | | | **45** | | | |

*ਸ੍ਰੋਤ: ਦਫਤਰੀ ਰਿਕਾਰਡ*

**ਸਾਰਣੀ 1.6: 31 ਮਾਰਚ 2024 ਤੱਕ ਏ ਟੀ ਐਨਜ਼ ਪ੍ਰਾਪਤ ਨਾ ਹੋਣ ਦੀ ਸਥਿਤੀ**

<table>
<tr><th rowspan="2">ਲੜੀ ਨੰ.</th><th rowspan="2">ਲੇਖਾ ਪ੍ਰੀਖਿਆ ਰਿਪੋਰਟ ਦਾ ਸਾਲ</th><th rowspan="2">ਵਿਭਾਗ</th><th colspan="2">ਪ੍ਰਾਪਤ ਨਹੀਂ ਹੋਏ ਏ ਟੀ ਐਨਜ਼</th><th rowspan="2">ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕੀਤੇ ਜਾਣ ਦੀ ਮਿਤੀ</th></tr>
<tr><th>ਪੈਰ੍ਹਾ ਨੰ .</th><th>ਪੈਰ੍ਹਿਆਂ ਦੀ ਸੰਖਿਆ</th></tr>
<tr><td rowspan="3">1.</td><td rowspan="3">2015-16</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>2.3, 2.4, 2.6, 2.7, 2.13, 3.3, 6.5</td><td>7</td><td rowspan="3">29.03.2017</td></tr>
<tr><td>ਚਾਰ ਵਿਭਾਗ[19]</td><td>6.4</td><td>1</td></tr>
<tr><td>ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ</td><td>6.6</td><td>1</td></tr>
<tr><td>2.</td><td>2016-17</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>2.9, 2.13, 2.15, 6.4</td><td>4</td><td>22.03.2018</td></tr>
<tr><td rowspan="2">3.</td><td rowspan="2">2017-18</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>2.6, 2.7, 2.9, 2.10, 2.12</td><td>5</td><td rowspan="2">27.02.2020</td></tr>
<tr><td>ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ</td><td>4.3, 4.4, 4.5, 4.6, 4.7, 4.8</td><td>6</td></tr>
<tr><td rowspan="3">4.</td><td rowspan="3">2018-19</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>2.3, 2.4, 2.5, 2.6, 2.7, 2.8, 2.9, 2.10, 3.3, 3.4, 3.5, 7.3</td><td>12</td><td rowspan="3">29.06.2022</td></tr>
<tr><td>ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ</td><td>4.3, 4.4, 4.5, 4.6, 4.7</td><td>5</td></tr>
<tr><td>ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ</td><td>6.3</td><td>1</td></tr>
<tr><td>5.</td><td>2019-20</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>2.3, 2.4, 2.5, 2.6, 2.7, 2.8, 2.9, 3.3</td><td>8</td><td>29.06.2022</td></tr>
<tr><td rowspan="3">6.</td><td rowspan="3">2020-21</td><td>ਆਬਕਾਰੀ ਅਤੇ ਕਰਬੰਦੀ ਵਿਭਾਗ</td><td>3.1, 4.1, 7.9, 7.10, 7.11, 7.12, 7.13, 7.14, 7.15</td><td>9</td><td rowspan="3">07.03.2023</td></tr>
<tr><td>ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ</td><td>7.16, 7.17</td><td>2</td></tr>
<tr><td>ਆਵਾਜਾਈ ਵਿਭਾਗ</td><td>7.18, 7.19</td><td>2</td></tr>
<tr><td colspan="4">ਜੋੜ</td><td>63</td><td></td></tr>
</table>

***ਸ੍ਰੋਤ: ਦਫਤਰੀ ਰਿਕਾਰਡ***

31 ਮਾਰਚ 2024 ਤੱਕ ਪੀ ਏ ਸੀ ਨੇ 2015-16 ਤੋਂ 2017-18 ਤੱਕ ਸੀ ਏ ਜੀ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦੇ 31 ਚੁਣੇ ਗਏ ਪੈਰ੍ਹਿਆਂ ਉੱਤੇ ਚਰਚਾ ਕੀਤੀ । ਪੀ ਏ ਸੀ ਵੱਲੋਂ ਸਾਲ 2012-13 ਤੋਂ 2016-17 ਦੇ ਸਾਲਾਂ ਲਈ ਸੀ ਏ ਜੀ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਸਬੰਧ ਵਿੱਚ 34 ਸਿਫਾਰਸ਼ਾਂ[20] ਦਿੱਤੀਆਂ ਗਈਆਂ ਸਨ ਅਤੇ ਇਨ੍ਹਾਂ ਸਿਫਾਰਸ਼ਾਂ ਨੂੰ ਤਿੰਨ ਪੀ ਏ ਸੀ ਰਿਪੋਰਟਾਂ[21] ਵਿੱਚ ਸ਼ਾਮਲ ਕੀਤਾ ਗਿਆ ਸੀ। ਜਦੋਂਕਿ 31 ਮਾਰਚ 2024 ਤੱਕ ਮਾਲੀਆ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗਾਂ ਤੋਂ ਇਨ੍ਹਾਂ 21 ਸਿਫਾਰਸ਼ਾਂ ਦੇ ਵਿਰੁੱਧ ਏ ਟੀ ਐਨਜ਼ ਪ੍ਰਾਪਤ ਨਹੀਂ ਹੋਏ ਸਨ।

---

19 (1) ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ (2) ਆਬਕਾਰੀ ਅਤੇ ਕਰਬੰਦੀ ਵਿਭਾਗ (3) ਆਵਾਜਾਈ ਵਿਭਾਗ ਅਤੇ (4) ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ।

20 ਮਾਲੀਆ, ਪੁਨਵਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ (21) + ਆਵਾਜਾਈ ਵਿਭਾਗ (13)

21 2019-20 ਦੀ ਪੀ ਏ ਸੀ ਰਿਪੋਰਟ 209, 2020-21 ਦੀ ਪੀ ਏ ਸੀ ਰਿਪੋਰਟ 212 ਅਤੇ 2022-23 ਦੀ ਪੀ ਏ ਸੀ ਰਿਪੋਰਟ 214




# ਅਧਿਆਇ-II

## ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ

## (ਪੜਾਅ–II)

# ਅਧਿਆਇ-II

## ਜੀ ਐਸ ਟੀ ਅਦਾਇਗੀਆਂ ਅਤੇ ਰਿਟਰਨ ਫਾਈਲਿੰਗ ਉੱਤੇ ਵਿਭਾਗ ਦੀ ਨਿਗਰਾਨੀ (ਪੜਾਅ-II)

### 2.1 ਜਾਣ ਪਛਾਣ

ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਨੇ ਕੇਂਦਰ ਅਤੇ ਰਾਜਾਂ ਦੁਆਰਾ ਲਗਾਏ ਅਤੇ ਇੱਕਠੇ ਕੀਤੇ ਗਏ ਕਈ ਕਰਾਂ ਦੀ ਥਾਂ ਲੈ ਲਈ ਹੈ। ਜੀ ਐਸ ਟੀ, ਜੋ 1 ਜੁਲਾਈ 2017 ਤੋਂ ਲਾਗੂ ਹੋਇਆ ਹੈ, ਵਸਤਾਂ ਜਾਂ ਸੇਵਾਵਾਂ ਦੀ ਸਪਲਾਈ 'ਤੇ ਇੱਕ ਮੰਜ਼ਿਲ-ਅਧਾਰਤ ਖਪਤ ਕਰ ਹੈ ਜੋ ਹਰ ਮੁੱਲ ਵਾਧੇ 'ਤੇ ਲਗਾਇਆ ਜਾਂਦਾ ਹੈ। ਕੇਂਦਰ ਅਤੇ ਰਾਜ ਇੱਕੋ ਸਮੇਂ ਇੱਕ ਸਾਂਝੇ ਕਰ ਅਧਾਰ 'ਤੇ ਜੀ ਐਸ ਟੀ ਲਗਾਉਂਦੇ ਹਨ। ਕੇਂਦਰੀ ਜੀ ਐਸ ਟੀ (ਸੀ ਜੀ ਐਸ ਟੀ) ਅਤੇ ਰਾਜ ਜੀ ਐਸ ਟੀ (ਐਸ ਜੀ ਐਸ ਟੀ)/ਕੇਂਦਰ ਸ਼ਾਸਤ ਪ੍ਰਦੇਸ਼ ਜੀ ਐਸ ਟੀ (ਯੂ ਟੀ ਜੀ ਐਸ ਟੀ) ਅੰਤਰਰਾਜੀ ਸਪਲਾਈ 'ਤੇ ਲਗਾਏ ਜਾਂਦੇ ਹਨ ਅਤੇ ਅੰਤਰ-ਰਾਜੀ ਸਪਲਾਈ 'ਤੇ ਏਕੀਕ੍ਰਿਤ ਜੀ ਐਸ ਟੀ (ਆਈ ਜੀ ਐਸ ਟੀ) ਲਗਾਇਆ ਜਾਂਦਾ ਹੈ।

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 59 ਜੀ ਐਸ ਟੀ ਨੂੰ ਇੱਕ ਸਵੈ-ਮੁਲਾਂਕਣ ਅਧਾਰਿਤ ਕਰ ਵਜੋਂ ਨਿਰਧਾਰਤ ਕਰਦੀ ਹੈ, ਜਿਸ ਨਾਲ ਕਰ ਦੇਣਦਾਰੀ ਦੀ ਗਣਨਾ ਕਰਨ, ਕੰਮਿਊਟਿਡ ਕਰ ਦੇਣਦਾਰੀ ਦਾ ਨਿਪਟਾਰਾ ਕਰਨ ਅਤੇ ਰਿਟਰਨ ਫਾਈਲ ਕਰਨ ਦੀ ਜ਼ਿੰਮੇਵਾਰੀ ਕਰਦਾਤਾ ਦੀ ਹੁੰਦੀ ਹੈ। ਜੀ ਐਸ ਟੀ ਰਿਟਰਨ ਨੂੰ ਸਾਂਝਾ ਜੀ ਐਸ ਟੀ ਪੋਰਟਲ 'ਤੇ ਨਿਯਮਤ ਤੌਰ 'ਤੇ ਆਨਲਾਈਨ ਫਾਈਲ ਕੀਤਾ ਜਾਣਾ ਚਾਹੀਦਾ ਹੈ, ਅਜਿਹਾ ਨਾ ਕਰਨ ਤੇ ਜੁਰਮਾਨਾ ਦੇਣਾ ਪਵੇਗਾ। ਭਾਵੇਂ ਕਿਸੇ ਖਾਸ ਕਰ ਮਿਆਦ ਦੌਰਾਨ ਦੀ ਕੋਈ ਕਰ ਦੇਣਦਾਰੀ ਨਹੀਂ ਹੈ, ਤਾਂ ਵੀ ਇਸ ਨੂੰ ਲਾਜ਼ਮੀ ਤੌਰ 'ਤੇ ਨਿੱਲ ਰਿਟਰਨ ਫਾਈਲ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 61 ਅਤੇ ਪੰਜਾਬ ਜੀ ਐਸ ਟੀ ਨਿਯਮਾਂ ਦੇ ਨਿਯਮ 99 ਵਿੱਚ ਕਿਹਾ ਗਿਆ ਹੈ ਕਿ ਪਰੋਪਰ ਅਧਿਕਾਰੀ ਕਰਦਾਤਾਵਾਂ ਦੁਆਰਾ ਪੇਸ਼ ਕੀਤੀਆਂ ਗਈਆਂ ਰਿਟਰਨਾਂ ਅਤੇ ਸਬੰਧਤ ਵੇਰਵਿਆਂ ਦੀ ਜਾਂਚ ਕਰ ਸਕਦਾ ਹੈ, ਕਰਦਾਤਾਵਾਂ ਨੂੰ ਕਮੀਆਂ ਬਾਰੇ ਦੱਸ ਸਕਦਾ ਹੈ ਅਤੇ ਸਪੱਸ਼ਟੀਕਰਨ ਮੰਗ ਸਕਦਾ ਹੈ।

ਇਹ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਨੂੰ ਸਾਲ 2022-23 (ਪੜਾਅ-I) ਦੌਰਾਨ ਕੀਤੇ ਗਏ ਐਸ ਐਸ ਸੀ ਏ ਦੀ ਨਿਰੰਤਰਤਾ ਵਜੋਂ ਲਿਆ ਗਿਆ ਸੀ, ਇਸ ਨਵੀਂ ਕਰ ਪ੍ਰਣਾਲੀ ਵਿੱਚ ਪੰਜਾਬ ਦੇ ਰਾਜ ਕਰ ਵਿਭਾਗ ਦੇ ਕਰ ਪਾਲਣਾ ਅਤੇ ਨਿਗਰਾਨੀ ਪ੍ਰਣਾਲੀ ਲਈ ਕਲਪਨਾ ਕੀਤੀ ਗਈ ਨਿਯੰਤਰਣ ਪ੍ਰਣਾਲੀ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

### 2.2 ਸੰਗਠਨਾਤਮਕ ਢਾਂਚਾ

ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ (ਕਰ) ਪੰਜਾਬ ਵਿੱਚ ਰਾਜ ਕਰ ਵਿਭਾਗ ਦੇ ਸਮੁੱਚੇ ਇੰਚਾਰਜ ਹਨ। ਵਿਭਾਗ ਰਾਜ ਵਿੱਚ ਵਸਤਾਂ ਅਤੇ ਸੇਵਾਵਾਂ ਕਰ ਦੇ ਨਾਲ-ਨਾਲ ਪੰਜਾਬ ਵੈਲਿਊ ਐਡੇਡ ਕਰ ਐਕਟ/ਕੇਂਦਰੀ ਵਿਕਰੀ ਕਰ ਐਕਟ ਦਾ ਸੰਚਾਲਨ ਕਰਦਾ ਹੈ, ਜੋ ਮੁੱਖ ਦਫਤਰ ਵਿਖੇ ਡਾਇਰੈਕਟਰ (ਜੀ ਐਸ ਟੀ) ਅਤੇ ਵਧੀਕ ਰਾਜ ਕਰ ਕਮਿਸ਼ਨਰ, ਡਵੀਜ਼ਨਲ ਪੱਧਰ 'ਤੇ ਰਾਜ ਕਰ ਦੇ ਡਿਪਟੀ ਕਮਿਸ਼ਨਰਾਂ ਅਤੇ ਰਾਜ ਕਰ ਦੇ ਸਹਾਇਕ ਕਮਿਸ਼ਨਰਾਂ, ਜ਼ਿਲ੍ਹਾ ਪੱਧਰ 'ਤੇ ਸਟੇਟ ਕਰ ਅਫਸਰ

ਅਤੇ ਹੋਰ ਸਹਾਇਕ ਸਟਾਫ ਦੀ ਸਹਾਇਤਾ ਨਾਲ ਰਾਜ ਕਰ ਕਮਿਸ਼ਨਰ ਦੇ ਸਮੁੱਚੇ ਨਿਯੰਤਰਣ ਅਤੇ ਨਿਗਰਾਨੀ ਦੇ ਅਧੀਨ ਹੈ।

## 2.3 ਲੇਖਾ ਪ੍ਰੀਖਿਆ ਦਾ ਉਦੇਸ਼

ਇਹ ਲੇਖਾ ਪ੍ਰੀਖਿਆ ਜੀ ਐਸ ਟੀ ਪ੍ਰਣਾਲੀ ਅਧੀਨ ਕਰ ਪਾਲਣਾ ਦੇ ਸਬੰਧ ਵਿੱਚ ਵਿਭਾਗ ਦੁਆਰਾ ਅਪਣਾਈਆਂ ਗਈਆਂ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਦੀ ਸਮਰੱਥਾ ਅਤੇ ਪ੍ਰਭਾਵਸ਼ੀਲਤਾ ਬਾਰੇ ਭਰੋਸਾ ਪ੍ਰਦਾਨ ਕਰਨ ਵੱਲ ਕੇਂਦਰਿਤ ਸੀ। 'ਜੀ ਐਸ ਟੀ ਭੁਗਤਾਨ ਅਤੇ ਰਿਟਰਨ ਫਾਈਲਿੰਗ 'ਤੇ ਵਿਭਾਗ ਦੀ ਨਿਗਰਾਨੀ (ਪੜਾਅ-II)' ਦੀ ਲੇਖਾ ਪ੍ਰੀਖਿਆ ਨਿਮਨਲਿਖਤ ਲੇਖਾ ਪ੍ਰੀਖਿਆ ਉਦੇਸ਼ਾਂ ਨਾਲ ਕੀਤੀ ਗਈ ਸੀ ਤਾਂ ਜੋ ਇਸ ਬਾਰੇ ਭਰੋਸਾ ਪ੍ਰਾਪਤ ਕੀਤਾ ਜਾ ਸਕੇ:

i. ਕੀ ਨਿਯਮ ਅਤੇ ਪ੍ਰਕਿਰਿਆਵਾਂ ਕਰ ਪਾਲਣਾ 'ਤੇ ਪ੍ਰਭਾਵੀ ਜਾਂਚ ਨੂੰ ਸੁਰੱਖਿਅਤ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ ਅਤੇ ਕਰਦਾਤਾਵਾਂ ਦੁਆਰਾ ਸਹੀ ਢੰਗ ਨਾਲ ਪਾਲਣਾ ਕੀਤੀ ਜਾ ਰਹੀ ਸੀ; ਅਤੇ

ii. ਕੀ ਫੀਲਡ ਫਾਰਮੇਸ਼ਨਾਂ (ਸਰਕਲਾਂ) ਦੀਆਂ ਪੜਤਾਲ ਪ੍ਰਕਿਰਿਆਵਾਂ, ਅੰਦਰੂਨੀ ਲੇਖਾ ਪ੍ਰੀਖਿਆ ਅਤੇ ਹੋਰ ਪਾਲਣਾ ਕਾਰਜ ਢੁਕਵੇਂ ਅਤੇ ਪ੍ਰਭਾਵਸ਼ਾਲੀ ਸਨ।

## 2.4 ਲੇਖਾ ਪ੍ਰੀਖਿਆ ਵਿਧੀ ਅਤੇ ਦਾਇਰਾ

ਇਹ ਐਸ ਐਸ ਸੀ ਏ ਮੁੱਖ ਤੌਰ 'ਤੇ ਡਾਟਾ ਦੇ ਵਿਸ਼ਲੇਸ਼ਣ ਦੇ ਅਧਾਰ 'ਤੇ ਆਯੋਜਿਤ ਕੀਤਾ ਗਿਆ ਸੀ ਜਿਸ ਨੇ ਅਪ੍ਰੈਲ 2018 ਤੋਂ ਮਾਰਚ 2021 ਦੀ ਮਿਆਦ ਨਾਲ ਸਬੰਧਤ ਜੋਖਮ ਖੇਤਰਾਂ ਅਤੇ ਰੈੱਡ-ਫਲੈਗ ਨੂੰ ਉਜਾਗਰ ਕੀਤਾ ਸੀ। ਡਾਟਾ ਵਿਸ਼ਲੇਸ਼ਣ ਦੇ ਜ਼ਰੀਏ, ਇਨੁਪਟ ਟੈਕਸ ਕ੍ਰੈਡਿਟ ਕਰ ਦੇਣਦਾਰੀ ਦਾ ਨਿਪਟਾਰਾ ਰਜਿਸਟ੍ਰੇਸ਼ਨ ਅਤੇ ਰਿਟਰਨ ਫਾਈਲਿੰਗ ਦੇ ਖੇਤਰਾਂ ਵਿੱਚ 17 ਅੰਤਰਾਂ ਦੇ ਇੱਕ ਸਮੂਹ ਦੀ ਪਛਾਣ ਕੀਤੀ ਗਈ ਸੀ। ਅਜਿਹੀਆਂ ਉਲੰਘਣਾਵਾਂ ਦੀ ਪਾਲਣਾ ਕੇਂਦਰੀਕ੍ਰਿਤ ਲੇਖਾ ਪ੍ਰੀਖਿਆ[1] ਰਾਹੀਂ ਕੀਤੀ ਗਈ, ਜਿਸ ਰਾਹੀਂ ਇਨ੍ਹਾਂ ਅੰਤਰਾਂ ਬਾਰੇ ਵਿਭਾਗ ਨੂੰ ਸੂਚਿਤ ਕੀਤਾ ਗਿਆ ਸੀ ਅਤੇ ਵਿਭਾਗ ਵੱਲੋਂ ਫੀਲਡ ਦੌਰਿਆਂ ਨੂੰ ਸ਼ਾਮਲ ਕੀਤੇ ਬਿਨ੍ਹਾਂ ਪਛਾਣੇ ਗਏ ਅੰਤਰਾਂ 'ਤੇ ਕੀਤੀ ਗਈ ਕਾਰਵਾਈ ਦਾ ਪਤਾ ਲਗਾਇਆ ਗਿਆ ਸੀ। ਕੇਂਦਰਕ੍ਰਿਤ ਲੇਖਾ ਪ੍ਰੀਖਿਆ ਨੂੰ ਇੱਕ ਵਿਸਤਰਿਤ ਲੇਖਾ ਪ੍ਰੀਖਿਆ ਦੁਆਰਾ ਪੂਰਕ ਕੀਤਾ ਗਿਆ ਸੀ, ਜਿਸ ਵਿੱਚ ਸਰਕਲਾਂ ਕੋਲ ਉਪਲਬਧ ਰਿਕਾਰਡਾਂ ਦੀ ਤਸਦੀਕ ਲਈ ਫੀਲਡ ਦੌਰੇ ਸ਼ਾਮਲ ਸਨ। ਰਿਟਰਨਾਂ ਅਤੇ ਸਬੰਧਤ ਅਟੈਚਮੈਂਟਾਂ ਅਤੇ ਜਾਣਕਾਰੀ ਨੂੰ ਕਮਿਸ਼ਨਰੇਟ ਦਫ਼ਤਰ ਵਿਖੇ ਜੀ ਐਸ ਟੀ ਪੋਰਟਲ ਰਾਹੀਂ ਐਕਸੈਸ ਕੀਤਾ ਗਿਆ ਸੀ। ਵਿਸਤਰਿਤ ਲੇਖਾ ਪ੍ਰੀਖਿਆ ਵਿੱਚ ਕਰਦਾਤਾਵਾਂ ਤੋਂ ਸਬੰਧਤ ਸੰਘਟਕ ਰਿਕਾਰਡਾਂ ਜਿਵੇਂ ਕਿ ਸਬੰਧਤ ਸਰਕਲਾਂ ਰਾਹੀਂ ਚਲਾਨਾ ਤੱਕ ਪਹੁੰਚ ਕਰਨਾ ਵੀ ਸ਼ਾਮਲ ਸੀ। ਇਸ ਤੋਂ ਇਲਾਵਾ, ਸਰਕਲਾਂ ਦੇ ਅਨੁਪਾਲਣ ਕਾਰਜਾਂ ਜਿਵੇਂ ਕਿ ਰਿਟਰਨਾਂ ਦੀ ਪੜਤਾਲ, ਦੀ ਵੀ ਚੁਣੇ ਗਏ ਸਰਕਲਾਂ ਵਿੱਚ ਸਮੀਖਿਆ ਕੀਤੀ ਗਈ ਸੀ।

---

[1] ਕੇਂਦਰੀਕ੍ਰਿਤ ਲੇਖਾ ਪ੍ਰੀਖਿਆ ਵਿੱਚ ਕਰਦਾਤਾਵਾਂ ਦੇ ਗ੍ਰੈਨੂਲਰ ਰਿਕਾਰਡ ਜਿਵੇਂ ਕਿ ਵਿੱਤੀ ਸਟੇਟਮੈਂਟਾਂ ਨਾਲ ਸਬੰਧਤ ਲੈਜਰ ਲੇਖੇ, ਇਨਵਾਇਸ, ਇਕਰਾਰਨਾਮੇ ਆਦਿ ਦੀ ਮੰਗ ਕਰਨਾ ਸ਼ਾਮਲ ਨਹੀਂ ਸੀ। ।

ਕਰਦਾਤਾਵਾਂ ਦੇ ਰਿਕਾਰਡਾਂ ਦੀ ਤਸਦੀਕ ਵਿੱਚ ਅਪ੍ਰੈਲ 2018 ਤੋਂ ਮਰਰ 2021 ਤੱਕ ਦੀ ਮਿਆਦ ਸ਼ਾਮਲ ਹੈ, ਜਦੋਂ ਕਿ ਚੁਣੇ ਗਏ ਸਰਕਲਾਂ ਦੇ ਕਾਰਜਾਂ ਦੀ ਲੇਖਾ ਪ੍ਰੀਖਿਆ ਵਿੱਚ ਅਪ੍ਰੈਲ 2020 ਤੋਂ ਮਾਰਚ 2021 ਤੱਕ ਦੀ ਮਿਆਦ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਰਜਿਸਟ੍ਰੇਸ਼ਨ ਰੱਦ ਕਰਨ ਰਿਟਰਨਾਂ, ਨਾ ਫਾਈਲ ਕਰਨ ਵਾਲਿਆਂ ਅਤੇ ਅਜਿਹੀਆਂ ਰਿਪੋਰਟਾਂ ਬਾਰੇ ਵਿਭਾਗ ਦੁਆਰਾ ਕੀਤੀ ਗਈ ਕਾਰਵਾਈ ਦੀ ਜਾਂਚ ਕੀਤੀ ਜਾ ਸਕੇ। ਲੇਖਾ ਪ੍ਰੀਖਿਆ ਵਿੱਚ ਸਾਲ 2022-23 ਵਿੱਚ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 61 ਅਧੀਨ ਵਿਭਾਗ ਵੱਲੋਂ ਕੀਤੀ ਗਈਆਂ ਰਿਟਰਨਾਂ ਦੀ ਪੜਤਾਲ ਨੂੰ ਵੀ ਕਵਰ ਕੀਤਾ ਗਿਆ ਐਸ ਐਸ ਸੀ ਏ ਨੇ ਸਿਰਫ ਰਾਜ ਦੁਆਰਾ ਸੰਚਾਲਿਤ ਕਰਦਾਤਾਵਾਂ ਨੂੰ ਕਵਰ ਕੀਤਾ। ਫੀਲਡ ਲੇਖਾ ਪ੍ਰੀਖਿਆ ਸਤੰਬਰ 2023 ਅਤੇ ਦਸੰਬਰ 2023 ਦੇ ਵਿਚਕਾਰ ਕੀਤੀ ਗਈ ਸੀ।

ਇਸ ਐਸ ਐਸ ਸੀ ਏ ਦੀ ਇੱਕ ਐਂਟਰੀ ਕਾਨਫੰਰਸ 17 ਅਪ੍ਰੈਲ 2023 ਨੂੰ ਸਕੱਤਰ (ਕਰਬੰਦੀ) ਅਤੇ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਗਈ ਸੀ ਜਿਸ ਵਿੱਚ ਲੇਖਾ ਪ੍ਰੀਖਿਆ ਦੇ ਉਦੇਸ਼ਾਂ, ਨਮੂਨੇ ਦੀ ਚੋਣ, ਲੇਖਾ ਪ੍ਰੀਖਿਆ ਦੇ ਦਾਇਰੇ ਅਤੇ ਵਿਧੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਪੁਆਇੰਟਾਂ 'ਤੇ ਵਿਭਾਗ ਦੇ ਜਵਾਬ ਮੰਗਣ ਲਈ 30 ਮਈ 2024 ਨੂੰ ਡਾਇਰੈਕਟਰ (ਜੀ ਐਸ ਟੀ) ਨਾਲ ਇੱਕ ਐਗਜ਼ਿਟ ਕਾਨਫੰਰਸ ਕੀਤੀ ਗਈ ਸੀ। ਐਗਜ਼ਿਟ ਕਾਨਫੰਰਸ ਵਿੱਚ ਵਿਭਾਗ ਦੁਆਰਾ ਪ੍ਰਗਟ ਕੀਤੇ ਗਏ ਵਿਚਾਰ ਅਤੇ ਬਾਅਦ ਵਿੱਚ ਪੇਸ਼ ਕੀਤੇ ਗਏ ਲੇਖਾ ਪ੍ਰੀਖਿਆ ਪੈਰ੍ਹਿਆਂ ਦੇ ਜਵਾਬਾਂ ਨੂੰ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।

## 2.5 ਲੇਖਾ ਪ੍ਰੀਖਿਆ ਨਮੂਨਾ

ਠੋਸ ਪ੍ਰਕਿਰਤੀ ਅਤੇ ਹੱਦ ਨਿਰਧਾਰਤ ਕਰਨ ਦੀ ਯੋਜਨਾ ਬਣਾਉਣ ਲਈ ਇੱਕ ਡਾਟਾ-ਸੰਚਾਲਿਤ ਪਹੁੰਚ ਅਪਣਾਈ ਗਈ ਸੀ। ਇਸ ਐਸ ਐਸ ਸੀ ਏ ਦੇ ਨਮੂਨੇ ਵਿੱਚ ਕੇਂਦਰੀਕ੍ਰਿਤ ਲੇਖਾ ਪ੍ਰੀਖਿਆ ਲਈ ਡੇਟਾ ਵਿਸ਼ਲੇਸ਼ਣ ਦੁਆਰਾ ਪਛਾਣੇ ਗਏ ਅੰਤਰਾਂ ਦਾ ਇੱਕ ਸਮੂਹ ਸ਼ਾਮਲ ਸੀ ਜਿਸ ਵਿੱਚ ਫੀਲਡ ਦੌਰੇ ਸ਼ਾਮਲ ਨਹੀਂ ਸਨ; ਵਿਸਤ੍ਰਿਤ ਲੇਖਾ ਪ੍ਰੀਖਿਆ ਲਈ ਕਰਦਾਤਾਵਾਂ ਦਾ ਇੱਕ ਨਮੂਨਾ ਜਿਸ ਵਿੱਚ ਵਿਭਾਗ ਦੇ ਅਹਾਤੇ ਵਿੱਚ ਫੀਲਡ ਦੌਰੇ ਅਤੇ ਕਰਦਾਤਾਵਾਂ ਦੇ ਰਿਕਾਰਡਾਂ ਦੀ ਪੜਤਾਲ ਅਤੇ ਸਰਕਲਾਂ ਦੇ ਅਨੁਪਾਲਣ ਕਾਰਜਾਂ ਦਾ ਮੁਲਾਂਕਣ ਕਰਨ ਲਈ ਸਰਕਲਾਂ ਦਾ ਇੱਕ ਨਮੂਨਾ ਸ਼ਾਮਲ ਸੀ।

ਇਸ ਐਸ ਐਸ ਸੀ ਏ ਦੇ ਹੇਠ ਲਿਖੇ ਅਨੁਸਾਰ ਤਿੰਨ ਵੱਖਰੇ ਹਿੱਸੇ ਸਨ:

**ਭਾਗ I-ਸਰਕਲਾਂ ਦੀ ਲੇਖਾ ਪ੍ਰੀਖਿਆ**

ਵਿਸਤ੍ਰਿਤ ਲੇਖਾ ਪ੍ਰੀਖਿਆ ਲਈ ਚੁਣੇ ਗਏ ਕੇਸਾਂ ਦੇ ਨਮੂਨਿਆਂ 'ਤੇ ਅਧਿਕਾਰ ਖੇਤਰ ਵਾਲੇ ਦਸ ਸਰਕਲਾਂ ਨੂੰ ਉਨ੍ਹਾਂ ਦੇ ਨਿਗਰਾਨੀ ਕਾਰਜਾਂ ਦੇ ਮੁਲਾਂਕਣ ਲਈ ਸਰਕਲਾਂ ਦੇ ਨਮੂਨੇ ਵਜੋਂ ਲਿਆ ਗਿਆ ਸੀ।

**ਭਾਗ II-ਕੇਂਦਰੀਕ੍ਰਿਤ ਲੇਖਾ ਪ੍ਰੀਖਿਆ**

ਕੇਂਦਰੀਕ੍ਰਿਤ ਲੇਖਾ ਪ੍ਰੀਖਿਆ ਲਈ ਨਮੂਨੇ ਦੀ ਚੋਣ ਵਿਭਾਗ ਦੀ ਜਾਂਚ ਪ੍ਰਕਿਰਿਆ ਦੀ ਢੁਕਵੀਂਤਾ ਅਤੇ ਪ੍ਰਭਾਵਸ਼ੀਲਤਾ ਦੇ ਮੁਲਾਂਕਣ ਲਈ ਡਾਟਾ ਵਿਸ਼ਲੇਸ਼ਣ ਦੁਆਰਾ ਰਿਟਰਨਾਂ ਦੇ ਵਿਚਕਾਰ ਨਿਯਮਾਂ ਤੋਂ ਉੱਚ-ਮੁੱਲ ਜਾਂ ਉੱਚ ਜੋਖਮ ਵਾਲੇ ਵਿਵਹਾਰਾਂ ਅਤੇ ਅਸੰਗਤਾਵਾਂ ਦੀ ਪਛਾਣ ਕਰਕੇ ਕੀਤੀ ਗਈ ਸੀ।

ਇਸ ਅਨੁਸਾਰ, 366 ਮਾਮਲੇ ਜੋ 654 ਦ੍ਰਿਸ਼ਟਾਂਤਾਂ ਵਿੱਚ ਬਦਲ ਗਏ ਸਨ, ਨੂੰ ਇਸ ਐਸ ਐਸ ਸੀ ਏ ਅਧੀਨ 'ਕੇਂਦਰੀਕ੍ਰਿਤ ਲੇਖਾ ਪ੍ਰੀਖਿਆ' ਲਈ ਚੁਣਿਆ ਗਿਆ ਸੀ।

**ਭਾਗ–III-ਵਿਸਤ੍ਰਿਤ ਲੇਖਾ ਪ੍ਰੀਖਿਆ**

ਲੇਖਾ ਪ੍ਰੀਖਿਆ ਨੇ ਕਰਦਾਤਾਵਾਂ ਦੁਆਰਾ ਕਰ ਦੀ ਪਾਲਣਾ ਦੀ ਸੀਮਾਂ ਦੇ ਮੁਲਾਂਕਣ ਲਈ ਸਰਕਲਾਂ ਦੁਆਰਾ ਕਰਦਾਤਾਵਾਂ ਦੇ ਰਿਕਾਰਡ ਤੱਕ ਪਹੁੰਚ ਕੀਤੀ ਗਈ। ਵਿਸਤ੍ਰਿਤ ਲੇਖਾ ਪ੍ਰੀਖਿਆ ਲਈ ਕਰਦਾਤਾਵਾਂ ਦੇ ਨਮੂਨੇ ਦੀ ਚੋਣ ਜੋਖਮ ਮਾਪਦੰਡਾਂ ਜਿਵੇਂ ਕਿ ਵਾਧੂ ਇਨਪੁਟ ਟੈਕਸ ਕ੍ਰੈਡਿਟ, ਕਰ ਦੇਣਦਾਰੀ ਬੇਮੇਲਤਾ, ਕੁੱਲ ਟਰਨਓਵਰ ਦੇ ਮੁਕਾਬਲੇ ਆਮਦਨ ਤੋਂ ਵੱਧ ਛੋਟ ਵਾਲੇ ਟਰਨਓਵਰ ਅਤੇ ਅਨਿਯਮਿਤ ਇਨਪੁਟ ਟੈਕਸ ਕ੍ਰੈਡਿਟ ਰਿਵਰਸਲ ਦੇ ਅਧਾਰ 'ਤੇ ਕੀਤੀ ਗਈ ਸੀ। ‘ਵਿਸਤ੍ਰਿਤ ਲੇਖਾ ਪ੍ਰੀਖਿਆ’ ਲਈ ਚੁਣੇ ਗਏ 70 ਕਰਦਾਤਾਵਾਂ ਦੇ ਨਮੂਨੇ ਵਿੱਚ ਵੱਡੇ, ਦਰਮਿਆਨੇ, ਛੋਟੇ ਵਰਗ ਅਤੇ ਪੈਰਾਮੀਟਰ ਅਧਾਰਤ ਕਰਦਾਤਾ[2] ਸ਼ਾਮਲ ਹਨ।

ਇਸ ਐਸ ਐਸ ਸੀ ਏ ਲਈ ‘ਕੇਂਦਰੀਕ੍ਰਿਤ ਲੇਖਾ ਪ੍ਰੀਖਿਆ’ ਅਤੇ ‘ਵਿਸਤ੍ਰਿਤ ਲੇਖਾ ਪ੍ਰੀਖਿਆ’ ਲਈ ਨਮੂਨੇ ਵਾਲੇ ਸਰਕਲਾਂ ਦੇ ਕਰਦਾਤਾਵਾਂ ਦੇ ਵੇਰਵੇ **ਅੰਤਿਕਾ** 2.1 ਵਿੱਚ ਸਾਹਮਣੇ ਲਿਆਂਦੇ ਗਏ ਹਨ।

## 2.6 ਲੇਖਾ ਪ੍ਰੀਖਿਆ ਦਾ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡਾਂ ਦੇ ਸ੍ਰੋਤ ਵਿੱਚ ਕੇਂਦਰੀ ਜੀ ਐਸ ਟੀ ਐਕਟ, ਪੰਜਾਬ ਜੀ ਐਸ ਟੀ ਐਕਟ, ਆਈ ਜੀ ਐਸ ਟੀ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮ ਸ਼ਾਮਲ ਹਨ। ਮਹੱਤਵਪੂਰਨ ਉਪਬੰਧ **ਸਾਰਣੀ** 2.1 ਵਿੱਚ ਦਿੱਤੇ ਗਏ ਹਨ।

**ਸਾਰਣੀ 2.1: ਮਾਪਦੰਡ ਦਾ ਸ੍ਰੋਤ**

| ਲੜੀ ਨੰ. | ਵਿਸ਼ਾ | ਐਕਟ ਅਤੇ ਨਿਯਮ |
|---|---|---|
| 1. | ਲਗਾਉਣਾ ਅਤੇ ਉਗਰਾਹੀ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9 |
| 2. | ਰਿਵਰਸ ਚਾਰਜ ਮੈਕੇਨਿਜ਼ਮ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9(3) |
| 3. | ਆਈ ਟੀ ਸੀ ਪ੍ਰਾਪਤ ਕਰਨਾ ਅਤੇ ਵਰਤੋਂ ਕਰਨਾ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 16 ਤੋਂ 21 ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦੇ ਨਿਯਮਾਂ 36 ਤੋਂ 45 ਦੇ ਅਧੀਨ |
| 4. | ਰਜਿਸਟ੍ਰੇਸ਼ਨ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 22 ਤੋਂ 25 ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦੇ ਨਿਯਮਾਂ 8 ਤੋਂ 26 |
| 5. | ਸਪਲਾਈ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 7 ਅਤੇ 8 ਪੰਜਾਬ ਜੀ ਐਸ ਟੀ ਐਕਟ, 2017 ਦੇ ਅਨੁਸੂਚੀ I, II ਅਤੇ III |
| 6. | ਸਪਲਾਈ ਦਾ ਸਥਾਨ | ਆਈ ਜੀ ਐਸ ਟੀ ਐਕਟ, 2017 ਦੀ ਧਾਰਾ 10 ਤੋਂ 13 |
| 7. | ਸਪਲਾਈ ਦਾ ਸਮਾਂ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 12 ਤੋਂ 14 |
| 8. | ਸਪਲਾਈ ਦਾ ਮੁਲਾਂਕਣ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 15 ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦੇ ਨਿਯਮਾਂ 27 ਤੋਂ 34 ਦੇ ਅਧੀਨ |
| 9. | ਕਰ ਦਾ ਭੁਗਤਾਨ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 49 ਤੋਂ 53 ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦੇ ਨਿਯਮਾਂ 85 ਤੋਂ 88ਏ |
| 10. | ਜੀ ਐਸ ਟੀ ਰਿਟਰਨ ਫਾਈਲ ਕਰਨਾ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 37 ਤੋਂ 47 ਪੰਜਾਬ ਜੀ ਐਸ ਟੀ ਨਿਯਮਾਂਵਲੀ 2017, ਦੇ ਨਿਯਮਾਂ 59 ਤੋਂ 68 ਅਤੇ 80 ਤੋਂ 81 |
| 11. | ਜ਼ੀਰੋ ਰੇਟਡ ਸਪਲਾਈ | ਆਈ ਜੀ ਐਸ ਟੀ ਐਕਟ, 2017 ਦੀ ਧਾਰਾ 16 |
| 12. | ਮੁਲਾਂਕਣ ਅਤੇ ਲੇਖਾ ਪ੍ਰੀਖਿਆ ਫੰਕਸ਼ਨ | ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 61, 62, 65 ਅਤੇ 66 ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦੇ ਨਿਯਮਾਂ 99 ਤੋਂ 102 |

2 ਵੱਡੇ ਕਰਦਾਤਾ: 28, ਦਰਮਿਆਨੇ ਕਰਦਾਤਾ: 11, ਛੋਟੇ ਕਰਦਾਤਾ: 0 ਅਤੇ ਪੈਰਾਮੀਟਰ-ਅਧਾਰਤ ਕਰਦਾਤਾ: 31

ਇਸ ਤੋਂ ਇਲਾਵਾ ਸੀ ਬੀ ਆਈ ਸੀ[3]/ਪੰਜਾਬ ਕਰ ਵਿਭਾਗ ਦੁਆਰਾ ਰਿਟਰਨ ਭਰਨ, ਵੱਖ-ਵੱਖ ਰਿਟਰਨ ਭਰਨ ਦੀਆਂ ਪ੍ਰਭਾਵੀ ਮਿਤੀਆਂ ਨੂੰ ਸੂਚਿਤ ਕਰਨ, ਰਿਟਰਨ ਭਰਨ ਦੀਆਂ ਨਿਯਤ ਮਿਤੀਆਂ ਨੂੰ ਵਧਾਉਣ, ਵਸਤਾਂ ਅਤੇ ਸੇਵਾਵਾਂ 'ਤੇ ਕਰ ਦੀਆਂ ਦਰਾਂ, ਕਰ ਦਾ ਭੁਗਤਾਨ, ਇਨਪੁਟ ਟੈਕਸ ਕ੍ਰੈਡਿਟ ਦੀ ਪ੍ਰਾਪਤੀ ਅਤੇ ਵਰਤੋਂ ਕਰਨ, ਰਿਟਰਨਾਂ ਦੀ ਜਾਂਚ ਅਤੇ ਕਰ ਪਾਲਣਾ ਦੀ ਨਿਗਰਾਨੀ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ ਓ ਪੀ) ਨਾਲ ਸਬੰਧਤ ਜਾਰੀ ਕੀਤੇ ਨੋਟੀਫਿਕੇਸ਼ਨ ਅਤੇ ਸਰਕੂਲਰ ਹਨ ਜਿਸ ਵਿੱਚ ਵਿਭਾਗੀ ਅਧਿਕਾਰੀਆਂ ਨੂੰ ਵੱਖ-ਵੱਖ ਪਹਿਲੂਆਂ 'ਤੇ ਰਿਟਰਨਾਂ ਫਾਈਲ ਕਰਨ, ਰਿਟਰਨਾਂ ਦੀ ਪੜਤਾਲ, ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨਾ ਅਤੇ ਡੀ ਜੀ ਏ ਆਰ ਐਮ[4] ਰਿਪੋਰਟਾਂ ਦੀ ਤਸਦੀਕ ਆਦਿ ਨਾਲ ਸਬੰਧਤ ਨਿਰਦੇਸ਼ ਦਿੱਤੇ ਗਏ ਹਨ, ਵੀ ਲੇਖਾ ਪ੍ਰੀਖਿਆ ਮਾਪਦੰਡਾਂ ਦਾ ਹਿੱਸਾ ਹਨ।

## 2.7 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਲੱਭਤਾਂ ਨੂੰ ਹੇਠ ਲਿਖੀਆਂ ਤਿੰਨ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

- ਰਿਟਰਨ ਫਾਇਲ ਕਰਨ 'ਤੇ ਨਿਗਰਾਨੀ
- ਕਰ ਭੁਗਤਾਨਾਂ 'ਤੇ ਨਿਗਰਾਨੀ
- ਹੋਰ ਨਿਗਰਾਨੀ ਕਾਰਜ

### 2.7.1 ਰਿਟਰਨ ਫਾਈਲਿੰਗ 'ਤੇ ਨਿਗਰਾਨੀ

ਇੱਕ ਰਿਟਰਨ ਇੱਕ ਨਿਰਧਾਰਤ ਮਿਆਦ ਦੌਰਾਨ ਇੱਕ ਕਰਦਾਤਾ ਦੁਆਰਾ ਕੀਤੀ ਗਈ ਵਪਾਰਕ ਗਤੀਵਿਧੀ ਨਾਲ ਸਬੰਧਤ ਨਿਸ਼ਚਿਤ ਵੇਰਵਿਆਂ ਦੀ ਇੱਕ ਵਿਵਰਣੀ ਹੈ। ਹਰੇਕ ਕਰਦਾਤਾ ਕਾਨੂੰਨੀ ਤੌਰ 'ਤੇ ਕਿਸੇ ਨਿਰਧਾਰਤ ਮਿਆਦ ਲਈ ਕਰ ਦੇਣਦਾਰੀ ਦਾ ਜ਼ਿਕਰ ਕਰਦੇ ਹੋਏ ਅਤੇ ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਕੀਤੇ ਕਰਾਂ ਦੇ ਲਈ ਇੱਕ ਸੰਪੂਰਨ ਅਤੇ ਸਹੀ ਰਿਟਰਨ ਪੇਸ਼ ਕਰਨ ਲਈ ਜ਼ਿੰਮੇਵਾਰ ਹੈ। ਸਵੈ-ਮੁਲਾਂਕਣ ਪ੍ਰਣਾਲੀ ਵਿੱਚ, ਕਰਦਾਤਾਵਾਂ ਦੁਆਰਾ ਰਿਟਰਨ ਫਾਈਲਿੰਗ ਦੀ ਨਿਗਰਾਨੀ ਕਰਨ ਦਾ ਮਹੱਤਵ ਅਰਥ ਵਧੇਰੇ ਮਹੱਤਵਪੂਰਣ ਹੈ ਕਿਉਂਕਿ ਰਿਟਰਨ ਕਰਦਾਤਾਵਾਂ ਅਤੇ ਉਨਾਂ ਦੀਆਂ ਸਬੰਧਤ ਵਪਾਰਕ ਗਤੀਵਿਧੀਆਂ ਬਾਰੇ ਜਾਣਕਾਰੀ ਦਾ ਪਹਿਲਾ ਤਰੀਕਾ ਹੈ।

#### 2.7.1.1 ਰਿਟਰਨਾਂ ਦੀ ਜਾਂਚ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 61 ਅਨੁਸਾਰ ਰਿਟਰਨ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਕਰਦਾਤਾਵਾਂ ਵੱਲੋਂ ਭਰੀਆਂ ਗਈਆਂ ਵੱਖ-ਵੱਖ ਰਿਟਰਨਾਂ ਦੀ ਪਰੋਪਰ ਅਧਿਕਾਰੀ ਦੁਆਰਾ ਜਾਂਚ ਕੀਤੀ ਜਾ ਸਕਦੀ ਹੈ ਅਤੇ ਰਿਟਰਨਾਂ ਵਿੱਚ ਦਰਸਾਈਆਂ ਗਈਆਂ ਵਿਸੰਗਤੀਆਂ ਜਾਂ ਅੰਸਗਤੀਆਂ 'ਤੇ ਢਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਰਕਲਾਂ ਦੇ ਅਧੀਨ, ਇਸ ਮੰਤਵ ਲਈ ਨਾਮਜ਼ਦ ਪਰੋਪਰ ਅਧਿਕਾਰੀ, ਅਧਿਕਾਰ ਖੇਤਰ ਦੇ ਵਾਰਡ ਦਾ ਇੰਚਾਰਜ ਰਾਜ ਕਰ ਅਧਿਕਾਰੀ ਹੁੰਦਾ ਹੈ। ਇਸ ਤੋਂ ਇਲਾਵਾ, ਪੰਜਾਬ ਜੀ ਐਸ ਟੀ ਨਿਯਮਾਂਵਲੀ, 2017 ਦਾ ਨਿਯਮ 99 ਇਹ ਆਦੇਸ਼ ਦਿੰਦਾ ਹੈ ਕਿ ਜੇਕਰ ਅੰਤਰ ਨਜ਼ਰ ਆਉਂਦਾ ਹੈ, ਤਾਂ ਉਸ ਦਾ ਸਪੱਸ਼ਟੀਕਰਣ ਲੈਣ ਲਈ ਕਰਦਾਵਾ ਨੂੰ ਫਾਰਮ ਜੀ ਐਸ ਟੀ ਏ ਐਸ ਐਮ ਟੀ-10 ਵਿੱਚ ਸੂਚਿਤ ਕੀਤਾ ਜਾਵੇਗਾ।

[3] ਕੇਂਦਰੀ ਅਪ੍ਰਤੱਖ ਕਰ ਅਤੇ ਕਸਟਮ ਬੋਰਡ

[4] ਵਿਸ਼ਲੇਸ਼ਣ ਅਤੇ ਜੋਖਮ ਪ੍ਰਬੰਧਨ ਦੇ ਡਾਇਰੈਕਟਰ ਜਨਰਲ

ਵਿਭਾਗ ਨੇ ਰਿਟਰਨ ਦੀ ਜਾਂਚ ਅਤੇ ਹੋਰ ਸਬੰਧਤ ਪ੍ਰਕਿਰਿਆਵਾਂ ਦੀ ਕਾਰਜਪ੍ਰਣਾਲੀ ਵਿੱਚ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ਅਪ੍ਰੈਲ 2022 ਵਿੱਚ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਜਾਰੀ ਕੀਤੀ ਸੀ। ਐਸ ਓ ਪੀ ਦੇ ਅਨੁਸਾਰ, ਜਾਂਚ ਲਈ ਰਿਟਰਨਾਂ ਦੀ ਚੋਣ ਵਿਸ਼ੇਸ਼ ਜੋਖਮ ਮਾਪਦੰਡਾਂ 'ਤੇ ਅਧਾਰਤ ਹੁੰਦੀ ਹੈ, ਅਰਥਾਤ ਕਿਸੇ ਵਿਸ਼ੇਸ਼ ਵਿੱਤੀ ਸਾਲ ਲਈ ਪੂਰਵ-ਪਰਿਭਾਸ਼ਿਤ ਮਾਪਦੰਡਾਂ ਦੇ ਨਾਲ ਡਾਟਾ ਵਿਸ਼ਲੇਸ਼ਣ ਜਾਂਚ ਲਈ ਢੁਕਵਾਂ ਬੁਨਿਆਦੀ ਡਾਟਾ ਜੀ ਐਸ ਟੀ ਐਨ[5] ਅਤੇ ਡਾਟਾ ਮਾਈਨਿੰਗ ਵਿੰਗ ਵਰਗੇ ਵੱਖ ਵੱਖ ਡਾਟਾ ਸਰੋਤਾਂ ਤੋਂ ਈ ਟੀ ਟੀ ਐਸ ਏ[6] ਦੁਆਰਾ ਸਵੈਚਲਿਤ ਤੌਰ 'ਤੇ ਤਿਆਰ ਕੀਤਾ ਜਾਂਦਾ ਹੈ। ਈ ਟੀ ਟੀ ਐਸ ਏ ਨੇ ਇੱਕ ਵੈੱਬ-ਅਧਾਰਤ ਜਾਂਚ ਐਪਲੀਕੇਸ਼ਨ ਪੀ ਜੀ ਈ ਆਈ ਯੂ[7] ਵਿਕਸਿਤ ਕੀਤੀ ਸੀ ਜੋ ਵਾਰਡ-ਵਾਰ ਜੀ ਐਸ ਟੀ ਆਈ ਐਨਜ਼ ਦਿਖਾਉਂਦੀ ਹੈ, ਜਿਸ ਦੀਆਂ ਰਿਟਰਨਾਂ ਦੀ ਜਾਂਚ ਕੀਤੀ ਜਾਣੀ ਹੈ।

ਲੇਖਾ ਪ੍ਰੀਖਿਆ ਨੇ 2022-23 ਵਿੱਚ ਅਲਾਟ ਕੀਤੇ ਅਤੇ ਕੀਤੇ ਗਏ ਮਾਮਲਿਆਂ ਦੀ ਜਾਂਚ ਲਈ ਵਿਭਾਗ ਤੋਂ ਸਰਕਲ ਵਾਰ ਜਾਣਕਾਰੀ ਮੰਗੀ ਅਤੇ ਏ ਐਸ ਐਮ ਟੀ-10 ਨੋਟਿਸ ਜਾਰੀ ਕਰਨ, ਕਾਰਨ ਦੱਸੋ ਨੋਟਿਸ ਅਤੇ ਵਸੂਲੀ ਵਰਗੇ ਮਾਮਲਿਆਂ ਵਿਰੁੱਧ ਕੀਤੀ ਗਈ ਕਾਰਵਾਈ ਦਾ ਵੇਰਵਾ ਮੰਗਿਆ (ਅਗਸਤ 2023)। ਵਿਭਾਗ ਨੇ ਜਾਂਚ ਲਈ ਚੁਣੇ ਗਏ ਮਾਮਲਿਆਂ ਅਤੇ ਉਨ੍ਹਾਂ ਮਾਮਲਿਆਂ ਦੀ ਗਿਣਤੀ ਬਾਰੇ ਜਾਣਕਾਰੀ ਮੁੱਹਈਆ ਨਹੀਂ ਕਰਵਾਈ, ਜਿੱਥੇ ਅਗਸਤ ਅਤੇ ਦਸੰਬਰ 2023 ਦਰਮਿਆਨ ਵਿਭਾਗ ਨੂੰ ਵਾਰ-ਵਾਰ ਯਾਦ ਦਿਵਾਉਣ ਦੇ ਬਾਵਜੂਦ 2022-23 ਦੌਰਾਨ ਜਾਂਚ ਪੂਰੀ ਕੀਤੀ ਗਈ ਸੀ। ਹਾਲਾਂਕਿ, ਵਿਭਾਗ ਦੁਆਰਾ ਮੁਹੱਈਆ ਕਰਵਾਈ ਗਈ ਅੰਸ਼ਕ ਜਾਣਕਾਰੀ (ਸਤੰਬਰ 2023) ਅਨੁਸਾਰ, ਨਮੂਨੇ ਦੇ ਦਸ ਸਰਕਲਾਂ ਅਧੀਨ 5,149 ਮਾਮਲਿਆਂ ਵਿੱਚ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤੇ ਗਏ ਸਨ ਜਿਵੇਂ ਕਿ **ਸਾਰਣੀ** 2.2 ਵਿੱਚ ਵੇਰਵੇ ਦਿੱਤੇ ਗਏ ਹਨ।

**ਸਾਰਣੀ 2.2: ਨਮੂਨਾ ਸਰਕਲਾਂ ਵਿੱਚ ਜਾਰੀ ਏ ਐਸ ਐਮ ਟੀ-10 ਦੇ ਵੇਰਵੇ**

| ਲੜੀ ਨੰ. | ਸਰਕਲ | ਮਾਮਲਿਆਂ ਦੀ ਗਿਣਤੀ ਜਿੱਥੇ ਏ ਐਸ ਐਮ ਟੀ-10 ਜਾਰੀ ਕੀਤਾ ਗਿਆ | ਮਾਮਲਿਆਂ ਦੀ ਗਿਣਤੀ ਜਿੱਥੇ ਕਰਦਾਤਾ ਦੁਆਰਾ ਵਿਸੰਗਤੀਆਂ ਨੂੰ ਸਵੀਕਾਰ ਕੀਤਾ ਗਿਆ | ਵਸੂਲੀ ਗਈ ਰਾਸ਼ੀ (₹ ਕਰੋੜ ਵਿੱਚ) |
|---|---|---|---|---|
| 1. | ਅੰਮ੍ਰਿਤਸਰ-I | 819 | 435 | 0.24 |
| 2. | ਅੰਮ੍ਰਿਤਸਰ-II | 991 | 641 | 0.26 |
| 3. | ਫਾਜ਼ਿਲਕਾ | 178 | 70 | 0.81 |
| 4. | ਗੁਰਦਾਸਪੁਰ | 383 | 202 | 0.33 |
| 5. | ਹੁਸ਼ਿਆਰਪੁਰ | 586 | 429 | 0.32 |
| 6. | ਜਲੰਧਰ-III | 988 | 450 | 0.20 |
| 7. | ਮਾਨਸਾ | 188 | 177 | 1.18 |
| 8. | ਮੋਗਾ | 217 | 136 | 0.60 |
| 9. | ਪਠਾਨਕੋਟ | 230 | 186 | 2.14 |
| 10. | ਰੋਪੜ | 569 | 347 | 0.20 |
| | **ਜੋੜ** | **5,149** | **3,073** | **6.28** |

5 ਵਸਤੂਆਂ ਅਤੇ ਸੇਵਾ ਟੈਕਸ ਨੈੱਟਵਰਕ

6 ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾਂ ਏਜੰਸੀ (ਈ ਟੀ ਟੀ ਐਸ ਏ) ਪੰਜਾਬ ਸਰਕਾਰ ਦੁਆਰਾ ਆਬਕਾਰੀ ਅਤੇ ਕਰ ਵਿਭਾਗ ਦੇ ਕੰਪਿਊਟਰੀਕਰਨ ਲਈ ਬਣਾਈ ਗਈ ਇੱਕ ਸੁਸਾਇਟੀ ਹੈ।

7 ਪੰਜਾਬ ਜੀ ਐਸ ਟੀ ਇਨਫੋਰਮੈਂਟ ਐਂਡ ਇਨਵੈਸਟੀਗੇਸ਼ਨ ਯੂਨਿਟ ਪੋਰਟਲ

ਵਿਭਾਗ ਵੱਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ ਤੋਂ, ਲੇਖਾ ਪ੍ਰੀਖਿਆ ਵਿੱਚ ਰਿਟਰਨਾਂ ਦੀ ਜਾਂਚ ਦੀ ਗਤੀ ਬਾਰੇ ਕੋਈ ਭਰੋਸਾ ਨਹੀਂ ਦਿੱਤਾ ਜਾ ਸਕਿਆ।

ਵਿਭਾਗ ਤੋਂ ਜਾਂਚ ਕੀਤੇ ਮਾਮਲਿਆਂ ਦੀ ਜਾਣਕਾਰੀ ਵੀ ਮੰਗੀ ਗਈ ਸੀ ਅਤੇ ਦਸ ਸਰਕਲਾਂ ਦੀ ਚੋਣ ਕੀਤੀ ਗਈ ਸੀ। ਵਿਭਾਗ ਨੇ ਕੁੱਲ ਜਾਂਚ ਦੇ ਮਾਮਲਿਆਂ ਦੀ ਸੂਚੀ ਪ੍ਰਦਾਨ ਕੀਤੀ ਅਤੇ ਚਾਰ ਸਰਕਲਾਂ[8] ਨੇ ਸਿਰਫ ਏ ਐਸ ਐਮ ਟੀ-10, 11, 12 ਆਦਿ ਦੀ ਮਿਤੀ ਵਰਗੇ ਵੇਰਵੇ ਦਿੱਤੇ ਬਿਨਾਂ ਜਾਰੀ ਕੀਤੇ ਗਏ ਏ ਐਸ ਐਮ ਟੀ-10 ਨੋਟਿਸਾਂ ਦੀ ਸੂਚੀ ਪ੍ਰਦਾਨ ਕੀਤੀ ਅਤੇ ਬਾਕੀ ਛੇ ਸਰਕਲਾਂ ਨੇ ਸਿਰਫ ਕੇਸ ਫਾਈਲਾਂ ਪ੍ਰਦਾਨ ਕੀਤੀਆਂ ਪਰ ਜਾਰੀ ਕੀਤੇ ਗਏ ਏ ਐਸ ਐਮ ਟੀ-10 ਨੋਟਿਸਾਂ ਦੀ ਕੋਈ ਸੂਚੀ ਪ੍ਰਦਾਨ ਨਹੀਂ ਕੀਤੀ ਗਈ। ਇਸ ਤਰ੍ਹਾਂ ਲੇਖਾ ਪ੍ਰੀਖਿਆ ਇਹ ਪਤਾ ਨਹੀਂ ਲਗਾ ਸਕਿਆ ਕਿ, ਕੀ ਵਿਭਾਗ ਨੇ ਆਪਣੀ ਐਸ ਓ ਪੀ ਵਿੱਚ ਕੀਤੀ ਗਈ ਕਲਪਨਾ ਅਨੁਸਾਰ ਰਿਟਰਨਾਂ ਦੀ ਜਾਂਚ ਕੀਤੀ ਸੀ ਜਾਂ ਨਹੀਂ।

ਇਸ ਤੋਂ ਇਲਾਵਾ ਲੇਖਾ ਪ੍ਰੀਖਿਆ ਵਿੱਚ ਚੁਣੇ ਗਏ[9] ਸਰਕਲਾਂ ਦੁਆਰਾ ਕੁੱਲ 50 ਮਾਮਲਿਆਂ ਵਿੱਚ ਜਾਰੀ ਕੀਤੇ ਗਏ ਏ ਐਸ ਐਮ ਟੀ-10 ਨੋਟਿਸਾਂ ਵਿੱਚੋ ਹਰੇਕ ਦੇ ਪੰਜ ਮਾਮਲਿਆਂ ਦੀ ਜਾਂਚ ਕੀਤੀ ਗਈ ਅਤੇ ਹੇਠਾਂ ਦੱਸੇ ਅਨੁਸਾਰ ₹ 0.35 ਕਰੋੜ[10] ਦੇ ਕਰ ਪ੍ਰਭਾਵ ਵਾਲੇ ਪੰਜ ਮਾਮਲਿਆਂ ਵਿੱਚ ਕਮੀਆਂ ਪਾਈਆਂ ਗਈਆਂ।

### ੳ *ਕੱਚੇ ਕਪਾਹ ਦੀ ਖਰੀਦ 'ਤੇ ਰਿਵਰਸ ਚਾਰਜ ਦੇ ਅਧੀਨ ਕਰ ਦਾ ਭੁਗਤਾਨ ਨਾ ਕਰਨਾ*

ਪੰਜਾਬ ਸਰਕਾਰ ਨੇ ਦਸੰਬਰ 2017 ਵਿੱਚ ਨੋਟੀਫਿਕੇਸ਼ਨ[11] ਜਾਰੀ ਕੀਤਾ ਕਿ ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9 (3) ਦੇ ਅਧੀਨ ਕਿਸਾਨਾਂ ਤੋਂ ਕੱਚੀ ਕਪਾਹ ਦੀ ਖਰੀਦ 'ਤੇ ਕਰ ਰਿਵਰਸ ਚਾਰਜ ਦੇ ਅਧਾਰ 'ਤੇ ਅੰਤਰਰਾਜੀ ਸਪਲਾਈ ਦੇ ਪ੍ਰਾਪਤਕਰਤਾ ਦੁਆਰਾ ਭੁਗਤਾਨਯੋਗ ਸੀ। ਕੱਚੇ ਕਪਾਹ 'ਤੇ ਰਿਵਰਸ ਚਾਰਜ 15 ਨਵੰਬਰ 2017 ਤੋਂ ਲਾਗੂ ਸੀ। ਕੱਚੇ ਕਪਾਹ 'ਤੇ ਪੰਜ *ਪ੍ਰਤੀਸ਼ਤ* ਦੀ ਦਰ[12] ਨਾਲ ਕਰ ਭੁਗਤਾਨਯੋਗ ਸੀ।

ਲੇਖਾ ਪ੍ਰੀਖਿਆ ਦੁਆਰਾ (ਅਕਤੂਬਰ 2023) ਮਾਨਸਾ ਸਰਕਲ ਅਧੀਨ ਸਾਲ 2017-18 ਲਈ ਕੀਤੇ ਗਏ ਪੜਤਾਲ ਕੇਸ ਦੀ ਜਾਂਚ ਕੀਤੀ ਅਤੇ ਦੇਖਿਆ ਗਿਆ ਕਿ 2017-18 ਦੌਰਾਨ ਗੈਰ-ਰਜਿਸਟਰਡ ਵਿਅਕਤੀਆਂ ਤੋਂ ₹ 3.45 ਕਰੋੜ ਦੇ ਕੱਚੇ ਕਪਾਹ ਦੀ ਖਰੀਦ ਦੇ ਬਦਲੇ ਰਿਵਰਸ ਚਾਰਜ ਅਧੀਨ ₹ 0.17 ਕਰੋੜ[13] ਦਾ ਕਰ ਅਦਾ ਕਰਨ ਵਿੱਚ ਅਸਫਲ ਰਹਿਣ ਲਈ ਕਰਦਾਤਾ ਨੂੰ 18 ਅਕਤੂਬਰ 2022 ਨੂੰ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਦੇ ਜਵਾਬ ਵਿੱਚ ਕਰਦਾਤਾ ਨੇ ਏ ਐਸ ਐਮ ਟੀ-11 ਰਾਹੀਂ ਜਵਾਬ ਦਿੱਤਾ ਕਿ ਸਾਰੀਆਂ ਕਰ ਦੇਣਦਾਰੀਆਂ ਦਾ ਭੁਗਤਾਨ ਨਕਦ ਵਿੱਚ ਕੀਤਾ ਗਿਆ ਸੀ ਪਰ ਕਲੈਰੀਕਲ ਗਲਤੀ ਕਾਰਨ ਨਾ ਤਾਂ ਰਿਵਰਸ ਚਾਰਜ ਦੇ ਅਧੀਨ ਕਰ ਦੇਣਦਾਰੀ ਦਿਖਾਈ ਗਈ ਅਤੇ ਨਾ ਹੀ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ

---

8 ਅੰਮ੍ਰਿਤਸਰ-II, ਫਾਜ਼ਿਲਕਾ, ਜਲੰਧਰ-III ਅਤੇ ਪਠਾਨਕੋਟ

9 ਸਬੰਧਤ ਸਰਕਲ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਪੈਸੇ ਦੀ ਕੀਮਤ ਜਾਂ ਫਾਈਲਾਂ ਦੇ ਚੋਟੀ ਦੇ ਪੰਜ ਮਾਮਲਿਆਂ ਦੇ ਅਧਾਰ 'ਤੇ

10 **ਪੈਰ੍ਹਾ 2.7.1.1:** **ੳ** ₹ 0.17 ਕਰੋੜ, **ਅ** ₹ 0.02 ਕਰੋੜ, **ੲ** ₹ 0.13 ਕਰੋੜ, **ਸ** ₹ 0.03 ਕਰੋੜ, **ਹ** ਗੈਰ-ਧਨ ਮੁੱਲ ਲਈ

11 ਪੀ ਜੀ ਐਸ ਟੀ ਨੋਟੀਫਿਕੇਸ਼ਨ: ਐਸ ਓ 100/ਪੀ ਏ5/2017/ਐਸ 9/2017 ਮਿਤੀ 1 ਦਸੰਬਰ 2017, ਸੀ ਜੀ ਐਸ ਟੀ ਨੋਟੀਫਿਕੇਸ਼ਨ: 43/2017-ਕੇਂਦਰੀ ਕਰ (ਦਰ) ਮਿਤੀ 14 ਨਵੰਬਰ 2017

12 ਪੀ ਜੀ ਐਸ ਟੀ ਨੋਟੀਫਿਕੇਸ਼ਨ: ਐਸ ਓ 16/ਪੀ ਏ 5/2017/ਐਸ 9/2017 ਮਿਤੀ 30 ਜੂਨ 2017, ਸੀ ਜੀ ਐਸ ਟੀ ਨੋਟੀਫਿਕੇਸ਼ਨ: 1/2017-ਕੇਂਦਰੀ ਕਰ (ਦਰ) ਮਿਤੀ 28 ਜੂਨ 2017

13 ₹ 3,45,04,467 x 5 *ਪ੍ਰਤੀਸ਼ਤ* = ₹ 17,25,223 (ਸੀ ਜੀ ਐਸ ਟੀ: ₹ 8,62,611.50 ਪਲੱਸ ਪੰਜਾਬ ਜੀ ਐਸ ਟੀ: ₹ 8,62,611.50)

ਗਿਆ, ਇਸ ਲਈ ਕਰ ਦੇ ਭੁਗਤਾਨ ਵਿੱਚ ਕੋਈ ਵਿੱਤੀ ਅੰਤਰ ਨਹੀਂ ਸੀ। ਪਰੋਪਰ ਅਧਿਕਾਰੀ ਨੇ ਕਰਦਾਤਾ ਦੇ ਜਵਾਬ ਨੂੰ ਸਵੀਕਾਰ ਕਰ ਲਿਆ ਅਤੇ ਇਹ ਹਵਾਲਾ ਦੇ ਕੇ ਕੇਸ ਬੰਦ ਕਰ ਦਿੱਤਾ ਕਿ ਕਰਦਾਤਾ ਨੇ ਨਕਦ ਵਿੱਚ ਕਰ ਅਦਾ ਕੀਤਾ ਸੀ ਅਤੇ ਡੀਲਰ ਦੁਆਰਾ ਕੋਈ ਇਨਪੁਟ ਟੈਕਸ ਕ੍ਰੈਡਿਟ ਦਾ ਦਾਅਵਾ ਨਹੀਂ ਕੀਤਾ ਗਿਆ ਸੀ। ਇਸ ਲਈ ਸਰਕਾਰੀ ਮਾਲੀਆ ਦਾ ਕੋਈ ਘਾਟਾ ਨਹੀ ਹੋਇਆ।

ਅੱਗੇ ਲੇਖਾ ਪ੍ਰੀਖਿਆ ਦੁਆਰਾ 2017-18 ਲਈ ਕਰਦਾਤਾਵਾਂ ਦੇ ਰਿਟਰਨ ਦੇ ਸਲਾਨਾ ਸੰਖੇਪ ਦੀ ਜਾਂਚ ਤੋਂ ਪਤਾ ਲੱਗਿਆ ਕਿ ਕਰਦਤਾਵਾਂ ਨੇ ਨਾ ਤਾਂ ਜੀ ਐਸ ਟੀ ਆਰ-3 ਬੀ ਰਿਟਰਨ ਵਿੱਚ ₹ 3.45 ਕਰੋੜ ਦੇ ਕੱਚੇ ਕਪਾਹ ਦੀ ਖਰੀਦ ਦਿਖਾਈ ਸੀ ਅਤੇ ਨਾ ਹੀ ਸਲਾਨਾ ਰਿਟਰਨ ਜੀ ਐਸ ਟੀ ਆਰ-9 ਵਿੱਚ ਹਾਲਾਂਕਿ, ਜੀ ਐਸ ਟੀ ਆਰ-1, ਜੀ ਐਸ ਟੀ ਆਰ-3 ਬੀ ਅਤੇ ਜੀ ਐਸ ਟੀ ਆਰ-9 ਵਿੱਚ ₹ 3.53 ਕਰੋੜ ਦੀ ਬਾਹਰੀ ਸਪਲਾਈ ਘੋਸ਼ਿਤ ਕੀਤੀ ਗਈ ਸੀ।

ਪਰੋਪਰ ਅਧਿਕਾਰੀ ਅਤੇ ਕਰਦਾਤਾ ਦਾ ਇਹ ਬਿਆਨ ਕਿ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤੇ ਬਿਨਾਂ ਕਰ ਦਾ ਭੁਗਤਾਨ ਨਕਦ ਵਿੱਚ ਕੀਤਾ ਗਿਆ ਸੀ, ਰਿਟਰਨ ਅਤੇ ਕੈਸ਼ ਲੇਜਰ ਦੁਆਰਾ ਸਮਰਥਿਤ ਨਹੀਂ ਸੀ ਕਿਉਂਕਿ ਰਿਵਰਸ ਚਾਰਜ ਅਧੀਨ ₹ 3.45 ਕਰੋੜ ਦੀ ਖਰੀਦ 'ਤੇ ਨਕਦ ਵਿੱਚ ਕੋਈ ਕਰ ਅਦਾ ਨਹੀਂ ਕੀਤਾ ਗਿਆ ਸੀ। ਰਿਵਰਸ ਚਾਰਜ ਦੇ ਅਧੀਨ ਨਕਦ ਕਰ ਦਾ ਭੁਗਤਾਨ ਸਿਰਫ ₹ 0.62 ਕਰੋੜ 'ਤੇ ਕੀਤਾ ਗਿਆ ਸੀ ਜਿਵੇਂ ਕਿ ਕਰਦਾਤਾ ਨੇ ਆਪਣੀ ਰਿਟਰਨ ਵਿੱਚ ਦਿਖਾਇਆ ਹੈ ਕਰਦਾਤਾ ਨੇ ₹ 3.53 ਕਰੋੜ ਦੀ ਬਾਹਰੀ ਸਪਲਾਈ ਦਿਖਾਈ ਸੀ, ਇਸ ਲਈ ਬਾਹਰੀ ਸਪਲਾਈ ਦੇ ਸਮੇਂ ਕਰ ਦੇ ਭੁਗਤਾਨ 'ਤੇ ਵਿਚਾਰ ਕਰਨ ਤੋਂ ਬਾਅਦ ਵੀ ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਅਜਿਹੇ ਮਾਮਲਿਆਂ ਵਿੱਚ ਸਰਕਾਰ ਨੂੰ ਵਿਆਜ ਦਾ ਨੁਕਸਾਨ ਹੋ ਸਕਦਾ ਹੈ ਕਿਉਂਕਿ ਰਿਵਰਸ ਚਾਰਜ ਲਈ ਜ਼ਿੰਮੇਵਾਰ ਖਰੀਦ ਅਤੇ ਬਾਅਦ ਵਿੱਚ ਬਾਹਰੀ ਸਪਲਾਈ ਵਿਚਕਾਰ ਅੰਤਰ ਹੋ ਸਕਦਾ ਹੈ। ਇਸ ਲਈ, ਖਰੀਦ ਦੇ ਸਮੇਂ ਜੋ ਕਰ ਅਦਾ ਕੀਤਾ ਜਾਣਾ ਚਾਹੀਦਾ ਸੀ, ਉਸ ਨੂੰ ਬਾਹਰੀ ਸਪਲਾਈ ਕਰਨ ਦੇ ਸਮੇਂ ਬਾਅਦ ਦੀ ਤਾਰੀਖ 'ਤੇ ਕਰ ਭੁਗਤਾਨ ਦੁਆਰਾ ਜਾਇਜ਼ ਨਹੀਂ ਠਹਿਰਾਈਆ ਜਾ ਸਕਦਾ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਅਕਤੂਬਰ 2023), ਮਾਨਸਾ ਸਰਕਲ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਜਨਵਰੀ 2025)।

### ਅ *ਕਰ ਦੀ ਦੇਰੀ ਨਾਲ ਭਗਤਾਨ 'ਤੇ ਬਕਾਇਆ ਵਿਆਜ ਦਾ ਭੁਗਤਾਨ ਨਾ ਕਰਨਾ*

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 50 (1) ਅਧੀਨ ਪ੍ਰਾਵਧਾਨ ਅਨੁਸਾਰ, ਕਰ ਦੇ ਹਿੱਸੇ 'ਤੇ 18 *ਪ੍ਰਤੀਸ਼ਤ* ਸਲਾਨਾ ਵਿਆਜ ਦਾ ਭੁਗਤਾਨ ਕੀਤਾ ਜਾਵੇਗਾ, ਜੋ ਕਰ ਦੀ ਮਿਆਦ ਦੀ ਨਿਰਧਾਰਤ ਮਿਤੀ ਤੋਂ ਬਾਅਦ ਇਲੈਕਟ੍ਰਾਨਿਕ ਕੈਸ਼ ਲੇਜਰ ਨੂੰ ਡੈਬਿਟ ਕਰਕੇ ਅਦਾ ਕੀਤਾ ਜਾਂਦਾ ਹੈ।

ਲੇਖਾ ਪ੍ਰੀਖਿਆ ਨੇ ਮਾਨਸਾ ਸਰਕਲ ਅਧੀਨ ਸਾਲ 2017-18 ਲਈ ਕੀਤੇ ਗਏ ਪੜਤਾਲ ਮਾਮਲੇ ਦੀ ਜਾਂਚ ਕੀਤੀ (ਅਕਤੂਬਰ 2023) ਅਤੇ ਦੇਖਿਆ ਕਿ ਕਰਦਾਤਾ ਨੂੰ ਏ ਐਸ ਐਮ ਟੀ-10 ਨੋਟਿਸ 17 ਅਕਤੂਬਰ 2022 ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ₹ 0.27 ਕਰੋੜ ਦੀ ਆਉਟਪੁੱਟ ਕਰ ਦੇਣਦਾਰੀ ਦੇ ਘੱਟ ਭੁਗਤਾਨ ਬਾਰੇ ਸਪੱਸ਼ਟੀਕਰਨ ਮੰਗਿਆ ਸੀ। ਏ ਐਸ ਐਮ ਟੀ-10 ਨੋਟਿਸ 'ਤੇ ਕਰਦਾਤਾ ਦਾ ਜਵਾਬ ਨਾ ਮਿਲਣ ਕਾਰਨ ਪਰੋਪਰ ਅਧਿਕਾਰੀ ਨੇ 2 ਮਾਰਚ 2023 ਨੂੰ ਕਰਦਾਤਾ ਨੂੰ ਡੀ ਆਰ ਸੀ-01 ਏ ਨੋਟਿਸ ਜਾਰੀ ਕੀਤਾ। ਇਸ ਨੋਟਿਸ ਦੇ ਜਵਾਬ ਚ ਕਰਦਾਤਾ ਨੇ ਕਿਹਾ ਕਿ

ਜੁਲਾਈ 2018 ਦੀ ਰਿਟਰਨ ਵਿੱਚ ₹ 0.32 ਕਰੋੜ ਦੀ ਦੇਣਦਾਰੀ ਦਾ ਭੁਗਤਾਨ ਕੀਤਾ ਗਿਆ ਹੈ। ਕਲੈਰੀਕਲ ਗਲਤੀ ਕਾਰਨ ਫਰਵਰੀ 2018 ਦੀ ਰਿਟਰਨ ਚ ਕਰ ਦੇਣਦਾਰੀ ਨੂੰ ਅਪਡੇਟ ਨਹੀਂ ਕੀਤਾ ਗਿਆ ਸੀ ਪਰ ਕਿਤਾਬਾਂ ਨੂੰ ਅੰਤਿਮ ਰੂਪ ਦੇਣ ਸਮੇਂ ਜੁਲਾਈ 2018 ਦੀ ਰਿਟਰਨ 'ਚ ਇਸ ਨੂੰ ਦਰੁੱਸਤ ਕਰ ਦਿੱਤਾ ਗਿਆ ਸੀ। ਪਰੋਪਰ ਅਧਿਕਾਰੀ ਨੇ ਕਰਦਾਤਾ ਦੇ ਜਵਾਬ ਨੂੰ ਸਵੀਕਾਰ ਕਰ ਲਿਆ ਅਤੇ ਇਹ ਹਵਾਲਾ ਦੇ ਕੇ ਕੇਸ ਬੰਦ ਕਰ ਦਿੱਤਾ ਕਿ ਕਰ ਇਨਪੁਟ ਟੈਕਸ ਕ੍ਰੈਡਿਟ ਨਾਲ ਸੈੱਟ ਆਫ ਕੀਤਾ ਗਿਆ ਸੀ। ਇਸ ਲਈ, ਕੋਈ ਵਿਆਜ ਦੇਣਦਾਰੀ ਪੈਦਾ ਨਹੀਂ ਹੁੰਦੀ ।

ਸਾਲ 2017-18 ਅਤੇ 2018-19 ਲਈ ਕਰਦਾਤਾ ਦੇ ਇਲੈਕ੍ਟਾਨਿਕ ਕ੍ਰੈਡਿਟ ਲੇਜਰਾਂ ਦੀ ਲੇਖਾ ਪ੍ਰੀਖਿਆ ਜਾਂਚ (ਅਕਤੂਬਰ 2023) ਤੋਂ ਪਤਾ ਲੱਗਿਆ ਕਿ ਫਰਵਰੀ 2018 ਦੀ ਕਰਦੇਣਦਾਰੀ ਜੁਲਾਈ 2018 ਦੀ ਰਿਟਰਨ ਵਿੱਚ ਦੇਣਦਾਰੀ ਦਾ ਐਲਾਨ ਕਰਨ ਤੋਂ ਬਾਅਦ 7 ਸਤੰਬਰ 2018 ਨੂੰ ਡਿਸਚਾਰਜ ਕੀਤੀ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਕਰਦਾਤਾ ਨੇ ਫਰਵਰੀ 2018 ਦੀ ਰਿਟਰਨ ਭਰਨ ਦੀ ਨਿਰਧਾਰਤ ਮਿਤੀ ਤੋਂ ਬਾਅਦ ਕਰ ਦੇਣਦਾਰੀ ਦੇ ਨਿਪਟਾਰੇ ਦੀ ਮਿਤੀ[14] ਤੱਕ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਲਗਾਤਾਰ ₹ 0.32 ਕਰੋੜ ਦਾ ਘੱਟੋ ਘੱਟ ਬਕਾਇਆ ਨਹੀਂ ਰੱਖਿਆ ਸੀ, ਇਸ ਲਈ ਵਿਆਜ ਨਾ ਵਸੂਲਣ ਦਾ ਪਰੋਪਰ ਅਧਿਕਾਰੀ ਦਾ ਫੈਲਸਾ ਗਲਤ ਸੀ। ਰਾਸ਼ੀ ਦੇ ਅਜਿਹੇ ਹਿੱਸੇ 'ਤੇ ਕਰ ਦੇ ਦੇਰੀ ਨਾਲ ਭੁਗਤਾਨ ਤੇ ₹ 0.02 ਕਰੋੜ ਦਾ ਵਿਆਜ ਵਸੂਲਿਆ ਜਾ ਸਕਦਾ ਸੀ, ਜੋ ਕਿ ਕਰ ਦੇਣਦਾਰੀ ਅਤੇ ਇਲੈਕਟ੍ਰਾਨਿਕ ਕ੍ਰੈਡਿਟ ਲੇਜ਼ਰ ਵਿੱਚ ਰੱਖੀ ਗਈ ਬਕਾਇਆ ਰਾਸ਼ੀ ਵਿਚਕਾਰ ਅੰਤਰ ਸੀ ਕਿਉਂਕਿ ਘੱਟ ਹਿੱਸੇ ਲਈ ਨਕਦ ਭੁਗਤਾਨ ਕੀਤੇ ਬਿਨ੍ਹਾਂ ਇਲੈਕਟ੍ਰਾਨਿਕ ਕ੍ਰੈਡਿਟ ਲੇਜਰ ਤੋਂ ਬਕਾਇਆ ਕਰ ਦੇਣਦਾਰੀ ਦਾ ਨਿਪਟਾਰਾ ਨਹੀਂ ਕੀਤਾ ਜਾ ਸਕਦਾ ਸੀ। ਹਾਲਾਂਕਿ, ਪਰੋਪਰ ਅਧਿਕਾਰੀ ਨੇ ਕਰਦਾਤਾ ਤੋਂ ਵਿਆਜ ਨਾ ਵਸੂਲਣ ਦਾ ਆਦੇਸ਼ ਦਿੱਤਾ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਅਕਤੂਬਰ 2023), ਮਾਨਸਾ ਸਰਕਲ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਜਨਵਰੀ 2025)।

### ੲ *ਗਲਤ ਤਰੀਕੇ ਨਾਲ ਲਏ ਗਏ ਅਤੇ ਵਰਤੇ ਗਏ ਇਨਪੁਟ ਟੈਕਸ ਕ੍ਰੈਡਿਟ 'ਤੇ ਵਿਆਜ ਦਾ ਭੁਗਤਾਨ ਨਾ ਕਰਨਾ*

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 42 (10) ਅਤੇ 43 (10) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਹੜਾ ਕਰਯੋਗ ਵਿਅਕਤੀ ਇਨਪੁਟ ਟੈਕਸ ਕ੍ਰੈਡਿਟ ਜਾਂ ਆਉਟਪੁੱਟ ਟੈਕਸ ਦੇਣਦਾਰੀ ਵਿੱਚ ਅਣਉਚਿਤ ਜਾਂ ਵਾਧੂ ਕਟੌਤੀ ਦਾ ਅਣਉਚਿਤ ਜਾਂ ਵਾਧੂ ਦਾਅਵਾ ਕਰਦਾ ਹੈ, ਉਸ ਨੂੰ ਅਜਿਹੇ ਅਣਉਚਿਤ ਜਾਂ ਵਾਧੂ ਦਾਅਵੇ ਜਾਂ ਅਣਉਚਿਤ ਜਾਂ ਵਾਧੂ ਕਟੋਤੀ 'ਤੇ ਐਕਟ ਦੀ ਧਾਰਾ 50(3) ਅਧੀਨ ਨਿਰਧਾਰਤ 18 *ਪ੍ਰਤੀਸ਼ਤ*[15] ਦੀ ਦਰ ਨਾਲ ਵਿਆਜ ਦਾ ਭੁਗਤਾਨ ਕਰਨਾ ਪਵੇਗਾ। ਇਸ ਤੋਂ ਇਲਾਵਾ, ਅਕਤੂਬਰ 2022 ਵਿੱਚ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 50 (3) ਵਿੱਚ ਸੋਧ[16] ਕਰਦਿਆਂ ਸੋਧ ਕੀਤੀ ਗਈ ਸੀ ਕਿ ਗਲਤ ਤਰੀਕੇ ਨਾਲ ਲਏ ਗਏ ਇਨਪੁਟ ਟੈਕਸ ਕ੍ਰੈਡਿਟ 'ਤੇ ਵਿਆਜ ਦਾ ਭੁਗਤਾਨ ਕਰਨਾ ਜ਼ਰੂਰੀ ਹੈ ਜੇ ਇਸ ਦਾ ਲਾਭ ਲੈਣ ਦੇ ਨਾਲ-ਨਾਲ ਇਸ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

---

14 ਫਰਵਰੀ 2018 ਦੀ ਰਿਟਰਨ ਭਰਨ ਦੀ ਨਿਰਧਾਰਤ ਮਿਤੀ 20 ਮਾਰਚ 2018 ਸੀ

15 ਪੰਜਾਬ ਐਕਟ 18, 2022 ਅਤੇ 2022 ਦੇ ਕੇਂਦਰੀ ਐਕਟ 6 ਅਨੁਸਾਰ 1 ਜੁਲਾਈ 2017 ਤੋਂ ਵਿਆਜ ਦਰ 24 *ਪ੍ਰਤੀਸ਼ਤ* ਤੋਂ 18 *ਪ੍ਰਤੀਸ਼ਤ* ਕਰ ਦਿੱਤੀ ਗਈ ਹੈ।

16 ਕੇਂਦਰ ਸਰਕਾਰ ਦੇ 2022 ਦੇ ਵਿੱਤ ਐਕਟ 6 ਦੇ ਅਧੀਨ ਸੰਬਧਤ ਸੀ ਜੀ ਐਸ ਟੀ ਸੋਧ।

ਲੇਖਾ ਪ੍ਰੀਖਿਆ ਨੇ (ਨਵੰਬਰ 2023) ਰੋਪੜ ਸਰਕਲ ਅਧੀਨ ਸਾਲ 2017-18 ਲਈ ਕੀਤੇ ਗਏ ਪੜਤਾਲ ਕੇਸ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਕਰਦਾਤਾ ਨੂੰ ਏ ਐਸ ਐਮ ਟੀ-10 ਨੋਟਿਸ 9 ਸਤੰਬਰ 2022 ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਛੋਟ ਪ੍ਰਾਪਤ ਬਾਹਰੀ ਸਪਲਾਈਆਂ 'ਤੇ ਇਨਪੁਟ ਟੈਕਸ ਕ੍ਰੈਡਿਟ ਨੂੰ ਥੋੜੇ ਸਮੇਂ ਲਈ ਵਾਪਸ ਕਰਨ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ ਸੀ। ਇਸ ਦੇ ਜਵਾਬ ਵਿੱਚ ਕਰਦਾਤਾ ਨੇ 26 ਅਕਤੂਬਰ 2022 ਨੂੰ ਡੀ ਆਰ ਸੀ-03 ਰਾਹੀਂ ₹ 0.18 ਕਰੋੜ[17] ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਵਾਪਸ ਲੈ ਲਿਆ ਅਤੇ ₹ 46,945 ਦਾ ਵਿਆਜ ਅਦਾ ਕੀਤਾ। ਪਰੋਪਰ ਅਧਿਕਾਰੀ ਨੇ ਕਰਦਾਤਾ ਦੇ ਜਵਾਬ ਨੂੰ ਸੰਤੁਸ਼ਟੀਜਨਕ ਪਾਇਆ ਅਤੇ ਕੇਸ ਬੰਦ ਕਰ ਦਿੱਤਾ।

ਲੇਖਾ ਪ੍ਰੀਖਿਆ ਨੇ 1 ਅਪ੍ਰੈਲ 2018[18] ਤੋਂ 25 ਅਕਤੂਬਰ 2022 ਤੱਕ ₹ 0.09 ਕਰੋੜ ਦੇ ਵਿਆਜ ਦੀ ਗਣਨਾ ₹ 0.18 ਕਰੋੜ ਦੇ ਬਕਾਇਆ ਰਿਵਰਸਲ ਦੇ ਵਿਰੁੱਧ ਇਲੈਕਟ੍ਰਾਨਿਕ ਕ੍ਰੈਡਿਟ ਲੇਜਰ ਵਿੱਚ ਰੱਖੀ ਗਈ ਘੱਟ ਰਾਸ਼ੀ ਦੇ ਆਧਾਰ 'ਤੇ ਕੀਤੀ। ਵਿਆਜ ₹ 0.09 ਕਰੋੜ[19] ਬਣਾਇਆ ਗਿਆ ਸੀ ਪਰ ਕਰਦਾਤਾ ਨੇ ₹ 46,945 ਦਾ ਵਿਆਜ ਅਦਾ ਕੀਤਾ ਸੀ, ਜਿਸ ਦੇ ਨਤੀਜੇ ਵੱਜੋਂ ₹ 0.09 ਕਰੋੜ[20] ਦੇ ਵਿਆਜ ਦੀ ਘੱਟ ਅਦਾਇਗੀ ਹੋਈ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਨਵੰਬਰ 2023), ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਰਿਕਵਰੀ ਨੋਟਿਸ ਜਾਰੀ ਕੀਤਾ ਗਿਆ ਹੈ।

### ਸ *ਅਸਵੀਕਾਰਯੋਗ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਉਠਾਉਣਾ*

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 17 (5) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਮੋਟਰ ਵਾਹਨਾਂ ਅਤੇ ਹੋਰ ਕੰਨਵੇਅੰਸਜ਼ ਦੇ ਸਬੰਧ ਵਿੱਚ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਨਹੀਂ ਹੋਵੇਗਾ, ਸਿਵਾਏ ਉਦੋਂ ਜਦੋਂ ਉਨ੍ਹਾਂ ਦੀ ਵਰਤੋਂ ਕਰਯੋਗ ਸਪਲਾਈ ਕਰਨ ਲਈ ਕੀਤੀ ਜਾਂਦੀ ਹੈ ਜਿਵੇਂ ਕਿ (i) ਅਜਿਹੇ ਵਾਹਨਾਂ ਜਾਂ ਕੰਨਵੇਅੰਸਜ਼ ਦੀ ਹੋਰ ਸਪਲਾਈ; ਜਾਂ (ii) ਯਾਤਰੀਆਂ ਦੀ ਆਵਾਜਾਈ; ਜਾਂ (iii) ਅਜਿਹੇ ਵਾਹਨਾਂ ਜਾਂ ਕੰਨਵੇਅੰਸਜ਼ ਨੂੰ ਚਲਾਉਣ, ਉਡਾਣ ਭਰਨ, ਨੈਵੀਗੇਟ ਕਰਨ ਬਾਰੇ ਸਿਖਲਾਈ ਦੇਣਾ; ਜਾਂ (iv) ਮਾਲ ਦੀ ਢੋਆ-ਢੁਆਈ ਲਈ।

ਲੇਖਾ ਪ੍ਰੀਖਿਆ ਨੇ (ਨਵੰਬਰ 2023) ਰੋਪੜ ਸਰਕਲ ਅਧੀਨ ਸਾਲ 2017-18 ਲਈ ਕੀਤੇ ਗਏ ਪੜਤਾਲ ਕੇਸ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਕਰਦਾਤਾ ਨੂੰ ਏ ਐਸ ਐਮ ਟੀ-10 ਨੋਟਿਸ 29 ਜੁਲਾਈ 2022 ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਜੀ ਐਸ ਟੀ ਆਰ-3 ਬੀ ਅਤੇ ਜੀ ਐਸ ਟੀ ਆਰ-2 ਏ ਰਿਟਰਨਾਂ ਵਿਚਕਾਰ ₹ 0.04 ਕਰੋੜ[21] ਦੇ ਇਨਪੁਟ ਟੈਕਸ ਕ੍ਰੈਡਿਟ ਦੇ ਮੇਲ ਨਾ ਹੋਣ ਬਾਰੇ ਸਪੱਸ਼ਟੀਕਰਨ ਮੰਗਿਆ ਸੀ। ਇਸ ਦੇ ਜਵਾਬ 'ਚ ਕਰਦਾਤਾ ਨੇ 18 ਅਗਸਤ 2022 ਨੂੰ ਡੀ ਆਰ ਸੀ-03 ਰਾਹੀਂ ₹ 6,956 ਦੇ ਵਿਆਜ ਸਮੇਤ ₹ 19,322 ਦਾ ਆਈ ਜੀ ਐਸ ਟੀ ਜਮ੍ਹਾਂ ਕਰਵਾਇਆ। ਕਰਦਾਤਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਸ ਦੇ ਇੱਕ ਸਪਲਾਇਰ ਨੇ ਆਪਣੀ ਜੀ ਐਸ ਟੀ ਆਰ-1 ਰਿਟਰਨ ਵਿੱਚ ਅੰਤਰਰਾਜ ਸਪਲਾਈ ਦੀ ਬਜਾਏ ਅੰਤਰਰਾਜੀ ਸਪਲਾਈ

---

17 ਸੀ ਜੀ ਐਸ ਟੀ : ₹ 6,49,495 ਐਸ ਜੀ ਐਸ ਟੀ : ₹ 6,49,495, ਆਈ ਜੀ ਐਸ ਟੀ : ₹ 4,89,366

18 ਲੇਖਾ ਪ੍ਰੀਖਿਆ ਨੇ ਵਿਆਜ 'ਤੇ ਕੰਮ ਕਰਦੇ ਸਮੇਂ ਰੂੜੀਵਾਦੀ ਪਹੁੰਚ ਅਪਣਾਈ ਅਤੇ ਜੁਲਾਈ 2017 ਤੋਂ ਮਾਰਚ 2018 ਤੱਕ ਦੀ ਕਰ ਮਿਆਦ ਨੂੰ ਬਾਹਰ ਰੱਖਿਆ ਕਿਉਂਕਿ 2017-18 ਵਿੱਚ ਗਲਤ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਲਿਆ ਗਿਆ ਸੀ, ਜਿਸ ਦੀ ਪਛਾਣ ਜਾਂਚ ਰਿਕਾਰਡਾਂ ਤੋਂ ਨਹੀਂ ਕੀਤੀ ਜਾ ਸਕੀ।

19 ₹ 9,18,890

20 ₹ 8,71,945

21 ਆਈ ਜੀ ਐਸ ਟੀ: ₹ 2,84,689 ਸੀ ਜੀ ਐਸ ਟੀ: ₹ 55,150 ਐਸ ਜੀ ਐਸ ਟੀ: ₹ 55,150

ਦਿਖਾਈ ਸੀ, ਇਸ ਲਈ ਕਰਦਾਤਾ ਦੁਆਰਾ ਜੀ ਐਸ ਟੀ ਆਰ-3 ਬੀ ਵਿੱਚ ਦਾਅਵਾ ਕੀਤੇ ਗਏ ਆਈ ਜੀ ਐਸ ਟੀ ਦਾ ਇਨਪੁਟ ਟੈਕਸ ਕ੍ਰੈਡਿਟ ਵਧਿਆ ਹੋਇਆ ਦਿਖਾਈ ਦਿੱਤਾ। ਪਰੋਪਰ ਅਧਿਕਾਰੀ ਨੇ ਕਰਦਾਤਾ ਦੇ ਜਵਾਬ ਨੂੰ ਸੰਤੁਸ਼ਟੀਜਨਕ ਪਾਇਆ ਅਤੇ ਕੇਸ ਬੰਦ ਕਰ ਦਿੱਤਾ।

ਲੇਖਾ ਪ੍ਰੀਖਿਆ ਨੇ ਕਰਦਾਤਾ ਦੁਆਰਾ ਉਸਦੇ ਜਵਾਬ ਵਿੱਚ ਦਿੱਤੇ ਸਪਲਾਇਰ ਦੇ ਪ੍ਰੋਫਾਈਲ ਦੀ ਜਾਂਚ ਕੀਤੀ ਅਤੇ ਵੇਖਿਆ (ਨਵੰਬਰ 2023) ਕਿ ਸਪਲਾਇਰ ਮੋਟਰ ਕਾਰਾਂ ਅਤੇ ਹੋਰ ਮੋਟਰ ਵਾਹਨਾਂ ਦੀ ਸਪਲਾਈ ਵਿੱਚ ਲੱਗਾ ਹੋਇਆ ਸੀ ਜੋ ਮੁੱਖ ਤੌਰ 'ਤੇ ਐਚ ਐਸ ਐਨ 8702 ਦੇ ਅਧੀਨ ਆਉਣ ਵਾਲੀਆਂ ਕਾਰਾਂ ਤੋਂ ਇਲਾਵਾ ਸਟੇਸ਼ਨ ਵੈਗਨ ਅਤੇ ਰੇਸਿੰਗ ਕਾਰਾਂ ਸਮੇਤ ਵਿਅਕਤੀਆਂ ਦੀ ਆਵਾਜਾਈ ਲਈ ਤਿਆਰ ਕੀਤਾ ਗਿਆ ਸੀ, ਜਦੋਂ ਕਿ ਕਰਦਾਤਾ ਬਿਲਡਿੰਗ ਨਿਰਮਾਣ ਸਮੱਗਰੀ ਅਤੇ ਸੇਵਾਵਾਂ ਦੇ ਕਾਰੋਬਾਰ ਵਿੱਚ ਸ਼ਾਮਲ ਸੀ। ਇਸ ਤਰ੍ਹਾਂ, ਸਪਲਾਇਰ ਦੁਆਰਾ ਕੀਤੀ ਗਈ ₹ 0.10 ਕਰੋੜ ਦੀ ਸਪਲਾਈ 'ਤੇ ਕਰਦਾਤਾ ਦੁਆਰਾ ਪ੍ਰਾਪਤ ₹ 0.03 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ, ਐਕਟ ਦੀ ਧਾਰਾ 17(5) ਅਧੀਨ ਸਵੀਕਾਰਯੋਗ ਨਹੀਂ ਸੀ। ਇਸ ਲਈ ਕਰਦਾਤਾ ₹ 0.03 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਨੂੰ ਵਾਪਸ ਕਰਨ ਲਈ ਜ਼ਿੰਮੇਵਾਰ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਨਵੰਬਰ 2023) ਵਿਭਾਗ ਨੇ (ਜੁਲਾਈ 2024) ਜਵਾਬ ਦਿੱਤਾ ਕਿ ਕਰਦਾਤਾ ਨੇ 2022 'ਚ ਕਾਰ ਵੇਚੀ ਸੀ ਅਤੇ ₹ 0.02 ਕਰੋੜ ਦਾ ਆਉਟਪੁਟ ਟੈਕਸ ਅਦਾ ਕੀਤਾ ਸੀ। ਹੁਣ, ਕਰਦਾਤਾ ਨੇ 20 ਮਈ 2024 ਨੂੰ ₹ 0.01 ਕਰੋੜ ਦੇ ਬਕਾਇਆ ਇਨਪੁਟ ਟੈਕਸ ਕ੍ਰੈਡਿਟ ਨੂੰ ਵਾਪਸ ਕਰ ਦਿੱਤਾ ਹੈ।

### ਹ *ਵਸੂਲੀ ਦੀ ਕਾਰਵਾਈ ਸ਼ੁਰੂ ਨਾ ਕਰਨਾ*

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 78 ਅਨੁਸਾਰ, ਕਿਸੇ ਕਰਯੋਗ ਵਿਅਕਤੀ ਦੁਆਰਾ ਐਕਟ ਅਧੀਨ ਪਾਸ ਕੀਤੇ ਗਏ ਆਦੇਸ਼ ਦੀ ਪਾਲਣਾ ਵਿੱਚ ਭੁਗਤਾਨਯੋਗ ਕੋਈ ਵੀ ਰਾਸ਼ੀ ਅਜਿਹੇ ਵਿਅਕਤੀ ਦੁਆਰਾ ਅਜਿਹੇ ਆਦੇਸ਼ ਦੀ ਸੇਵਾ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਮਿਆਦ ਦੇ ਅੰਦਰ ਅਦਾ ਕੀਤੀ ਜਾਵੇਗੀ ਅਤੇ ਅਜਿਹਾ ਨਾ ਕਰਨ 'ਤੇ ਵਸੂਲੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ (ਨਵੰਬਰ 2023), ਰੋਪੜ ਸਰਕਲ ਅਧੀਨ ਸਾਲ 2020-21 ਲਈ ਕੀਤੇ ਗਏ ਪੜਤਾਲ ਕੇਸ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਕਰਦਾਤਾ ਨੂੰ ਜਨਵਰੀ 2021 ਤੋਂ ਮਾਰਚ 2021 ਤੱਕ ਜੀ ਐਸ ਟੀ ਆਰ-3ਬੀ ਰਿਟਰਨ ਨਾ ਭਰਨ ਅਤੇ ₹ 0.03 ਕਰੋੜ ਦੀ ਕਰ ਦੇਣਦਾਰੀ ਦਾ ਭੁਗਤਾਨ ਨਾ ਕਰਨ ਲਈ 9 ਅਗਸਤ 2021 ਨੂੰ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤਾ ਗਿਆ ਸੀ, ਜਦੋਂ ਕਿ ਕਰਦਾਤਾ ਨੇ ਈ-ਵੇਅ ਬਿਲ ਦੇ ਅਨੁਸਾਰ ਬਾਹਰੀ ਸਪਲਾਈ ਕੀਤੀ ਸੀ। ਕਰਦਾਤਾ[22] ਨੇ ਸਿਰਫ ਨਵੰਬਰ ਅਤੇ ਦਸੰਬਰ 2020 ਦੇ ਮਹੀਨਿਆਂ ਲਈ ₹ 12,768 ਦੀ ਕਰ ਦੇਣਦਾਰੀ ਦੇ ਨਾਲ ਰਿਟਰਨ ਫਾਈਲ ਕੀਤੀ ਸੀ। ਕਰਦਾਤਾ ਦਾ ਜਵਾਬ ਨਾ ਮਿਲਣ ਕਾਰਨ 24 ਸਤੰਬਰ 2021 ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਤੋਂ ਬਾਅਦ 1 ਜੂਨ 2023 ਨੂੰ ₹ 0.05 ਕਰੋੜ[23] ਜਮ੍ਹਾਂ ਕਰਵਾਉਣ ਦੇ ਆਦੇਸ਼ ਨਾਲ ਮਾਮਲੇ ਦਾ ਫੈਸਲਾ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ (ਨਵੰਬਰ 2023) ਵਿੱਚ ਵੇਖਿਆ ਕਿ ਨਾ ਤਾਂ ਕਰਦਾਤਾ ਨੇ ਤਿੰਨ ਮਹੀਨਿਆਂ ਦੀ ਮਨਜ਼ੂਰਸ਼ੁਦਾ ਮਿਆਦ ਦੇ ਅੰਦਰ ₹ 0.05 ਕਰੋੜ ਦੀ ਮੰਗ ਜਮ੍ਹਾਂ ਕਰਵਾਈ ਅਤੇ ਨਾ ਹੀ ਪਰੋਪਰ

[22] ਕਰਦਾਤਾ ਦੀ ਰਜਿਸਟ੍ਰੇਸ਼ਨ ਦੀ ਮਿਤੀ 18 ਨਵੰਬਰ 2020 ਸੀ ਅਤੇ ਰੱਦ ਕਰਨ ਦੀ ਮਿਤੀ 31 ਜਨਵਰੀ 2021 ਸੀ

[23] **ਸੀ ਜੀ ਐਸ ਟੀ:** ₹ 1,77,638, **ਐਸ ਜੀ ਐਸ ਟੀ:** ₹ 1,77,638, **ਜੁਰਮਾਨਾ:** ₹ 35,526 ਅਤੇ **ਵਿਆਜ:** ₹ 1,45,594

ਅਧਿਕਾਰੀ ਨੇ ਮੰਗ ਆਦੇਸ਼ ਤੋਂ ਤਿੰਨ ਮਹੀਨੇ ਬੀਤ ਜਾਣ ਦੇ ਬਾਅਦ ਵੀ ਵਸੂਲੀ ਦੀ ਕਾਰਵਾਈ ਸ਼ੁਰੂ ਕੀਤੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਨਵੰਬਰ 2023), ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਵਿਰੁੱਧ ਵਸੂਲੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਓਪਰੋਕਤ ਵੇਰਵੇ ਅਨੁਸਾਰ ਨਮੂਨੇ ਦੀਆਂ ਫਾਈਲਾਂ ਵਿੱਚ ਲੇਖਾ ਪ੍ਰੀਖਿਆ ਦੁਆਰਾ ਦੇਖੇ ਗਏ ਉਪਰੋਕਤ ਨਤੀਜਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਭਾਗ ਨੂੰ ਸਰਕਾਰੀ ਮਾਲੀਆ ਦੀ ਰੱਖਿਆ ਲਈ ਐਸ ਓ ਪੀ ਵਿੱਚ ਦਰਸਾਏ ਅਨੁਸਾਰ ਰਿਟਰਨਾਂ ਦੀ ਪੜਤਾਲ ਸ਼ੁਰੂ ਕਰਨ ਦੀ ਲੋੜ ਹੈ।

**ਸਿਫਾਰਸ਼ 1: ਵਿਭਾਗ ਰੈਵੀਨਿਊ ਲੀਕੇਜ ਤੋਂ ਬਚਣ ਲਈ ਰਿਟਰਨ ਮਾਮਲਿਆਂ ਦੀ ਪੜਤਾਲ ਅਤੇ ਨਿਗਰਾਨੀ ਲਈ ਪ੍ਰਭਾਵਸ਼ਾਲੀ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।**

### 2.7.1.2 ਫਾਈਲ ਨਾ ਕਰਨ ਵਾਲਿਆਂ ‘ਤੇ ਕਾਰਵਾਈ ਦੀ ਘਾਟ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 46 ਅਤੇ ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 68 ਵਿੱਚ ਕਿਹਾ ਗਿਆ ਹੈ ਕਿ ਪੰਦਰਾਂ ਦਿਨਾਂ ਦੇ ਅੰਦਰ ਰਿਟਰਨ ਫਾਈਲ ਕਰਨ ਦੀ ਲੋੜ ਹੁੰਦੀ ਹੈ, ਜੇਕਰ ਕਰਦਾਤਾ ਨਿਰਧਾਰਤ ਮਿਤੀ ਦੇ ਅੰਦਰ ਰਿਟਰਨ ਫਾਈਲ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਫਾਰਮ ਜੀ ਐਸ ਟੀ ਆਰ-3 ਏ ਵਿੱਚ ਇੱਕ ਨੋਟਿਸ ਜਾਰੀ ਕਰਨਾ ਲਾਜ਼ਮੀ ਹੈ। ਜੇਕਰ ਕਰਦਾਤਾ ਅਜਿਹੇ ਨੋਟਿਸ ਦੇ ਬਾਅਦ ਵੀ ਰਿਟਰਨ ਫਾਈਲ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਪਰੋਪਰ ਅਧਿਕਾਰੀ ਉਪਲਬਧ ਜਾਂ ਇਕੱਤਰ ਕੀਤੀ ਗਈ ਸਾਰੀ ਸਬੰਧਤ ਸਮੱਗਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਐਕਟ ਦੀ ਧਾਰਾ 62 ਦੇ ਅਧੀਨ ਉਕਤ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਅੱਗੇ ਵਧ ਸਕਦਾ ਹੈ ਅਤੇ ਫਾਰਮ ਏ ਐਸ ਐਮ ਟੀ-13 ਵਿੱਚ ਮੁਲਾਂਕਣ ਆਦੇਸ਼ ਜਾਰੀ ਕਰ ਸਕਦਾ ਹੈ। ਜੇਕਰ ਉਕਤ ਰਿਟਰਨ ਅਜੇ ਵੀ ਏ ਐਸ ਐਮ ਟੀ-13 ਵਿੱਚ ਆਦੇਸ਼ ਜਾਰੀ ਹੋਣ ਤੋਂ 30 ਦਿਨਾਂ ਦੀ ਕਾਨੂੰਨੀ ਮਿਆਦ ਦੇ ਅੰਦਰ ਅਜੇ ਵੀ ਅਧੂਰੀ ਰਹਿੰਦੀ ਹੈ, ਤਾਂ ਪਰੋਪਰ ਅਧਿਕਾਰੀ ਐਕਟ ਦੀ ਧਾਰਾ 79 ਅਧੀਨ ਵਸੂਲੀ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ। ਜੇਕਰ ਡਿਫਾਲਟਰ ਫਾਰਮ ਏ ਐਸ ਐਮ ਟੀ-13 ਵਿੱਚ ਮੁਲਾਂਕਣ ਆਦੇਸ਼ ਦੀ ਸੇਵਾ ਦੇ 30 ਦਿਨਾਂ ਦੇ ਅੰਦਰ ਇੱਕ ਵੈਧ ਰਿਟਰਨ ਪੇਸ਼ ਕਰਦਾ ਹੈ, ਤਾਂ ਉਕਤ ਮੁਲਾਂਕਣ ਆਦੇਸ਼ ਨੂੰ ਐਕਟ ਦੀ ਧਾਰਾ 62 ਦੀ ਓਪ-ਧਾਰਾ (2) ਦੇ ਉਪਬੰਧ ਦੇ ਅਨੁਸਾਰ ਵਾਪਸ ਲਿਆ ਗਿਆ ਮੰਨਿਆ ਜਾਵੇਗਾ।

ਇਸ ਤੋਂ ਇਲਾਵਾ, ਪਰੋਪਰ ਅਧਿਕਾਰੀ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 29 ਦੀ ਉਪ ਧਾਰਾ (2) (ਸੀ) ਅਧਿਨ ਉਨ੍ਹਾਂ ਮਾਮਲਿਆਂ ਵਿੱਚ ਰਜਿਸਟ੍ਰੇਸ਼ਨ ਰੱਦ ਕਰਨ ਲਈ ਕਾਰਵਾਈ ਸ਼ੁਰੂ ਕਰ ਸਕਦਾ ਹੈ ਜਿੱਥੇ ਛੇ ਮਹੀਨਿਆਂ ਦੀ ਮਿਆਦ ਤੋਂ ਰਿਟਰਨ ਜਮ੍ਹਾਂ ਨਹੀਂ ਕੀਤੀ ਗਈ ਹੈ।

ਚੁਣੇ ਗਏ 10 ਸਰਕਲਾਂ (ਅਗਸਤ ਤੋਂ ਨਵੰਬਰ 2023) ਤੋਂ ਸਾਲ 2020-21 ਲਈ ਨਾਨ-ਫਾਈਲਰਾਂ ਨਾਲ ਸਬੰਧਤ ਜਾਣਕਾਰੀ ਅਤੇ ਰਿਕਾਰਡ ਮੰਗੇ ਗਏ ਸਨ। ਸਿਰਫ ਫਾਜ਼ਿਲਕਾ ਸਰਕਲ ਨੇ ਨਾਨ-ਫਾਈਲਰਾਂ ਦੀ ਸੂਚੀ ਮੁੱਹਈਆ ਕਰਵਾਈ ਸੀ ਪਰ ਲੇਖਾ ਪ੍ਰੀਖਿਆ ਨੂੰ ਮਹੀਨੇ-ਵਾਰ ਵੇਰਵੇ ਉਪਬਲਧ ਨਹੀਂ ਕਰਵਾਏ ਗਏ ਸਨ। ਬਾਕੀ ਨੌਂ ਸਰਕਲਾਂ ਨੇ ਲੇਖਾ ਪ੍ਰੀਖਿਆ ਨੂੰ ਕੋਈ ਜਾਣਕਾਰੀ ਮੁੱਹਈਆ ਨਹੀਂ ਕਰਵਾਈ । ਇਸ ਲਈ, ਲੇਖਾ ਪ੍ਰੀਖਿਆ ਅੰਕੜਿਆਂ ਦਾ ਸਹੀ ਢੰਗ ਨਾਲ ਵਿਸ਼ਲੇਸ਼ਣ

ਨਹੀਂ ਕਰ ਸਕਿਆ ਅਤੇ ਸਾਰੇ 10 ਚੁਣੇ ਹੋਏ ਸਰਕਲਾਂ ਦੇ ਸਬੰਧ ਵਿੱਚ ਜੀ ਐਸ ਟੀ ਪੋਰਟਲ 'ਤੇ ਉਪਲਬਧ ਐਮ ਆਈ ਐਸ ਰਿਪੋਰਟਾਂ 'ਤੇ ਭਰੋਸਾ ਕੀਤਾ।

ਇਸ ਤੋਂ ਬਾਅਦ ਲੇਖਾ ਪ੍ਰੀਖਿਆ ਨੇ ਜੀ ਐਸ ਟੀ ਪੋਰਟਲ 'ਤੇ ਉਪਲਬਧ ਚੁਣੇ ਗਏ 10 ਸਰਕਲਾਂ ਦੀਆਂ ਐਮ ਆਈ ਐਸ ਰਿਪੋਰਟਾਂ ਡਾਊਨਲੋਡ ਕੀਤੀਆਂ ਅਤੇ ਅਪ੍ਰੈਲ 2020 ਦੇ ਅੰਕੜਿਆਂ ਦੀ ਅਕਤੂਬਰ 2019 ਦੇ ਅੰਕੜਿਆਂ ਨਾਲ ਤੁਲਨਾ ਕਰਕੇ ਜੀ ਐਸ ਟੀ ਆਰ-3 ਬੀ ਰਿਟਰਨ ਨਾ ਫਾਈਲ ਕਰਨ ਵਾਲਿਆਂ ਦੀਆਂ ਐਮ ਆਈ ਐਸ ਰਿਪੋਰਟਾਂ ਦਾ ਵਿਸ਼ਲੇਸ਼ਣ ਕੀਤਾ ਅਤੇ 387 ਕਰਦਾਤਾਵਾਂ ਦੀ ਪਛਾਣ ਕੀਤੀ ਜਿਨ੍ਹਾਂ ਨੇ ਘੱਟੋ-ਘੱਟ ਪਿਛਲੇ ਛੇ ਮਹੀਨਿਆਂ ਤੋਂ ਜੀ ਐਸ ਟੀ ਆਰ-3ਬੀ ਰਿਟਰਨ ਫਾਈਲ ਨਹੀਂ ਕੀਤੀ ਸੀ। ਜੀ ਐਸ ਟੀ ਪੋਰਟਲ[24] ਤੋਂ ਇਨ੍ਹਾਂ ਕਰਦਾਤਾਵਾਂ ਦੀ ਜਾਣਕਾਰੀ ਦੀ ਹੋਰ ਪੜਤਾਲ ਤੋਂ ਪਤਾ ਲੱਗਿਆ ਹੈ (ਸਤੰਬਰ 2023 ਅਤੈ ਜਨਵਰੀ 2024 ਦੇ ਵਿਚਕਾਰ) ਕਿ 241 ਕਰਦਾਤਾਵਾਂ ਦੀਆਂ ਰਜਿਸਟ੍ਰੇਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਸਨ, 104 ਕਰਦਾਤਾਵਾਂ ਦੀਆਂ ਰਜਿਸਟ੍ਰੇਸ਼ਨਾਂ ਮੁਅੱਤਲ ਕੀਤੀਆਂ ਗਈਆਂ ਸਨ ਅਤੇ ਬਾਕੀ 42 ਕਰਦਾਤਾ ਸਰਗਰਮ ਸਨ। ਰੱਦ ਕੀਤੇ, ਮੁਅੱਤਲ ਅਤੇ ਸਰਗਰਮ ਕਰਦਾਤਾਵਾਂ ਦੀ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਵਿਭਾਗ ਵੱਲੋਂ ਦੇਰੀ ਨਾਲ ਕੀਤੀਆਂ ਕਾਰਵਾਈਆਂ ਅਤੇ ਅਸਫਲਤਾਂ ਨੂੰ ਦਰਸਾਇਆ।

241 ਕਰਦਾਤਾਵਾਂ ਦੇ ਮਾਮਲੇ ਵਿੱਚ, ਜਿਨ੍ਹਾਂ ਦੀਆਂ ਰਜਿਸਟ੍ਰੇਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਸਨ, ਇਹ ਵੇਖਿਆ ਗਿਆ ਕਿ ਵਿਭਾਗ ਨੇ ਰਿਟਰਨ ਫਾਈਲ ਨਾ ਕਰਨ ਦੇ ਛੇ ਮਹੀਨਿਆਂ ਤੋਂ ਬਾਅਦ 60 ਤੋਂ 1,825 ਦਿਨਾਂ ਦੀ ਸਮਾਂ ਸੀਮਾਂ ਦੇ ਨਾਲ ਰੱਦ ਕਰਨ ਵਿੱਚ ਪੰਜ ਸਾਲ ਤੱਕ ਦਾ ਸਮਾਂ ਲਿਆ ਸੀ। ਇਨ੍ਹਾਂ ਵਿੱਚੋਂ 27 ਕਰਦਾਤਾ ਅਜਿਹੇ ਸਨ ਜਿਨ੍ਹਾਂ ਨੇ ਜੀ ਐਸ ਟੀ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਤੋਂ ਬਾਅਦ ਕਦੇ ਵੀ ਰਿਟਰਨ ਫਾਈਲ ਨਹੀਂ ਕੀਤੀ ਸੀ ਅਤੇ ਰਿਟਰਨ ਨਾਂ ਫਾਈਲ ਕਰਨ ਦੇ ਛੇ ਮਹੀਨਿਆਂ ਤੋਂ ਬਾਅਦ 223 ਤੋਂ 1,578 ਦਿਨਾਂ ਬਾਅਦ ਉਨ੍ਹਾਂ ਦੀਆਂ ਰਜਿਸਟ੍ਰੇਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਸਨ।

104 ਕਰਦਾਤਾਵਾਂ ਦੇ ਮਾਮਲੇ ਵਿੱਚ, ਜਿਨ੍ਹਾਂ ਦੀਆਂ ਰਜਿਸਟ੍ਰੇਸ਼ਨਾਂ ਮੁਅੱਤਲ ਕੀਤੀਆਂ ਗਈਆਂ ਸਨ, ਇਹ ਵੇਖਿਆ ਗਿਆ ਕਿ ਵਿਭਾਗ ਨੇ ਰਿਟਰਨ ਫਾਈਲ ਨਾ ਕਰਨ ਦੇ ਛੇ ਮਹੀਨਿਆਂ ਤੋਂ ਬਾਅਦ 155 ਅਤੇ 1,808 ਦਿਨਾਂ ਦੇ ਵਿਚਕਾਰ ਦੀ ਸਮਾਂ ਸੀਮਾ ਵਾਲੀਆਂ ਰਜਿਸਟ੍ਰੇਸ਼ਨਾਂ ਨੂੰ ਮੁਅੱਤਲ ਕਰਨ ਵਿੱਚ ਪੰਜ ਸਾਲ ਤੱਕ ਦਾ ਸਮਾਂ ਲਿਆ।

ਸਤੰਬਰ 2023 ਅਤੇ ਜਨਵਰੀ 2024 ਦੇ ਵਿਚਕਾਰ ਕੀਤੇ ਗਏ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਦੀਆਂ ਮਿਤੀਆਂ ਤੱਕ 42 ਨਾਨ-ਫਾਈਲਰ ਕਰਦਾਤਾ ਸਰਗਰਮ ਸਨ, ਇਸ ਤੱਥ ਦੇ ਬਾਵਜੂਦ ਕਿ ਸਾਰੇ 42 ਕਰਦਾਤਾ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਦੀਆਂ ਮਿਤੀਆਂ ਤੱਕ ਨਾਨ-ਫਾਈਲਰ ਬਣੇ ਰਹੇ।

ਰੱਦ ਕੀਤੇ, ਮੁਅੱਤਲ ਕੀਤੇ ਅਤੇ ਸਰਗਰਮ ਕਰਦਾਤਾਵਾਂ ਦੇ ਸਰਕਲ ਵਾਰ ਵੇਰਵੇ **ਸਾਰਣੀ** 2.3 ਵਿੱਚ ਦਰਸਾਏ ਗਏ ਹਨ।

---

[24] https://www.gst.gov.in

**ਸਾਰਣੀ 2.3: ਰੱਦ ਕੀਤੇ, ਮੁਅੱਤਲ ਅਤੇ ਸਰਗਰਮ ਕਰਦਾਤਾਵਾਂ ਦੇ ਸਰਕਲ ਵਾਰ ਵੇਰਵੇ**

| ਸਰਕਲ | ਰੱਦ ਰਜਿਸਟ੍ਰੇਸ਼ਨਾਂ | | ਮੁਅੱਤਲ ਰਜਿਸਟ੍ਰੇਸ਼ਨਾਂ | | ਸਰਗਰਮ ਰਜਿਸਟ੍ਰੇਸ਼ਨਾਂ |
|---|---|---|---|---|---|
| | ਕਰਦਾਤਾਵਾਂ ਦੀ ਸੰਖਿਆ | 6 ਮਹੀਨਿਆਂ ਬਾਅਦ ਅੰਤਰ (ਦਿਨਾਂ ਵਿੱਚ) | ਕਰਦਾਤਾਵਾਂ ਦੀ ਸੰਖਿਆ | 6 ਮਹੀਨਿਆਂ ਬਾਅਦ ਅੰਤਰ (ਦਿਨਾਂ ਵਿੱਚ) | |
| ਅੰਮ੍ਰਿਤਸਰ-I | 30 | 112 ਤੋਂ 1,309 | 01 | 1,624 | 06 |
| ਅੰਮ੍ਰਿਤਸਰ-II | 15 | 183 ਤੋਂ 1,532 | 01 | 392 | 22 |
| ਫਾਜ਼ਿਲਕਾ | 56 | 183 ਤੋਂ 1,150 | 00 | -- | 00 |
| ਗੁਰਦਾਸਪੁਰ | 11 | 118 ਤੋਂ 1,100 | 03 | 303 ਤੋਂ 1,608 | 02 |
| ਹੁਸ਼ਿਆਰਪੁਰ | 75 | 60 ਤੋਂ 1,314 | 02 | 1,661 ਤੋਂ 1,753 | 03 |
| ਜਲੰਧਰ-III | 03 | 1,384 ਤੋਂ 1,749 | 07 | 546 ਤੋਂ 1,808 | 00 |
| ਮਾਨਸਾ | 03 | 182 ਤੋਂ 791 | 01 | 1,749 | 01 |
| ਮੋਗਾ | 06 | 181 ਤੋਂ 1,825 | 23 | 728 ਤੋਂ 1,627 | 01 |
| ਪਠਾਨਕੋਟ | 00 | -- | 37 | 155 ਤੋਂ 1,354 | 05 |
| ਰੋਪੜ | 42 | 182 ਤੋਂ 1,659 | 29 | 1,019 ਤੋਂ 1,781 | 02 |
| **ਜੋੜ** | **241** | | **104** | | **42** |

ਨਾਨ-ਫਾਈਲਰਾਂ ਦੀਆਂ ਰਜਿਸਟ੍ਰੇਸ਼ਨਾਂ ਰੱਦ ਨਾ ਕਰਨਾ ਮਾਲੀਆਂ ਘਾਟੇ ਲਈ ਉੱਚ ਜੋਖਮ ਨੂੰ ਦਰਸਾਉਂਦਾ ਹੈ ਜਿਵੇਂ ਕਿ ਡਿਫਾਲਟਰ ਆਪਣੀਆਂ ਕਰ ਦੇਣਦਾਰੀਆਂ ਦਾ ਭੁਗਤਾਨ ਕੀਤੇ ਬਿਨਾਂ ਆਪਣਾ ਕਾਰੋਬਾਰ ਜਾਰੀ ਰੱਖ ਸਕਦੇ ਹਨ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਸਤੰਬਰ 2023 ਤੋਂ ਜਨਵਰੀ 2024 ਤੱਕ), ਰੋਪੜ ਸਰਕਲ ਦੇ ਸਬੰਧ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) 42 ਕਰਦਾਤਾਵਾਂ ਨੂੰ ਰੱਦ ਕਰਨ ਅਤੇ 29 ਕਰਦਾਤਾਵਾਂ ਨੂੰ ਮੁਅੱਤਲ ਕਰਨ ਵਿੱਚ ਦੇਰੀ ਲਈ ਸਟਾਫ ਦੀ ਘਾਟ, ਭਾਰੀ ਕੰਮ ਦੇ ਬੋਝ ਅਤੇ ਤਕਨੀਕੀ ਸਮੱਸਿਆਵਾਂ ਜ਼ਿੰਮੇਵਾਰ ਠਹਿਰਾਇਆ। ਵਿਭਾਗ ਨੇ ਅੱਗੇ ਜਵਾਬ ਦਿੱਤਾ ਕਿ ਇਸ ਸਮੇਂ ਰੱਦ ਕਰਨ ਅਤੇ ਮੁਅੱਤਲ ਕਰਨ ਦੀਆਂ ਕਾਰਵਾਈਆਂ ਸਮਾਂ ਸੀਮਾ ਦੇ ਅੰਦਰ ਕੀਤੀਆਂ ਜਾ ਰਹੀਆਂ ਹਨ। ਰੋਪੜ ਸਰਕਲ ਅਧੀਨ ਨਾਨ ਫਾਈਲਰਾਂ ਦੀਆਂ ਦੋ ਸਰਗਰਮ ਰਜਿਸਟ੍ਰੇਸ਼ਨਾਂ ਦੇ ਸਬੰਧ ਵਿੱਚ, ਇਹ ਜਵਾਬ ਦਿੱਤਾ ਗਿਆ ਸੀ ਕਿ ਦੋਵੇਂ ਕਰਦਾਤਾ ਵੈਟ ਪ੍ਰਣਾਲੀ ਤੋਂ ਮਾਈਗ੍ਰੇਟ ਹੋ ਗਏ ਸਨ ਅਤੇ ਉਨ੍ਹਾਂ ਨੂੰ ਆਰਜ਼ੀ ਜੀ ਐਸ ਟੀ ਆਈ ਐਨ[25] ਅਲਾਟ ਕੀਤਾ ਗਿਆ ਸੀ। ਪੋਰਟਲ ਆਰਜ਼ੀ ਜੀ ਐਸ ਟੀ ਆਈ ਐਨਜ਼ ਨੂੰ ਰੱਦ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ। ਬਾਕੀ ਨੌਂ ਸਰਕਲਾਂ ਦੇ ਸਬੰਧ ਵਿੱਚ ਜਵਾਬ ਪੇਸ਼ ਨਹੀਂ ਕੀਤੇ ਗਏ ਸਨ (ਜਨਵਰੀ 2025)।

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਵਿਭਾਗ ਨੂੰ ਨਾਨ-ਫਾਈਲਰ ਸਰਗਰਮ ਅਤੇ ਮੁਅੱਤਲ ਜੀ ਐਸ ਟੀ ਆਈ ਐਨਜ਼ ਨੂੰ ਰੱਦ ਕਰਨ ਲਈ ਉਚਿਤ ਕਾਰਵਾਈ ਕਰਨ ਦੀ ਲੋੜ ਹੈ ਕਿਉਂਕਿ ਇਨ੍ਹਾਂ ਜੀ ਐਸ ਟੀ ਆਈ ਐਨਜ਼ ਨੂੰ ਰੱਦ ਨਾ ਕਰਨ ਨਾਲ ਮਾਲੀਆ ਦੇ ਨੁਕਸਾਨ ਦਾ ਖਤਰਾ ਹੈ।

25 ਵਸਤਾਂ ਅਤੇ ਸੇਵਾਵਾਂ ਕਰ ਪਛਾਣ ਨੰਬਰ

**ਸਿਫਾਰਸ਼ 2: ਵਿਭਾਗ ਰਿਟਰਨ ਫਾਈਲ ਕਰਨ ਅਤੇ ਨਾਨ-ਫਾਈਲਰਾਂ 'ਤੇ ਕੀਤੀ ਗਈ ਕਾਰਵਾਈ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰ ਸਕਦਾ ਹੈ।**

### 2.7.1.3 ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨਾ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 29 ਅਤੇ ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 20 ਅਨੁਸਾਰ ਕੁਝ ਖਾਸ ਸਥਿਤੀਆਂ ਵਿੱਚ ਕਾਰੋਬਾਰ ਦਾ ਬੰਦ ਰਜਿਸਟ੍ਰੇਸ਼ਨ ਲਈ ਸੀਮਾ ਤੋਂ ਹੇਠਾਂ ਆਉਣ ਵਾਲੇ ਟਰਨਓਵਰ, ਕਾਰੋਬਾਰ ਦਾ ਤਬਾਦਲਾ/ਵਿਲੀਨਤਾ/ਏਕੀਕਰਨ, ਪੈਨ ਵਿੱਚ ਤਬਦੀਲੀ ਨਿਰਧਾਰਤ ਸਮੇਂ ਦੇ ਅੰਦਰ ਕਾਰੋਬਾਰ ਸ਼ੁਰੂ ਨਾ ਕਰਨਾ ਅਤੇ ਮਾਲਕ ਦੀ ਮੌਤ ਵਰਗੀਆਂ ਕੁਝ ਸਥਿਤੀਆਂ ਵਿੱਚ ਕਰਦਾਤਾ ਦੁਆਰਾ ਰਜਿਸਟ੍ਰੇਸ਼ਨ ਰੱਦ ਕਰਨ ਦੀ ਆਗਿਆ ਦਿੱਤੀ ਗਈ ਹੈ।

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 29(2) ਕਰ ਅਧਿਕਾਰੀ ਦੁਆਰਾ ਕਰਦਾਤਾ ਦੁਆਰਾ ਐਕਟ ਜਾਂ ਨਿਯਮਾਂ ਦੀ ਉਲੰਘਣਾ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਲਗਾਤਾਰ ਤਿੰਨ ਕਰ ਮਿਆਦਾਂ ਲਈ ਰਿਟਰਨ ਫਾਈਲ ਨਾ ਕਰਨ, ਆਮ ਕਰਦਾਤਾਵਾਂ ਦੁਆਰਾ ਲਗਾਤਾਰ ਛੇ ਮਹੀਨਿਆਂ ਦੀ ਮਿਆਦ ਲਈ ਰਿਟਰਨ ਫਾਇਲ ਨਾ ਕਰਨ, ਰਜਿਸਟਰਡ ਵਿਅਕਤੀਆਂ ਦੁਆਰਾ ਧੋਖਾਧੜੀ, ਜਾਣਬੁੱਝ ਕੇ ਗਲਤ ਬਿਆਨੀ ਜਾਂ ਤੱਥਾਂ ਨੂੰ ਦਬਾਉਣ ਦੁਆਰਾ ਪ੍ਰਾਪਤ ਕੀਤੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਕਾਰੋਬਾਰ ਸ਼ੁਰੂ ਨਾ ਕਰਨ ਦੇ ਅਧਾਰ 'ਤੇ ਕਰ ਅਧਿਕਾਰੀ ਦੁਆਰਾ ਕਰਦਾਤਾ ਦੀ ਰਜਿਸਟ੍ਰੇਸ਼ਨ ਨੂੰ ਸਵੈ-ਮੋਟੋ ਰੱਦ ਕਰਨ ਦੀ ਇਜਾਜ਼ਤ ਦਿੰਦਾ ਹੈ।

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 45 ਅਨੁਸਾਰ (ੳ) ਇਨਪੁਟ ਸਰਵਿਸ ਡਿਸਟ੍ਰੀਬਿਊਟਰ ਜਾਂ ਗੈਰ-ਨਿਵਾਸੀ ਕਰਯੋਗ ਵਿਅਕਤੀ ਜਾਂ (ਅ) ਕੰਪੋਜ਼ਿਸ਼ਨ ਕਰਯੋਗ ਵਿਅਕਤੀ (ਧਾਰਾ 10) ਜਾਂ (ੲ) ਧਾਰਾ 51 ਅਧੀਨ ਕਰ ਅਦਾ ਕਰਨ ਵਾਲੇ ਵਿਅਕਤੀ- ਸਰੋਤ 'ਤੇ ਕਰ ਕਟੌਤੀ (ਟੀ ਡੀ ਐਸ) ਜਾਂ ਧਾਰਾ 52 ਅਧੀਨ ਕਰ ਅਦਾ ਕਰਨ ਵਾਲੇ ਵਿਅਕਤੀਆਂ ਤੋਂ ਇਲਾਵਾ ਹਰੇਕ ਰਜਿਸਟਰਡ ਵਿਅਕਤੀ ਨੂੰ ਲੋੜੀਂਦਾ ਹੈ, ਸਰੋਤ 'ਤੇ ਇਕੱਠਾ ਕੀਤਾ ਕਰ (ਟੀ ਸੀ ਐਸ), ਜਿਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਹੈ, ਨੂੰ ਰੱਦ ਕਰਨ ਦੀ ਪ੍ਰਭਾਵੀ ਮਿਤੀ ਜਾਂ ਰੱਦ ਕਰਨ ਦੇ ਆਦੇਸ਼ ਤੋਂ ਮਹੀਨਿਆਂ ਦੇ ਅੰਦਰ ਜੀ ਐਸ ਟੀ ਆਰ-10 ਵਿੱਚ ਅੰਤਿਮ ਰਿਟਰਨ ਫਾਈਲ ਕਰਨੀ ਹੋਵੇਗੀ, ਜੋ ਵੀ ਬਾਅਦ ਵਿੱਚ ਹੋਵੇ। ਅੰਤਿਮ ਰਿਟਰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਰਦਾਤਾ ਬਕਾਇਆ ਦੇਣਦਾਰੀ ਦਾ ਨਿਪਟਾਰਾ ਕਰੇ। ਜੀ ਐਸ ਟੀ ਆਰ-10 ਨਾ ਫਾਈਲ ਕਰਨ ਦੀ ਸੂਰਤ ਵਿੱਚ, ਕਰ ਅਧਿਕਾਰੀ ਦੁਆਰਾ ਕਿਸੇ ਵੀ ਰਿਟਰਨ ਨੂੰ ਫਾਈਲ ਨਾ ਕਰਨ ਲਈ ਅਪਣਾਈ ਗਈ ਉਹੀ ਪ੍ਰਕਿਰਿਆ ਅਪਣਾਈ ਜਾਣੀ ਚਾਹੀਦੀ ਹੈ।

***ਰਜਿਸਟ੍ਰੇਸ਼ਨਾਂ ਰੱਦ ਕਰਨ ਵਿੱਚ ਦੇਰੀ***

ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 22 (1) ਅਨੁਸਾਰ, ਜਿੱਥੇ ਪਰੋਪਰ ਅਧਿਕਾਰੀ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ ਧਾਰਾ 29 ਅਧਿਨ ਕਿਸੇ ਵਿਅਕਤੀ ਦੀ ਰਜਿਸਟ੍ਰੇਸ਼ਨ ਰੱਦ ਕੀਤੀ ਜਾ ਸਕਦੀ ਹੈ, ਉਹ ਅਜਿਹੇ ਵਿਅਕਤੀ ਨੂੰ ਇੱਕ ਨੋਟਿਸ ਜਾਰੀ ਕਰੇਗਾ, ਜਿਸ ਵਿੱਚ ਉਸ ਨੂੰ ਅਜਿਹੇ ਨੋਟਿਸ ਦੀ ਸੇਵਾ ਦੀ ਮਿਤੀ ਤੋਂ ਸੱਤ ਕੰਮਕਾਜੀ ਦਿਨਾਂ ਦੀ ਮਿਆਦ ਦੇ ਅੰਦਰ ਕਾਰਨ ਦੱਸਣ

ਲਈ ਕਿਹਾ ਜਾਵੇਗਾ, ਕਿਉਂ ਨਾ ਉਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਜਾਵੇ। ਅਜਿਹੇ ਕਾਰਨ ਦੱਸੋ ਨੋਟਿਸ ਦਾ ਜਵਾਬ ਸੱਤ ਦਿਨਾਂ ਦੀ ਮਿਆਦ ਅੰਦਰ ਪੇਸ਼ ਕੀਤਾ ਜਾਵੇਗਾ। ਸੱਤ ਦਿਨਾਂ ਦੇ ਅੰਦਰ ਕਰਦਾਤਾ ਤੋਂ ਸਤੁੰਸ਼ਟੀਜਨਕ ਜਵਾਬ ਪ੍ਰਾਪਤ ਹੋਣ 'ਤੇ ਰੱਦ ਕਰਨ ਦੀ ਕਾਰਵਾਈ ਰੱਦ ਕਰ ਦਿੱਤੀ ਜਾਵੇਗੀ। ਸੱਤ ਦਿਨਾਂ ਦੀ ਨਿਰਧਾਰਤ ਮਿਆਦ ਦੇ ਅੰਦਰ ਜਵਾਬ ਨਾ ਦੇਣ ਜਾਂ ਅਸੰਤੋਸ਼ਜਨਕ ਜਵਾਬ ਦੇਣ ਦੀ ਸੂਰਤ ਵਿੱਚ, ਜਵਾਬ ਪ੍ਰਾਪਤ ਹੋਣ ਦੀ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਰਜਿਸਟ੍ਰੇਸ਼ਨ ਰੱਦ ਕਰਨ ਦਾ ਆਦੇਸ਼ ਜਾਰੀ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 22(3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿੱਥੇ ਕੋਈ ਵਿਅਕਤੀ ਜਿਸ ਨੇ ਆਪਣੀ ਰਜਿਸਟ੍ਰੇਸ਼ਨ ਰੱਦ ਕਰਨ ਲਈ ਅਰਜ਼ੀ ਦਿੱਤੀ ਹੈ, ਪਰੋਪਰ ਅਧਿਕਾਰੀ ਅਰਜ਼ੀ ਦੀ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਰਜਿਸਟ੍ਰੇਸ਼ਨ ਰੱਦ ਕਰਨ ਦਾ ਆਦੇਸ਼ ਜਾਰੀ ਕਰੇਗਾ।

ਚੁਣੇ ਹੋਏ ਦਸ ਸਰਕਲਾਂ ਤੋਂ 2020-21 ਦੌਰਾਨ ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਦੁਆਰਾ (ਅਗਸਤ ਤੋਂ ਨਵੰਬਰ 2023) ਲਈ ਮੰਗੀ ਗਈ ਜਾਣਕਾਰੀ ਸਿਰਫ ਚਾਰ ਸਰਕਲਾਂ[26] ਦੁਆਰਾ ਪ੍ਰਦਾਨ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਇੱਕ ਸਰਕਲ[27] ਨੇ ਕੋਈ ਜਾਣਕਾਰੀ ਪ੍ਰਦਾਨ ਨਹੀਂ ਕੀਤੀ। ਬਾਕੀ ਛੇ ਸਰਕਲਾਂ[28] ਨੇ ਜਾਣਕਾਰੀ ਨਹੀਂ ਦਿੱਤੀ। ਲੇਖਾ ਪ੍ਰੀਖਿਆ ਨੇ ਜੀ ਐਸ ਟੀ ਪੋਰਟਲ ਤੇ ਇਨ੍ਹਾਂ ਸਰਕਲਾਂ ਦੇ ਸਬੰਧ ਵਿੱਚ ਐਮ ਆਈ ਐਸ ਰਿਪੋਰਟਾਂ ਤੋਂ ਰੱਦ ਕੀਤੇ ਕਰਦਾਤਾਵਾਂ ਦੀ ਜਾਣਕਾਰੀ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਜਲੰਧਰ-III ਸਰਕਲ ਵੱਲੋਂ ਦਿੱਤੀ ਗਈ ਜਾਣਕਾਰੀ ਐਮ ਆਈ ਐਸ ਦੀ ਰਿਪੋਰਟ ਵਿੱਚ ਸਹੀ ਪਾਈ ਗਈ ਸੀ। ਹਾਲਾਂਕਿ, ਤਿੰਨ ਸਰਕਲਾਂ[29] ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਐਮ ਆਈ ਐਸ ਰਿਪੋਰਟਾਂ ਦੇ ਅੰਕੜਿਆਂ ਦੇ ਸਬੰਧ ਵਿੱਚ ਵੱਡੀਆਂ ਭਿੰਨਤਾਵਾਂ ਸਨ। ਬਾਕੀ ਛੇ ਸਰਕਲਾਂ ਜਿਨ੍ਹਾਂ ਨੇ ਕੋਈ ਜਾਣਕਾਰੀ ਨਹੀਂ ਦਿੱਤੀ, ਨਾਲ ਸਬੰਧਤ ਜਾਣਕਾਰੀ ਵੀ ਐਮ ਆਈ ਐਸ ਰਿਪੋਰਟਾਂ ਤੋਂ ਹਾਸਲ ਕੀਤੀ ਗਈ। ਇਸ ਲਈ, ਲੇਖਾ ਪ੍ਰੀਖਿਆ ਨੇ ਅੱਗੇ ਦੇ ਵਿਸ਼ਲੇਸ਼ਣ ਲਈ ਐਮ ਆਈ ਐਸ ਰਿਪੋਰਟ ਦੇ ਅੰਕੜਿਆਂ 'ਤੇ ਭਰੋਸਾ ਕੀਤਾ, ਅੰਕੜਿਆਂ ਤੋਂ ਇਹ ਵੇਖਿਆ ਗਿਆ ਕਿ (ਸਤੰਬਰ 2023 ਅਤੇ ਜੂਨ 2024) ਅਰਜ਼ੀਆਂ 'ਤੇ 4,047 ਰਜਿਸਟ੍ਰੇਸ਼ਨਾਂ ਰੱਦ ਕੀਤੀਆਂ ਗਈਆਂ ਸਨ ਅਤੇ ਨੌਂ ਸਰਕਲਾਂ[30] ਵਿੱਚ 3,448 ਰਜਿਸਟ੍ਰੇਸ਼ਨਾਂ ਸਵੈ-ਮੋਟੋ ਰੱਦ ਕੀਤੀਆਂ ਗਈਆਂ ਸਨ। ਇਨ੍ਹਾਂ ਮਾਮਲਿਆਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਅਰਜ਼ੀਆਂ 'ਤੇ 1,835 ਰੱਦ ਕਰਨ ਅਤੇ 1,358 ਰਜਿਸਟ੍ਰੇਸ਼ਨਾਂ ਨੂੰ ਸਵੈ-ਮੋਟੋ ਰੱਦ ਕਰਨ ਵਿੱਚ ਇੱਕ ਤੋਂ 1,035 ਦਿਨ ਦੀ ਦੇਰੀ ਹੋਈ ਹੈ। ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨ ਵਿੱਚ ਸਰਕਲ-ਵਾਰ ਦੇਰੀ **ਸਾਰਣੀ** 2.4 ਵਿੱਚ ਦਰਸਾਈ ਗਈ ਹੈ।

[26] ਫਾਜ਼ਿਲਕਾ, ਜਲੰਧਰ-III, ਮੋਗਾ ਅਤੇ ਪਠਾਨਕੋਟ

[27] ਜਲੰਧਰ-III

[28] ਅੰਮ੍ਰਿਤਸਰ-I, ਅੰਮ੍ਰਿਤਸਰ-II, ਗੁਰਦਾਸਪੁਰ, ਹੁਸ਼ਿਆਰਪੁਰ, ਮਾਨਸਾ ਅਤੇ ਰੋਪੜ

[29] ਫਾਜਿਲਕਾ, ਮੋਗਾ ਅਤੇ ਪਠਾਨਕੋਟ

[30] ਐਮ ਆਈ ਐਸ ਰਿਪੋਰਟ ਦੇ ਅੰਕੜਿਆਂ ਅਤੇ ਜਲੰਧਰ-III ਸਰਕਲ ਵੱਲੋਂ ਪ੍ਰਾਦਨ ਕੀਤੀ ਗਈ ਜਾਣਕਾਰੀ ਅਨੁਸਾਰ ਸਾਲ 2020-21 ਦੌਰਾਨ ਇਸ ਸਰਕਲ ਵਿੱਚ ਕੋਵੀ ਰੱਦ ਨਹੀਂ ਕੀਤਾ ਗਿਆ ਸੀ।

**ਸਾਰਣੀ 2.4: ਰਜਿਸਟ੍ਰੇਸ਼ਨਾਂ ਰੱਦ ਕਰਨ ਵਿੱਚ ਦੇਰੀ**

| ਸਰਕਲ | ਰੱਦਗੀਆਂ | | ਦੇਰੀ ਨਾਲ ਰੱਦ ਕੀਤੀਆਂ | | |
|---|---|---|---|---|---|
| | ਅਰਜ਼ੀ 'ਤੇ | ਸਵੈ-ਮੋਟੋ | ਅਰਜ਼ੀ 'ਤੇ | ਸਵੈ-ਮੋਟੋ | ਦੇਰੀ ਦਿਨਾਂ ਵਿੱਚ |
| ਅੰਮ੍ਰਿਤਸਰ-I | 585 | 659 | 379 | 214 | 1 ਤੋਂ 941 |
| ਅੰਮ੍ਰਿਤਸਰ -II | 508 | 539 | 253 | 241 | 1 ਤੋਂ 941 |
| ਫਾਜ਼ਿਲਕਾ | 635 | 408 | 203 | 65 | 2 ਤੋਂ 1,035 |
| ਗੁਰਦਾਸਪੁਰ | 357 | 383 | 133 | 81 | 1 ਤੋਂ 855 |
| ਹੁਸ਼ਿਆਰਪੁਰ | 442 | 516 | 183 | 370 | 1 ਤੋਂ 828 |
| ਮਾਨਸਾ | 413 | 200 | 147 | 56 | 1 ਤੋਂ 321 |
| ਮੋਗਾ | 405 | 285 | 211 | 180 | 1 ਤੋਂ 919 |
| ਪਠਾਨਕੋਟ | 255 | 266 | 131 | 86 | 1 ਤੋਂ 848 |
| ਰੋਪੜ | 447 | 192 | 195 | 65 | 1 ਤੋਂ ਤੋਂ 932 |
| **ਜੋੜ** | **4,047** | **3,448** | **1,835** | **1,358** | **1 ਤੋਂ 1,035** |
| | **7,495** | | **3,193** | | |

*ਸ੍ਰੋਤ: ਐਮ ਆਈ ਐਸ ਰਿਪੋਰਟਾਂ ਦੇ ਅਧਾਰ 'ਤੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ*

ਧਿਆਨ ਵਿੱਚ ਲਿਆਂਦੇ ਜਾਣੇ 'ਤੇ (ਸਤੰਬਰ 2023 ਅਤੇ ਜੂਨ 2024 ਦੇ ਵਿਚਕਾਰ), ਕਿਸੇ ਵੀ ਸਰਕਲ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ। ਸਰਕਲਾਂ ਤੋਂ ਜਵਾਬ ਨਾ ਮਿਲਣ ਕਾਰਨ ਲੇਖਾ ਪ੍ਰੀਖਿਆ ਦੇਰੀ ਦੇ ਕਾਰਨਾਂ ਦੀ ਪੜਤਾਲ ਕਰਨ ਵਿੱਚ ਅਸਮਰੱਥ ਸੀ ਅਤੇ ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨ ਵਿੱਚ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਦੀ ਪ੍ਰਭਾਵਸ਼ੀਲਤਾ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਿਆ।

**ਸਿਫਾਰਸ਼ 3: ਵਿਭਾਗ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰ ਸਕਦਾ ਹੈ ਤਾਂ ਜੋ ਅਰਜ਼ੀ 'ਤੇ ਅਤੇ ਸਵੈ-ਮੋਟੋ 'ਤੇ ਜੀ ਐਸ ਟੀ ਰਜਿਸਟ੍ਰੇਸ਼ਨਾਂ ਨੂੰ ਸਮੇਂ ਸਿਰ ਰੱਦ ਕਰਨ ਲਈ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕੀਤੀ ਜਾ ਸਕੇ ਅਤੇ ਬਣਾਈ ਰੱਖੀ ਜਾ ਸਕੇ।**

#### 2.7.1.4 ਰੱਦ ਹੋਣ ਤੋਂ ਬਾਅਦ ਜੀ ਐਸ ਟੀ ਆਰ-10 ਰਿਟਰਨ ਫਾਈਲ ਨਾ ਕਰਨਾ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 45 ਅਨੁਸਾਰ ਰੱਦ ਕੀਤੇ ਕਰਦਾਤਾ ਲਈ ਇਹ ਲਾਜ਼ਮੀ ਹੈ ਕਿ ਉਹ ਰੱਦ ਹੋਣ ਦੀ ਮਿਤੀ ਜਾਂ ਰੱਦ ਕਰਨ ਦੇ ਆਦੇਸ਼ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਮਿਆਦ ਦੇ ਅੰਦਰ ਜੋ ਵੀ ਬਾਅਦ ਵਿੱਚ ਹੋਵੇ ਫਾਰਮ ਜੀ ਐਸ ਟੀ ਆਰ-10 ਵਿੱਚ ਅੰਤਿਮ ਰਿਟਰਨ ਫਾਈਲ ਕਰ ਅਤੇ ਆਪਣੀਆਂ ਬਕਾਇਆ ਕਰ ਦੇਣਦਾਰੀਆਂ ਦਾ ਨਿਪਟਾਰਾ ਕਰੇ।

ਜੇਕਰ ਕਿਸੇ ਮਾਮਲੇ ਵਿੱਚ ਰੱਦ ਕੀਤੇ ਕਰਦਾਤਾ ਨਿਰਧਾਰਤ ਮਿਆਦ ਦੇ ਅੰਦਰ ਅੰਤਿਮ ਰਿਟਰਨ ਜੀ ਐਸ ਟੀ ਆਰ-10 ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਐਕਟ ਦੀ ਧਾਰਾ 46 ਦੇ ਤਹਿਤ ਪਰੋਪਰ ਅਧਿਕਾਰੀ ਦੁਆਰਾ ਇੱਕ ਨੋਟਿਸ ਜਾਰੀ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਰੱਦ ਕੀਤੇ ਕਰਦਾਤਾ ਨੂੰ 15 ਦਿਨਾਂ ਦੇ ਅੰਦਰ ਆਪਣੀ ਜੀ ਐਸ ਟੀ ਆਰ-10 ਰਿਟਰਨ ਜਮ੍ਹਾਂ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਜੇਕਰ ਰੱਦ ਕੀਤਾ ਗਿਆ ਕਰਦਾਤਾ ਨੋਟਿਸ ਦੇਣ ਤੋਂ ਬਾਅਦ ਵੀ ਆਪਣੀ

ਜੀ ਐਸ ਟੀ ਆਰ-10 ਰਿਟਰਨ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਐਕਟ ਦੀ ਧਾਰਾ 62 ਅਧੀਨ ਪਰੋਪਰ ਅਧਿਕਾਰੀ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਉਕਤ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਆਪਣੇ ਨਿਰਣੇ ਦੇ ਸਭ ਤੋਂ ਵਧੀਆ ਤਰੀਕੇ ਨਾਲ ਸਾਰੀ ਸਬੰਧਿਤ ਸਮੱਗਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਕਿ ਉਪਲਬਧ ਹੈ ਜਾਂ ਉਸਨੇ ਇੱਕਠੀ ਕੀਤੀ ਹੈ ਅਤੇ ਜਿਸ ਨਾਲ ਸਬੰਧਿਤ ਕਰ ਭੁਗਤਾਨ ਨਹੀਂ ਕੀਤਾ ਗਿਆ ਹੈ, ਉਸ ਵਿੱਤੀ ਸਾਲ ਲਈ ਸਲਾਨਾ ਰਿਟਰਨ ਪੇਸ਼ ਕਰਨ ਦੀ ਨਿਯਤ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਇੱਕ ਮੁਲਾਂਕਣ ਆਦੇਸ਼ ਜਾਰੀ ਕਰੇ।

ਜੇ ਰੱਦ ਕੀਤਾ ਕਰਦਾਤਾ ਐਕਟ ਦੀ ਧਾਰਾ 62 ਦੇ ਅਧੀਨ ਮੁਲਾਂਕਣ ਆਦੇਸ਼ ਪਾਸ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਆਪਣੀਆਂ ਕਰ ਦੇਣਦਾਰੀਆਂ ਦਾ ਨਿਪਟਾਰਾ ਨਹੀਂ ਕਰਦਾ ਹੈ, ਤਾਂ ਪਰੋਪਰ ਅਧਿਕਾਰੀ ਐਕਟ ਦੀ ਧਾਰਾ 78 ਦੇ ਅਧਿਨ ਵਸੂਲੀ ਦੀ ਕਾਰਵਾਈ ਸ਼ੁਰੂ ਕਰੇਗਾ ਅਤੇ ਐਕਟ ਦੀ ਧਾਰਾ 79 ਦੇ ਅਧਿਨ ਨਿਰਧਾਰਤ ਇਕ ਜਾਂ ਵਧੇਰੇ ਤਰੀਕਿਆਂ ਨਾਲ ਬਕਾਇਆ ਕਰ ਬਕਾਏ ਦੀ ਵਸੂਲੀ ਕਰੇਗਾ।

ਇਸ ਤੋਂ ਇਲਾਵਾ, ਐਕਟ ਦੀ ਧਾਰਾ 83 ਕਮਿਸ਼ਨਰ ਨੂੰ ਐਕਟ ਦੀ ਧਾਰਾ 62 ਦੇ ਅਧਿਨ ਕਾਰਵਾਈ ਦੇ ਲੰਬਿਤ ਹੋਣ ਦੌਰਾਨ ਕਰਯੋਗ ਵਿਅਕਤੀ ਨਾਲ ਸਬੰਧਿਤ ਬੈਂਕ ਲੇਖੇ ਸਮੇਤ ਕਿਸੇ ਵੀ ਜਾਇਦਾਦ ਨੂੰ ਅਸਥਾਈ ਤੌਰ 'ਤੇ ਕੁਰਕ ਕਰਨ ਦਾ ਅਧਿਕਾਰ ਦਿੰਦੀ ਹੈ, ਜੇ ਉਸ ਦੀ ਰਾਏ ਹੈ ਕਿ ਸਰਕਾਰੀ ਮਾਲੀਆ ਦੇ ਹਿੱਤਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ।

ਉਨ੍ਹਾਂ ਕਰਦਾਤਾਵਾਂ ਦੀ ਪਛਾਣ ਕਰਨ ਲਈ ਜਿਨ੍ਹਾਂ ਦੀ ਰਜਿਸਟ੍ਰੇਸ਼ਨਾਂ 2020-21 ਵਿੱਚ ਰੱਦ ਕਰ ਦਿੱਤੀਆਂ ਗਈਆਂ ਸਨ ਪਰ ਜੀ ਐਸ ਟੀ ਆਰ-10 ਰਿਟਰਨ ਫਾਈਲ ਨਹੀਂ ਕੀਤੀ ਗਈ ਸੀ, ਲੇਖਾ ਪ੍ਰੀਖਿਆ ਨੇ ਚੁਣੇ ਹੋਏ ਦਸ ਸਰਕਲਾਂ ਦੇ ਸਬੰਧ ਵਿੱਚ 30 ਜਨਵਰੀ 2024 ਨੂੰ 2020-21 ਵਿੱਚ ਰੱਦ ਕੀਤੀਆਂ ਰਜਿਸਟ੍ਰੇਸ਼ਨਾਂ ਦੇ ਐਮ ਆਈ ਐਸ ਰਿਪੋਰਟ ਦੇ ਅੰਕੜਿਆਂ ਦੀ ਤੁਲਨਾ ਜੀ ਐਸ ਟੀ ਆਰ-10 ਡਿਫਾਲਟਰਾਂ ਦੀ ਐਮ ਆਈ ਐਸ ਰਿਪੋਰਟ ਦੇ ਅੰਕੜਿਆਂ ਨਾਲ ਕੀਤੀ। ਲੇਖਾ ਪ੍ਰੀਖਿਆ ਵਿਸ਼ਲੇਸ਼ਣ (ਸਤੰਬਰ 2023 ਤੋਂ ਜੂਨ 2024) ਤੋਂ ਪਤਾ ਲੱਗਾ ਹੈ ਕਿ ਨੌਂ ਸਰਕਲਾਂ[31] ਅਧੀਨ ਰੱਦ ਕੀਤੇ ਗਏ 3,150 ਕਰਦਾਤਾਵਾਂ (42.03 *ਪ੍ਰਤੀਸ਼ਤ*) ਨੇ 30 ਜਨਵਰੀ 2024 ਤੱਕ ਜੀ ਐਸ ਟੀ ਆਰ-10 ਰਿਟਰਨ ਫਾਈਲ ਨਹੀਂ ਕੀਤੀ ਸੀ। ਵਿਭਾਗ ਨੇ 3,150 ਕਰਦਾਤਾਵਾਂ ਵਿੱਚੋਂ 1,765 ਰਜਿਸਟ੍ਰੇਸ਼ਨਾਂ ਅਰਜ਼ੀਆਂ 'ਤੇ ਰੱਦ ਕਰ ਦਿੱਤੀਆਂ ਅਤੇ 1,385 ਰਜਿਸਟ੍ਰੇਸ਼ਨਾਂ ਨੂੰ ਸਵੈ-ਮੋਟੋ ਰੱਦ ਕਰ ਦਿੱਤਾ ਗਿਆ ਸੀ। ਜੀ ਐਸ ਟੀ ਆਰ-10 ਰਿਟਰਨ ਫਾਈਲ ਨਾ ਕਰਨ ਦੇ ਸਰਕਲ ਵਾਰ **ਸਾਰਣੀ** 2.5 ਵਿੱਚ ਦਰਸਾਏ ਗਏ ਹਨ।

[31] ਐਮ ਆਈ ਐਸ ਰਿਪੋਰਟ ਦੇ ਅੰਕੜਿਆਂ ਅਤੇ ਜਲੰਧਰ-III ਸਰਕਲ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਅਨੁਸਾਰ 2020-21 ਦੌਰਾਨ ਇਸ ਸਰਕਲ ਵਿੱਚ ਕੋਈ ਰੱਦ ਨਹੀਂ ਕੀਤਾ ਗਿਆ ਸੀ।

## ਸਾਰਣੀ 2.5: ਜੀ ਐਸ ਟੀ ਆਰ-10 ਨੂੰ ਫਾਈਲ ਨਾ ਕਰਨਾ

| ਸਰਕਲ | ਰੱਦ ਕੀਤੀਆਂ ਰਜਿਸਟ੍ਰੇਸ਼ਨ | | | ਜੀ ਐਸ ਟੀ ਆਰ-10 ਦੇ ਨਾਨ ਫਾਈਲਰ | | | ਨਾਨ-ਫਾਈਲਰਾਂ ਦੀ *ਪ੍ਰਤੀਸ਼ਤਤਾ* |
|---|---|---|---|---|---|---|---|
| | ਅਰਜ਼ੀ 'ਤੇ | ਸਵੈ-ਮੋਟੋ | ਜੋੜ | ਅਰਜ਼ੀ 'ਤੇ | ਸਵੈ-ਮੋਟੋ | ਜੋੜ | |
| ਅੰਮ੍ਰਿਤਸਰ-I | 585 | 659 | 1,244 | 298 | 221 | 519 | 41.72 |
| ਅੰਮ੍ਰਿਤਸਰ-II | 508 | 539 | 1,047 | 230 | 150 | 380 | 36.29 |
| ਫਾਜ਼ਿਲਕਾ | 635 | 408 | 1,043 | 325 | 200 | 525 | 50.34 |
| ਗੁਰਦਾਸਪੁਰ | 357 | 383 | 740 | 148 | 164 | 312 | 42.16 |
| ਹੁਸ਼ਿਆਰਪੁਰ | 442 | 516 | 958 | 173 | 186 | 359 | 37.47 |
| ਮਾਨਸਾ | 413 | 200 | 613 | 155 | 145 | 300 | 48.94 |
| ਮੋਗਾ | 405 | 285 | 690 | 140 | 83 | 223 | 32.32 |
| ਪਠਾਨਕੋਟ | 255 | 266 | 521 | 85 | 123 | 208 | 39.92 |
| ਰੋਪੜ | 447 | 192 | 639 | 211 | 113 | 324 | 50.70 |
| **ਜੋੜ** | **4,047** | **3,448** | **7,495** | **1,765** | **1,385** | **3,150** | **42.03** |

***ਸ੍ਰੋਤ:** ਐਮ ਆਈ ਐਸ ਰਿਪੋਰਟਾਂ ਦੇ ਅਧਾਰ 'ਤੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ*

ਉਪਰੋਕਤ ਸਾਰਣੀ ਦਰਸਾਉਂਦੀ ਹੈ ਕਿ ਰੱਦ ਕੀਤੇ ਗਏ ਕਰਦਾਤਾਵਾਂ ਵਿੱਚੋਂ 42.03 *ਪ੍ਰਤੀਸ਼ਤ* ਨੇ ਜੀ ਐਸ ਟੀ ਆਰ-10 ਰਿਟਰਨ ਦਾਖਲ ਨਹੀਂ ਕੀਤੀ ਸੀ। ਰੋਪੜ ਸਰਕਲ ਵਿੱਚ ਡਿਫਾਲਟਰਾਂ ਦੀ ਪ੍ਰਤੀਸ਼ਤਤਾ ਸਭ ਤੋਂ ਵੱਧ 50.70 *ਪ੍ਰਤੀਸ਼ਤ* ਸੀ ਜਦੋਂ ਕਿ ਮੋਗਾ ਸਰਕਲ ਵਿੱਚ ਡਿਫਾਲਟਰਾਂ ਦੀ ਸਭ ਤੋਂ ਘੱਟ ਪ੍ਰਤੀਸ਼ਤਤਾ 32.32 *ਪ੍ਰਤੀਸ਼ਤ* ਸੀ। ਲੇਖਾ ਪ੍ਰੀਖਿਆ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਫਾਜ਼ਿਲਕਾ ਸਰਕਲ ਵੱਲੋਂ ਜੀ ਐਸ ਟੀ ਆਰ-10 ਰਿਟਰਨ ਭਰਨ ਲਈ ਅਸਫਲ ਰਹਿਣ ਲਈ ਰੱਦ ਕੀਤੇ ਕਰਦਾਤਾ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ (ਸਤੰਬਰ 2023)। ਬਾਕੀ ਅੱਠ ਸਰਕਲਾਂ ਨੇ ਜੀ ਐਸ ਟੀ ਆਰ-10 ਡਿਫਾਲਟਰਾਂ ਵਿਰੁੱਧ ਸ਼ੁਰੂ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਨਹੀਂ ਦਿੱਤੀ, ਜਿਸ ਦੀ ਅਣਹੋਂਦ ਵਿੱਚ ਜੀ ਐਸ ਟੀ ਆਰ-10 ਰਿਟਰਨ ਦਾਖਲ ਨਾ ਕਰਨ ਵਾਲੇ ਰੱਦ ਕਰਦਾਤਾਵਾਂ ਵਿਰੁੱਧ ਇਨਾਂ ਸਰਕਲਾਂ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕੀ। ਇਸ ਤੋਂ ਇਲਾਵਾ, ਅੰਕੜਿਆਂ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਉਨ੍ਹਾਂ ਮਾਮਲਿਆਂ ਦੀ ਗਿਣਤੀ ਦਾ ਪਤਾ ਨਹੀਂ ਲਗਾ ਸਕਿਆ ਜਿੱਥੇ ਧਾਰਾ 62 ਅਧੀਨ ਮੁਲਾਂਕਣ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 3,150 ਕਰਦਾਤਾਵਾਂ ਵਿੱਚੋਂ 1,765 ਰਜਿਸਟ੍ਰੇਸ਼ਨਾਂ ਅਰਜ਼ੀਆਂ 'ਤੇ ਰੱਦ ਕਰ ਦਿੱਤੀਆਂ ਗਈਆਂ, ਜੋ ਜੀ ਐਸ ਟੀ ਆਰ-10 ਰਿਟਰਨ ਨਾ ਭਰਨ ਵਾਲਿਆਂ ਦਾ ਮਹੱਤਵਪੂਰਨ (56.03 *ਪ੍ਰਤਿਸ਼ਤ*) ਹੈ। ਵਿਭਾਗ ਵੱਲੋਂ ਇਹ ਯਕੀਨੀ ਬਣਾਉਣ ਲਈ ਠੋਸ ਯਤਨ ਕੀਤੇ ਜਾਣ ਦੀ ਲੋੜ ਹੈ ਕਿ ਰੱਦ ਕੀਤੇ ਕਰਦਾਤਾਵਾਂ ਵੱਲੋਂ ਜੀ ਐਸ ਟੀ ਆਰ-10 ਰਿਟਰਨ ਭਰ ਕੇ ਅੰਤਿਮ ਕਰ ਦੇਣਦਾਰੀਆਂ ਦਾ ਨਿਪਟਾਰਾ ਕੀਤਾ ਜਾਵੇ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਸਤੰਬਰ 2023 ਤੋਂ ਜੂਨ 2024) ਰੋਪੜ ਸਰਕਲ ਨੇ ਜਵਾਬ ਦਿੱਤਾ (ਜੁਲਾਈ 2024) ਕਿ ਜੀ ਐਸ ਟੀ ਆਰ-10 ਭਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਬਾਕੀ ਅੱਠ ਸਰਕਲਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।

**ਸਿਫਾਰਸ਼ 4: ਵਿਭਾਗ ਰਜਿਸਟ੍ਰੇਸ਼ਨਾਂ ਰੱਦ ਹੋਣ ਤੋਂ ਬਾਅਦ ਜੀ ਐਸ ਟੀ ਆਰ-10 ਫਾਇਲ ਕਰਨ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰ ਸਕਦਾ ਹੈ।**

### 2.7.1.5 ਕਰਦਾਤਾਵਾਂ ਦੀ ਲੇਖਾ ਪ੍ਰੀਖਿਆ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 65 ਦੇ ਅਨੁਸਾਰ, ਕਮਿਸ਼ਨਰ ਜਾਂ ਉਸ ਦੁਆਰਾ ਅਧਿਕਾਰਤ ਕੋਈ ਵੀ ਅਧਿਕਾਰੀ, ਇੱਕ ਆਮ ਜਾਂ ਵਿਸ਼ੇਸ਼ ਆਦੇਸ਼ ਰਾਹੀਂ, ਕਿਸੇ ਵੀ ਰਜਿਸਟਰਡ ਵਿਅਕਤੀ ਦੀ ਲੇਖਾ ਪ੍ਰੀਖਿਆ ਅਜਿਹੀ ਮਿਆਦ ਲਈ, ਅਜਿਹੀ ਬਾਰੰਬਾਰਤਾ ਅਤੇ ਅਜਿਹੇ ਤਰੀਕੇ ਨਾਲ ਕਰ ਸਕਦਾ ਹੈ, ਜੋ ਨਿਰਧਾਰਤ ਕੀਤਾ ਜਾ ਸਕਦਾ ਹੈ। ਐਕਟ ਦੀ ਧਾਰਾ 2(13) ਵਿੱਚ "ਲੇਖਾ ਪ੍ਰੀਖਿਆ" ਨੂੰ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਕਿਸੇ ਹੋਰ ਕਾਨੂੰਨ ਦੇ ਅਧੀਨ ਰਜਿਸਟਰਡ ਵਿਅਕਤੀ ਦੁਆਰਾ ਰੱਖੇ ਜਾਂ ਪੇਸ਼ ਕੀਤੇ ਗਏ ਰਿਕਾਰਡਾਂ, ਰਿਟਰਨਾਂ ਅਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਤਾਂ ਜੋ ਘੋਸ਼ਿਤ ਟਰਨਓਵਰ, ਭੁਗਤਾਨ ਕੀਤੇ ਟੈਕਸਾਂ, ਦਾਅਵਾ ਕੀਤੇ ਰਿਫੰਡ ਅਤੇ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਦੀ ਸ਼ੁੱਧਤਾ ਦੀ ਪੁਸ਼ਟੀ ਕੀਤੀ ਜਾ ਸਕੇ ਅਤੇ ਇਸ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਨਾਲ ਉਸਦੀ ਪਾਲਣਾ ਦਾ ਮੁਲਾਂਕਣ ਕੀਤਾ ਜਾ ਸਕੇ।

ਪੰਜਾਬ ਕਰ ਵਿਭਾਗ ਨੇ ਸੀ ਬੀ ਆਈ ਸੀ ਅਤੇ ਜੀ ਐਸ ਟੀ ਐਨ ਰੇਟਿੰਗਾਂ ਅਨੁਸਾਰ ਜੋਖਮ ਮਾਪਦੰਡਾਂ ਦੇ ਅਧਾਰ 'ਤੇ ਵਿੱਤੀ ਸਾਲ 2017-18 ਨਾਲ ਸਬੰਧਤ ਲੇਖਾ ਪ੍ਰੀਖਿਆ ਦੀ ਚੋਣ ਲਈ ਮਾਪਦੰਡ ਅਪਣਾਏ। ਵਿੱਤੀ ਸਾਲ 2018-19 ਲਈ, ਮਾਪਦੰਡ ਜੀ ਐਸ ਟੀ ਐਨ ਦੁਆਰਾ ਵਿਕਸਿਤ ਬੀ ਆਈ ਐਫ ਏ[32] ਮਾਡਿਊਲ ਦੇ ਅਨੁਸਾਰ ਸਨ। ਵਿਭਾਗ ਨੇ ਫਰਵਰੀ 2020 ਵਿੱਚ ਅੰਦਰੂਨੀ ਲੇਖਾ ਪ੍ਰੀਖਿਆ ਨੂੰ ਮਜ਼ਬੂਤ ਕੀਤਾ ਅਤੇ ਜਨਵਰੀ 2021 ਵਿੱਚ ਜੀ ਐਸ ਟੀ ਲੇਖਾ ਪ੍ਰੀਖਿਆ ਮੈਨੂਅਲ ਜਾਰੀ ਕੀਤਾ।

ਲੇਖਾ ਪ੍ਰੀਖਿਆ ਨੇ (ਫਰਵਰੀ 2024) ਯੋਜਨਾਬੱਧ ਇਕਾਈਆਂ ਦੀ ਗਿਣਤੀ, ਕਵਰ ਕੀਤੀਆਂ ਇਕਾਈਆਂ ਦੀ ਗਿਣਤੀ, ਯੋਜਨਾਵੱਧ ਇਕਾਈਆਂ ਤੋਂ ਬਾਹਰ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੀ ਗਿਣਤੀ, ਡਿਵਿਏਸ਼ਨ ਦੇ ਕਾਰਨ ਨਿੱਲ ਰਿਪੋਰਟਾਂ ਦੀ ਗਿਣਤੀ ਨਾਲ ਸਬੰਧਤ ਜਾਣਕਾਰੀ ਮੰਗੀ ਪਰ ਵਿਭਾਗ ਨੇ ਸਿਰਫ ਲੇਖਾ ਪ੍ਰੀਖਿਆ ਯੋਜਨਾਬੱਧ ਯੂਨਿਟਾਂ ਦੀ ਗਿਣਤੀ ਅਤੇ ਅਸਲ ਵਿੱਚ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕੀਤੀ। ਜਾਣਕਾਰੀ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਵਿਭਾਗ ਦੁਆਰਾ ਕੀਤੇ ਗਏ ਅੰਦਰੂਨੀ ਲੇਖਾ ਪ੍ਰੀਖਿਆ ਦੀ ਪ੍ਰਭਾਵਸ਼ੀਲਤਾ ਦਾ ਪਤਾ ਨਹੀਂ ਲਗਾ ਸਕਿਆ।

---

32 ਬਿਜ਼ਨਸ ਇੰਟੈਲੀਜੈਂਸ ਅਤੇ ਧੋਖਾਧੜੀ ਵਿਸ਼ਲੇਸ਼ਣ

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੂੰ ਪ੍ਰਦਾਨ ਕੀਤੀ ਜਾਣਕਾਰੀ (ਮਈ 2024) ਅਨੁਸਾਰ, ਵਿਭਾਗ ਦੁਆਰਾ ਸਾਲ 2017-18 ਤੋਂ 2020-21 ਲਈ ਕੀਤੇ ਗਏ ਲੇਖਾ ਪ੍ਰੀਖਿਆ ਦੇ ਵੇਰਵੇ **ਸਾਰਣੀ** 2.6 ਵਿੱਚ ਦਿੱਤੇ ਗਏ ਹਨ।

**ਸਾਰਣੀ 2.6: ਲੇਖਾ ਪ੍ਰੀਖਿਆ ਦੇ ਵੇਰਵੇ**

| ਵਿੱਤੀ ਸਾਲ | ਕਰਦਾਤਾਵਾਂ ਦੀ ਕੁੱਲ ਸੰਖਿਆ (ਨਿਯਮਤ ਅਤੇ ਢਾਂਚਾਗਤ) | ਲੇਖਾ ਪ੍ਰੀਖਿਆ ਲਈ ਚੁਣੇ ਗਏ ਕਰਦਾਤਾਵਾਂ ਦੀ ਸੰਖਿਆ (*ਪ੍ਰਤੀਸ਼ਤ* ਵਿੱਚ) | ਪੂਰੇ ਕੀਤੇ ਗਏ ਲੇਖਾ ਪ੍ਰੀਖਿਆ ਦੀ ਅਸਲ ਗਿਣਤੀ (ਮਾਰਚ 2024 ਤੱਕ) | ਮੰਗ ਬਣਾਈ ਗਈ | ਵਸੂਲ ਕੀਤਾ ਗਿਆ |
|---|---|---|---|---|---|
| | | | | *(₹ ਕਰੋੜ ਵਿੱਚ)* | |
| 2017-18 | 3,30,260 | 449 *(0.14%)* | 449 | 286.30 | 19.33 |
| 2018-19 | 3,85,884 | 449 *(0.12%)* | 449 | 792.16 | 27.88 |
| 2019-20 | 4,29,598 | 115 *(0.03%)* | 22 | 97.08 | 0.59 |
| 2020-21 | 4,70,541 | 220 *(0.05%)* | 0 | 0 | 0 |
| **ਜੋੜ** | | **1,233** | **920** | **1,175.54** | **47.80** |

*ਸ੍ਰੋਤ: ਵਿਭਾਗੀ ਡਾਟਾ*

ਉਪਰੋਕਤ ਡਾਟਾ ਦਰਸਾਉਂਦਾ ਹੈ ਕਿ 2017-18 ਤੋਂ 2020-21 ਦੇ ਸਾਲਾਂ ਲਈ ਸਿਰਫ 0.03 *ਪ੍ਰਤੀਸ਼ਤ* ਤੋਂ 0.14 *ਪ੍ਰਤੀਸ਼ਤ* ਮਾਮਲਿਆਂ ਨੂੰ ਹੀ ਲੇਖਾ ਪ੍ਰੀਖਿਆ ਲਈ ਚੁਣਿਆ ਗਿਆ ਸੀ। ਇਸ ਤੋਂ ਇਲਾਵਾ, ਚੁਣੇ ਗਏ 1,233 ਮਾਮਲਿਆਂ ਵਿੱਚੋਂ 313 ਮਾਮਲਿਆਂ ਦੀ ਲੇਖਾ ਪ੍ਰੀਖਿਆ ਨਹੀਂ ਕੀਤੀ ਗਈ ਅਤੇ ਮਾਰਚ 2024 ਤੱਕ ₹ 1,175.54 ਕਰੋੜ ਦੀ ਮੰਗ ਵਿੱਚੋਂ ₹ 1,127.74 ਕਰੋੜ ਦੀ ਕਰ ਮੰਗ ਬਕਾਇਆ ਸੀ।

ਕਰਦਾਤਾਵਾਂ ਦੀ ਲੇਖਾ ਪ੍ਰੀਖਿਆ ਕਰਦਾਤਾਵਾਂ ਦੁਆਰਾ ਰੱਖੇ ਗਏ ਰਿਕਾਰਡਾਂ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਵਿਭਾਗ ਕੋਲ ਉਪਲਬਧ ਇੱਕ ਮਹੱਤਵਪੂਰਨ ਸਾਧਨ ਹੈ। ਵਿਭਾਗ ਉਪਰੋਕਤ ਸਾਰਣੀ ਅਨੁਸਾਰ ਲੇਖਾ ਪ੍ਰੀਖਿਆ ਦੇ ਨਤੀਜੇ ਵਜੋਂ ਪੈਦਾ ਹੋਈ ਵਾਧੂ ਕਰ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਖੇਤਰ ਵਿੱਚ ਆਪਣੇ ਯਤਨਾਂ ਨੂੰ ਵਧਾਉਣ ਤੇ ਵਿਚਾਰ ਕਰ ਸਕਦਾ ਹੈ।

**ਸਿਫਾਰਸ਼ 5: ਅੰਦਰੂਨੀ ਲੇਖਾ ਪ੍ਰੀਖਿਆ ਦੇ ਨਤੀਜੇ ਵਜੋਂ ਪੈਦਾ ਹੋਈ ਵਾਧੂ ਕਰ ਮੰਗ ਦੇ ਮੱਦੇਨਜ਼ਰ ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 65 ਅਧੀਨ ਸਾਲ-ਵਾਰ ਟੀਚੇ ਵਧਾਏ ਜਾ ਸਕਦੇ ਹਨ।**

### 2.7.1.6 ਡੀ ਜੀ ਏ ਆਰ ਐਮ ਰਿਪੋਰਟਾਂ 'ਤੇ ਕਾਰਵਾਈ ਦੀ ਘਾਟ

ਸੀ ਬੀ ਆਈ ਸੀ ਨੇ ਜੁਲਾਈ 2017 ਵਿੱਚ ਡਾਇਰੈਕਟੋਰੇਟ ਜਨਰਲ ਐਨਾਲਿਟਿਕਸ ਅਤੇ ਰਿਸਕ ਮੈਨੇਜਮੈਂਟ (ਡੀ ਜੀ ਏ ਆਰ ਐਮ) ਦਾ ਗਠਨ ਕੀਤਾ ਸੀ ਜਿਸਦਾ ਉਦੇਸ਼ ਜੀ ਐਸ ਟੀ ਡਾਟਾ ਦਾ ਅਧਿਐਨ, ਵਿਆਖਿਆ ਅਤੇ ਵਿਸ਼ਲੇਸ਼ਣ ਕਰਨਾ ਅਤੇ ਨਤੀਜਿਆਂ ਨੂੰ ਬੋਰਡ ਦੇ ਅਧੀਨ ਵੱਖ-ਵੱਖ ਲਾਭਪਾਤਰੀਆਂ ਨਾਲ ਸਾਂਝਾ ਕਰਨਾ ਸੀ। ਇਸ ਤਰ੍ਹਾਂ ਪੰਜਾਬ ਟੈਕਸੇਸ਼ਨ ਵਿਭਾਗ ਨੇ ਜਨਵਰੀ 2023 ਵਿੱਚ ਕਰਦਾਤਾਵਾਂ ਵੱਲੋਂ ਭਰੇ ਗਏ ਰਿਟਰਨਾਂ ਵਿੱਚ ਬੇਨਿਯਮੀਆਂ ਅਤੇ ਗੜਬੜੀਆਂ ਦਾ ਪਤਾ ਲਗਾਉਣ ਲਈ ਇੱਕ ਵਿਸ਼ੇਸ਼ ਵਿੰਗ 'ਟੈਕਸ ਇੰਟੈਲੀਜੈਂਸ ਯੂਨਿਟ' (ਟੀ ਆਈ ਯੂ) ਦੀ ਸਥਾਪਨਾ

ਕੀਤੀ ਸੀ। ਵੱਖ-ਵੱਖ ਪਲੇਟਫਾਰਮਾਂ ਜਿਵੇਂ ਕਿ ਬੋਵੈਬ ਪੋਰਟਲ[33], ਈ-ਵੇਅ ਬਿਲ ਪੋਰਟਲ, ਬੀ ਆਈ ਐਫ ਏ[34] ਜੀ ਐਸ ਟੀ ਪ੍ਰਾਈਮ[35] ਆਦਿ 'ਤੇ ਉਪਲਬਧ ਵਾਧੂ ਜਾਣਕਾਰੀ ਨਾਲ ਵੀ ਟੀ ਆਈ ਯੂ ਦੁਆਰਾ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਈ ਟੀ ਟੀ ਐਸ ਏ, ਟੀ ਆਈ ਯੂ ਨੂੰ ਸਹਾਇਤਾ ਵੀ ਪ੍ਰਦਾਨ ਕਰਦਾ ਹੈ। ਟੀ ਆਈ ਯੂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਨੂੰ ਲੋੜੀਂਦੀ ਕਾਰਵਾਈ ਅਤੇ ਪਾਲਣਾ ਲਈ ਵਿਭਾਗ ਦੇ ਸਬੰਧਤ ਵਿੰਗਾਂ ਨਾਲ ਸਾਂਝਾ ਕੀਤਾ ਜਾਂਦਾ ਹੈ।

2020-21 ਦੌਰਾਨ ਡੀ ਜੀ ਏ ਆਰ ਐਮ ਅਤੇ ਟੀ ਆਈ ਯੂ ਰਿਪੋਰਟਾਂ ਤੇ ਚੁਣੇ ਗਏ ਦਸ ਸਰਕਲਾਂ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਲੇਖਾ ਪ੍ਰੀਖਿਆ (ਅਗਸਤ ਅਤੇ ਦਸੰਬਰ 2023 ਦੇ ਵਿਚਕਾਰ) ਦੁਆਰਾ ਮੰਗੀ ਗਈ ਜਾਣਕਾਰੀ ਫਾਜ਼ਿਲਕਾ ਸਰਕਲ ਨੂੰ ਛੱਡ ਕੇ, ਪ੍ਰਦਾਨ ਨਹੀਂ ਕੀਤੀ ਗਈ ਸੀ। ਫਾਜ਼ਿਲਕਾ ਸਰਕਲ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਨੂੰ ਦਿੱਤੀ ਗਈ ਜਾਣਕਾਰੀ ਤੋਂ ਇਹ ਵੇਖਿਆ ਗਿਆ (ਸਤੰਬਰ 2023) ਕਿ 2020-21 ਦੌਰਾਨ ਡੀ ਜੀ ਏ ਆਰ ਐਮ ਰਿਪੋਰਟਾਂ ਅਧੀਨ ਚਾਰ ਮਾਮਲੇ ਸਰਕਲ ਨੂੰ ਅਲਾਟ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਵਿਭਾਗ ਨੂੰ ਤਿੰਨ ਮਾਮਲਿਆਂ ਵਿੱਚ ਕੋਈ ਕਮੀ ਨਹੀਂ ਮਿਲੀ ਅਤੇ ਕਾਰਵਾਈ ਬੰਦ ਕਰ ਦਿੱਤੀ ਗਈ ਅਤੇ ₹ 0.79 ਕਰੋੜ ਦੀ ਰਕਮ ਵਾਲਾ ਇੱਕ ਮਾਮਲਾ ਤਸਦੀਕ ਲਈ ਲੰਬਿਤ ਸੀ (ਸਤੰਬਰ 2023)।

ਨੌਂ ਸਰਕਲਾਂ ਦੇ ਸਬੰਧ ਵਿੱਚ ਜਾਣਕਾਰੀ ਦੀ ਅਣਹੋਂਦ ਵਿੱਚ, ਡੀ ਜੀ ਏ ਆਰ ਐਮ ਅਤੇ ਟੀ ਆਈ ਯੂ ਦੀਆਂ ਰਿਪੋਰਟਾਂ 'ਤੇ ਇਨ੍ਹਾਂ ਸਰਕਲਾਂ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਕੋਈ ਭਰੋਸਾ ਨਹੀਂ ਦਿੱਤਾ ਜਾ ਸਕਿਆ। ਹਾਲਾਂਕਿ, ਲੇਖਾ ਪ੍ਰੀਖਿਆ ਵਿੱਚ ਕਿਹਾ ਗਿਆ ਕਿ ਡੀ ਜੀ ਏ ਆਰ ਐਮ ਅਤੇ ਟੀ ਆਈ ਯੂ ਦੁਆਰਾ ਸਾਂਝੀਆਂ ਕੀਤੀਆਂ ਰਿਪੋਰਟਾਂ ਕਰਦਾਤਾਵਾਂ ਦੇ ਜੋਖਮ ਭਰੇ ਲੈਣ-ਦੇਣ 'ਤੇ ਲਾਲ ਝੰਡੀ ਲਗਾਉਂਦੀਆਂ ਹਨ ਜਿਸ ਵਿੱਚ ਰੈਵੀਨਿਊ ਪ੍ਰਭਾਵ ਸ਼ਾਮਲ ਹੁੰਦੇ ਹਨ, ਇਸ ਲਈ, ਵਿਭਾਗ ਨੂੰ ਅਜਿਹੀਆਂ ਰਿਪੋਰਟਾਂ 'ਤੇ ਸਮੇਂ ਸਿਰ ਕਾਰਵਾਈ ਕਰਨ ਦੀ ਜ਼ਰੂਰਤ ਹੈ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਸਤੰਬਰ 2023), ਫਾਜ਼ਿਲਕਾ ਸਰਕਲ ਨੇ ਜਵਾਬ ਦਿੱਤਾ ਕਿ ਤਸਦੀਕ ਪੂਰੀ ਹੋ ਗਈ ਹੈ ਅਤੇ ਬਾਕੀ ਮਾਮਲਿਆਂ ਵਿੱਚ ਰਿਕਵਰੀ ਕੀਤੀ ਗਈ ਹੈ (ਜੁਲਾਈ 2024)।

**ਸਿਫਾਰਸ਼ 6: ਵਿਭਾਗ ਡੀ ਜੀ ਏ ਆਰ ਐਮ ਰਿਪੋਰਟਾ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰ ਸਕਦਾ ਹੈ ਜੋ ਜੋਖਮ ਭਰੇ ਲੈਣ-ਦੇਣ ਲਈ ਜਾਣਕਾਰੀ ਪ੍ਰਦਾਨ ਕਰਦਾ ਹੈ।**

## 2.7.2 ਕਰ ਭੁਗਤਾਨਾਂ 'ਤੇ ਨਿਗਰਾਨੀ

### 2.7.2.1 ਜੀ ਐਸ ਟੀ ਰਿਟਰਨਾਂ ਵਿੱਚ ਅਸਮਾਨਤਾਵਾਂ-ਕੇਂਦਰੀਕ੍ਰਿਤ ਲੇਖਾ ਪ੍ਰੀਖਿਆ

ਲੇਖਾ ਪ੍ਰੀਖਿਆ ਨੇ ਜੀ ਐਸ ਟੀ ਐਨ ਦੁਆਰਾ ਉਪਲਬਧ 2018-2021 ਨਾਲ ਸਬੰਧਤ ਜੀ ਐਸ ਟੀ ਰਿਟਰਨ ਦੇ ਡਾਟਾ ਦਾ ਵਿਸ਼ਲੇਸ਼ਣ ਕੀਤਾ। ਕਰਦਾਤਾਵਾਂ ਦੁਆਰਾ ਦਾਇਰ ਕੀਤੇ ਗਏ ਜੀ ਐਸ ਟੀ

33 ਬੈਂਕ ਆਫਿਸ ਵੈੱਬ ਜੀ ਐਸ ਟੀ ਪੋਰਟਲ

34 ਬਿਜ਼ਨਸ ਇੰਟੈਲੀਜੈਂਸ ਅਤੇ ਧੋਖਾਧੜੀ ਵਿਸ਼ਲੇਸ਼ਣ

35 ਜੀ ਐਸ ਟੀ ਪ੍ਰਾਈਮ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਦਾ ਇੱਕ ਉਤਪਾਦ ਹੈ ਜੋ ਰਾਜ/ਕੇਂਦਰ ਦੇ ਕਰ ਪ੍ਰਸ਼ਾਸਕਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਕਰ ਕੁਲੈਕਸ਼ਨ ਅਤੇ ਪਾਲਣਾ ਦਾ ਵਿਸ਼ਲੇਸ਼ਣ ਅਤੇ ਨਿਗਰਾਨੀ ਕਰਨ ਵਿੱਚ ਸਹਾਇਤਾ ਕਰਦਾ ਹੈ।

ਰਿਟਰਨਾਂ ਵਿਚਕਾਰ ਨਿਯਮ-ਅਧਾਰਤ ਡੇਵਿਏਸ਼ਨਾ ਅਤੇ ਤਰਕਸ਼ੀਲ ਅਸਮਾਨਤਾਵਾਂ ਦੀ ਪਛਾਣ 17 ਲੇਖਾ ਪ੍ਰੀਖਿਆ ਮਾਪਾਂ ਦੇ ਇੱਕ ਸਮੂਹ 'ਤੇ ਕੀਤੀ ਗਈ ਸੀ, ਜਿਨ੍ਹਾਂ ਨੂੰ ਮੋਟੇ ਤੌਰ 'ਤੇ ਦੋ ਖੇਤਰਾਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ ਜਿਵੇਂ ਕਿ ਇਨਪੁਟ ਟੈਕਸ ਕ੍ਰੈਡਿਟ ਅਤੇ ਕਰ ਭੁਗਤਾਨ।

ਨਿਰਧਾਰਤ 13 ਜੀ ਐਸ ਟੀ ਰਿਟਰਨਾਂ[36] ਵਿੱਚੋਂ ਹੇਠ ਲਿਖੀਆਂ ਬੁਨਿਆਦੀ ਰਿਟਰਨਾਂ ਜੋ ਆਮ ਕਰਦਾਤਾਵਾਂ 'ਤੇ ਲਾਗੂ ਹੁੰਦੀਆਂ ਹਨ, ਨੂੰ ਜੀ ਐਸ ਟੀ ਰਿਟਰਨਾਂ/ਡਾਟਾ ਵਿਚਕਾਰ ਡੇਵਿਏਸ਼ਨਾ ਅਸਮਾਨਤਾਵਾਂ ਅਤੇ ਬੇਮੇਲੀਆਂ ਦੀ ਪਛਾਣ ਕਰਨ ਦੇ ਉਦੇਸ਼ ਨਾਲ ਵਿਚਾਰਿਆ ਗਿਆ ਸੀ।

- ਜੀ ਐਸ ਟੀ ਆਰ-1: ਵਸਤਾਂ ਅਤੇ ਸੇਵਾਵਾਂ ਜਾਂ ਦੋਵਾਂ ਦੀ ਬਾਹਰੀ ਸਪਲਾਈ ਕਰਨ ਵਾਲੇ ਸਾਰੇ ਸਧਾਰਣ ਅਤੇ ਆਮ ਰਜਿਸਟਰਡ ਕਰਦਾਤਾਵਾਂ ਦੁਆਰਾ ਮਹੀਨਾਵਾਰ ਰਿਟਰਨ ਭਰੀ ਜਾਣੀ ਚਾਹੀਦੀ ਹੈ ਅਤੇ ਇਸ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਬਾਹਰੀ ਸਪਲਾਈ ਦਾ ਵੇਰਵਾ ਸ਼ਾਮਲ ਹੁੰਦਾ ਹੈ।
- ਜੀ ਐਸ ਟੀ ਆਰ-2ਏ: ਪ੍ਰਾਪਤਕਰਤਾ ਲਈ ਅੰਦਰੂਨੀ ਸਪਲਾਈ ਦਾ ਪ੍ਰਣਾਲੀ ਦੁਆਰਾ ਤਿਆਰ ਕੀਤੀ ਗਈ ਵਿਵਰਣੀ। ਇਸ ਵਿੱਚ ਸਪਲਾਇਰਾਂ ਦੇ ਸਾਰੇ ਬੀ2ਬੀ[37] ਲੈਣ-ਦੇਣ ਦਾ ਵੇਰਵਾ ਉਨ੍ਹਾਂ ਦੇ ਫਾਰਮ ਜੀ ਐਸ ਟੀ ਆਰ-1/ਜੀ ਐਸ ਟੀ ਆਰ-5 ਦੁਆਰਾ ਘੋਸ਼ਿਤ ਕੀਤਾ ਗਿਆ ਹੈ, ਜੀ ਐਸ ਟੀ ਆਰ-6 ਤੋਂ ਆਈ ਐਸ ਡੀ ਵੇਰਵੇ, ਕਾਊਂਟਰਪਾਰਟੀ ਦੁਆਰਾ ਕ੍ਰਮਵਾਰ ਜੀ ਐਸ ਟੀ ਆਰ-7 ਅਤੇ ਜੀ ਐਸ ਟੀ ਆਰ-8 ਦੇ ਵੇਰਵੇ ਅਤੇ ਭਾਰਤੀ ਕਸਟਮਜ਼ ਦੇ ਆਈ ਸੀ ਈ ਜੀ ਏ ਟੀ ਈ[38] ਪੋਰਟਲ ਤੋਂ ਪ੍ਰਾਪਤ ਐਂਟਰੀ ਬਿਲ 'ਤੇ ਵਿਦੇਸ਼ਾਂ ਤੋਂ ਵਸਤਾਂ ਦੀ ਬਰਾਮਦ ਦਾ ਵੇਰਵਾ ਸ਼ਾਮਲ ਹੈ।
- ਜੀ ਐਸ ਟੀ ਆਰ-3ਬੀ: ਕਰਦਾਤਾਵਾਂ ਦੁਆਰਾ ਕਰ ਦੇ ਭੁਗਤਾਨ ਦੇ ਨਾਲ-ਨਾਲ ਬਾਹਰੀ ਸਪਲਾਈ ਅਤੇ ਇਨਪੁਟ ਟੈਕਸ ਕ੍ਰੈਡਿਟ ਦੀ ਮਹੀਨਾਵਾਰ ਸੰਖੇਪ ਰਿਟਰਨ ਐਕਟ ਦੀ ਧਾਰਾ 39 (1) ਦੇ ਅਧੀਨ ਨਿਰਧਾਰਤ ਕੀਤੇ ਗਏ ਕਰਦਾਤਾਵਾਂ ਦੁਆਰਾ ਭਰੀ ਜਾਣੀ ਚਾਹੀਦੀ ਹੈ। ਇਹ ਉਹ ਰਿਟਰਨ ਹੈ ਜੋ ਇਲੈਕਟ੍ਰਾਨਿਕ ਕ੍ਰੈਡਿਟ ਲੇਜਰ ਵਿੱਚ ਕ੍ਰੈਡਿਟ ਅਤੇ ਡੈਬਿਟ ਅਤੇ ਇਲੈਕਟ੍ਰਾਨਿਕ ਕੈਸ਼ ਲੇਜਰ ਵਿੱਚ ਡੈਬਿਟ ਨੂੰ ਭਰਦਾ ਹੈ।
- ਜੀ ਐਸ ਟੀ ਆਰ-5: ਵਸਤਾਂ ਅਤੇ ਸੇਵਾਵਾਂ ਦੀ ਬਾਹਰੀ ਸਪਲਾਈ ਵਾਲੇ ਗੈਰ-ਨਿਵਾਸੀ ਕਰਦਾਤਾਵਾਂ ਦੁਆਰਾ ਮਹੀਨਾਵਾਰ ਰਿਟਰਨ ਭਰੀ ਜਾਣੀ ਚਾਹੀਦੀ ਹੈ।
- ਜੀ ਐਸ ਟੀ ਆਰ-6: ਇਨਪੁਟ ਸਰਵਿਸ ਡਿਸਟ੍ਰੀਬਿਊਟਰਾਂ ਲਈ ਮਹੀਨਾਵਾਰ ਰਿਟਰਨ ਜੋ ਉਨ੍ਹਾਂ ਦੇ ਵੰਡੇ ਹੋਏ ਇਨਪੁਟ ਟੈਕਸ ਕ੍ਰੈਡਿਟ ਅਤੇ ਅੰਦਰੂਨੀ ਸਪਲਾਈ ਦਾ ਵੇਰਵਾ ਪ੍ਰਦਾਨ ਕਰਦੀ ਹੈ।
- ਜੀ ਐਸ ਟੀ ਆਰ-7: ਉਨ੍ਹਾਂ ਵਿਅਕਤੀਆਂ ਦੁਆਰਾ ਮਹੀਨਾਵਾਰ ਰਿਟਰਨ ਭਰੀ ਜਾਣੀ ਚਾਹੀਦੀ

---

36 1. ਜੀ ਐਸ ਟੀ ਆਰ-1 2. ਜੀ ਐਸ ਟੀ ਆਰ-3ਬੀ, 3. ਜੀ ਐਸ ਟੀ ਆਰ-4 (ਕੰਪੋਜੀਸ਼ਨ ਸਕੀਮ ਦੇ ਅਧੀਨ ਕਰਦਾਤਾ) 4. ਜੀ ਐਸ ਟੀ ਆਰ-5 (ਗੈਰ-ਵਸਨੀਕ ਕਰਯੋਗ ਵਿਅਕਤੀ) 5. ਜੀ ਐਸ ਟੀ ਆਰ-5 ਏ (ਗੈਰ ਨਿਵਾਸੀ ਓ ਆਈ ਡੀ ਏ ਆਰ ਸੇਵਾ ਪ੍ਰਦਾਤਾ) 6. ਜੀ ਐਸ ਟੀ ਆਰ-6 (ਇਨਪੁਟ ਸਰਵਿਸ ਡਿਸਟ੍ਰੀਬਿਊਟਰ) 7. ਜੀ ਐਸ ਟੀ ਆਰ-7 (ਟੀ ਡੀ ਐਸ ਕੱਟਣ ਵਾਲੇ ਕਰਦਾਤਾ) 8. ਜੀ ਐਸ ਟੀ ਆਰ-8 (ਈ-ਕਾਮਰਸ ਆਪਰੇਟਰ) 9. ਜੀ ਐਸ ਟੀ ਆਰ-9 (ਸਲਾਨਾ ਰਿਟਰਨ) 10. ਜੀ ਐਸ ਟੀ ਆਰ-10 (ਅੰਤਿਮ ਰਿਟਰਨ) 11. ਜੀ ਐਸ ਟੀ ਆਰ-11 (ਯੂ ਆਈ ਐਨ ਵਾਲਾ ਵਿਅਕਤੀ ਅਤੇ ਰਿਫੰਡ ਦਾ ਦਾਅਵਾ ਕਰਨ ਵਾਲਾ ਵਿਅਕਤੀ ) 12. ਸੀ ਐਮ ਪੀ-08 13. ਆਈ ਟੀ ਸੀ-04 (ਕਿਸੇ ਪ੍ਰਿੰਸੀਪਲ/ਨੌਕਰੀ-ਵਰਕਰ ਦੁਆਰਾ ਕਿਸੇ ਨੌਕਰੀ-ਕਰਮਚਾਰੀ ਨੂੰ ਭੇਜੇ ਗਏ/ਪ੍ਰਾਪਤ ਕੀਤੇ ਮਾਲ ਦੇ ਵੇਰਵਿਆਂ ਬਾਰੇ ਦਾਇਰ ਕੀਤੀ ਜਾਣ ਵਾਲੀ ਵਿਵਰਣੀ )

37 ਕਾਰੋਬਾਰ ਤੋਂ ਕਾਰੋਬਾਰ ਤੱਕ

38 ਇੰਡੀਅਨ ਕਸਟਮਜ਼ ਇਲੈਕਟ੍ਰਾਨਿਕ ਡਾਟਾ ਇੰਟਰਚੇਂਜ਼ ਗੇਟਵੇ

ਹੈ ਜੋ ਪ੍ਰਾਪਤ ਹੋਈ ਸਪਲਾਈ ਲਈ ਸਪਲਾਇਰਾਂ ਨੂੰ ਭੁਗਤਾਨ ਕਰਨ/ਜਮ੍ਹਾਂ ਕਰਨ ਸਮੇਂ ਕਰ ਕੱਟਦੇ ਹਨ।

- ਜੀ ਐਸ ਟੀ ਆਰ-8: ਈ-ਕਾਮਰਸ ਆਪਰੇਟਰਾਂ ਨੂੰ ਅਕਤੂਬਰ 2018 ਵਿੱਚ ਪੇਸ਼ ਕੀਤੇ ਗਏ ਜੀ ਐਸ ਟੀ ਦੇ ਅਧੀਨ, ਮਹੀਨਾਵਾਰ ਰਿਟਰਨ ਦਾਇਰ ਕੀਤੀ ਜਾਵੇਗੀ, ਜਿਨ੍ਹਾਂ ਨੂੰ ਟੀ ਸੀ ਐਸ (ਸ੍ਰੋਤ 'ਤੇ ਇਕੱਤਰ ਕਰ) ਕੱਟਣ ਦੀ ਲੋੜ ਹੈ।
- ਜੀ ਐਸ ਟੀ ਆਰ-9: ਇਨਪੁਟ ਸਰਵਿਸ ਡਿਸਟ੍ਰੀਬਿਊਟਰ (ਆਈ ਐਸ ਡੀ), ਸਰੋਤ 'ਤੇ ਕਰ ਕਟੌਤੀਕਰਤਾ/ਸਰੋਤ 'ਤੇ ਕਰ ਕਲੈਕਟਰ, ਕੈਜ਼ੂਅਲ ਕਰਯੋਗ, ਵਿਅਕਤੀ ਅਤੇ ਗੈਰ-ਨਿਵਾਸੀ ਕਰਦਾਤਾ ਤੋਂ ਇਲਾਵਾ ਸਾਰੇ ਰਜਿਸਟਰਡ ਵਿਅਕਤੀਆਂ ਦੁਆਰਾ ਸਲਾਨਾ ਰਿਟਰਨ ਭਰੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਵਿੱਚ ਪੂਰੇ ਸਾਲ ਦੌਰਾਨ ਵੱਖ-ਵੱਖ ਕਰ ਦੀਆਂ ਮਦਾਂ (ਸੀ ਜੀ ਐਸ ਟੀ, ਐਸ ਜੀ ਐਸ ਟੀ ਅਤੇ ਆਈ ਜੀ ਐਸ ਟੀ) ਅਧੀਨ ਕੀਤੀਆਂ ਅਤੇ ਪ੍ਰਾਪਤ ਕੀਤੀਆਂ ਸਾਰੀਆਂ ਸਪਲਾਈਆਂ ਦਾ ਵੇਰਵਾ ਅਤੇ ਇਸ ਦੇ ਟਰਨਓਵਰ ਅਤੇ ਲੇਖਾ ਪ੍ਰੀਖਿਆ ਵੇਰਵੇ ਸ਼ਾਮਲ ਹਨ।
- ਜੀ ਐਸ ਟੀ ਆਰ-9ਸੀ: ਕਿਸੇ ਵਿਸ਼ੇਸ਼ ਵਿੱਤੀ ਸਾਲ ਵਿੱਚ ₹ 5 ਕਰੋੜ ਤੋਂ ਵੱਧ ਦਾ ਟਰਨਓਵਰ ਕਰਨ ਵਾਲੇ ਸਾਰੇ ਕਰਦਾਤਾਵਾਂ ਲਈ ਸਲਾਨਾ ਲੇਖਾ ਪ੍ਰੀਖਿਆ ਫਾਰਮ। ਇਹ ਅਸਲ ਵਿੱਚ ਜੀ ਐਸ ਟੀ ਆਰ-9 ਵਿੱਚ ਦਾਖਲ ਕੀਤੀ ਗਈ ਸਲਾਨਾ ਰਿਟਰਨ ਅਤੇ ਕਰਦਾਤਾਵਾ ਦੇ ਲੇਖਾ ਪ੍ਰੀਖਿਆ ਕੀਤੇ ਸਲਾਨਾ ਵਿੱਤੀ ਵਿਵਰਣੀਆਂ ਦੇ ਵਿਚਕਾਰ ਇੱਕ ਮਿਲਾਨ ਕੀਤੀ ਗਈ ਵਿਵਰਣੀ ਹੈ।

17 ਪਛਾਣੇ ਗਏ ਲੇਖਾ ਪ੍ਰੀਖਿਆ ਦਾਇਰੇ ਅਤੇ ਵੇਖੀਆਂ ਗਈਆਂ ਡੇਵਿਏਸ਼ਨਾਂ/ਅਸਮਾਨਤਾਵਾਂ ਦੀ ਹੱਦ ਬਾਰੇ ਰਾਜ ਦੇ ਅਧਿਕਾਰ ਖੇਤਰ ਨਾਲ ਸਬੰਧਤ ਪੈਨ-ਪੰਜਾਬ ਦੇ ਡਾਟਾ ਦਾ ਵਿਸ਼ਲੇਸ਼ਣ **ਸਾਰਣੀ** 2.7 (ੳ) **ਅਤੇ** (ਅ) ਵਿੱਚ ਸੰਖੇਪ ਵਿੱਚ ਦਿੱਤਾ ਗਿਆ ਹੈ:

**ਸਾਰਣੀ 2.7 (ੳ): ਪੈਨ ਪੰਜਾਬ ਦੇ ਡਾਟਾ ਦੇ ਵਿਸ਼ਲੇਸ਼ਣ ਦਾ ਸਾਰ**

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਕਰਦਾਤਾ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| | **ਆਈ ਟੀ ਸੀ ਪ੍ਰਾਪਤ ਕਰਨ ਵਿੱਚ ਬੇਮੇਲਤਾ** | | | | |
| 1. | ਇਨਪੁਟ ਟੈਕਸ ਕ੍ਰੈਡਿਟ ਬੇਮੇਲ (ਜੀ ਐਸ ਟੀ ਆਰ-3ਬੀ ਅਤੇ ਜੀ ਐਸ ਟੀ ਆਰ-2ਏ) | ੳ. ਜੀ ਐਸ ਟੀ ਆਰ-3ਬੀ ਦੇ ਸਾਰਣੀ 4ਏ (5), ਜੀ ਐਸ ਟੀ ਆਰ-3ਬੀ ਦੀ ਸਾਰਣੀ 4ਡੀ (ਜਾਂ ਜੀ ਐਸ ਟੀ ਆਰ-9 ਦੀ ਸਾਰਣੀ 8 ਐਫ) ਅਤੇ ਜੀ ਐਸ ਟੀ ਆਰ-9 ਦੀ ਸਾਰਣੀ-8 ਸੀ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ 2018-19 ਅਤੇ ਅਪ੍ਰੈਲ ਤੋਂ ਸਤੰਬਰ 2019 ਦੀ ਮਿਆਦ ਲਈ ਜੀ ਐਸ ਟੀ ਆਰ-2 ਏ ਦੀ ਸਾਰਣੀ 3, ਸਾਰਣੀ 4, ਸਾਰਣੀ 5 ਅਤੇ ਸਾਰਣੀ 6 ਵਿੱਚ ਉਪਲਬਧ ਇਨਪਟ ਟੈਕਸ ਕ੍ਰੈਡਿਟ ਤੋਂ ਵੱਧ ਨਹੀਂ ਹੋਣਾ ਚਾਹੀਦਾ। | 45 | 65 | 490.93 |

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਕਵਰੇਜ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| | | ਅ. ਜੀ ਐਸ ਟੀ ਆਰ-3ਬੀ ਦੀ ਸਾਰਣੀ 4ਏ (5), ਜੀ ਐਸ ਟੀ ਆਰ-3ਬੀ ਦੇ ਸਾਰਣੀ 4ਡੀ (ਜਾਂ ਜੀ ਐਸ ਟੀ ਆਰ-9 ਦੀ ਸਾਰਣੀ 8ਐਫ) ਅਤੇ ਜੀ ਐਸ ਟੀ ਆਰ-9 ਦੇ ਸਾਰਣੀ 8 ਸੀ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਅਕਤੂਬਰ ਤੋਂ ਦਸੰਬਰ 2019 ਦੀ ਮਿਆਦ ਲਈ ਜੀ ਐਸ ਟੀ ਆਰ-2 ਏ ਦੀ ਸਾਰਣੀ 3, ਸਾਰਣੀ 4, ਸਾਰਣੀ 5 ਅਤੇ ਸਾਰਣੀ 6 ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੇ 120 *ਪ੍ਰਤੀਸ਼ਤ* ਤੋਂ ਵੱਧ ਨਹੀਂ ਹੋਣਾ ਚਾਹੀਦਾ।<br>ੲ. ਜੀ ਐਸ ਟੀ ਆਰ-3 ਬੀ ਦੀ ਸਾਰਣੀ 4 ਏ (5), ਜੀ ਐਸ ਟੀ ਆਰ-3 ਬੀ ਦੀ ਸਾਰਣੀ 4ਡੀ (ਜਾਂ ਜੀ ਐਸ ਟੀ ਆਰ-9 ਦੀ ਸਾਰਣੀ 8ਐਫ) ਅਤੇ ਜੀ ਐਸ ਟੀ ਆਰ-9 ਦੇ ਸਾਰਣੀ 8 ਸੀ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਜਨਵਰੀ ਤੋਂ ਮਾਰਚ 2020 ਦੀ ਮਿਆਦ ਲਈ ਜੀ ਐਸ ਟੀ ਆਰ-2 ਏ ਦੇ ਸਾਰਣੀ 3, ਸਾਰਣੀ 4, ਸਾਰਣੀ 5, ਅਤੇ ਸਾਰਣੀ 6 ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੇ 110 *ਪ੍ਰਤੀਸ਼ਤ* ਤੋਂ ਵੱਧ ਨਹੀਂ ਹੋਣਾ ਚਾਹੀਦਾ। | | | |
| 2. | ਸਪਲਾਇਰ ਦੇ ਕਰ ਜਮ੍ਹਾਂ ਕਰਾਉਣ ਤੋਂ ਬਿਨਾਂ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ | ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਜੀ ਐਸ ਟੀ ਆਰ-9 ਦੀ ਸਾਰਣੀ 8ਏ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਜੀ ਐਸ ਟੀ ਆਰ-2 ਏ ਵਿੱਚ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਤੋਂ ਘੱਟ ਸੀ (ਅਗਲੇ ਸਾਲ ਦੇ ਐਡਜਸਟਮੈਂਟਾਂ ਸਮੇਤ), ਇਨਪੁਟ ਟੈਕਸ ਕ੍ਰੈਡਿਟ ਉਨ੍ਹਾਂ ਲੈਣ-ਦੇਣ ਤੇ ਲਿਆ ਗਿਆ ਜਿੱਥੇ ਸਪਲਾਇਰ ਨੇ ਜੀ ਐਸ ਟੀ ਆਰ-3ਬੀ ਦਾਖਲ ਨਹੀਂ ਕੀਤਾ ਸੀ ਜਾਂ ਰੱਦ ਕਰਨ ਦੀ ਪ੍ਰਭਾਵਸ਼ਾਲੀ ਤਾਰੀਖ ਤੋਂ ਬਾਅਦ ਇਨਵਾਇਸ ਜਾਰੀ ਕੀਤੇ ਸਨ, ਨੂੰ ਵੱਖਰੇ ਤੌਰ ਤੇ ਗਿਣਿਆ ਗਿਆ ਸੀ। ਇਸ ਤੋਂ ਇਲਾਵਾ, ਜੇ ਸਾਰਣੀ 8ਡੀ ਜੀ ਐਸ ਟੀ ਆਰ-9 ਨੈਗੇਟਿਵ ਸੀ, ਪੂਰੀ ਰਕਮ ਵਾਪਸ ਕੀਤੀ ਜਾਣੀ ਚਾਹੀਦੀ ਸੀ। | 20 | 47 | 187.46 |
| 3. | ਸੀਮਾ ਦੀ ਮਿਆਦ ਤੋ ਬਾਅਦ ਦਾਖਲ ਕੀਤੇ ਜੀ ਐਸ ਟੀ ਆਰ-3ਬੀ ਤੇ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਗਿਆ | ਅਕਤੂਬਰ 2019, ਅਕਤੂਬਰ 2020 ਅਤੇ ਅਕਤੂਬਰ 2021 ਤੋਂ ਬਾਅਦ ਕ੍ਰਮਵਾਰ 2018-19, 2019-20 ਅਤੇ 2020-21 ਦੀ ਮਿਆਦ ਨਾਲ ਸਬੰਧਤ ਜੀ ਐਸ ਟੀ ਆਰ-3ਬੀ ਰਾਹੀਂ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਗਿਆ। | 35 | 50 | 37.31 |
| 4. | ਵਾਧੂ ਆਈ ਐਸ ਡੀ ਕ੍ਰੈਡਿਟ | ਜੇ ਜੀ ਐਸ ਟੀ ਆਰ-9 ਉਪਲਬਧ ਹੁੰਦਾ ਤਾਂ ਜੀ ਐਸ ਟੀ ਆਰ-9 ਦੀ ਸਾਰਣੀ 6ਜੀ ਮਾਈਨਸ ਸਾਰਣੀ 7 ਬੀ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਇਹ ਜੀ ਐਸ ਟੀ ਆਰ 6 ਦੇ ਸਾਰਣੀ 5ਏ, ਸਾਰਣੀ 8 ਏ ਅਤੇ ਸਾਰਣੀ 9ਏ ਦੇ ਜੋੜ ਬਰਾਬਰ ਹੋਵੇਗਾ, | 14 | 22 | 4.58 |

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਨਮੂਨਾ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| | | ਜਿਸ ਨੂੰ ਸਬੰਧਤ ਡਿਸਟ੍ਰੀਬਿਊਟਰਾਂ ਤੋਂ ਜੀ ਐਸ ਟੀ ਆਰ-6 ਦੀ ਸਾਰਣੀ 8 ਏ ਜਾਂ ਸਾਰਣੀ 9ਏ ਵਿੱਚ ਐਂਟਰੀਆਂ ਲਈ ਐਡਜਸਟ ਕੀਤਾ ਗਿਆ ਸੀ। ਜੇ ਜੀ ਐਸ ਟੀ ਆਰ-9 ਦੀ ਸਾਰਣੀ 7ਬੀ ਖਾਲੀ ਜਾਂ ਜ਼ੀਰੋ ਸੀ, ਤਾਂ ਜੀ ਐਸ ਟੀ ਆਰ-9 ਦੀ ਸਾਰਣੀ 7 ਐਚ ਦੀ ਵਰਤੋਂ ਕੀਤੀ ਜਾ ਸਕਦੀ ਹੈ।<br>ਜੇ ਜੀ ਐਸ ਟੀ ਆਰ-9 ਉਪਲਬਧ ਨਹੀਂ ਹੁੰਦਾ, ਤਾਂ ਜੀ ਐਸ ਟੀ ਆਰ-3ਬੀ ਦੀ ਸਾਰਣੀ 4ਏ (4) ਮਾਈਨਸ ਸਾਰਣੀ 4 ਬੀ (2) ਤੋਂ ਉਮੀਦ ਕੀਤੀ ਜਾਂਦੀ ਸੀ ਕਿ ਇਹ ਜੀ ਐਸ ਟੀ ਆਰ-6 ਦੀ ਸਾਰਣੀ 5ਏ, 8ਏ ਅਤੇ ਸਾਰਣੀ 9ਏ ਦੇ ਜੋੜ ਦੇ ਬਰਾਬਰ ਹੋਵੇਗਾ, ਜਾਂ ਜੀ ਐਸ ਟੀ ਆਰ-3ਬੀ ਦੀ ਸਾਰਣੀ 4ਬੀ (2) ਨੂੰ ਛੱਡ ਕੇ ਸਾਰਣੀ 4ਏ (4) ਨੂੰ ਜੀ ਐਸ ਟੀ ਆਰ-2 ਏ ਦੀ ਸਾਰਣੀ 7 ਘਟਾ ਸਾਰਣੀ 8 ਤੋਂ ਵੱਧ ਨਹੀਂ ਹੋਣਾ ਚਾਹੀਦਾ ਸੀ। | | | |
| | **ਸਲਾਨਾ ਰਿਟਰਨ ਅਤੇ ਵਿੱਤੀ ਵਿਵਰਣੀਆਂ (ਐਫ ਐਸ) ਵਿੱਚ ਬੇਮੇਲਤਾ** | | | | |
| 5. | ਕਰ ਦਾ ਘੱਟ ਭੁਗਤਾਨ (ਜੀ ਐਸ ਟੀ ਆਰ-9 ਸੀ ਦੀ ਸਾਰਣੀ 9 ਆਰ) | ਜੀ ਐਸ ਟੀ ਆਰ-9 ਸੀ ਦੀ ਸਾਰਣੀ 9 ਆਰ ਵਿੱਚ ਨਕਾਰਾਤਮਕ ਐਂਟਰੀਆਂ (ਵਿਆਜ, ਜੁਰਮਾਨਾ, ਲੇਟ ਫੀਸ ਨੂੰ ਛੱਡ ਕੇ) ਕਰ ਦਾ ਭੁਗਤਾਨ ਨਾ ਕਰਨਾ ਜਾਂ ਘੱਟ ਭੁਗਤਾਨ ਦਾ ਮਾਮਲਾ ਹੋ ਸਕਦਾ ਹੈ। | 10 | 14 | 110.02 |
| 6. | ਵਿੱਤੀ ਵਿਵਰਣੀਆਂ ਦੇ ਨਾਲ ਬੇਮੇਲ ਇਨਪੁਟ ਟੈਕਸ ਕ੍ਰੈਡਿਟ (ਜੀ ਐਸ ਟੀ ਆਰ-9ਸੀ ਦੀ ਸਾਰਣੀ 12 ਐਫ) | ਜੇ ਜੀ ਐਸ ਟੀ ਆਰ-9 ਸੀ ਦੀ ਸਾਰਣੀ 12ਐਫ ਵਿੱਚ ਸਿਰਫ ਸਕਾਰਾਤਮਕ ਐਂਟਰੀਆਂ ਤੇ ਵਿਚਾਰ ਕੀਤਾ ਗਿਆ ਸੀ। ਚੋਟੀ ਦੀਆਂ ਉਲੰਘਣਾਵਾਂ ਲਈ, ਜੇ ਇੱਕੋ ਪੈਨ ਦੇ ਤਹਿਤ ਕਈ ਜੀ ਐਸ ਟੀ ਆਈ ਐਨ ਸਨ, ਤਾਂ ਸਾਰੇ ਜੀ ਐਸ ਟੀ ਆਈ ਐਨ ਲਈ ਜੀ ਐਸ ਟੀ ਆਰ-9 ਸੀ ਦੀ ਸਾਰਣੀ 12 ਵਿੱਚ ਸਬੰਧਤ ਅੰਕੜੇ ਅਤੇ ਇੱਕ ਏਕੀਕ੍ਰਿਤ ਡੇਵਿਏਸ਼ਨ (ਸਾਰੇ ਜੀ ਐਸ ਟੀ ਆਈ ਐਨ ਨੂੰ ਧਿਆਨ ਵਿੱਚ ਰੱਖਦੇ ਹੋਏ) ਪ੍ਰਦਾਨ ਕੀਤੇ ਜਾਣੇ ਸਨ। ਕਿਉਂਕਿ ਸਾਰਣੀ 12 ਬੀ ਅਤੇ 12ਸੀ (ਸਾਲਾਂ ਦੇ ਵਿਚਕਾਰ ਇਨਪੁਟ ਟੈਕਸ ਕ੍ਰੈਡਿਟ ਐਡਜਸਟਮੈਂਟ) ਭਰਨਾ 2020-21 ਦੀ ਮਿਆਦ ਤੱਕ ਵਿਕਲਪਕ ਸੀ, ਸਿਰਫ ਉਨ੍ਹਾਂ ਕਰਦਾਤਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ ਜਿਨ੍ਹਾਂ ਨੇ ਇਨ੍ਹਾਂ ਵੇਰਵਿਆਂ ਦਾ ਖੁਲਾਸਾ ਕੀਤਾ ਸੀ। | 10 | 18 | 36.68 |
| 7. | ਅਯੋਗ ਇਨਪੁਟ ਟੈਕਸ ਕ੍ਰੈਡਿਟ (ਜੀ ਐਸ ਟੀ ਆਰ-9 ਸੀ ਦੀ ਸਾਰਣੀ 14 ਟੀ) | ਜੀ ਐਸ ਟੀ ਆਰ-9ਸੀ ਦੀ ਸਾਰਣੀ 14 ਟੀ ਵਿੱਚ ਸਿਰਫ ਸਕਾਰਾਤਮਕ ਐਂਟਰੀਆਂ ਤੇ ਵਿਚਾਰ ਕੀਤਾ ਗਿਆ ਸੀ। ਕਿਉਂਕਿ ਕਰਦਾਤਾਵਾਂ ਕੋਲ ਇਸ ਸਾਰਣੀ ਨੂੰ ਨਾ ਭਰਨ ਦਾ ਵਿਕਲਪ ਸੀ, ਇਸ ਲਈ ਸਿਰਫ ਉਨ੍ਹਾਂ ਅਣਸੁਲਝੇ ਮਾਮਲਿਆਂ ਨੂੰ ਸ਼ਾਮਲ ਕੀਤਾ ਗਿਆ ਸੀ ਜਿੱਥੇ ਕਰਦਾਤਾ ਨੇ ਵੇਰਵਿਆਂ ਦਾ ਖੁਲਾਸਾ ਕੀਤਾ ਸੀ। | 10 | 16 | 45.03 |
| | **ਕਰ ਭੁਗਤਾਨ ਜਾਂ ਵਿਆਜ ਅਤੇ ਹੋਰ ਡੇਵੀਏਸ਼ਨਜ਼ ਵਿੱਚ ਕਮੀ** | | | | |
| 8. | ਰਿਵਰਸ ਚਾਰਜ ਤੇ ਕਰ ਦਾ ਘੱਟ ਭੁਗਤਾਨ (ਜੀ ਐਸ ਟੀ ਆਰ-9 | ਜੀ ਐਸ ਟੀ ਆਰ-3ਬੀ ਦੀ ਸਾਰਣੀ 3.1 (ਡੀ) ਵਿੱਚ ਰਿਵਰਸ ਚਾਰਜ ਪ੍ਰਣਾਲੀ ਤਹਿਤ ਕਰ ਦੇਣਦਾਰੀ ਜੀ ਐਸ ਟੀ ਆਰ 9 ਦੀ ਸਾਰਣੀ 6ਸੀ, ਸਾਰਣੀ 6ਡੀ ਅਤੇ ਸਾਰਣੀ 6 ਐਫ ਵਿੱਚ ਪ੍ਰਾਪਤ | 25 | 36 | 135.84 |

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਕਰਦਾਤਾ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| | ਸੀ ਦੀ ਸਾਰਣੀ 9 ਆਰ) | ਇਨਪੁਟ ਟੈਕਸ ਕ੍ਰੈਡਿਟ ਤੋਂ ਘੱਟ ਨਹੀਂ ਹੋਣੀ ਚਾਹੀਦੀ ਸੀ।<br>ਜੇ ਜੀ ਐਸ ਟੀ ਆਰ-9 ਉਪਲਬਧ ਨਹੀਂ ਹੈ, ਤਾਂ ਜੀ ਐਸ ਟੀ ਆਰ-3ਬੀ ਦੀ ਸਾਰਣੀ 3.1 (ਡੀ) ਵਿੱਚ ਰਿਵਰਸ ਚਾਰਜ ਪ੍ਰਣਾਲੀ ਦੇ ਤਹਿਤ ਕਰ ਦੇਣਦਾਰੀ ਜੀ ਐਸ ਟੀ ਆਰ-3ਬੀ ਦੀ ਸਾਰਣੀ 4ਏ (2) ਅਤੇ ਸਾਰਣੀ 4ਏ (3) ਦੇ ਕੁੱਲ ਤੋਂ ਘੱਟ ਨਹੀਂ ਹੋਣੀ ਚਾਹੀਦੀ। | | | |
| 9. | ਗੈਰ ਭੁਗਤਾਈ ਕਰ ਦੇਣਦਾਰੀ | ਜੇ ਜੀ ਐਸ ਟੀ ਆਰ-9 ਉਪਲਬਧ ਹੈ, ਤਾਂ [ਜੀ ਐਸ ਟੀ ਆਰ-1 ਦੀ ਸਾਰਣੀ 4, ਸਾਰਣੀ 5, ਸਾਰਣੀ 6, ਸਾਰਣੀ 7, ਜੀ ਐਸ ਟੀ ਆਰ-1 ਦੀ ਸਾਰਣੀ 9 ਦੇ ਡਾਟਾ ਜਿੱਥੇ ਸੋਧਾਂ (ਸੋਧਿਆ ਹੋਇਆ ਮੁੱਲ ਉਸੇ ਚਲਾਨ ਦਾ ਅਸਲ ਮੁੱਲ ਤੋਂ ਘੱਟ ਹੈ) ਸਾਰਣੀ 9 ਦੇ ਡੈਬਿਟ ਨੋਟ, ਸਾਰਣੀ 9 ਦੇ ਕ੍ਰੈਡਿਟ ਨੋਟ ਸਾਰਣੀ 11ਏ ਅਤੇ ਜੀ ਐਸ ਟੀ ਆਰ-1 ਦੀ ਸਾਰਣੀ 11 ਬੀ (ਸਾਰਣੀ 11 ਦੇ ਅਡਵਾਸ ਅਤੇ ਐਡਜਸਟਮੈਂਟਾਂ ਦਾ ਨਿਰੋਲ) ਅਤੇ [ਸਾਰਣੀ 4 ਐਨ ਮਾਈਨਸ ਸਾਰਣੀ 4ਜੀ ਪਲੱਸ ਸਾਰਣੀ 10 ਮਾਈਨਸ ਸਾਰਣੀ 11 ਵਿੱਚ ਭੁਗਤਾਨਯੋਗ ਕਰ] ਜੀ ਐਸ ਟੀ ਆਰ-9] (ਜੋ ਵੀ ਵੱਧ ਹੋਵੇ) [ਸਾਰਣੀ 9 (ਆਈ ਟੀ ਸੀ ਅਤੇ ਨਕਦ ਦੋਵੇਂ) ਅਤੇ [ਸਾਰਣੀ 14 ਮਾਈਨਸ ਜੀ ਐਸ ਟੀ ਆਰ-9 ਦੀ ਸਾਰਣੀ 4 ਜੀ] ਵਿੱਚ ਅਦਾ ਕੀਤੇ ਕਰ ਤੋਂ ਵੱਧ ਨਹੀਂ ਹੋਣਾ ਚਾਹੀਦਾ।<br>ਜਿੱਥੇ ਜੀ ਐਸ ਟੀ ਆਰ-9 ਉਪਲਬਧ ਨਹੀਂ ਹੈ, ਉੱਥੇ ਸਾਰਣੀ 4 (ਸਾਰਣੀ 4 ਬੀ ਨੂੰ ਛੱਡ ਕੇ), ਸਾਰਣੀ 5, ਸਾਰਣੀ 6, ਜੀ ਐਸ ਟੀ ਆਰ-1 ਦੀ ਸਾਰਣੀ 7, ਜੀ ਐਸ ਟੀ ਆਰ-1 ਦੀ ਸਾਰਣੀ 9 ਦੇ ਡਾਟਾ ਜਿੱਥੇ ਸੋਧਾਂ (ਸੋਧਿਆ ਹੋਇਆ ਮੁੱਲ ਉਸੇ ਇਨਵੌਇਸ ਦਾ ਅਸਲ ਮੁੱਲ ਘਟਾ ਕੇ) ਸਾਰਣੀ 9 ਦੇ ਡੈਬਿਟ ਨੋਟ ਜੀ ਐਸ ਟੀ ਆਰ-1 ਦੇ ਕ੍ਰੈਡਿਟ ਨੋਟ, ਸਾਰਣੀ 11 ਏ ਅਤੇ ਸਾਰਣੀ 11 ਬੀ (ਸਾਰਣੀ 11 ਦੇ ਐਡਵਾਸ ਅਤੇ ਐਡਜਸਟਮੈਂਟਾਂ ਦਾ ਸ਼ੁੱਧ) ਤੋਂ ਵੱਧ ਨਹੀਂ ਹੋਣਾ ਚਾਹੀਦਾ [ਸਾਰਣੀ 6.1 (ਵਿਆਜ ਅਤੇ ਲੇਟ ਫੀਸ ਤੋਂ ਬਿਨਾਂ) ਮਾਈਨਸ ਜੀ ਐਸ ਟੀ ਆਰ-3ਬੀ ਦੀ ਸਾਰਣੀ 3.1(ਡੀ)] | 45 | 80 | 339.08 |
| 10. | ਕੰਪੋਜ਼ੀਸ਼ਨ ਲੇਵੀ ਦੇ ਅਧੀਨ ਈ-ਕਾਮਰਸ ਲਾਭਕਾਰੀ | ਜੇ ਜੀ ਐਸ ਟੀ ਆਰ-8 ਰਿਟਰਨ ਦੀ ਸਾਰਣੀ 3 ਤੋਂ ਜੀ ਐਸ ਟੀ ਆਈ ਐਨ ਨੇ ਵੀ ਕੰਪੋਜ਼ੀਸ਼ਨ ਕਰਦਾਤਾਵਾਂ ਵਜੋਂ ਸੀ ਐਮ ਪੀ-08 ਤਿਮਾਹੀ ਰਿਟਰਨ ਦਾਖਲ ਕੀਤੀ, ਤਾਂ ਇਹ ਅਨਿਯਮਿਤ ਸੀ। | 5 | 5 | 0 |
| 11. | ਨਿਰਧਾਰਿਤ ਟਰਨਓਵਰ ਨੂੰ ਪਾਰ ਕਰਨ ਦੇ ਬਾਵਜੂਦ ਵੀ ਕੰਪੋਜ਼ੀਸ਼ਨ ਲੇਵੀ ਦੇ ਅਧੀਨ | ਕੰਪੋਜ਼ੀਸ਼ਨ ਕਰਦਾਤਾ ਜਿਨ੍ਹਾਂ ਦਾ ਕਾਰੋਬਾਰ ਇਕੋ ਪੈਨ ਦੇ ਸਾਰੇ ਜੀ ਐਸ ਟੀ ਆਈ ਐਨ ਦੇ ਤਹਿਤ ਆਲ ਇੰਡੀਆ ਅਧਾਰ (ਕੇਂਦਰੀ ਅਤੇ ਰਾਜ ਅਧਿਕਾਰ ਖੇਤਰ) ਤੇ ਹੋਇਆ ਸੀ, ਨੇ 2018-19 ਵਿੱਚ ₹ 1 ਕਰੋੜ ਅਤੇ 2019-20 ਵਿੱਚ ₹ 1.5 ਕਰੋੜ ਦੀ ਟਰਨਓਵਰ ਸੀਮਾ ਨੂੰ ਪਾਰ ਕਰ ਲਿਆ ਸੀ। | 2 | 2 | 0 |

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਕਰਦਾਤਾ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| 12. | ਜੀ ਐਸ ਟੀ ਆਰ-3ਬੀ ਦਾਖਲ ਨਹੀਂ ਕੀਤੀ ਪਰ ਜੀ ਅਸ ਟੀ ਆਰ - 1/2 ਏ ਉਪਲਬਧ ਹੈ | ਜਿਨ੍ਹਾਂ ਕਰਦਾਤਾਵਾਂ ਨੇ ਜੀ ਐਸ ਟੀ ਆਰ-1 ਦਾਖਲ ਕੀਤਾ ਸੀ ਪਰ ਉਨ੍ਹਾਂ ਨੇ ਅਕਤੂਬਰ-2019, ਅਕਤੂਬਰ 2020 ਜਾਂ ਅਕਤੂਬਰ 2021 ਤੱਕ ਸਾਲ 2018-19, 2019-20, ਅਤੇ 2020-21 ਲਈ ਸਬੰਧਤ ਜੀ ਐਸ ਟੀ ਆਰ-3ਬੀ ਦਾਖਲ ਨਹੀਂ ਕੀਤਾ ਸੀ। | 30 | 37 | 43.16 |
| 13. | ਵਿਆਜ ਦਾ ਗੈਰ-ਭੁਗਤਾਨ | ਦੇਰੀ ਨਾਲ ਜੀ ਐਸ ਟੀ ਆਰ 3ਬੀ ਲਈ ਕਰ ਭੁਗਤਾਨ ਦੇ ਨਕਦ ਹਿੱਸੇ ਤੇ 18 *ਪ੍ਰਤੀਸ਼ਤ* ਦੀ ਦਰ ਨਾਲ ਵਿਆਜ। | 45 | 121 | 15.63 |
| | | **ਜੋੜ** | **296** | **513** | **1,445.72** |

**ਸਾਰਣੀ 2.7 (ਅ): ਪੈਨ ਪੰਜਾਬ ਡਾਟਾ ਵਿਸ਼ਲੇਸ਼ਣ ਦਾ ਸਾਰ (ਬੇਮੇਲ ਟਰਨਓਵਰ)**

| ਲੜੀ ਨੰ. | ਲੇਖਾ ਪ੍ਰੀਖਿਆ ਦਾਇਰਾ | ਐਲਗੋਰਿਦਮ ਵਰਤਿਆ ਗਿਆ ਹੈ | ਕਰਦਾਤਾ | ਮਾਮਲਿਆਂ ਦੀ ਸੰਖਿਆ | ਡੇਵਿਏਸ਼ਨ/ਬੇਮੇਲ ਦੀ ਰਾਸ਼ੀ *(₹ ਕਰੋੜ ਵਿੱਚ)* |
|---|---|---|---|---|---|
| 14. | ਕਰਯੋਗ ਮੁੱਲ ਦਾ ਦਮਨ (ਈ-ਵੇਅ ਬਿਲ) | ਜੀ ਐਸ ਟੀ ਆਰ-3ਬੀ ਦੀ ਸਾਰਣੀ 3.1 (ਏ) ਅਤੇ ਸਾਰਣੀ 3.1 (ਬੀ) ਦੀ ਰਕਮ ਈ-ਵੇਅ ਬਿਲਾਂ ਵਿੱਚ ਘੋਸ਼ਿਤ ਕਰ ਦੇਣਦਾਰੀ ਤੋਂ ਘੱਟ ਹੋਣੀ ਚਾਹੀਦੀ ਹੈ। | 35 | 83 | 6,291.81 |
| 15. | ਕਰ ਦਾ ਘੱਟ ਭੁਗਤਾਨ (ਟੀ ਡੀ ਐਸ/ਟੀ ਸੀ ਐਸ) | ਜੀ ਐਸ ਟੀ ਆਰ-3ਬੀ ਦੀ ਸਾਰਣੀ 3.1 (ਏ) ਦੀ ਤੁਲਨਾ ਜੀ ਐਸ ਟੀ ਆਰ-2ਏ ਦੀ ਸਾਰਣੀ 9 ਦੇ ਕਾਲਮ 4 ਨਾਲ ਕੀਤੀ ਗਈ। | 15 | 19 | 83.40 |
| 16. | ਕਰਯੋਗ ਮੁੱਲ ਦਾ ਦਮਨ (ਬਿਲ ਰਹਿਤ ਰੈਵੀਨਿਊ) | ਸਾਲ 2018-19 ਲਈ ਜੀ ਐਸ ਟੀ ਆਰ-9ਸੀ ਦੀ ਸਾਰਣੀ 5ਬੀ ਦੀ ਤੁਲਨਾ 2017-18 ਲਈ ਜੀ ਐਸ ਟੀ ਆਰ-9 ਸੀ ਦੀ ਸਾਰਣੀ 5 ਐਚ ਨਾਲ ਕੀਤੀ ਗਈ ਅਤੇ ਇਸੇ ਤਰ੍ਹਾਂ 2019-20 ਲਈ ਜੀ ਐਸ ਟੀ ਆਰ-9 ਸੀ ਦੀ ਸਾਰਣੀ 5 ਬੀ ਦੀ ਤੁਲਨਾ 2018-19 ਲਈ ਜੀ ਐਸ ਟੀ ਆਰ -9 ਸੀ ਦੀ ਸਾਰਣੀ 5ਐਚ ਨਾਲ ਕੀਤੀ ਗਈ ਅਤੇ 2020-21 ਲਈ ਜੀ ਐਸ ਟੀ ਆਰ-9ਸੀ ਦੀ ਸਾਰਣੀ 5 ਬੀ ਦੀ ਤੁਲਨਾ 2019-20 ਲਈ ਜੀ ਐਸ ਟੀ ਆਰ-9ਸੀ ਦੀ ਸਾਰਣੀ 5 ਐਚ ਨਾਲ ਕੀਤੀ ਗਈ। | 10 | 20 | 2,336.39 |
| 17. | ਬੇਮੇਲ ਕਰਯੋਗ ਟਰਨਓਵਰ (ਜੀ ਐਸ ਟੀ ਆਰ-9 ਸੀ ਦੀ ਸਾਰਣੀ 7ਜੀ) | ਜੀ ਐਸ ਟੀ ਆਰ-9 ਸੀ ਦੀ ਸਾਰਣੀ 7 ਜੀ ਵਿੱਚ ਕੋਈ ਵੀ ਨਕਾਰਾਤਮਕ ਐਂਟਰੀ ਛੋਟ, ਨਿੱਲ ਦਰਾਂ, ਗੈਰ-ਜੀ ਐਸ ਟੀ ਅਤੇ ਸਪਲਾਈ ਟਰਨਓਵਰ ਨਾ ਹੋਣ ਦੀ ਆੜ ਵਿੱਚ ਕਰ ਯੋਗ ਸਪਲਾਈ ਦੀ ਮਨਜ਼ੂਰੀ ਦਾ ਮਾਮਲਾ ਹੋ ਸਕਦਾ ਹੈ। | 10 | 19 | 21,996.46 |
| | | **ਜੋੜ** | **70** | **141** | **30,708.06** |

## ੳ ਕੇਂਦਰੀਕ੍ਰਿਤ ਲੇਖਾ ਪ੍ਰੀਖਿਆ ਦੇ ਨਤੀਜੇ

654 ਮਾਮਲਿਆਂ (**ਅੰਤਿਕਾ-2.1-ਅ**) ਵਿੱਚ ਅਸਮਾਨਤਾਵਾਂ ਵਿੱਚੋਂ, 642 ਮਾਮਲਿਆਂ ਵਿੱਚ ਵਿਭਾਗ ਦੇ ਹੁੰਗਾਰੇ ਪ੍ਰਾਪਤ ਹੋਏ। ਪ੍ਰਾਪਤ ਹੁੰਗਾਰੇ ਵਿੱਚੋਂ, 326 ਮਾਮਲਿਆਂ (50.78 *ਪ੍ਰਤੀਸ਼ਤ*) ਜਿਨ੍ਹਾਂ

ਵਿੱਚ ₹ 1,646 ਕਰੋੜ ਦਾ ਅਨੁਪਾਲਣ ਡੇਵਿਏਸ਼ਨ ਵਿੱਚ ਅਨੁਵਾਦ ਕੀਤਾ ਗਿਆ ਹੈ, ਜਿੱਥੇ ਵਿਭਾਗ ਨੇ 33 ਮਾਮਲਿਆਂ ਵਿੱਚ ₹ 2.14 ਕਰੋੜ ਦੀ ਵਸੂਲੀ ਦੇ ਨਾਲ 36.60 *ਪ੍ਰਤੀਸ਼ਤ* ਡੇਵੀਏਸ਼ਨ ਵਿੱਚ ਅਸਮਾਨਤਾਵਾਂ ਨੂੰ ਸਵੀਕਾਰ ਕੀਤਾ (**ਅੰਤਿਕਾ-2.2-IV**) 184 ਮਾਮਲਿਆਂ ਵਿੱਚ ₹ 1,472.75 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ (ਮੰਗ ਕੀਤੀ[39] : ₹ 1,353.15 ਕਰੋੜ, ਮੰਗ ਦੀ ਪੁਸ਼ਟੀ ਕੀਤੀ[40]: 119.60 ਕਰੋੜ ) (**ਅੰਤਿਕਾ-2.2-V**) ਅਤੇ ਕਰਦਾਤਾਵਾਂ ਤੋਂ ਜਵਾਬ ਮੰਗਣ ਲਈ ₹ 49.78 ਕਰੋੜ[41] ਦੇ 18 ਮਾਮਲਿਆਂ (**ਅੰਤਿਕਾ-2.2-VI**) ਵਿੱਚ ਏ ਐਸ ਐਮ ਟੀ-10 ਜਾਰੀ ਕਰਕੇ ਕਰਦਾਤਾਵਾਂ ਤੋਂ ਜਵਾਬ ਮੰਗਿਆ ਗਿਆ ਹੈ। ਇਨ੍ਹਾਂ ਮਾਮਲਿਆਂ ਵਿੱਚ, ਇਨਪੁਟ ਟੈਕਸ ਕ੍ਰੈਡਿਟ ਬੇਮੇਲ, ਸੀਮਾ ਮਿਆਦ ਤੋਂ ਬਾਅਦ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ, ਅਣਡਿਸਚਾਰਜ ਕਰ ਦੇਣਦਾਰੀ, ਕਰ ਦੇ ਦੇਰੀ ਨਾਲ ਭੁਗਤਾਨ 'ਤੇ ਵਿਆਜ ਦਾ ਘਟ/ਭੁਗਤਾਨ ਨਾ ਕਰਨਾ ਅਤੇ ਜੀ ਐਸ ਟੀ ਆਰ-3-ਬੀ ਨਾ ਭਰਨ ਵਰਗੇ ਜੋਖਮ ਵਾਲੇ ਖੇਤਰਾਂ ਵਿੱਚ ਡੇਵੀਏਸ਼ਨ ਦੀਆਂ ਉੱਚੀਆਂ ਦਰਾਂ ਵੇਖੀਆਂ ਗਈਆਂ। ਇਸ ਤੋਂ ਇਲਾਵਾ ₹ 115.83 ਕਰੋੜ[42] ਦੇ 85 ਮਾਮਲੇ (**ਅੰਤਿਕਾ-2.2-VII**) ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸਨ। ₹ 5.50 ਕਰੋੜ ਦੇ ਛੇ ਮਾਮਲਿਆਂ (**ਅੰਤਿਕਾ-2.2-VIII**) ਵਿੱਚ ਵਿਭਾਗ ਦੇ ਜਵਾਬ ਲੇਖਾ ਪ੍ਰੀਖਿਆ ਨੂੰ ਸਵੀਕਾਰ ਨਹੀਂ ਸਨ ਅਤੇ ਹੋਰ ਸਪੱਸ਼ਟੀਕਰਨ ਮੰਗਿਆ ਗਿਆ ਸੀ। ਵਿਭਾਗ ਵੱਲੋਂ ₹ 61.45 ਕਰੋੜ[43] ਦੇ 24 ਮਾਮਲਿਆਂ (**ਅੰਤਿਕਾ-2.2-IX**) ਦੀ ਜਾਂਚ ਕੀਤੀ ਜਾ ਰਹੀ ਸੀ। ₹ 47.66 ਕਰੋੜ ਦੇ ਅੱਠ ਮਾਮਲਿਆਂ (**ਅੰਤਿਕਾ-2.2-X**) (ਟਰਨਓਵਰ ਦੇ ਬੇਮੇਲ ਸਮੇਤ) ਵਿੱਚ ਵਿਭਾਗ ਦੁਆਰਾ ਦਰਸਾਏ ਗਏ ਡੇਵੀਏਸ਼ਨ ਨੂੰ ਸਵੀਕਾਰ ਨਹੀਂ ਕੀਤਾ ਪਰ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ। 284 ਮਾਮਲਿਆਂ (44.24 *ਪ੍ਰਤੀਸ਼ਤ*) ਵਿੱਚ, ਜਿੱਥੇ ਵਿਭਾਗ ਦਾ ਜਵਾਬ ਲੇਖਾ ਪ੍ਰੀਖਿਆ ਨੂੰ ਸਵੀਕਾਰਯੋਗ ਸੀ, ਕਰਦਾਤਾਵਾਂ ਦੁਆਰਾ ਡਾਟਾ ਐਂਟਰੀ ਗਲਤੀਆਂ ਵਿੱਚ 22 ਮਾਮਲੇ (**ਅੰਤਿਕਾ-2.2-I**) ਸ਼ਾਮਲ ਸਨ, ਵਿਭਾਗ ਨੇ 44 ਮਾਮਲਿਆਂ (**ਅੰਤਿਕਾ-2.2-II**) ਵਿੱਚ ਸਰਗਰਮੀ ਨਾਲ ਕਾਰਵਾਈ ਕੀਤੀ ਸੀ ਅਤੇ 218 ਮਾਮਲਿਆਂ (**ਅੰਤਿਕਾ-2.2-III**) ਵਿੱਚ ਵਿਭਾਗ ਕੋਲ ਜਾਇਜ਼ ਸਪੱਸ਼ਟੀਕਰਨ ਸਨ। ਇਸ ਤੋਂ ਇਲਾਵਾ, ₹ 51.44 ਕਰੋੜ ਨਾਲ ਸਬੰਧਤ 12 ਮਾਮਲਿਆਂ ਵਿੱਚ ਵਿਭਾਗ ਦਾ ਜਵਾਬ ਪ੍ਰਾਪਤ ਨਹੀਂ ਹੋਇਆ ਸੀ (**ਅੰਤਿਕਾ-2.2-XI**)।

ਕੇਂਦਰੀਕ੍ਰਿਤ ਲੇਖਾ ਪ੍ਰੀਖਿਆ ਦੇ 17 ਲੇਖਾ ਪ੍ਰੀਖਿਆ ਦਾਇਰੇ ਵਿੱਚੋਂ, ਵਿਭਾਗ ਨੇ ਵਸੂਲੀ ਕੀਤੀ, ਕਾਰਨ ਦੱਸੋ ਨੋਟਿਸ ਜਾਰੀ ਕੀਤੇ, ਏ ਐਸ ਐਮ ਟੀ-10 ਅਤੇ 16 ਲੇਖਾ ਪ੍ਰੀਖਿਆ ਦਾਇਰੇ ਵਿੱਚ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਮੁੱਦਿਆਂ ਨੂੰ ਲਿਆ। ਹਰੇਕ ਅਜਿਹੇ ਲੇਖਾ ਪ੍ਰੀਖਿਆ ਦਾਇਰੇ ਲਈ ਉੱਚ ਮੁੱਲ ਦੇ ਮਾਮਲੇ ਦੀ ਚਰਚਾ ਹੇਠਾਂ ਕੀਤੀ ਗਈ ਹੈ:

---

[39] ਡੀ ਆਰ ਸੀ-01

[40] ਡੀ ਆਰ ਸੀ-07

[41] ਇਹ ਰਾਸ਼ੀ ₹ 4.85 ਕਰੋੜ ਦੇ ਟਰਨਓਵਰ ਅਤੇ ₹ 44.93 ਕਰੋੜ ਦੀ ਕਰ ਦੇਣਦਾਰੀ/ਇਨਪੁਟ ਟੈਕਸ ਕ੍ਰੈਡਿਟ ਦੇ ਬੇਮੇਲ ਨੂੰ ਦਰਸਾਉਂਦੀ ਹੈ।

[42] ਇਹ ਰਾਸ਼ੀ ₹ 49.48 ਕਰੋੜ ਦੇ ਟਰਨਓਵਰ ਅਤੇ ₹ 66.35 ਕਰੋੜ ਦੀ ਕਰ ਦੇਣਦਾਰੀ/ਇਨਪੁਟ ਟੈਕਸ ਕ੍ਰੈਡਿਟ ਦੇ ਬੇਮੇਲ ਨੂੰ ਦਰਸਾਉਂਦੀ ਹੈ।

[43] ਇਹ ₹ 3.38 ਕਰੋੜ ਦੇ ਟਰਨਓਵਰ ਅਤੇ ₹ 58.16 ਕਰੋੜ ਦੀ ਕਰ ਦੇਣਦਾਰੀ/ਇਨਪੁਟ ਟੈਕਸ ਕ੍ਰੈਡਿਟ ਦੇ ਬੇਮੇਲ ਨੂੰ ਦਰਸਾਉਂਦੀ ਹੈ।

ਹਰੇਕ ਆਯਾਮ ਲਈ ਉਦਾਹਰਣ ਦੇ ਮਾਮਲੇ ਹੇਠਾਂ ਵਰਣਨ ਕੀਤੇ ਗਏ ਹਨ:

## 1. ਇਨਪੁਟ ਟੈਕਸ ਕ੍ਰੈਡਿਟ ਬੇਮੇਲਤਾ

ਜੀ ਐਸ ਟੀ ਆਰ-2 ਏ ਇੱਕ ਖਰੀਦ ਨਾਲ ਸਬੰਧਤ ਗਤੀਸ਼ੀਲ ਕਰ ਰਿਟਰਨ ਹੈ ਜੋ ਜੀ ਐਸ ਟੀ ਪੋਰਟਲ ਦੁਆਰਾ ਹਰੇਕ ਕਾਰੋਬਾਰ ਲਈ ਆਪਣੇ ਆਪ ਤਿਆਰ ਕੀਤੀ ਜਾਂਦੀ ਹੈ, ਜਦੋਂ ਕਿ ਜੀ ਐਸ ਟੀ ਆਰ 3ਬੀ ਇੱਕ ਮਹੀਨਾਵਾਰ ਰਿਟਰਨ ਹੈ ਜਿਸ ਵਿੱਚ ਇਨਪੁਟ ਟੈਕਸ ਕ੍ਰੈਡਿਟ ਅਤੇ ਕਰ ਦੇ ਭੁਗਤਾਨ ਦੇ ਨਾਲ ਸਪਲਾਈ ਦਾ ਸੰਖੇਪ ਕਰਦਾਤਾ ਦੁਆਰਾ ਸਵੈ-ਘੋਸ਼ਿਤ ਕੀਤਾ ਜਾਂਦਾ ਹੈ।

ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਦੀ ਸੱਚਾਈ ਦਾ ਵਿਸ਼ਲੇਸ਼ਣ ਕਰਨ ਲਈ, 2018-19 ਤੋਂ 2020-21 ਦੀ ਮਿਆਦ ਲਈ ਜੀ ਐਸ ਟੀ ਆਰ—3ਬੀ ਅਤੇ ਜੀ ਐਸ ਟੀ ਆਰ-2ਏ ਤੋਂ ਸਬੰਧਤ ਡਾਟਾ ਕੱਢਿਆ ਗਿਆ ਸੀ ਅਤੇ ਸਪਲਾਇਰਾਂ ਦੇ ਵੇਰਵਿਆਂ ਅਨੁਸਾਰ ਭੁਗਤਾਨ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਨੂੰ ਕਰਦਾਤਾ ਦੁਆਰਾ ਲਏ ਗਏ ਇਨਪੁਟ ਟੈਕਸ ਕ੍ਰੈਡਿਟ ਨਾਲ ਮਿਲਾਇਆ ਗਿਆ ਸੀ। ਅਪਣਾਈ ਗਈ ਵਿਧੀ ਇਹ ਸੀ ਕਿ ਜੀ ਐਸ ਟੀ ਆਰ-2ਏ ਅਨੁਸਾਰ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਦੀ ਤੁਲਨਾ ਇਸ ਦੀਆਂ ਸਾਰੀਆਂ ਸੋਧਾਂ ਨਾਲ ਸਾਰਣੀ 4ਏ (5) ਵਿੱਚ ਜੀ ਐਸ ਟੀ ਆਰ-3ਬੀ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਨਾਲ ਕੀਤੀ ਜਾਵੇ, ਜਿਸ ਵਿੱਚ 4 (ਡੀ) ਬਲਾਕ ਕੀਤੇ ਕ੍ਰੈਡਿਟ ਅਤੇ ਅਗਲੇ ਸਾਲਾਂ ਵਿੱਚ ਜੀ ਐਸ ਟੀ ਆਰ-9 ਦੀ ਸਾਰਣੀ 8 ਸੀ ਵਿੱਚ ਪ੍ਰਾਪਤ ਕੀਤੇ ਕ੍ਰੈਡਿਟ ਸ਼ਾਮਲ ਹਨ।

ਐਸ ਏ ਐਸ ਨਗਰ ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਜੀ ਐਸ ਟੀ ਆਰ-2ਏ ਅਨੁਸਾਰ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਅਤੇ ਜੀ ਐਸ ਟੀ ਆਰ-3ਬੀ ਵਿੱਚ ਕਰਦਾਤਾ ਦੁਆਰਾ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਦੇ ਸਾਲ 2020-21 ਵਿੱਚ ₹ 25.14 ਕਰੋੜ ਦਾ ਅੰਤਰ ਹੈ। ਜੀ ਐਸ ਟੀ ਆਰ-2ਏ ਅਨੁਸਾਰ ਉਪਲਬਧ ਇਨਪੁਟ ਟੈਕਸ ਕ੍ਰੈਡਿਟ ₹ 27.96 ਕਰੋੜ ਸੀ, ਜਦੋਂ ਕਿ ਜੀ ਐਸ ਟੀ ਆਰ-3ਬੀ ਵਿੱਚ ਇਨਪੁਟ ਟੈਕਸ ਕ੍ਰੈਡਿਟ ₹ 53.10 ਕਰੋੜ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨਾਲ ₹ 25.14 ਕਰੋੜ ਦਾ ਮਾਮਲਾ ਪੱਤਰ-ਵਿਹਾਰ ਅਧੀਨ ਸੀ।

## 2. ਸਪਲਾਇਰ ਦੁਆਰਾ ਕਰ ਜਮ੍ਹਾਂ ਕਰਾਣ ਤੋਂ ਬਿਨਾਂ ਪ੍ਰਾਪਤ ਕੀਤਾ ਇਨਪੁਟ ਟੈਕਸ ਕ੍ਰੈਡਿਟ

ਪ੍ਰਾਪਤਕਰਤਾ ਕਰਦਾਤਾ ਦਾ ਜੀ ਐਸ ਟੀ ਆਰ-2ਏ ਸਪਲਾਇਰ ਕਰਦਾਤਾਵਾਂ ਦੁਆਰਾ ਆਪਣੇ ਜੀ ਐਸ ਟੀ ਆਰ-1 ਵਿੱਚ ਬਾਹਰੀ ਸਪਲਾਈ ਲਈ ਕੀਤੇ ਖੁਲਾਸਿਆਂ ਦੇ ਅਧਾਰ 'ਤੇ ਤਿਆਰ ਕੀਤਾ ਜਾਂਦਾ ਹੈ। ਸਪਲਾਇਰ ਕਰਦਾਤਾਵਾਂ ਨੂੰ ਜੀ ਐਸ ਟੀ ਆਰ-3ਬੀ ਰਿਟਰਨ ਭਰ ਕੇ ਆਪਣੀਆਂ ਕਰ ਦੇਣਦਾਰੀਆਂ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ। ਜੀ ਐਸ ਟੀ ਆਰ-9 ਦੀ ਸਾਰਣੀ 8ਏ ਵਿੱਚ ਅਗਲੇ ਵਿੱਤੀ ਸਾਲ ਦੇ 31 ਅਕਤੂਬਰ ਤੱਕ ਲਏ ਗਏ ਡਾਟੇ ਦੀ ਤੁਲਨਾ ਜੀ ਐਸ ਟੀ ਆਰ-2 ਏ[44] ਦੀ ਸਾਰਣੀ 3 ਤੋਂ 6 ਨਾਲ ਕੀਤੀ ਗਈ ਸੀ। ਇਹ ਡੇਵੀਏਸ਼ਨਾਂ ਸੰਭਾਵਤ ਤੌਰ 'ਤੇ ਉਨ੍ਹਾਂ ਮਾਮਲਿਆਂ

[44] ਪੁਰਾਣੇ ਜੀ ਐਸ ਟੀ ਆਰ-2ਏ ਫਾਰਮੈਟ ਦੀ ਸਾਰਣੀ 3 ਅਤੇ 5

ਦਾ ਸੰਕੇਤ ਦੇ ਸਕਦੀ ਹੈ ਜਿੱਥੇ ਇਨਪੁਟ ਟੈਕਸ ਕ੍ਰੈਡਿਟ ਕਰਦਾਤਾ ਦੁਆਰਾ ਜਮ੍ਹਾਂ ਕੀਤੇ ਤੋਂ ਬਿਨ੍ਹਾਂ ਪਾਸ ਕੀਤਾ ਗਿਆ ਹੋਵੇਗਾ।

ਲੁਧਿਆਣਾ-III ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਜੀ ਐਸ ਟੀ ਆਰ-9 ਦੀ ਸਾਰਣੀ 8 ਏ ਅਤੇ ਕਰਦਾਤਾ ਦੇ ਜੀ ਐਸ ਟੀ ਆਰ-2ਏ ਦੀ ਸਾਰਣੀ 3 ਤੋਂ 6 ਵਿਚਕਾਰ 2020-21 ਲਈ ₹ 10.15 ਕਰੋੜ ਦਾ ਮੇਲ ਨਹੀਂ ਹੋਣ ਬਾਰੇ ਸੂਚਿਤ ਕੀਤਾ (ਅਗਸਤ 2023)।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਹੈ।

### 3. ਸੀਮਾ ਮਿਆਦ ਤੋਂ ਬਾਅਦ ਪ੍ਰਾਪਤ ਕੀਤਾ ਗਿਆ ਇਨਪੁਟ ਟੈਕਸ ਕ੍ਰੈਡਿਟ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 39 ਦੇ ਨਾਲ ਪੜ੍ਹੀ ਗਈ ਧਾਰਾ 16 (4) ਵਿੱਚ ਸਾਲ ਦੀ ਜੀ ਐਸ ਟੀ ਆਰ-3ਬੀ ਰਿਟਰਨ ਪੇਸ਼ ਕਰਕੇ ਅਗਲੇ ਸਾਲ ਦੀ 20 ਅਕਤੂਬਰ ਤੱਕ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕਰਨ ਦੀ ਵਿਵਸਥਾ ਹੈ ਜਿਸ ਨਾਲ ਇਨਪੁਟ ਟੈਕਸ ਕ੍ਰੈਡਿਟ ਸਬੰਧਤ ਹੈ। ਇਸ ਦੇ ਅਨੁਸਾਰ, ਜੇ ਅਜਿਹੇ ਸਮੇਂ ਤੋਂ ਬਾਅਦ ਕੋਈ ਜੀ ਐਸ ਟੀ ਆਰ-3ਬੀ ਪੇਸ਼ ਕੀਤਾ ਜਾਂਦਾ ਹੈ, ਤਾਂ ਕਰਦਾਤਾ ਦੁਆਰਾ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਅਸਵੀਕਾਰਯੋਗ ਹੋ ਜਾਂਦਾ ਹੈ।

ਐਸ ਏ ਐਸ ਨਗਰ ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਜੂਨ 2023) ਕਿ ਕਰਦਾਤਾ ਨੇ 20 ਅਕਤੂਬਰ 2019 ਤੋਂ ਬਾਅਦ ਮਾਰਚ 2019 ਦਾ ਜੀ ਐਸ ਟੀ ਆਰ-3ਬੀ ਦਾਖਲ ਕੀਤਾ ਸੀ ਅਤੇ ₹ 4.78 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ 8 ਅਗਸਤ 2023 ਨੂੰ ₹ 8.48 ਕਰੋੜ (ਵਿਆਜ ਸਮੇਤ) ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

### 4. ਵਾਧੂ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਕ੍ਰੈਡਿਟ

ਇਹ ਵਿਸ਼ਲੇਸ਼ਣ ਕਰਨ ਲਈ ਕਿ ਕੀ ਕਰਦਾਤਾ ਦੁਆਰਾ ਲਿਆ ਗਿਆ ਇਨਪੁਟ ਟੈਕਸ ਕ੍ਰੈਡਿਟ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਦੁਆਰਾ ਟ੍ਰਾਂਸਫਰ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਤੋਂ ਵੱਧ ਨਹੀਂ ਹੈ, ਕਰਦਾਤਾ ਦੇ ਰਿਟਰਨ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਦੀ ਤੁਲਨਾ ਇਨਪੁਟ ਸਰਵਿਸ ਡਿਸਟ੍ਰੀਬਿਊਟਰਾਂ ਦੁਆਰਾ ਉਨ੍ਹਾਂ ਦੇ ਜੀ ਐਸ ਟੀ ਆਰ-6 ਰਿਟਰਨ ਵਿੱਚ ਟ੍ਰਾਂਸਫਰ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਨਾਲ ਕੀਤੀ ਗਈ ਸੀ।

ਅਪਣਾਈ ਗਈ ਵਿਧੀ ਇਹ ਸੀ ਕਿ ਕਰਦਾਤਾ ਦੇ ਜੀ ਐਸ ਟੀ ਆਰ 9 ਦੀ ਸਾਰਣੀ 6 ਜੀ ਦੀ ਤੁਲਨਾ ਸਬੰਧਤ ਇਨਪੁਟ ਸਰਵਿਸ ਡਿਸਟ੍ਰੀਬਿਊਟਰ ਦੁਆਰਾ ਪੇਸ਼ ਕੀਤੇ ਗਏ ਜੀ ਐਸ ਟੀ ਆਰ-6 ਦੀ ਸਾਰਣੀ 5 ਏ, ਸਾਰਣੀ 8 ਏ, ਅਤੇ ਸਾਰਣੀ 9 ਏ ਦੇ ਜੋੜ ਨਾਲ ਕੀਤੀ ਜਾਵੇ। ਜੇ ਕਰਦਾਤਾ ਦੇ ਜੀ ਐਸ ਟੀ ਆਰ-9 ਵਿੱਚ ਸਾਰਣੀ 7 ਬੀ ਰੱਦ ਸੀ, ਤਾਂ ਸਾਰਣੀ 7 ਐਚ ਮੁੱਲਾਂ 'ਤੇ ਵਿਚਾਰ ਕੀਤਾ ਗਿਆ ਸੀ। ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਜੀ ਐਸ ਟੀ ਆਰ-9 ਉਪਲਬਧ ਨਹੀਂ ਸੀ, ਕਰਦਾਤਾ ਦੇ ਜੀ ਐਸ ਟੀ

ਆਰ 3 ਬੀ ਦੀ ਸਾਰਣੀ 4 (ਏ) (4) ਦੀ ਤੁਲਨਾ ਸਬੰਧਤ ਇਨਪੁਟ ਸਰਵਿਸ ਡਿਸਟ੍ਰੀਬਿਊਟਰਾਂ ਦੁਆਰਾ ਪੇਸ਼ ਕੀਤੇ ਜੀ ਐਸ ਟੀ ਆਰ 6 ਦੀ ਸਾਰਣੀ 5ਏ, ਸਾਰਣੀ 8ਏ ਅਤੇ ਸਾਰਣੀ 9 ਏ ਦੇ ਜੋੜ ਨਾਲ ਕੀਤੀ ਗਈ ਸੀ।

ਐਸ ਏ ਐਸ ਨਗਰ ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2018-19 ਦੌਰਾਨ ਆਈ ਐਸ ਡੀ ਸ਼੍ਰੇਣੀ ਅਧੀਨ ₹ 0.91 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਸੀ, ਜਦੋਂ ਕਿ ਸਬੰਧਤ ਇਨਪੁਟ ਸਰਵਿਸ ਡਿਸਟ੍ਰੀਬਿਊਟਰਾਂ ਨੇ ₹ 0.38 ਕਰੋੜ ਟ੍ਰਾਂਸਫਰ ਕੀਤੇ ਹਨ ਜਿਸ ਦੇ ਨਤੀਜੇ ਵਜੋਂ ₹ 0.53 ਕਰੋੜ ਦਾ ਅੰਤਰ ਆਇਆ ਹੈ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ₹ 0.53 ਕਰੋੜ ਦੇ ਆਈ ਟੀ ਸੀ ਦੇ ਬੇਮੇਲ ਹੋਣ ਦਾ ਮਾਮਲਾ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸੀ।

## 5. ਕਰ ਦਾ ਘੱਟ ਭੁਗਤਾਨ

ਵਿੱਤੀ ਵਿਵਰਣੀਆਂ ਦੇ ਮੁਕਾਬਲੇ ਸਲਾਨਾ ਰਿਟਰਨ ਵਿੱਚ ਦਰਸਾਏ ਗਏ ਕਰ ਵਿੱਚ ਬੇਮੇਲ ਦੀ ਹੱਦ ਦੀ ਸਮੀਖਿਆ ਕਰਨ ਲਈ, ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 80(3) ਅਧੀਨ ਕਰਦਾਤਾ ਦੁਆਰਾ ਪੇਸ਼ ਕੀਤੇ ਗਏ 2018-19 ਤੋਂ 2020-21 ਦੇ ਜੀ ਐਸ ਟੀ ਆਰ-9 ਸੀ ਮਿਲਾਨ ਕੀਤੀ ਗਈ ਵਿਵਰਣੀ ਦੀ ਸਾਰਣੀ 9 ਨਾਲ ਸੰਬੰਧਿਤ ਡਾਟਾ ਪੁਆਇੰਟਾਂ ਦਾ ਡਾਟਾ ਪੱਧਰ ਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਜੀ ਐਸ ਟੀ ਆਰ-9ਸੀ ਵਿੱਚ ਕਰ ਅਦਾ ਕੀਤੀ ਦੇ ਗਲਤ ਖੁਲਾਸੇ ਦੀ ਸੰਭਾਵਨਾ ਤੋਂ ਇਨਕਾਰ ਕਰਨ ਲਈ, ਰਾਸ਼ੀ ਦੀ ਤੁਲਨਾ ਜੀ ਐਸ ਟੀ ਆਰ-9 ਵਿੱਚ ਅਸਲ ਕਰ ਭੁਗਤਾਨ ਵੇਰਵਿਆਂ ਨਾਲ ਵੀ ਕੀਤੀ ਗਈ ਸੀ।

ਐਸ ਏ ਐਸ ਨਗਰ ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2020-21 ਦੇ ਜੀ ਐਸ ਟੀ ਆਰ-9ਸੀ ਦੀ ਸਾਰਣੀ 9 ਆਰ ਵਿੱਚ ₹ 9.00 ਕਰੋੜ ਦੇ ਕਰ ਦਾ ਮਿਲਾਨ ਨਹੀਂ ਕੀਤਾ ਗਿਆ ਸੀ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

## 6. ਵਿੱਤੀ ਵਿਵਰਣੀਆਂ ਦੇ ਨਾਲ ਮਿਲਾਨ ਨਹੀਂ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ

ਜੀ ਐਸ ਟੀ ਆਰ-9 ਸੀ ਦੀ ਸਾਰਣੀ 12 ਸਲਾਨਾ ਰਿਟਰਨ ਜੀ ਐਸ ਟੀ ਆਰ-9 ਵਿੱਚ ਘੋਸ਼ਿਤ ਇਨਪੁਟ ਟੈਕਸ ਕ੍ਰੈਡਿਟ ਨੂੰ ਲੇਖਾ ਪ੍ਰੀਖਿਆ ਕੀਤੇ ਸਲਾਨਾ ਵਿੱਤੀ ਵਿਵਰਣੀਆਂ ਜਾਂ ਲੇਖਿਆਂ ਦੀਆਂ ਕਿਤਾਬਾਂ ਅਨੁਸਾਰ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਨਾਲ ਮੇਲ ਖਾਂਦੀ ਹੈ।

ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 80 (3) ਅਧੀਨ ਸਾਲ 2018-19 ਤੋਂ 2020-21 ਲਈ ਫਾਰਮ ਜੀ ਐਸ ਟੀ ਆਰ-9 ਸੀ ਵਿੱਚ ਕਰਦਾਤਾ ਵੱਲੋਂ ਜਮ੍ਹਾਂ ਕੀਤੇ ਪ੍ਰਮਾਣਿਤ ਮਿਲਾਨ ਕੀਤੀ ਵਿਵਰਣੀਆਂ ਦਾ ਡਾਟਾ ਪੱਧਰ 'ਤੇ ਵਿਸ਼ਲੇਸ਼ਣ ਕੀਤਾ ਗਿਆ ਤਾ ਜੋ ਸਲਾਨਾ ਰਿਟਰਨ ਅਤੇ ਵਿੱਤੀ ਵਿਵਰਣੀਆਂ ਵਿਚਕਾਰ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਵਿੱਚ ਪਛਾਣੇ ਗਏ ਬੇਮੇਲ ਦੀ ਹੱਦ ਦੀ ਸਮੀਖਿਆ ਕੀਤੀ ਜਾ ਸਕੇ।

ਲੁਧਿਆਣਾ-1 ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਦੇ ਜੀ ਐਸ ਟੀ ਆਰ-9ਸੀ ਦੀ ਸਾਰਣੀ 12 ਐਫ ਅਧੀਨ 2020-21 ਵਿੱਚ ₹ 4.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਬੇਮੇਲ ਪਿਆ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਹੈ।

## 7. ਵਿੱਤੀ ਵਿਵਰਣੀਆਂ ਦੇ ਨਾਲ ਮਿਲਾਨ ਨਾ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ

ਜੀ ਐਸ ਟੀ ਆਰ-9ਸੀ ਦੀ ਸਾਰਣੀ 14 ਸਲਾਨਾ ਰਿਟਰਨ ਜੀ ਐਸ ਟੀ ਆਰ-9 ਵਿੱਚ ਘੋਸ਼ਿਤ ਇਨਪੁਟ ਟੈਕਸ ਕ੍ਰੈਡਿਟ ਨੂੰ ਲੇਖਾ ਪ੍ਰੀਖਿਆ ਕੀਤੇ ਸਲਾਨਾ ਵਿੱਤੀ ਵਿਵਰਣੀਆਂ ਜਾਂ ਲੇਖਿਆਂ ਦੀਆਂ ਕਿਤਾਬਾਂ ਅਨੁਸਾਰ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਨਾਲ ਮੇਲ ਖਾਂਦੀ ਹੈ।

ਪੰਜਾਬ ਜੀ ਐਸ ਟੀ ਨਿਯਮ, 2017 ਦੇ ਨਿਯਮ 80 (3) ਅਧੀਨ ਸਾਲ 2018-19 ਤੋਂ 2020-21 ਲਈ ਫਾਰਮ ਜੀ ਐਸ ਟੀ ਆਰ-9 ਸੀ ਵਿੱਚ ਕਰਦਾਤਾ ਵੱਲੋਂ ਜਮ੍ਹਾਂ ਕੀਤੇ ਪ੍ਰਮਾਣਿਤ ਮਿਲਾਨ ਕੀਤੀ ਵਿਵਰਣੀ ਦਾ ਡਾਟਾ ਪੱਧਰ 'ਤੇ ਵਿਸ਼ਲੇਸ਼ਣ ਕੀਤਾ ਗਿਆ ਤਾਂ ਜੋ ਸਲਾਨਾ ਰਿਟਰਨ ਅਤੇ ਵਿੱਤੀ ਵਿਵਰਣੀਆਂ ਵਿਚਕਾਰ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਵਿੱਚ ਪਛਾਣੇ ਗਏ ਬੇਮੇਲਤਾ ਦੀ ਹੱਦ ਦੀ ਸਮੀਖਿਆ ਕੀਤੀ ਜਾ ਸਕੇ।

ਲੁਧਿਆਣਾ-II ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਦੇ ਜੀ ਐਸ ਟੀ ਆਰ-9 ਸੀ ਦੀ ਸਾਰਣੀ 14 ਟੀ ਅਧੀਨ 2020-21 ਵਿੱਚ ₹ 4.89 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਬੇਮੇਲ ਪਿਆ ਸੀ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਸਾਲ ₹ 4.89 ਕਰੋੜ ਦਾ ਮੁੱਦਾ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸੀ।

## 8. ਰਿਵਰਸ ਚਾਰਜ ਅਧੀਨ ਕਰ ਦਾ ਘੱਟ ਭੁਗਤਾਨ

ਰਿਵਰਸ ਚਾਰਜ ਮੈਕੇਨਿਜ਼ਮ (ਆਰ ਸੀ ਐਮ) ਅਧੀਨ ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9 (3) ਜਾਂ ਧਾਰਾ 9 (4) ਅਧੀਨ ਵਸਤੂਆਂ ਜਾਂ ਸੇਵਾਵਾਂ ਦੀਆਂ ਕੁੱਝ ਸ਼੍ਰੇਣੀਆਂ ਜਾਂ ਦੋਵਾਂ ਦੇ ਸਬੰਧ ਵਿੱਚ ਸਪਲਾਇਰ ਜਾਂ ਪ੍ਰਦਾਤਾ ਦੀ ਬਜਾਏ ਵਸਤੂਆਂ ਜਾਂ ਸੇਵਾਵਾਂ ਪ੍ਰਾਪਤ ਕਰਨ ਵਾਲੇ 'ਤੇ ਕਰ ਅਦਾ ਕਰਨ ਦੀ ਦੇਣਦਾਰੀ ਨਿਰਧਾਰਤ ਕੀਤੀ ਜਾਂਦੀ ਹੈ।

ਜੀ ਐਸ ਟੀ ਆਰ -9 ਇੱਕ ਸਲਾਨਾ ਰਿਟਰਨ ਹੈ ਜੋ ਹਰੇਕ ਵਿੱਤੀ ਸਾਲ ਲਈ ਇੱਕ ਵਾਰ ਰਜਿਸਟਰਡ ਕਰਦਾਤਾਵਾਂ ਦੁਆਰਾ ਦਾਖਲ ਕੀਤੀ ਜਾਂਦੀ ਹੈ ਜੋ ਨਿਯਮਤ ਕਰਦਾਤਾ ਸਨ, ਜਿਸ ਵਿੱਚ ਐਸ ਈ ਜੇਡ ਇਕਾਈਆਂ ਅਤੇ ਐਸ ਈ ਜੇਡ ਡਿਵੈਲਪਰ ਸ਼ਾਮਲ ਹਨ। ਕਰਦਾਤਾਵਾਂ ਨੂੰ ਖਰੀਦ, ਵਿਕਰੀ ਇਨਪੁਟ ਟੈਕਸ ਕ੍ਰੈਡਿਟ ਜਾਂ ਕਲੇਮ ਕੀਤੇ ਰਿਫੰਡ ਜਾਂ ਕੀਤੀ ਗਈ ਮੰਗ ਆਦਿ ਦਾ ਵੇਰਵਾ ਪੇਸ਼ ਕਰਨਾ ਜ਼ਰੂਰੀ ਹੈ।

ਰਿਵਰਸ ਚਾਰਜ ਮੈਕੇਨਿਜ਼ਮ ਦੇ ਅਧੀਨ ਭੁਗਤਾਨ ਕੀਤੇ ਕਰ ਦੀ ਸਚਾਈ ਦਾ ਵਿਸ਼ਲੇਸ਼ਣ ਕਰਨ ਲਈ, ਆਰ ਸੀ ਐਮ ਨਾਲ ਸਬੰਧਤ ਜੀ ਐਸ ਟੀ ਆਰ-3 ਬੀ ਅਤੇ ਸਲਾਨਾ ਰਿਟਰਨ ਜੀ ਐਸ ਟੀ ਆਰ-9 ਦੇ ਡਾਟਾਸੈਟਾਂ ਦੀ ਤੁਲਨਾ ਇਹ ਜਾਂਚ ਕਰਨ ਲਈ ਕੀਤੀ ਗਈ ਸੀ ਕਿ, ਕੀ ਆਰ ਸੀ ਐਮ ਅਧੀਨ

ਗਤੀਵਿਧੀਆਂ ਜਾਂ ਲੈਣ-ਦੇਣ 'ਤੇ ਕਰ ਪੂਰੀ ਤਰ੍ਹਾਂ ਅਦਾ ਕੀਤਾ ਗਿਆ ਹੈ। ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਜੀ ਐਸ ਟੀ ਆਰ-9 ਦਾਖਲ ਕੀਤਾ ਗਿਆ ਸੀ, ਸਾਰਣੀ 4 ਜੀ ਦੇ ਅਧੀਨ ਆਰ ਸੀ ਐਮ ਭੁਗਤਾਨਾਂ ਦੀ ਤੁਲਨਾ ਸਾਰਣੀ 6 ਸੀ, 6 ਡੀ, ਅਤੇ 6 ਐਫ ਵਿੱਚ ਪ੍ਰਾਪਤ ਇਨਪੁਟ ਟੈਕਸ ਕ੍ਰੈਡਿਟ ਨਾਲ ਕੀਤੀ ਗਈ ਸੀ। ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਜੀ ਐਸ ਟੀ ਆਰ-9 ਉਪਲਬਧ ਨਹੀਂ ਸੀ, ਸਾਰਣੀ 3.1 (ਡੀ) ਦੇ ਅਧੀਨ ਜੀ ਐਸ ਟੀ ਆਰ-3 ਬੀ ਵਿੱਚ ਆਰ ਸੀ ਐਮ ਭੁਗਤਾਨਾਂ ਦੀ ਤੁਲਨਾ ਜੀ ਐਸ ਟੀ ਆਰ-3ਬੀ 4 (ਏ) (2) ਅਤੇ 4 ਏ (3) ਨਾਲ ਕੀਤੀ ਗਈ ਸੀ।

ਲੁਧਿਆਣਾ-II ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ ਜੀ ਐਸ ਟੀ ਆਰ-3 ਬੀ ਦੀ ਸਾਰਣੀ 4 (ਏ) (2) ਅਤੇ 4ਏ (3) ਅਧੀਨ 2018-19 ਵਿੱਚ ₹ 1.64 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਲਿਆ ਸੀ ਪਰ ਜੀ ਐਸ ਟੀ ਆਰ-3 (ਬੀ) ਦੀ ਸਾਰਣੀ 3.1 (ਡੀ) ਵਿੱਚ ਰਿਵਰਸ ਚਾਰਜ ਅਧੀਨ ਭੁਗਤਾਨਯੋਗ ਕਰ ₹3,648 ਸੀ ਇਸ ਤਰ੍ਹਾਂ ਇਨ੍ਹਾਂ ਡਾਟੇ ਵਿੱਚ ਫਰਕ ਰਿਵਰਸ ਚਾਰਜ ਦੇ ਅਧੀਨ ₹ 1.64 ਕਰੋੜ ਦੇ ਕਰ ਦੀ ਘੱਟ ਅਦਾਇਗੀ ਦਾ ਸੰਕੇਤ ਹੈ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ।

## 9. ਗੈਰ ਭੁਗਤਾਨ ਕੀਤੀ ਕਰ ਦੇਣਦਾਰੀ

ਜੀ ਐਸ ਟੀ ਆਰ-1 ਵਸਤੂਆਂ ਜਾਂ ਸੇਵਾਵਾਂ ਦੀ ਬਾਹਰੀ ਸਪਲਾਈ ਦੇ ਮਾਸਿਕ ਵੇਰਵਿਆਂ ਨੂੰ ਦਰਸਾਉਂਦਾ ਹੈ। ਇਨ੍ਹਾਂ ਵੇਰਵਿਆਂ ਦਾ ਮੁਲਾਂਕਣ ਕਰਦਾਤਾ ਦੁਆਰਾ ਵੀ ਕੀਤਾ ਜਾਂਦਾ ਹੈ ਅਤੇ ਸਬੰਧਤ ਕਾਲਮਾਂ ਵਿੱਚ ਸਲਾਨਾ ਰਿਟਰਨ ਜੀ ਐਸ ਟੀ ਆਰ-9 ਵਿੱਚ ਜ਼ਿਕਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਰਯੋਗ ਮੁੱਲ ਅਤੇ ਇਸ ਦਾ ਭੁਗਤਾਨ ਕੀਤਾ ਕਰ ਵੀ ਜੀ ਐਸ ਟੀ ਆਰ-3ਬੀ ਵਿੱਚ ਦਿਖਾਇਆ ਗਿਆ ਹੈ।

ਸਾਲ 2018-19 ਤੋਂ 2020-21 ਵਿੱਚ ਗੈਰ-ਭੁਗਤਾਨ ਕੀਤੀ ਕਰ ਦੇਣਦਾਰੀ ਦਾ ਵਿਸ਼ਲੇਸ਼ਣ ਕਰਨ ਲਈ ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-9 ਵਿੱਚ ਭੁਗਤਾਨ ਯੋਗ ਕਰ ਦੀ ਤੁਲਨਾ ਜੀ ਐਸ ਟੀ ਆਰ-9 ਵਿੱਚ ਘੋਸ਼ਿਤ ਕਰ ਨਾਲ ਕੀਤੀ ਗਈ। ਜਿੱਥੇ ਜੀ ਐਸ ਟੀ ਆਰ-9 ਉਪਲਬਧ ਨਹੀਂ ਸੀ, ਉੱਥੇ ਜੀ ਐਸ ਟੀ ਆਰ-I ਅਤੇ ਜੀ ਐਸ ਟੀ ਆਰ-3ਬੀ ਵਿਚਕਾਰ ਭੁਗਤਾਨਯੋਗ ਕਰ ਦੀ ਤੁਲਨਾ ਕੀਤੀ ਗਈ। ਇਸ ਮਕਸਦ ਲਈ ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-9 ਵਿੱਚ ਘੋਸ਼ੀਤ ਸੋਧਾਂ ਅਤੇ ਐਡਵਾਂਸ ਐਡਜਸਟਮੈਂਟਾਂ ਤੇ ਵੀ ਵਿਚਾਰ ਕੀਤਾ ਗਿਆ । ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-9 ਤੋਂ ਉੱਚ ਕਰ ਦੇਣਦਾਰੀ ਦੀ ਤੁਲਨਾ ਜੀ ਐਸ ਟੀ ਆਰ-9 ਦੀ ਸਾਰਣੀ 9 ਅਤੇ 14 ਵਿੱਚ ਘੋਸ਼ਿਤ ਕਰ ਨਾਲ ਕੀਤੀ ਗਈ ਸੀ ਤਾਂ ਜੋ ਕਰ ਦੇ ਘੱਟ ਭੁਗਤਾਨ ਦੀ ਪਛਾਣ ਕੀਤੀ ਜਾ ਸਕੇ। ਜੀ ਐਸ ਟੀ ਆਰ-3ਬੀ ਦੇ ਮਾਮਲੇ ਵਿੱਚ, ਸਾਰਣੀ 6.1 ਘਟਾ ਸਾਰਣੀ 3.1 (ਡੀ) ਧਿਆਨ ਵਿੱਚ ਰੱਖਿਆ ਗਿਆ ਸੀ।

ਐਸ ਏ ਐਸ ਨਗਰ ਸਰਕਲ ਅਧੀਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ 2019-20 ਲਈ ਕਰਦਾਤਾ ਦੁਆਰਾ ਭੁਗਤਾਨ ਯੋਗ ਕਰ

ਜੀ ਐਸ ਟੀ ਆਰ-1 ਦੇ ਅਨੁਸਾਰ ₹ 12.21 ਕਰੋੜ ਸੀ, ਜਦੋਂ ਕਿ ਜੀ ਐਸ ਟੀ ਆਰ-9 ਅਤੇ ਜੀ ਐਸ ਟੀ ਆਰ-3ਬੀ ਵਿੱਚ ਭੁਗਤਾਨ ਯੋਗ ਕਰ ਅਤੇ ਅਦਾ ਕੀਤਾ ਕਰ ਨਿੱਲ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਜੁਰਮਾਨਾ ਲਗਾਉਣ ਲਈ ₹ 14.03 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

### 10. ਕੰਪੋਜ਼ਿਸ਼ਨ ਕਰ ਅਧੀਨ ਈ-ਕਾਮਰਸ ਲਾਭਪਾਤਰੀ

ਡਾਟਾ ਪੱਧਰ 'ਤੇ, ਲੇਖਾ ਪ੍ਰੀਖਿਆ ਨੇ ਉਨ੍ਹਾਂ ਕੰਪੋਜ਼ਿਸ਼ਨ ਕਰਦਾਤਾਵਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੇ ਆਪਣੀ ਸਪਲਾਈ ਕਰਨ ਲਈ ਈ-ਕਾਮਰਸ ਸਹੂਲਤ ਦਾ ਲਾਭ ਲਿਆ ਹੈ। ਈ-ਕਾਮਰਸ ਆਪਰੇਟਰਾਂ ਦੁਆਰਾ ਦਾਇਰ ਕੀਤ ਗਏ ਜੀ ਐਸ ਟੀ ਆਰ 8 ਅਤੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਦਾਇਰ ਸੀ ਐਮ ਪੀ-08 ਨਾਲ ਸਬੰਧਤ ਡਾਟਾਸੈਟਾਂ ਦੀ ਤੁਲਨਾਂ ਇਹ ਜਾਂਚ ਕਰਨ ਲਈ ਕੀਤੀ ਗਈ ਸੀ ਕਿ ਜੀ ਐਸ ਟੀ ਆਰ 8 ਵਿੱਚ ਜ਼ਿਕਰ ਕੀਤੇ ਪ੍ਰਾਪਤਕਰਤਾ ਜੀ ਐਸ ਟੀ ਆਈ ਐਨ ਨੇ ਵੀ ਸੀ ਐਮ ਪੀ-08 ਦਾਇਰ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਈ-ਕਾਮਰਸ ਆਪਰੇਟਰਾਂ ਦੁਆਰਾ ਆਪਣੇ ਜੀ ਐਸ ਟੀ ਆਰ 8 ਰਿਟਰਨਾਂ ਵਿੱਚ ਘੋਸ਼ਿਤ ਟਰਨਓਵਰ ਉਨ੍ਹਾਂ ਸੀ ਐਮ ਪੀ-08 ਵਿੱਚ ਸੰਬੰਧਿਤ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਘੋਸ਼ਿਤ ਟਰਨਓਵਰ ਤੋਂ ਵੱਧ ਸੀ, ਉੱਥੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਕਰ ਦੀ ਘੱਟ ਅਦਾਇਗੀ ਦੀ ਸੰਭਾਵਨਾ ਸੀ।

ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕੰਪੋਜ਼ਿਸ਼ਨ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ ਸਾਲ 2019-20 ਦੌਰਾਨ ਆਪਣੀ ਸਪਲਾਈ ਕਰਨ ਲਈ ਈ-ਕਾਮਰਸ ਸਹੂਲਤ ਦਾ ਲਾਭ ਲਿਆ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

### 11. ਜੀ ਐਸ ਟੀ ਆਰ-3ਬੀ ਦਾਇਰ ਨਹੀਂ ਕੀਤਾ ਗਿਆ ਪਰ ਜੀ ਐਸ ਟੀ ਆਰ-1 ਉਪਲਬਧ ਹੈ

ਡਾਟਾ ਪੱਧਰ 'ਤੇ ਲੇਖਾ ਪ੍ਰੀਖਿਆ ਨੇ ਉਨ੍ਹਾਂ ਕਰਦਾਤਾਵਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੇ ਜੀ ਐਸ ਟੀ ਆਰ-3ਬੀ ਨਹੀ ਭਰਿਆ ਸੀ ਪਰ ਜੀ ਐਸ ਟੀ ਆਰ-1 ਦਾਇਰ ਕੀਤਾ ਸੀ। ਜੀ ਐਸ ਟੀ ਆਰ-3ਬੀ ਰਿਟਰਨ ਉਹ ਸਾਧਨ ਹੈ ਜਿਸ ਰਾਹੀਂ ਦੇਣਦਾਰੀ ਦੀ ਪੂਰਤੀ ਕੀਤੀ ਜਾ ਸਕਦੀ ਹੈ ਅਤੇ ਇਨਪੁਟ ਕਰ ਕ੍ਰੈਡਿਟ ਲੈਜ਼ਰ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ। ਜੀ ਐਸ ਟੀ ਆਰ-1 ਦੀ ਉਪਲਬਧਤਾ ਅਤੇ ਜੀ ਐਸ ਟੀ ਆਰ-3 ਬੀ ਨਾ ਭਰਨਾ ਦਰਸਾਉਂਦਾ ਹੈ ਕਿ ਕਰਦਾਤਵਾਂ ਨੇ ਇਸ ਮਿਆਦ ਦੌਰਾਨ ਕਾਰੋਬਾਰ ਕੀਤਾ ਸੀ ਪਰ ਉਨ੍ਹਾਂ ਨੇ ਆਪਣੀ ਕਰ ਦੇਣਦਾਰੀ ਦਾ ਨਿਪਟਾਰਾ ਨਹੀਂ ਕੀਤਾ ਹੈ। ਇਸ ਵਿੱਚ ਇਨਪੁਟ ਟੈਕਸ ਕ੍ਰੈਡਿਟ ਦੇ ਅਨਿਯਮਿਤ ਪਾਸ ਹੋਣ ਦੇ ਮਾਮਲੇ ਵੀ ਸ਼ਾਮਲ ਹੋ ਸਕਦੇ ਹਨ।

ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ ਜੀ ਐਸ ਟੀ ਆਰ-1 ਰਿਟਰਨ ਦਾਖਲ ਕੀਤੀ

ਸੀ, ਪਰ ਅਗਸਤ 2019 ਲਈ ਜੀ ਐਸ ਟੀ ਆਰ-3ਬੀ ਦਾਖਲ ਨਹੀਂ ਕੀਤੀ ਸੀ ਜਿਸ ਨਾਲ ₹ 12.21 ਕਰੋੜ ਦਾ ਕਰ ਪ੍ਰਭਾਵ ਪਿਆ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ₹ 12.21 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

## 12. ਵਿਆਜ ਦਾ ਭੁਗਤਾਨ ਨਾ ਕਰਨਾ

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 50 ਇਹ ਨਿਰਧਾਰਤ ਕਰਦੀ ਹੈ ਕਿ ਹਰੇਕ ਵਿਅਕਤੀ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਕਰ ਭੁਗਤਾਨ ਲਈ ਜ਼ਿੰਮੇਵਾਰ ਹੈ ਪਰ ਨਿਰਧਾਰਤ ਮਿਆਦ ਦੇ ਅੰਦਰ ਸਰਕਾਰ ਨੂੰ ਕਰ ਜਾਂ ਇਸ ਦੇ ਕਿਸੇ ਵੀ ਹਿੱਸੇ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਉਸ ਮਿਆਦ ਲਈ ਜਿਸ ਸਮੇਂ ਲਈ ਕਰ ਜਾਂ ਇਸ ਦਾ ਕੋਈ ਹਿੱਸਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ, ਨੋਟੀਫਾਈ ਕੀਤੀ ਦਰ 'ਤੇ ਵਿਆਜ ਦਾ ਭੁਗਤਾਨ ਕਰਨਾ ਚਾਹੀਦਾ ਹੈ।

ਸਾਲ 2018-19 ਤੋਂ 2020-21 ਦੌਰਾਨ ਕਰ ਭੁਗਤਾਨ ਵਿੱਚ ਦੇਰੀ ਕਾਰਨ ਵਿਆਜ ਦਾ ਘੱਟ ਜਾਂ ਗੈਰ-ਭੁਗਤਾਨ ਦੀ ਹੱਦ ਦੀ ਪਛਾਣ ਜੀ ਐਸ ਟੀ ਆਰ-3ਬੀ ਵਿੱਚ ਕਰ ਭੁਗਤਾਨ ਕੀਤੇ ਵੇਰਵਿਆਂ ਅਤੇ ਪ੍ਰਦਾਨ ਕੀਤੇ ਗਏ ਐਕਸਟੇਸ਼ਨ ਸਮੇਤ ਰਿਟਰਨ ਫਾਈਲ ਕਰਨ ਦੀ ਮਿਤੀ ਦੀ ਵਰਤੋਂ ਕਰਕੇ ਕੀਤੀ ਗਈ ਸੀ। ਭੁਗਤਾਨਯੋਗ ਵਿਆਜ ਦਾ ਪਤਾ ਲਗਾਉਣ ਲਈ ਸਿਰਫ ਸ਼ੁੱਧ ਕਰ ਦੇਣਦਾਰੀ (ਨਕਦ ਭਾਗ) 'ਤੇ ਵਿਚਾਰ ਕੀਤਾ ਗਿਆ ਸੀ।

ਲੁਧਿਆਣਾ-II ਸਰਕਲ ਦੇ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2018-19 ਵਿੱਚ 12 ਤੋਂ 136 ਦਿਨਾਂ ਦੀ ਦੇਰੀ ਨਾਲ ਜੀ ਐਸ ਟੀ ਆਰ-3ਬੀ ਰਿਟਰਨਾਂ ਫਾਈਲਾਂ ਕੀਤੀਆਂ ਸਨ, ਪਰ ਦੇਰੀ ਨਾਲ ਕਰ ਭੁਗਤਾਨ ਕਰਨ ਲਈ ₹ 0.89 ਕਰੋੜ ਦੇ ਵਿਆਜ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨਾਲ ₹ 0.89 ਕਰੋੜ ਦੇ ਵਿਆਜ ਨਾਲ ਸਬੰਧਤ ਮਾਮਲਾ ਪੱਤਰ-ਵਿਹਾਰ ਅਧੀਨ ਸੀ।

## 13. ਕਰਯੋਗ ਮੁੱਲ ਨੂੰ ਛੁਪਾਉਣਾ (ਈ-ਵੇਅ ਬਿਲ)

ਕਰ ਦੇ ਘੱਟ ਭੁਗਤਾਨ ਦੀ ਹੱਦ ਦਾ ਵਿਸ਼ਲੇਸ਼ਣ ਕਰਨ ਲਈ, ਸਾਲ 2018-19 ਤੋਂ 2020-21 ਲਈ ਜੀ ਐਸ ਟੀ ਆਰ-3ਬੀ ਵਿੱਚ ਘੋਸ਼ਿਤ ਕਰ ਦੇਣਦਾਰੀ ਨਾਲ ਸਬੰਧਤ ਡਾਟਾ ਦੀ ਤੁਲਨਾ ਈ-ਵੇਅ ਬਿਲ ਵਿੱਚ ਕੀਤੇ ਖੁਲਾਸਿਆਂ ਨਾਲ ਕੀਤੀ ਗਈ ਸੀ। ਐਲਗੋਰਿਦਮ ਲਈ, ਉਹ ਮਾਮਲੇ ਚੁਣੇ ਗਏ ਸਨ ਜਿੱਥੇ ਜੀ ਐਸ ਟੀ ਆਰ-3ਬੀ ਸਾਰਣੀ 3.1 (ੳ) ਅਤੇ (ਅ) ਦੇ ਅਨੁਸਾਰ, ਕਰਯੋਗ ਮੁੱਲ ਈ-ਵੇਅ ਬਿਲਾਂ ਵਿੱਚ ਘੋਸ਼ਿਤ ਕਰਯੋਗ ਮੁੱਲ ਤੋਂ ਘੱਟ ਸੀ ।

ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2019-20 ਵਿੱਚ ₹ 11.14 ਕਰੋੜ ਦੀ ਕਰਯੋਗ ਕੀਮਤ ਦੀ ਘੱਟ ਘੋਸਣਾ ਕੀਤੀ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

**14. ਕਰ ਦਾ ਘੱਟ ਭੁਗਤਾਨ (ਟੀ ਡੀ ਐਸ/ਟੀ ਸੀ ਐਸ)**

ਸਰੋਤ 'ਤੇ ਕੱਟਿਆ ਕਰ (ਟੀ ਡੀ ਐਸ) ਅਤੇ ਸਰੋਤ 'ਤੇ ਇੱਕਠਾ ਕੀਤਾ ਕਰ (ਟੀ ਸੀ ਐਸ) ਦੇ ਵੇਰਵੇ ਕ੍ਰਮਵਾਰ ਜੀ ਐਸ ਟੀ ਆਰ-7 ਅਤੇ ਜੀ ਐਸ ਟੀ ਆਰ-8 ਵਿੱਚ ਘੋਸ਼ਿਤ ਕੀਤੇ ਜਾਂਦੇ ਹਨ ਅਤੇ ਜੀ ਐਸ ਟੀ ਆਰ-2ਏ ਦੀ ਸਾਰਣੀ 9 ਵਿੱਚ ਰਜਿਸਟਰਡ ਵਿਅਕਤੀ ਨੂੰ ਸੂਚਿਤ ਕੀਤੇ ਜਾਂਦੇ ਹਨ। ਅਜਿਹੇ ਮਾਮਲਿਆਂ ਦੀ ਪਛਾਣ ਕੀਤੀ ਗਈ ਸੀ ਜਿੱਥੇ ਜੀ ਐਸ ਟੀ ਆਰ-3ਬੀ ਵਿੱਚ ਬਾਹਰੀ ਕਰਯੋਗ ਸਪਲਾਈ[45] ਦੇ ਕਾਰਨ ਘੋਸ਼ਿਤ ਕਰਯੋਗ ਮੁੱਲ ਜੀ ਐਸ ਟੀ ਆਰ-2ਏ ਦੀ ਸਾਰਣੀ 9 ਅਨੁਸਾਰ ਟੀ ਸੀ ਐਸ ਅਤੇ ਟੀ ਡੀ ਐਸ ਕ੍ਰੈਡਿਟ ਲਈ ਜ਼ਿੰਮੇਵਾਰ ਸ਼ੁੱਧ ਰਕਮ ਤੋਂ ਘੱਟ ਸੀ।

ਬਠਿੰਡਾ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2020-21 ਵਿੱਚ ₹ 12.15 ਕਰੋੜ ਦੀ ਕਰਯੋਗ ਕੀਮਤ ਦੀ ਘੱਟ ਘੋਸ਼ਣਾ ਕੀਤੀ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ₹ 12.15 ਕਰੋੜ ਦੇ ਕਰਯੋਗ ਮੁੱਲ ਦੀ ਘੱਟ ਘੋਸ਼ਣਾ ਨਾਲ ਸਬੰਧਤ ਮਾਮਲਾ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸੀ।

**15. ਕਰਯੋਗ ਮੁੱਲ ਨੂੰ ਛੁਪਾਉਣਾ (ਗੈਰ- ਬਿਲ ਵਾਲੇ ਰੈਵੀਨਿਊ)**

ਸਾਲ 2018-19 ਤੋਂ 2020-21 ਲਈ ਜੀ ਐਸ ਟੀ ਆਰ-9ਸੀ ਦੀ ਸਾਰਣੀ 5 ਬੀ ਅੰਕੜੇ, ਜੋ ਵਿੱਤੀ ਸਾਲ ਦੀ ਸ਼ੁਰੂਆਤ ਵਿੱਚ ਬਿਨਾਂ ਬਿਲ ਵਾਲੇ ਰੈਵੀਨਿਊ ਨੂੰ ਕੈਪਚਰ ਕਰਦੇ ਹਨ, ਦੀ ਤੁਲਨਾ ਪਿਛਲੇ ਜੀ ਐਸ ਟੀ ਆਰ-9ਸੀ ਰਿਟਰਨ ਦੀ ਸਾਰਣੀ 5 ਐਚ ਨਾਲ ਕੀਤੀ ਗਈ ਸੀ ਜੋ ਸਾਲ ਦੇ ਅੰਤ ਦੇ ਗੈਰ-ਬਿਲ ਰੈਵੀਨਿਊ ਨੂੰ ਕੈਪਚਰ ਕਰਦਾ ਹੈ ਤਾਂ ਜੋ ਵਿੱਤੀ ਵਿਵਰਣੀਆਂ ਨਾਲ ਸਲਾਨਾ ਰਿਟਰਨ ਵਿੱਚ ਘੋਸ਼ਿਤ ਟਰਨਓਵਰ ਵਿੱਚ ਪਛਾਣੇ ਗਏ ਬੇਮੇਲ ਦੀ ਸੀਮਾ ਦੀ ਸਮੀਖਿਆ ਕੀਤੀ ਜਾ ਸਕੇ।

ਰੋਪੜ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2018-19 ਦੀ ਸ਼ੁਰੂਆਤ ਵਿੱਚ ਕੋਈ ਬਿਲ ਰਹਿਤ ਰੈਵੀਨਿਊ ਨਹੀਂ ਲਿਆ ਸੀ, ਜਦੋਂ ਕਿ 2017-18 ਦੇ ਅੰਤ ਵਿੱਚ ਬਿਨਾਂ ਬਿਲ ਵਾਲਾ ਰੈਵੀਨਿਊ ₹ 283.58 ਕਰੋੜ ਸੀ, ਜਿਸ ਦੇ ਨਤੀਜੇ ਵਜੋਂ ₹ 283.58 ਕਰੋੜ ਦੇ ਕਰਯੋਗ ਮੁੱਲ ਦਾ ਮੇਲ ਨਹੀਂ ਖਾਂਦਾ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

---

45 ਜ਼ੀਰੋ ਰੇਟਡ, ਨਿੱਲ ਰੇਟਡ ਅਤੇ ਛੋਟ ਪ੍ਰਾਪਤ ਸਪਲਾਈਆਂ ਤੋਂ ਇਲਾਵਾ

### 16. ਬੇਮੇਲ ਕਰਯੋਗ ਟਰਨਓਵਰ

ਵਿੱਤੀ ਵਿਵਰਣੀਆਂ ਦੇ ਮੁਕਾਬਲੇ ਸਲਾਨਾ ਰਿਟਰਨ ਵਿੱਚ ਦਰਸਾਏ ਗਏ ਕਰਯੋਗ ਟਰਨਓਵਰ ਵਿੱਚ ਪਛਾਣੇ ਗਏ ਬੇਮੇਲਤਾ ਦੀ ਹੱਦ ਦੀ ਸਮੀਖਿਆ ਕਰਨ ਲਈ, ਸਾਲ 2018-19 ਤੋਂ 2020-21 ਲਈ ਕੇਂਦਰੀ ਜੀ ਐਸ ਟੀ/ਪੰਜਾਬ ਜੀ ਐਸ ਟੀ ਨਿਯਮਾਂ ਦੇ ਨਿਯਮ 80 (3) ਦੇ ਅਧੀਨ ਲੋੜੀਂਦੇ ਅਨੁਸਾਰ ਕਰਦਾਤਾ ਦੁਆਰਾ ਪੇਸ਼ ਕੀਤੇ ਗਏ ਜੀ ਐਸ ਟੀ ਆਰ 9ਸੀ ਮਿਲਾਨ ਵਿਵਰਣੀ ਦੀ ਸਾਰਣੀ 5 ਅਤੇ 7 ਨਾਲ ਸਬੰਧਤ ਅੰਕੜਿਆਂ ਦਾ ਡਾਟਾ ਪੱਧਰ 'ਤੇ ਵਿਸ਼ਲੇਸ਼ਣ ਕੀਤੇ ਗਏ ਸਨ।

ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਸਾਲ 2020-21 ਲਈ ਜੀ ਐਸ ਟੀ ਆਰ-9ਸੀ ਦੀ ਸਾਰਣੀ 7ਜੀ ਅਨੁਸਾਰ ਕਰਦਾਤਾ ਦਾ ₹ 374.64 ਕਰੋੜ ਦਾ ਬੇਮੇਲ ਕਰਯੋਗ ਟਰਨਓਵਰ ਸੀ।

ਇਸ ਦੇ ਜਵਾਬ ਵਿੱਚ ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ₹ 374.64 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ।

### ਅ ਕਾਜ਼ਟਿਵ ਕਾਰਕਾਂ ਦਾ ਵਿਸ਼ਲੇਸ਼ਣ

642 ਮਾਮਲਿਆਂ/ਅਸਮਾਨਤਾਵਾਂ ਪ੍ਰਤੀ ਵਿਭਾਗ ਦੀ ਪ੍ਰਤੀਕਿਰਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਉਹਨਾਂ ਕਾਰਕਾਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ ਜੋ ਅੰਕੜਿਆਂ ਦੇ ਡੈਵੀਏਸ਼ਨ/ਅਸਮਾਨਤਾਵਾਂ ਦਾ ਕਾਰਨ ਬਣਦੇ ਹਨ।

17 ਲੇਖਾ ਪ੍ਰੀਖਿਆ ਪਹਿਲੂਆਂ ਵਿੱਚੋਂ, ਵਿਭਾਗ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕਰ ਲਿਆ ਜਾਂ ₹ 1,640.50 ਕਰੋੜ ਦੇ ਕਰ ਪ੍ਰਭਾਵ/ਟਰਨਓਵਰ ਬੇਮੇਲ ਦੇ 320 ਮਾਮਲਿਆਂ[46] ਵਿੱਚ ਜਾਂਚ ਸ਼ੁਰੂ ਕੀਤੀ। ਇਨ੍ਹਾਂ ਮਾਮਲਿਆਂ ਵਿੱਚੋਂ, ਵਿਭਾਗ ਨੇ 33 ਮਾਮਲਿਆਂ ਵਿੱਚ ₹ 2.14 ਕਰੋੜ (**ਅੰਤਿਕਾ 2.2-IV**) ਦੀ ਵਸੂਲੀ ਕੀਤੀ, 184 ਮਾਮਲਿਆਂ ਵਿੱਚ ₹ 1,472.75 ਕਰੋੜ (**ਅੰਤਿਕਾ 2.2-V**) ਦੀ ਮੰਗ ਕੀਤੀ *(ਡੀ ਆਰ ਸੀ-01: ₹ 1353.15 ਕਰੋੜ, ਮੰਗ ਦੀ ਪੁਸ਼ਟੀ-ਡੀ ਆਰ ਸੀ-07: ₹ 119.60 ਕਰੋੜ)*, 18 ਮਾਮਲਿਆਂ[47] ਵਿੱਚ ₹ 49.78 ਕਰੋੜ (**ਅੰਤਿਕਾ 2.2-VI**) ਲਈ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤੇ ਗਏ ਅਤੇ ₹ 115.83 ਕਰੋੜ (**ਅੰਤਿਕਾ 2.2- VII**) ਨਾਲ ਸਬੰਧਤ 85 ਮਾਮਲੇ[48] ਕਰਦਾਤਾਵਾਂ ਨਾਲ ਪੱਤਰ ਵਿਹਾਰ ਅਧੀਨ ਸਨ।

ਕੁੱਝ ਉਦਾਹਰਣ ਵੱਜੋਂ ਸਵੀਕਾਰ ਕੀਤੇ ਗਏ ਮਾਮਲੇ ਹੇਠਾਂ ਵਰਣਨ ਕੀਤੇ ਗਏ ਹਨ:

**1.** 2020-21 ਦੀ ਮਿਆਦ ਲਈ ਐਸ ਏ ਐਸ ਨਗਰ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ (ਅਗਸਤ 2023) ਕਿ ਜੀ ਐਸ ਟੀ ਆਰ 9 ਸੀ

[46] 320 ਮਾਮਲਿਆਂ ਵਿੱਚੋਂ (ਰਿਕਵਰੀ ਕੀਤੀ : 33 ਮਾਮਲੇ, ਐਸ ਸੀ ਐਨ: 184 ਮਾਮਲੇ, ਏ ਐਸ ਐਮ ਟੀ-10: 18 ਮਾਮਲੇ, ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ: 85 ਮਾਮਲੇ): 23 ਮਾਮਲੇ ₹ 1,125.06.ਕਰੋੜ ਦੇ ਕਾਰੋਬਾਰ ਦੇ ਬੇਮੇਲ ਨੂੰ ਦਰਸਾਉਂਦੇ ਹਨ ਅਤੇ 297 ਮਾਮਲੇ ₹ 515.45 ਕਰੋੜ ਦੀ ਕਰ ਦੇਣਦਾਰੀ/ਇਨਪੁਟ ਕਰ ਕ੍ਰੈਡਿਟ ਦੇ ਬੇਮੇਲ ਨੂੰ ਦਰਸਾਉਂਦੇ ਹਨ।

[47] 18 ਮਾਮਲਿਆਂ ਵਿੱਚੋਂ ਇੱਕ ਮਾਮਲੇ ₹ 4.85 ਕਰੋੜ ਦੀ ਟਰਨਓਵਰ ਨਾਲ ਮੇਲ ਨਹੀਂ ਖਾਂਦੇ ਅਤੇ 17 ਮਾਮਲੇ ₹ 44.93 ਕਰੋੜ ਦੀ ਕਰ ਦੇਣਦਾਰੀ/ਇਨਪੁਟ ਕਰ ਕ੍ਰੈਡਿਟ ਦੇ ਬੇਮੇਲਤਾ ਨੂੰ ਦਰਸਾਉਂਦੇ ਹਨ।

[48] 85 ਮਾਮਲਿਆਂ ਵਿੱਚੋਂ 11 ਮਾਮਲੇ ₹ 49.48 ਕਰੋੜ ਦੇ ਟਰਨਓਵਰ ਨਾਲ ਮੇਲ ਨਹੀਂ ਖਾਂਦੇ ਅਤੇ 74 ਮਾਮਲੇ ₹ 66.35 ਕਰੋੜ ਦੀ ਕਰ ਦੇਣਦਾਰੀ/ਇਨਪੁਟ ਕਰ ਕ੍ਰੈਡਿਟ ਨੂੰ ਦਰਸਾਉਂਦੇ ਹਨ।

ਦੀ ਸਾਰਣੀ ਦੇ ਟੇਬਲ 7 ਜੀ ਅਨੁਸਾਰ ਕਰਦਾਤਾ ਦੇ ₹ 374.64 ਕਰੋੜ ਦੇ ਕਰਯੋਗ ਟਰਨਓਵਰ ਬੇਮੇਲ ਸਨ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ₹ 374.64 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

**2.** ਰੋਪੜ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2023) ਕਿ ਕਰਦਾਤਾ ਦਾ 2018-19 ਦੀ ਸ਼ੁਰੂਆਤ ਵਿੱਚ ਬਿਲ ਰਹਿਤ ਨਿੱਲ ਰੈਵੀਨਿਊ ਸੀ, ਜਦੋਂ ਕਿ 2017-18 ਦੇ ਅੰਤ ਵਿੱਚ ਬਿਲ ਰਹਿਤ ਰੈਵੀਨਿਊ ₹ 283.58 ਕਰੋੜ ਸੀ, ਜਿਸ ਦੇ ਨਤੀਜੇ ਵੱਜੋਂ ₹ 283.58 ਕਰੋੜ ਦਾ ਬਿਲ ਰਹਿਤ ਕਰਯੋਗ ਮੁੱਲ ਬੇਮੇਲ ਸੀ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ₹ 283.58 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

**3**. ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ ਲੇਖਾ ਪ੍ਰੀਖਿਆ ਵਿੱਚ ਵੇਖਿਆ (ਅਗਸਤ 2023) ਕਿ ਕਰਦਾਤਾ ਨੇ 2019-20 ਵਿੱਚ ਜੀ ਐਸ ਟੀ ਆਰ 9ਸੀ ਦੀ ਸਾਰਣੀ 7 ਜੀ ਅਨੁਸਾਰ ₹ 38.16 ਕਰੋੜ ਦਾ ਕਰਯੋਗ ਮੁੱਲ ਘੱਟ ਘੋਸ਼ਿਤ ਕੀਤਾ ਸੀ।

ਇਸ ਦੇ ਜਵਾਬ ਵਿੱਚ, ਵਿਭਾਗ ਨੇ ਜਵਾਬ ਦਿੱਤਾ (ਜੁਲਾਈ 2024) ਕਿ ਕਰਦਾਤਾ ਨੂੰ ₹ 38.16 ਕਰੋੜ ਦਾ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

### ੲ ਕਰਦਾਤਾਵਾਂ ਦੁਆਰਾ ਡਾਟਾ ਐਂਟਰੀ ਦੀਆਂ ਗਲਤੀਆਂ

22 ਮਾਮਲਿਆਂ ਵਿੱਚ ਡਾਟਾ ਐਂਟਰੀ ਦੀਆਂ ਗਲਤੀਆਂ ਪ੍ਰਾਪਤ ਹੋਏ ਕੁੱਲ 642 ਜਵਾਬਾਂ ਦਾ 3.43 *ਪ੍ਰਤੀਸ਼ਤ* ਸਨ। ਇਨ੍ਹਾਂ ਡਾਟਾ ਐਂਟਰੀ ਗਲਤੀਆਂ ਦਾ ਕੋਈ ਰੈਵੀਨਿਊ ਪ੍ਰਭਾਵ ਨਹੀਂ ਸੀ। ਡਾਟਾ ਐਂਟਰੀ ਦੀਆਂ ਜ਼ਿਆਦਾਤਰ ਗਲਤੀਆਂ ਰਿਵਰਸ ਚਾਰਜ ਮੈਕੇਨਿਜ਼ਮ ਦੇ ਅਧੀਨ ਕਰ ਅਤੇ ਕਰ ਦੇ ਘੱਟ ਭੁਗਤਾਨ ਨਾਲ ਸੰਬੰਧਿਤ ਸਨ (**ਅੰਤਿਕਾ 2.2- I**)।

ਉਦਾਹਰਣ ਦਾ ਇੱਕ ਮਾਮਲਾ ਹੇਠਾਂ ਦਿੱਤਾ ਗਿਆ ਹੈ।

ਲੁਧਿਆਣਾ-V ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਵਿਭਾਗ ਨੇ ਨੂੰ ਸੂਚਿਤ ਕੀਤਾ (ਅਗਸਤ 2023) ਕਿ ਇੱਕ ਕਰਦਾਤਾ ਨੇ ਸਾਲ 2019-20 ਲਈ ਵਿੱਤੀ ਵਿਵਰਣੀ ਅਨੁਸਾਰ ₹ 48.10 ਕਰੋੜ ਦਾ ਕਰ ਘੋਸ਼ਿਤ ਕੀਤਾ ਸੀ, ਜਦੋਂ ਕਿ ਸਲਾਨਾ ਰਿਟਰਨ ਅਨੁਸਾਰ ₹ 10.34 ਕਰੋੜ ਦਾ ਕਰ ਭੁਗਤਾਨ ਕੀਤਾ ਗਿਆ ਸੀ, ਜਿਸ ਨਾਲ ₹ 37.76 ਕਰੋੜ ਦਾ ਫਰਕ ਹੋਇਆ।

ਵਿਭਾਗ ਨੇ ਸਪੱਸ਼ਟ ਕੀਤਾ (ਜੁਲਾਈ 2024) ਕਿ ਜੀ ਐਸ ਟੀ ਆਰ-9ਸੀ ਫਾਇਲ ਕਰਨ ਸਮੇਂ, ਕਰਦਾਤਾ ਨੇ ਗਲਤੀ ਨਾਲ ₹ 4.20 ਕਰੋੜ ਦੀ ਬਜਾਏ ₹ 41.95 ਕਰੋੜ ਦੀ ਆਈ ਜੀ ਐਸ ਟੀ ਕਰ ਦੇਣਦਾਰੀ ਦਰਜ ਕੀਤੀ, ਜਿਸ ਨਾਲ ਕਰ ਭੁਗਤਾਨ ਵਿੱਚ ਮੇਲ ਨਹੀਂ ਹੋਇਆ।

## ਸ ਲੇਖਾ ਪ੍ਰੀਖਿਆ ਸਵਾਲਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਕੀਤੀ ਗਈ ਕਾਰਵਾਈ

ਵਿਭਾਗ ਨੇ ਪਹਿਲਾਂ ਹੀ 44 ਮਾਮਲਿਆਂ ਵਿੱਚ ਕਾਰਵਾਈ ਕੀਤੀ ਹੈ (**ਅੰਤਿਕਾ 2.2-II**), ਜੋ ਕਿ 642 ਮਾਮਲਿਆਂ ਦਾ 6.85 *ਪ੍ਰਤੀਸ਼ਤ* ਬਣਦਾ ਹੈ। ਲੇਖਾ ਪ੍ਰੀਖਿਆ ਸਵਾਲਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਕੀਤੀ ਗਈ ਜ਼ਿਆਦਾਤਰ ਕਾਰਵਾਈ ਇਨਪੁਟ ਟੈਕਸ ਕ੍ਰੈਡਿਟ ਬੇਮੇਲ (ਜੀ ਐਸ ਟੀ ਆਰ-3ਬੀ ਅਤੇ ਜੀ ਐਸ ਟੀ ਆਰ-2ਏ) ਅਤੇ ਅਦਾਇਗੀ ਨਾ ਕੀਤੀ ਕਰ ਦੇਣਦਾਰੀ (ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-9) ਨਾਲ ਸਬੰਧਤ ਹੈ।

ਉਦਾਹਰਣ ਦਾ ਇੱਕ ਮਾਮਲਾ ਹੇਠਾਂ ਦਿੱਤਾ ਗਿਆ ਹੈ।

ਫਤਿਹਗੜ੍ਹ ਸਾਹਿਬ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਅਤੇ ਪ੍ਰਾਪਤ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਵਿਚਕਾਰ 2018-19 ਵਿੱਚ ₹ 28.37 ਕਰੋੜ ਦਾ ਅੰਤਰ ਹੈ। ਕਰਦਾਤਾ ਦੇ ਜੀ ਐਸ ਟੀ ਆਰ-2ਏ ਅਨੁਸਾਰ ਉਪਲਬਧ ਇਨਪੁਟ ਟੈਕਸ ਕ੍ਰੈਡਿਟ ₹ 2.55 ਕਰੋੜ ਸੀ, ਜਦੋਂ ਕਿ ਜੀ ਐਸ ਟੀ ਆਰ-3ਬੀ ਦੀ ਸਾਰਣੀ 4ਏ (5) ਵਿੱਚ ਪ੍ਰਾਪਤ ਕੀਤਾ ਗਿਆ ਇਨਪੁਟ ਟੈਕਸ ਕ੍ਰੈਡਿਟ ₹ 30.92 ਕਰੋੜ ਸੀ।

ਵਿਭਾਗ ਨੇ ਸਪੱਸ਼ਟ ਕੀਤਾ (ਜੁਲਾਈ 2024) ਕਿ ਕਰਯੋਗ ਵਿਅਕਤੀ ਨੇ ਨਵੰਬਰ 2018 ਦੀ ਰਿਟਰਨ ਵਿੱਚ ₹ 28.03 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਗਲਤ ਲਾਭ ਲਿਆ ਹੈ ਅਤੇ ਦਸੰਬਰ 2018 ਦੇ ਜੀ ਐਸ ਟੀ ਆਰ-3ਬੀ ਵਿੱਚ ਇਸ ਨੂੰ ਉਲਟਾਅ ਦਿੱਤਾ ਗਿਆ ਸੀ।

## ਹ ਹੋਰ ਜਾਇਜ਼ ਸਪੱਸ਼ਟੀਕਰਣ

218 ਮਾਮਲਿਆਂ ਵਿੱਚ ਹੋਰ ਜਾਇਜ਼ ਸਪੱਸ਼ਟੀਕਰਣ ਪ੍ਰਾਪਤ ਹੋਏ ਕੁੱਲ 642 ਜਵਾਬਾਂ ਦਾ 33.96 *ਪ੍ਰਤੀਸ਼ਤ* ਸਨ। ਇਨ੍ਹਾਂ ਮਾਮਲਿਆਂ ਵਿੱਚ, ਵਿਭਾਗ ਦੇ ਜਵਾਬ ਬਿਨਾਂ ਭੁਗਤਾਨ ਕੀਤੇ ਕਰ/ਇਨਪੁਟ ਟੈਕਸ ਕ੍ਰੈਡਿਟ/ਟਰਨਓਵਰ ਵਿੱਚ ਬੇਮੇਲੀਆਂ ਲਈ ਤਸੱਲੀਬਖਸ਼ ਪਾਏ ਗਏ। ਜ਼ਿਆਦਾਤਰ ਹੋਰ ਜਾਇਜ਼ ਸਪਸ਼ਟੀਕਰਣ ਸਪਲਾਇਰ ਵੱਲੋਂ ਕਰ ਦਾ ਭੁਗਤਾਨ ਕੀਤੇ ਬਿਨਾ ਪ੍ਰਾਪਤ ਕੀਤੇ ਇਨਪੁੱਟ ਟੈਕਸ ਕ੍ਰੈਡਿਟ ਅਤੇ ਕਰਯੋਗ ਮੁੱਲ ਨੂੰ ਛੁਪਾਉਣ ਨਾਲ ਸਬੰਧਤ ਸਨ (**ਅੰਤਿਕਾ 2.2-III**)।

ਉਦਾਹਰਣ ਦਾ ਇੱਕ ਮਾਮਲਾ ਹੇਠਾਂ ਦਿੱਤਾ ਗਿਆ ਹੈ।

ਐਸ ਏ ਐਸ ਨਗਰ ਸਰਕਲ ਅਧੀਨ ਇੱਕ ਕਰਦਾਤਾ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਨੇ ਵਿਭਾਗ ਨੂੰ ਸੂਚਿਤ ਕੀਤਾ (ਅਗਸਤ 2023) ਕਿ ਕਰਦਾਤਾ ਨੇ 2020-21 ਵਿੱਚ ₹ 884.53 ਕਰੋੜ ਦਾ ਕਰਯੋਗ ਮੁੱਲ ਘੱਟ ਘੋਸ਼ਿਤ ਕੀਤਾ ਸੀ।

ਵਿਭਾਗ ਨੇ ਸਪੱਸ਼ਟ ਕੀਤਾ (ਜੁਲਾਈ 2024) ਕਿ ਇਹ ਅੰਤਰ ਡਿਲੀਵਰੀ ਚਲਾਨਾਂ ਦੇ ਵਿਰੁੱਧ ਤਿਆਰ ਕੀਤੇ ਗਏ ਈ-ਵੇਅ ਬਿਲਾਂ 'ਤੇ ਦਿਖਾਈ ਗਈ ਕਰ ਰਾਸ਼ੀ ਕਾਰਨ ਸੀ, ਜਦੋਂ ਕਿ, ਡਿਲੀਵਰੀ ਚਲਾਨਾਂ ਦੇ ਵਿਰੁੱਧ ਭੇਜੇ ਗਏ ਡਿਸਪੈਚ ਜੀ ਐਸ ਟੀ ਆਰ-3ਬੀ ਰਿਟਰਨ ਵਿੱਚ ਰਿਪੋਰਟ ਨਹੀਂ ਕੀਤੇ ਗਏ ਸਨ।

### 2.7.2.2 ਜੀ ਐਸ ਟੀ ਰਿਟਰਨਾਂ ਦੀ ਵਿਸਤ੍ਰਿਤ ਲੇਖਾ ਪ੍ਰੀਖਿਆ

ਸਵੈ-ਮੁਲਾਂਕਣ ਪ੍ਰਣਾਲੀ ਵਿੱਚ, ਕਾਨੂੰਨ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਕਰਦਾਤਾ 'ਤੇ ਹੁੰਦੀ ਹੈ। ਵਿਭਾਗ ਦੀ ਭੂਮਿਕਾ ਨਿਗਰਾਨੀ ਪ੍ਰਦਾਨ ਕਰਨ ਲਈ ਇੱਕ ਕੁਸ਼ਲ ਕਰ ਪ੍ਰਸ਼ਾਸਨ ਵਿਧੀ ਨੂੰ ਸਮਾਪਤ ਕਰਨਾ ਅਤੇ ਬਣਾਈ ਰੱਖਣਾ ਹੈ। ਸਾਧਨਾਂ ਦੇ ਸੀਮਤ ਪੱਧਰ ਦੇ ਨਾਲ, ਇੱਕ ਪ੍ਰਭਾਵੀ ਕਰ ਪ੍ਰਸ਼ਾਸਨ ਲਈ, ਕਾਨੂੰਨ ਦੀ ਪਾਲਣਾ ਅਤੇ ਮਾਲੀਏ ਉਗਰਾਹੀਂ ਨੂੰ ਯਕੀਨੀ ਬਣਾਉਣ ਲਈ, ਇੱਕ ਕੁਸ਼ਲ ਸ਼ਾਸਨ ਪ੍ਰਣਾਲੀ ਜ਼ਰੂਰੀ ਹੈ। ਇੱਕ ਆਈ ਟੀ-ਸੰਚਾਲਿਤ ਪਾਲਣਾ ਪੈਮਾਨੇ 'ਤੇ ਸ਼ਾਸਨ ਦੀ ਗੈਰ-ਅਖਤਿਆਰੀ ਪ੍ਰਣਾਲੀ ਨੂੰ ਬਣਾਈ ਰੱਖਣ ਦੇ ਯੋਗ ਬਣਾਉਂਦਾ ਹੈ ਅਤੇ ਪਾਲਣਾ ਨੂੰ ਲਾਗੂ ਕਰਨ ਲਈ ਇੱਕ ਟੀਚਾਬੱਧ ਦ੍ਰਿਸ਼ਟੀਕੋਣ ਦੀ ਸਹੂਲਤ ਦਿੰਦਾ ਹੈ।

ਇੱਕ ਬਾਹਰੀ ਲੇਖਾ ਪ੍ਰੀਖਿਆ ਦ੍ਰਿਸ਼ਟੀਕੋਣ ਤੋਂ, ਲੇਖਾ ਪ੍ਰੀਖਿਆ ਨੇ ਡਾਟਾ-ਸੰਚਾਲਿਤ ਜੋਖਮ-ਅਧਾਰਤ ਪਹੁੰਚ ਤੇ ਵੀ ਧਿਆਨ ਦਿੱਤਾ, ਇਸ ਤਰ੍ਹਾਂ, ਪੈਨ-ਸਟੇਟ ਡਾਟਾ ਵਿਸ਼ਲੇਸ਼ਣ ਰਾਹੀਂ ਜੀ ਐਸ ਟੀ ਰਿਟਰਨਾਂ ਵਿੱਚ ਅਸੰਗਤੀਆਂ/ਡੈਵੀਏਸ਼ਨਾਂ ਦੀ ਪਛਾਣ ਕਰਨ ਤੋਂ ਇਲਾਵਾ, ਇਸ ਸਮੀਖਿਆ ਦੇ ਇੱਕ ਹਿੱਸੇ ਵਜੋਂ ਜੀ ਐਸ ਟੀ ਰਿਟਰਨਾਂ ਦੀ ਵਿਸਥਾਰਪੂਰਵਕ ਲੇਖਾ ਪ੍ਰੀਖਿਆ ਵੀ ਕੀਤੀ ਗਈ ਸੀ। ਸਮੀਖਿਆ ਦੇ ਇਸ ਹਿੱਸੇ ਲਈ 70 ਕਰਦਾਤਾਵਾਂ ਦੇ ਜੋਖਮ-ਅਧਾਰਤ ਨਮੂਨੇ ਦੀ ਚੋਣ ਕੀਤੀ ਗਈ ਸੀ। ਅਪਣਾਈ ਗਈ ਵਿਧੀ ਸ਼ੁਰੂ ਵਿੱਚ ਜੀ ਐਸ ਟੀ ਆਰ-9 ਸੀ ਦੇ ਹਿੱਸੇ ਵਜੋਂ ਕਰਦਾਤਾਵਾਂ ਦੁਆਰਾ ਫਾਈਲ ਕੀਤੀਆਂ ਗਈਆਂ ਜੀ ਐਸ ਟੀ ਰਿਟਰਨਾਂ ਅਤੇ ਵਿੱਤੀ ਵਿਵਰਣੀਆਂ ਅਤੇ ਬੈਕ-ਐਂਡ ਪ੍ਰਣਾਲੀ ਵਿੱਚ ਉਪਲਬਧ ਹੋਰ ਰਿਕਾਰਡਾਂ ਦੀ ਡੈਸਕ ਸਮੀਖਿਆ ਕਰਨ ਲਈ ਸੀ ਤਾਂ ਜੋ ਸੰਭਾਵਿਤ ਜੋਖਮ ਖੇਤਰਾਂ, ਅਸੰਗਤੀਆਂ/ਡੈਵੀਏਸ਼ਨਾਂ ਅਤੇ ਰੈਡ ਫਲੈਗ ਦੀ ਪਛਾਣ ਕੀਤੀ ਜਾ ਸਕੇ। ਡੈਸਕ ਸਮੀਖਿਆ ਕਮਿਸ਼ਨਰ ਕਰਬੰਦੀ, ਪੰਜਾਬ ਦੇ ਦਫਤਰ ਵਿੱਚ ਕੀਤੀ ਗਈ ਸੀ। ਡੈਸਕ ਸਮੀਖਿਆ ਦੇ ਨਤੀਜਿਆਂ ਦੇ ਅਧਾਰ 'ਤੇ, ਕਰਬੰਦੀ ਵਿਭਾਗ ਦੇ ਖੇਤਰੀ ਫਾਰਮੇਸ਼ਨਾਂ ਵਿੱਚ ਵਿਸਥਾਰਪੂਰਵਕ ਲੇਖਾ ਪ੍ਰੀਖਿਆ ਕੀਤੀ ਗਈ ਸੀ ਜਿਸ ਵਿੱਚ ਕਰਦਾਤਾਵਾਂ ਦੇ ਸੰਬੰਧਿਤ ਗਰੈਨੂਲਰ ਰਿਕਾਰਡ ਜਿਵੇਂ ਕਿ ਵਿੱਤੀ ਲੇਜਰ, ਇਨਵਾਇਸ ਆਦਿ ਦੀ ਮੰਗ ਕੀਤੀ ਗਈ ਸੀ ਤਾਂ ਜੋ ਪਛਾਣੇ ਗਏ ਜੋਖਮਾਂ ਦੇ ਕਾਜ਼ਟਿਵ ਕਾਰਕਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਕਰਦਾਤਾਵਾਂ ਦੁਆਰਾ ਪਾਲਣਾ ਦਾ ਮੁਲਾਂਕਣ ਕੀਤਾ ਜਾ ਸਕੇ।

ਜਿਵੇਂ ਕਿ ਪਿਛਲੇ ਪੈਰ੍ਹਿਆਂ ਵਿੱਚ ਸਾਹਮਣੇ ਆਇਆ ਹੈ, ਵਿਸਥਾਰਪੂਰਵਕ ਲੇਖਾ ਪ੍ਰੀਖਿਆ ਵਿੱਚ ਜੋਖਮਾਂ ਅਤੇ ਰੈੱਡ ਫਲੈਗ ਦੀ ਪਛਾਣ ਕਰਨ ਲਈ ਜੀ ਐਸ ਟੀ ਰਿਟਰਨ ਅਤੇ ਹੋਰ ਬੁਨਿਆਦੀ ਰਿਕਾਰਡਾਂ ਦੀ ਡੈਸਕ ਸਮੀਖਿਆ ਸ਼ਾਮਲ ਸੀ, ਜਿਸ ਤੋਂ ਬਾਅਦ ਕਰਦਾਤਾਵਾਂ ਦੁਆਰਾ ਪਾਲਣਾ ਨਾ ਕਰਨ ਦੀ ਹੱਦ ਦੀ ਪਛਾਣ ਕਰਨ ਲਈ ਖੇਤਰੀ ਲੇਖਾ ਪ੍ਰੀਖਿਆ ਕੀਤੀ ਗਈ ਸੀ ਅਤੇ ਕਰ ਵਿਭਾਗ ਦੇ ਖੇਤਰੀ ਫਾਰਮੇਸ਼ਨਾਂ ਦੁਆਰਾ ਕਾਰਵਾਈ ਕੀਤੀ ਗਈ ਸੀ। ਵੱਖ-ਵੱਖ ਪੜਾਵਾਂ 'ਤੇ ਕਰਦਾਤਾਵਾਂ ਦੁਆਰਾ ਪਾਲਣਾ ਨਾ-ਕਰਨਾ ਆਖਰਕਾਰ ਭਰੀਆਂ ਗਈਆਂ ਰਿਟਰਨਾਂ ਦੀ ਸੱਚਾਈ, ਇਨਪੁਟ ਕਰ ਕ੍ਰੈਡਿਟ ਦੀ ਵਰਤੋਂ ਅਤੇ ਕਰ ਭੁਗਤਾਨ ਦੇ ਨਿਪਟਾਰੇ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਵਿਸਥਾਰਪੂਰਵਕ ਲੇਖਾ ਪ੍ਰੀਖਿਆ ਦੇ ਲੇਖਾ ਪ੍ਰੀਖਿਆ ਲੱਭਤਾਂ ਨੂੰ ਤਿੰਨ ਉਪ-ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ, ਜਿਸ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

- ਰਿਟਰਨਾਂ
- ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ
- ਕਰ ਦੇਣਦਾਰੀ ਦਾ ਡਿਸਚਾਰਜ

ਵਿਭਾਗ ਦੁਆਰਾ ਰਿਕਾਰਡ ਦੀ ਗੈਰ-ਪੇਸ਼ਕਸ਼ ਜਾਂ ਅੰਸ਼ਕ ਪੇਸ਼ਕਸ਼ ਦੇ ਕਰਨ ਕਾਰਨ ਲੇਖਾ ਪ੍ਰੀਖਿਆ ਦਾ ਦਾਇਰਾ ਸੀਮਤ ਸੀ। ਰਿਕਾਰਡਾਂ ਦੀ ਗੈਰ-ਪੇਸ਼ਕਸ਼ ਅਤੇ ਰਿਕਾਰਡਾਂ ਦੀ ਅੰਸ਼ਕ ਪੇਸ਼ਕਸ਼ ਦੇ ਵੇਰਵਿਆਂ ਨੂੰ ਹੇਠ ਲਿਖੇ ਪੈਰ੍ਹਿਆਂ ਵਿੱਚ ਸੰਖੇਪ ਕੀਤਾ ਗਿਆ ਹੈ:

**ਰਿਕਾਰਡਾਂ ਦੀ ਗੈਰ-ਪੇਸ਼ਕਸ਼:**

62 ਮਾਮਲਿਆਂ ਵਿੱਚ ਰਿਕਾਰਡ ਦੀ ਗੈਰ-ਪੇਸ਼ਕਸ਼ 70 ਮਾਮਲਿਆਂ ਦੇ ਨਮੂਨੇ ਦੇ ਅਕਾਰ ਦਾ 88.57 *ਪ੍ਰਤੀਸ਼ਤ* ਸੀ। ਇਨ੍ਹਾਂ 62 ਮਾਮਲਿਆਂ ਵਿੱਚੋਂ, ₹ 3,234.63 ਕਰੋੜ ਦੇ 55 ਮਾਮਲਿਆਂ (**ਅੰਤਿਕਾ** 2.3) ਵਿੱਚ ਬੇਮੇਲਤਾ (ਟਰਨਓਵਰ ਦੇ ਸਮੇਤ ਬੇਮੇਲਤਾ) ਦਾ ਪਤਾ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਮਾਮਲਿਆਂ ਵਿੱਚ, ਇੱਥੋਂ ਤੱਕ ਬੁਨਿਆਦੀ ਰਿਕਾਰਡ ਜਿਵੇਂ ਕਿ ਵਿੱਤੀ ਵਿਵਰਣੀਆਂ ਅਤੇ ਗਰੈਨੂਲਰ, ਰਿਕਾਰਡ ਜਿਵੇਂ ਕਿ ਵਿਕਰੀ ਅਤੇ ਖਰੀਦ ਇਨਵਾਇਸ, ਸਥਿਰ ਜਾਇਦਾਦ ਜੋੜਨ ਅਤੇ ਮਿਟਾਉਣ ਦੇ ਵੇਰਵੇ, ਹੋਰ/ਫੁਟਕਲ ਆਮਦਨ ਅਤੇ ਖਰਚ ਦੇ ਵੇਰਵੇ ਆਦਿ ਵਾਰ-ਵਾਰ ਯਾਦ ਦਿਵਾਉਣ (ਸਤੰਬਰ ਤੋਂ ਦਸੰਬਰ 2023) ਅਤੇ ਡਾਇਰੈਕਟਰ (ਜੀ ਐਸ ਟੀ) ਨਾਲ ਮੁਲਾਕਾਤ ਦੇ ਬਾਵਜੂਦ ਪੇਸ਼ ਨਹੀਂ ਕੀਤੇ ਗਏ ਸਨ, ਇਸ ਲਈ ਪਛਾਣੇ ਗਏ ਜੋਖਮਾਂ ਦੀ ਵਿਸਥਾਰ ਨਾਲ ਜਾਂਚ ਨਹੀਂ ਕੀਤੀ ਜਾ ਸਕੀ।

ਇਸ ਤੋਂ ਇਲਾਵਾ, ਚਾਰ ਮਾਮਲਿਆਂ ਵਿੱਚ ਗਰੈਨੂਲਰ ਰਿਕਾਰਡ ਦੀ ਅੰਸ਼ਕ ਤੌਰ 'ਤੇ ਪੈਸ਼ਕਸ਼, 70 ਮਾਮਲਿਆਂ ਦੇ ਨਮੂਨੇ ਦੇ ਅਕਾਰ ਦਾ 5.71 *ਪ੍ਰਤੀਸ਼ਤ* ਸੀ। ਇਨ੍ਹਾਂ ਚਾਰ ਮਾਮਲਿਆਂ ਵਿੱਚੋਂ, ਦੋ ਮਾਮਲਿਆਂ ਵਿੱਚ ₹ 7.15 ਕਰੋੜ (**ਅੰਤਿਕਾ** 2.4) ਵਿੱਚ ਬੇਮੇਲਤਾ (ਟਰਨਓਵਰ ਦੇ ਸਮੇਤ ਬੇਮੇਲਤਾ) ਦਾ ਪਤਾ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਮਾਮਲਿਆਂ ਵਿੱਚ ਬੁਨਿਆਦੀ ਰਿਕਾਰਡ ਜਿਵੇਂ ਕਿ ਵਿੱਤੀ ਵਿਵਰਣੀਆਂ ਅਤੇ ਹੋਰ ਗਰੈਨੂਲਰ ਰਿਕਾਰਡ ਜਿਵੇਂ ਕਿ ਵਿਕਰੀ ਅਤੇ ਖਰੀਦ ਇਨਵਾਇਸ, ਸਥਿਰ ਜਾਇਦਾਦਾਂ ਦੇ ਵਾਧੇ ਅਤੇ ਮਿਟਾਉਣ ਦੇ ਵੇਰਵੇ, ਹੋਰ/ਫੁਟਕਲ ਆਮਦਨ ਅਤੇ ਖਰਚ ਆਦਿ ਦੇ ਵੇਰਵੇ ਪੇਸ਼ ਕੀਤੇ ਗਏ ਸਨ। ਜਦੋਂ ਕਿ, 6 ਮਹੀਨਿਆਂ ਤੋਂ ਵੱਧ ਸਮੇਂ ਲਈ ਭੁਗਤਾਨਯੋਗ ਵੱਖੋ-ਵੱਖਰੇ ਲੈਣਦਾਰਾਂ/ਵਪਾਰ ਦੇ ਵੇਰਵੇ, ਸਬੰਧਤ ਧਿਰ ਦੇ ਲੈਣ-ਦੇਣ, ਛੋਟ ਵਾਲੀ ਸਪਲਾਈ ਦੇ ਸਬੰਧ ਵਿੱਚ ਵੇਰਵੇ, ਨਿਲ ਦਰ ਦੀ ਸਪਲਾਈ ਅਤੇ ਗੈਰ-ਕਰਯੋਗ ਸਪਲਾਈ ਆਦਿ ਪੇਸ਼ ਨਹੀਂ ਕੀਤੇ ਗਏ ਸਨ।

ਇਸ ਤੋਂ ਇਲਾਵਾ, 70 ਮਾਮਲਿਆਂ ਦੇ ਨਮੂਨੇ ਦੇ ਅਕਾਰ ਦਾ 5.71 *ਪ੍ਰਤੀਸ਼ਤ* ਬਣਦੇ ਹਨ ਅਤੇ ਚਾਰ ਮਾਮਲਿਆਂ ਵਿੱਚ ਗਰੈਨੂਲਰ ਰਿਕਾਰਡ ਪੂਰੀ ਤਰ੍ਹਾਂ ਪੇਸ਼ ਕੀਤੇ ਗਏ । ਇਨ੍ਹਾਂ ਚਾਰ ਮਾਮਲਿਆਂ ਵਿੱਚ, ₹ 8.32 ਕਰੋੜ ਦੀ ਬੇਮੇਲਤਾ (ਟਰਨਓਵਰ ਦੇ ਬੇਮੇਲਤਾ ਸਮੇਤ) ਦਾ ਪਤਾ ਕੀਤਾ ਜਾ ਸਕਿਆ। ਇਨ੍ਹਾਂ ਮਾਮਲਿਆਂ ਵਿੱਚ, ਬੁਨਿਆਦੀ ਰਿਕਾਰਡ ਜਿਵੇਂ ਕਿ ਵਿੱਤੀ ਵਿਵਰਣੀਆਂ ਅਤੇ ਗਰੈਨੂਲਰ ਰਿਕਾਰਡ ਜਿਵੇਂ ਕਿ ਵਿਕਰੀ ਅਤੇ ਖਰੀਦ ਇਨਵਾਇਸ, ਸਥਿਰ ਜਾਇਦਾਦਾਂ ਦੇ ਵਾਧੇ ਅਤੇ ਮਿਟਾਉਣ

ਦੇ ਵੇਰਵੇ, ਹੋਰ/ਫੁਟਕਲ ਆਮਦਨ ਅਤੇ ਖਰਚੇ ਦਾ ਵੇਰਵਾ, 6 ਮਹੀਨਿਆਂ ਤੋਂ ਵੱਧ ਸਮੇਂ ਲਈ ਭੁਗਤਾਨਯੋਗ ਵੱਖੋ-ਵੱਖਰੇ ਲੈਣਦਾਰਾਂ/ਵਪਾਰ ਦੇ ਵੇਰਵੇ, ਸਬੰਧਤ ਧਿਰ ਦੇ ਲੈਣ-ਦੇਣ, ਛੋਟ ਵਾਲੀ ਸਪਲਾਈ ਦੇ ਸਬੰਧ ਵਿੱਚ ਵੇਰਵੇ, ਨਿਲ ਦਰ ਦੀ ਸਪਲਾਈ ਅਤੇ ਗੈਰ-ਕਰਯੋਗ ਸਪਲਾਈ ਆਦਿ ਪੇਸ਼ ਕੀਤੇ ਗਏ ਸਨ।

## ੳ ਰਿਟਰਨਾਂ

ਰਿਟਰਨਾਂ ਦੀ ਵਿਸਥਾਰਤ ਲੇਖਾ ਪ੍ਰੀਖਿਆ ਨੇ ਗਲਤ ਤਰੀਕੇ ਨਾਲ ਲਏ ਗਏ ਅਤੇ ਵਰਤੇ ਗਏ ਇਨਪੁਟ ਕਰ ਕ੍ਰੈਡਿਟ ਤੇ ਵਿਆਜ ਦਾ ਭੁਗਤਾਨ ਨਾ ਕਰਨਾ ਦਰਸਾਇਆ, ਜਿਸ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ।

***ਵਿਆਜ ਦਾ ਭੁਗਤਾਨ ਨਾ ਕਰਨਾ***

ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 50(1) ਅਧੀਨ ਪ੍ਰਾਵਧਾਨ ਅਨੁਸਾਰ, ਕਰ ਦੇ ਹਿੱਸੇ ਤੇ 18 *ਪ੍ਰਤੀਸ਼ਤ* ਸਲਾਨਾ ਵਿਆਜ ਦਾ ਭੁਗਤਾਨ ਕੀਤਾ ਜਾਵੇਗਾ, ਜਿਸ ਦਾ ਭੁਗਤਾਨ ਕਰ ਦੀ ਮਿਆਦ ਦੀ ਨਿਰਧਾਰਤ ਮਿਤੀ ਤੋਂ ਬਾਅਦ ਇਲੈਕਟ੍ਰਾਨਿਕ ਕੈਸ਼ ਲੇਜਰ ਨੂੰ ਡੈਬਿਟ ਕਰਕੇ ਕੀਤਾ ਜਾਂਦਾ ਹੈ।

21 ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ ਅਤੇ ਦਸੰਬਰ 2023) ਜੋ ਨਮੂਨੇ ਦੇ 70 ਮਾਮਲਿਆਂ ਦਾ 30.00 *ਪ੍ਰਤੀਸ਼ਤ* ਦਾ ਹਿੱਸਾ, ਜੋ ਕਿ ਕਰਦਾਤਾਵਾਂ ਨੇ ਆਪਣੀ ਰਿਟਰਨ ਦੇਰੀ ਨਾਲ ਫਾਇਲ ਕੀਤੀ ਸੀ ਪਰ ਨਿਰਧਾਰਤ ਮਿਤੀ ਤੋਂ ਬਾਅਦ ਦਾਖਲ ਕੀਤੇ ਗਏ ਜੀ ਐਸ ਟੀ ਰਿਟਰਨਾਂ ਵਿੱਚ ਦੇਰੀ ਨਾਲ ਕਰ ਭੁਗਤਾਨ ਕਰਨ 'ਤੇ ₹ 0.49 ਕਰੋੜ (**ਅੰਤਿਕਾ** 2.5) ਦਾ ਬਕਾਇਆ ਵਿਆਜ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ। ਸਾਰੇ 21 ਕਰਦਾਤਾਵਾਂ ਨੇ ਇੱਕ ਤੋਂ 375 ਦਿਨਾਂ ਦੀ ਦੇਰੀ ਨਾਲ ₹ 41.22 ਕਰੋੜ ਦੇ ਕਰ ਦੇ ਨਗਦ ਭੁਗਤਾਨ ਨਾਲ ਜੀ ਐਸ ਟੀ ਆਰ-3 ਬੀ ਰਿਟਰਨ ਫਾਇਲ ਕੀਤੀ ਸੀ।

ਵਿਭਾਗ ਨੇ 19 ਮਾਮਲਿਆਂ ਵਿੱਚ ਜਵਾਬ ਦਿੱਤਾ (ਜੁਲਾਈ 2024), ਜਿਨ੍ਹਾਂ ਵਿੱਚੋਂ ਨੌਂ ਮਾਮਲਿਆਂ ਵਿੱਚ ₹ 0.23 ਕਰੋੜ ਦੀ ਵਸੂਲੀ ਕੀਤੀ ਗਈ ਸੀ, ਚਾਰ ਮਾਮਲਿਆਂ ਵਿੱਚ ₹ 0.02 ਕਰੋੜ ਦੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ, ਤਿੰਨ ਮਾਮਲਿਆਂ ਵਿੱਚ ₹ 0.12 ਕਰੋੜ ਲਈ ਏ ਐਸ ਐਮ ਟੀ-10 ਜਾਰੀ ਕੀਤੇ ਗਏ ਅਤੇ ਤਿੰਨ ਮਾਮਲਿਆਂ ਨਾਲ ਸੰਬਧਤ ₹ 0.08 ਕਰੋੜ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸਨ। ਬਾਕੀ ਦੋ ਮਾਮਲਿਆਂ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ (ਜਨਵਰੀ 2025)।

## ਅ ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ

ਇਨਪੁਟ ਟੈਕਸ ਕ੍ਰੈਡਿਟ (ਆਈ ਟੀ ਸੀ) ਦਾ ਅਰਥ ਇੱਕ ਕਰਯੋਗ ਵਿਅਕਤੀ ਦੁਆਰਾ ਵਸਤਾਂ/ਜਾਂ ਸੇਵਾਵਾਂ ਦੀ ਖਰੀਦ ਤੇ ਅਦਾ ਕੀਤਾ ਜਾਣ ਵਾਲਾ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਜੋ ਕਿ ਕਾਰੋਬਾਰ ਦੇ ਦੌਰਾਨ ਵਪਾਰ ਨੂੰ ਅੱਗੇ ਵਧਾਉਣ ਲਈ ਵਰਤਿਆ ਜਾਂਦਾ ਹੈ। ਕਰਾਂ ਦੇ ਵਿਆਪਕ ਪ੍ਰਭਾਵ

ਤੋਂ ਬਚਣ ਲਈ, ਇਨਪੁਟ ਸਪਲਾਈ 'ਤੇ ਅਦਾ ਕੀਤੇ ਕਰਾਂ ਦੇ ਕ੍ਰੈਡਿਟ ਦੀ ਵਰਤੋਂ ਬਾਹਰੀ ਸਪਲਾਈਆਂ 'ਤੇ ਕਰਾਂ ਦੇ ਭੁਗਤਾਨ ਲਈ ਸੈਟ-ਆਫ ਕਰਨ ਲਈ ਕੀਤੀ ਜਾ ਸਕਦੀ ਹੈ।

### *ਇਨਪੁਟ ਟੈਕਸ ਕ੍ਰੈਡਿਟ ਵਿੱਚ ਬੇਮੇਲਤਾ*

ਲੇਖਾ ਪ੍ਰੀਖਿਆ ਨੇ ਚੁਣੇ ਹੋਏ ਕਰਦਾਤਾਵਾਂ ਦੇ ਸਬੰਧ ਵਿੱਚ ਜੀ ਐਸ ਟੀ ਆਰ-2 ਏ ਦੇ ਡਾਟਾਬੇਸ ਦੇ ਨਾਲ-ਨਾਲ ਕਰਦਾਤਾਵਾਂ ਦੁਆਰਾ ਫਾਇਲ ਕੀਤੀਆਂ ਗਈਆਂ ਜੀ ਐਸ ਟੀ ਆਰ-3 ਬੀ, ਜੀ ਐਸ ਟੀ ਆਰ-9 ਅਤੇ ਜੀ ਐਸ ਟੀ ਆਰ-9 ਸੀ ਦੇ ਡਾਟਾਸੈਟਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਰਿਟਰਨਾਂ ਵਿੱਚ ਇਨਪੁਟ ਕਰ ਕ੍ਰੈਡਿਟ ਵਿੱਚ ਬੇਮੇਲਤਾ ਵੇਖੀ। ਲੇਖਾ ਪ੍ਰੀਖਿਆ ਬੇਮੇਲੀਆਂ ਦੀ ਵਿਸਥਾਰ ਨਾਲ ਜਾਂਚ ਨਹੀਂ ਕਰ ਸਕਿਆ ਕਿਉਂਕਿ ਵਿਭਾਗ ਦੁਆਰਾ ਸੰਬੰਧਿਤ ਗਰੈਨੂਲਰ ਰਿਕਾਰਡ ਪੇਸ਼ ਨਹੀਂ ਕੀਤੇ ਗਏ ਸਨ। ਵਿਸਤ੍ਰਿਤ ਲੇਖਾ ਪ੍ਰੀਖਿਆ ਦੁਆਰਾ ਪ੍ਰਦਰਸ਼ਿਤ ਇਨਪੁਟ ਕਰ ਕ੍ਰੈਡਿਟਾਂ ਵਿੱਚ ਬੇਮੇਲੀਆਂ ਦੇ ਵੇਰਵੇ **ਸਾਰਣੀ** 2.8 ਵਿੱਚ ਦਿੱਤੇ ਗਏ ਹਨ।

**ਸਾਰਣੀ 2.8: ਕਰਦਾਤਾਵਾਂ ਦੁਆਰਾ ਦਾਅਵਾ ਕੀਤੇ ਗਏ ਇਨਪੁਟ ਟੈਕਸ ਕ੍ਰੈਡਿਟ ਵਿੱਚ ਬੇਮੇਲਤਾ**

| ਲੜੀ ਨੰ. | ਲੇਖਾ ਪ੍ਰੀਖਿਆ ਮਾਪਦੰਡ | ਮਾਮਲਿਆਂ ਦੀ ਸੰਖਿਆ | ਸਰਕਲਾਂ ਦੀ ਸੰਖਿਆ | ਬੇਮੇਲ ਰਾਸ਼ੀ (₹ ਕਰੋੜ ਵਿੱਚ) |
|---|---|---|---|---|
| 1. | **ਵਾਧੂ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਗਿਆ ਹੈ। ਜੀ ਐਸ ਟੀ ਆਰ-9 ਦੀ ਸਾਰਣੀ 6 ਜੇ ਦੇ ਅਨੁਸਾਰ** (**ਅੰਤਿਕਾ** 2.6) | 18 | 8 | 94.84 |
| | ਇੱਕ ਮਾਮਲੇ ਵਿੱਚ ₹ 2,656 ਦੀ ਵਸੂਲੀ ਕੀਤੀ ਗਈ ਸੀ, ਨੌਂ ਮਾਮਲਿਆਂ ਵਿੱਚ ₹ 69.81 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਤਿੰਨ ਮਾਮਲਿਆਂ ਵਿੱਚ ₹ 6.96 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 0.03 ਕਰੋੜ ਦਾ ਇੱਕ ਮਾਮਲਾ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸੀ, ₹ 16.86 ਕਰੋੜ ਦਾ ਇੱਕ ਮਾਮਲਾ ਸਰਕਲ ਵਿੱਚ ਜਾਂਚ ਅਧੀਨ ਸੀ, ਵਿਭਾਗ ਨੇ ₹ 0.78 ਕਰੋੜ ਦਾ ਇੱਕ ਮਾਮਲਾ ਸਵੀਕਾਰ ਨਹੀਂ ਕੀਤਾ ਪਰ ਇਸ ਦੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ ਸੀ। ਬਾਕੀ ਦੋ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 2. | **ਇਨਪੁਟ ਕਰ ਕ੍ਰੈਡਿਟ ਲਿਆ ਗਿਆ ਜੀ ਐਸ ਟੀ ਆਰ-9 ਦੀ ਸਾਰਣੀ 8 ਡੀ ਦੇ ਅਨੁਸਾਰ ਅਗਲੇ ਸਾਲੀ ਦੇ ਸਮਾਯੋਜਨ 'ਤੇ ਵਿਚਾਰ ਕਰਨ ਤੋਂ ਬਾਅਦ** (**ਅੰਤਿਕਾ** 2.7) | 27 | 11 | 88.48 |
| | ਦੋ ਮਾਮਲਿਆਂ ਵਿੱਚ ₹ 0.13 ਕਰੋੜ ਦੀ ਵਸੂਲੀ ਕੀਤੀ ਗਈ ਸੀ, 14 ਮਾਮਲਿਆਂ ਵਿੱਚ ₹ 47.34 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਤਿੰਨ ਮਾਮਲਿਆਂ ਵਿੱਚ ₹ 3.52 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 18.06 ਕਰੋੜ ਦੇ ਚਾਰ ਮਾਮਲੇ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸਨ, ₹ 3.69 ਕਰੋੜ ਦਾ ਇੱਕ ਮਾਮਲਾ ਜਾਂਚ ਅਧੀਨ ਸੀ। ਬਾਕੀ ਤਿੰਨ ਮਾਮਲਿਆਂ ਵਿੱਚ, ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 3. | **ਇਨਪੁਟ ਸਰਵਿਸ ਡਿਸਟ੍ਰੀਬਿਊਸ਼ਨ ਕ੍ਰੈਡਿਟ ਦੇ ਅਧੀਨ ਇਨਪੁਟ ਕਰ ਕ੍ਰੈਡਿਟ ਜਾਂ ਘੱਟ ਉਲਟਾਅ ਵਿੱਚ ਬੇਮੇਲ** (**ਅੰਤਿਕਾ** 2.8) | 15 | 8 | 118.90 |
| | ਅੱਠ ਮਾਮਲਿਆਂ ਵਿੱਚ ₹ 65.08 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਦੋ ਮਾਮਲਿਆਂ ਵਿੱਚ ₹ 7,928 ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 39.72 ਕਰੋੜ ਦੇ ਦੋ ਮਾਮਲੇ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸਨ, ਵਿਭਾਗ ਨੇ ₹ 6.39 ਕਰੋੜ ਦਾ ਇੱਕ ਮਾਮਲਾ ਸਵੀਕਾਰ ਨਹੀਂ ਕੀਤਾ ਪਰ ਇਸ ਦੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ। ਬਾਕੀ ਦੋ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |

| ਲੜੀ ਨੰ. | ਲੇਖਾ ਪ੍ਰੀਖਿਆ ਮਾਪਦੰਡ | ਮਾਮਲਿਆਂ ਦੀ ਸੰਖਿਆ | ਸਰਕਲਾਂ ਦੀ ਸੰਖਿਆ | ਬੇਮੇਲ ਰਾਸ਼ੀ (₹ ਕਰੋੜ ਵਿੱਚ) |
|---|---|---|---|---|
| 4. | **ਜੀ ਐਸ ਟੀ ਆਰ-2ਏ ਅਤੇ ਜੀ ਐਸ ਟੀ ਆਰ-3ਬੀ ਵਿਚਕਾਰ ਇਨਪੁਟ ਕਰ ਕ੍ਰੈਡਿਟ ਦਾ ਬੇਮੇਲ**<br>ਜੀ ਐਸ ਟੀ ਆਰ-2ਏ ਦੀ ਸਾਰਣੀ 3 ਅਤੇ 5 ਅਨੁਸਾਰ ਉਪਲਬਧ ਇਨਪੁਟ ਕਰ ਕ੍ਰੈਡਿਟ ਦੀ ਤੁਲਨਾ ਜੀ ਐਸ ਟੀ ਆਰ-3 ਬੀ ਦੀ ਸਾਰਣੀ 4ਏ (5) ਵਿੱਚ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਨਾਲ ਕੀਤੀ ਗਈ ਜਿਸ ਵਿੱਚ ਅਗਲ ਵਿੱਤੀ ਸਾਲ ਵਿੱਚ ਪ੍ਰਾਪਤ ਕੀਤੇ ਗਏ ਚਾਲੂ ਵਿੱਤੀ ਸਾਲ ਨਾਲ ਸਬੰਧਤ ਇਨਪੁਟ ਕਰ ਕ੍ਰੈਡਿਟ ਵੀ ਸ਼ਾਮਲ ਹਨ।<br>(**ਅੰਤਿਕਾ** 2.9) | 33 | 10 | 142.51 |
| | ਦੋ ਮਾਮਲਿਆਂ ਵਿੱਚ ₹ 0.10 ਕਰੋੜ ਵਸੂਲੀ ਗਈ ਸੀ, 17 ਮਾਮਲਿਆਂ ਵਿੱਚ ₹ 74.39 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਤਿੰਨ ਮਾਮਲਿਆਂ ਵਿੱਚ ₹ 4.96 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 18.29 ਕਰੋੜ ਦੇ ਦੋ ਮਾਮਲੇ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਹਨ, ਬਾਕੀ ਨੌਂ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 5. | **ਇਨਪੁਟ ਕਰ ਕ੍ਰੈਡਿਟ ਦਾ ਮਿਲਾਨ ਨਾ ਹੋਣਾ**<br>ਜੀ ਐਸ ਟੀ ਆਰ-9ਸੀ ਦੀ ਸਾਰਣੀ 12 ਐਫ ਅਤੇ 14 ਟੀ ਦੇ ਅਨੁਸਾਰ (**ਅੰਤਿਕਾ** 2.10) | 13 | 6 | 2,431.16 |
| | ਇੱਕ ਮਾਮਲੇ ਵਿੱਚ ₹ 3,309 ਦੀ ਵਸੂਲੀ ਕੀਤੀ ਗਈ ਸੀ, ਪੰਜ ਮਾਮਲਿਆਂ ਵਿੱਚ ₹ 5.91 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਤਿੰਨ ਮਾਮਲਿਆਂ ਵਿੱਚ ₹ 79.57 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 1,233.21 ਕਰੋੜ ਦਾ ਇੱਕ ਮਾਮਲਾ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸੀ, ₹ 1,111.74 ਕਰੋੜ ਦੇ ਦੋ ਮਾਮਲੇ ਸਰਕਲ ਵਿੱਚ ਜਾਂਚ ਅਧੀਨ ਸਨ। ਬਾਕੀ ਇੱਕ ਮਾਮਲੇ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 6. | **ਇਨਪੁਟ ਕਰ ਕ੍ਰੈਡਿਟ ਵਿੱਚ ਬੇਮੇਲ**<br>**ਜੀ ਐਸ ਟੀ ਆਰ-9 ਦੀ ਸਾਰਣੀ 8 ਏ ਦੇ ਅਧੀਨ ਇਨਪੁਟ ਕਰ ਕ੍ਰੈਡਿਟ ਦੀ ਤੁਲਨਾ ਜੀ ਐਸ ਟੀ ਆਰ-2 ਏ**<br>(**ਅੰਤਿਕਾ** 2.11) **ਵਿੱਚ ਉਪਲਬਧ ਇਨਪੁਟ ਕਰ ਕ੍ਰੈਡਿਟ ਨਾਂਲ** | 33 | 7 | 236.65 |
| | 21 ਮਾਮਲਿਆਂ ਵਿੱਚ ₹ 45.47 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਦੋ ਮਾਮਲਿਆਂ ਵਿੱਚ ₹ 105.49 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 73.18 ਕਰੋੜ ਦੇ ਪੰਜ ਮਾਮਲੇ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸਨ, ₹ 1.44 ਕਰੋੜ ਦੀ ਰਾਸ਼ੀ ਦਾ ਇੱਕ ਮਾਮਲਾ ਸਰਕਲ ਵਿੱਚ ਜਾਂਚ ਅਧੀਨ ਸੀ। ਬਾਕੀ ਦੇ ਚਾਰ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |

## ੲ ਕਰ ਦੇਣਦਾਰੀ ਦਾ ਨਿਪਟਾਰਾ

ਜੀ ਐਸ ਟੀ ਦੇ ਮਾਮਲੇ ਵਿੱਚ ਕਰਯੋਗ ਘਟਨਾ ਵਸਤਾਂ ਅਤੇ/ਜਾਂ ਸੇਵਾਵਾਂ ਦੀ ਸਪਲਾਈ ਹੈ। ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9 ਮਨੁੱਖੀ ਖਪਤ ਲਈ ਅਲਕੋਹਲ ਵਾਲੀ ਸ਼ਰਾਬ ਦੀ ਸਪਲਾਈ ਨੂੰ ਛੱਡ ਕੇ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀਆਂ ਸਾਰੀਆਂ ਅੰਦਰੂਨੀ-ਰਾਜ ਸਪਲਾਈਆਂ 'ਤੇ ਐਸ ਜੀ ਐਸ ਟੀ ਦੀ ਵਸੂਲੀ ਅਤੇ ਉਗਰਾਹੀਂ ਨੂੰ, ਉਪਰੋਕਤ ਐਕਟ ਦੀ ਧਾਰਾ 15 ਅਧੀਨ ਨਿਰਧਾਰਤ ਮੁੱਲ ਅਤੇ ਅਜਿਹੀਆਂ ਦਰਾਂ ਤੇ 20 *ਪ੍ਰਤੀਸ਼ਤ* ਤੋਂ ਵੱਧ ਨਾ ਹੋਣ, ਅਧਿਕਾਰਤ ਕਰਨ ਵਾਲੀ ਚਾਰਜਿੰਗ ਧਾਰਾ ਹੈ। ਸੀ ਜੀ ਐਸ ਟੀ ਲਈ ਕੇਂਦਰੀ ਜੀ ਐਸ ਟੀ ਐਕਟ, 2017 ਵਿੱਚ ਵੀ ਇਸੇ ਤਰ੍ਹਾਂ ਦੀਆਂ ਵਿਵਸਥਾਂਵਾਂ ਮੌਜੂਦ ਹਨ। ਆਈ ਜੀ ਐਸ ਟੀ ਦੀ ਧਾਰਾ 5 ਕੇਂਦਰ ਸਰਕਾਰ ਨੂੰ ਵਸਤਾਂ ਅਤੇ ਸੇਵਾਵਾਂ ਦੀ ਅੰਤਰ-ਰਾਜੀ ਸਪਲਾਈ ਤੇ 40 *ਪ੍ਰਤੀਸ਼ਤ* ਦੀ ਵੱਧ ਤੋਂ ਵੱਧ ਦਰ ਨਾਲ ਆਈ ਜੀ ਐਸ ਟੀ ਲਗਾਉਣ ਅਤੇ ਇਕੱਤਰ ਕਰਨ ਦਾ ਅਧਿਕਾਰ ਦਿੰਦੀ ਹੈ।

ਵਸਤਾਂ ਅਤੇ ਸੇਵਾਵਾਂ ਕਰ (ਰਾਜਾਂ ਨੂੰ ਮੁਆਵਜ਼ਾ) ਐਕਟ, 2017 ਦੀ ਧਾਰਾ 8 ਦੇ ਅਧੀਨ ਅਜਿਹੀਆਂ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਅੰਦਰੂਨੀ-ਰਾਜ ਅਤੇ ਅੰਤਰ-ਰਾਜੀ ਰਾਹੀ ਸਪਲਾਈ ਸੈੱਸ ਲਗਾਇਆ ਜਾਂਦਾ ਹੈ ਜੋ ਉਕਤ ਐਕਟ ਦੀ ਅਨੁਸੂਚੀ ਵਿੱਚ ਸੂਚੀਬੱਧ ਹਨ ਜਿਵੇਂ ਕਿ ਤੰਬਾਕੂ ਉਤਪਾਦ, ਏਰੇਟਿਡ ਡ੍ਰਿੰਕ, ਸਿਗਰਟ, ਵਾਹਨ ਆਦਿ। ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 9(4) ਅਤੇ ਏਕੀਕ੍ਰਿਤ ਜੀ ਐਸ ਟੀ ਐਕਟ, 2017 ਦੀ ਧਾਰਾ 5(3) ਅਤੇ 5(4) ਵਿੱਚ ਕੁਝ ਵਸਤੂਆਂ ਜਾਂ ਸੇਵਾਵਾਂ 'ਤੇ ਰਿਵਰਸ ਚਾਰਜ ਕਰ ਲਗਾਉਣ ਦਾ ਪ੍ਰਬੰਧ ਹੈ, ਜਿਸ ਵਿੱਚ ਸਪਲਾਇਰ ਦੀ ਬਜਾਏ ਪ੍ਰਾਪਤਕਰਤਾ ਕਰ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋ ਜਾਂਦਾ ਹੈ।

ਵਿਸਥਾਰਤ ਲੇਖਾ ਪ੍ਰੀਖਿਆ ਵਿੱਚ ਕਰ ਦੇਣਦਾਰੀਆਂ ਦੇ ਨਿਪਟਾਰੇ, ਰਿਵਰਸ ਚਾਰਜ ਦੇ ਅਧੀਨ ਕਰ ਦਾ ਭੁਗਤਾਨ ਨਾ ਕਰਨ ਅਤੇ ਐਸ ਜੀ ਐਸ ਟੀ ਅਤੇ ਸੀ ਜੀ ਐਸ ਟੀ ਦੇ ਇਨਪੁਟ ਕਰ ਕ੍ਰੈਡਿਟ ਦੀ ਅਨਿਯਮਿਤ ਵਰਤੋਂ ਵਿੱਚ ਬੇਮੇਲੀਆਂ ਦਿਖਾਈਆਂ ਗਈਆਂ, ਜਿਨ੍ਹਾਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ।

### *ੳ) ਕਰ ਦੇਣਦਾਰੀ ਦੇ ਨਿਪਟਾਰੇ ਨਾਲ ਸਬੰਧਤ ਬੇਮੇਲਤਾ*

ਲੇਖਾ ਪ੍ਰੀਖਿਆ ਨੇ ਸਾਲ 2018-19 ਤੋਂ 2020-21 ਲਈ ਕਰਦਾਤਾਵਾਂ ਦੁਆਰਾ ਫਾਈਲ ਕੀਤੀਆਂ ਗਈਆਂ ਜੀ ਐਸ ਟੀ ਆਰ-1, ਜੀ ਐਸ ਟੀ ਆਰ-3ਬੀ ਅਤੇ ਜੀ ਐਸ ਟੀ ਆਰ-9 ਰਿਟਰਨਾਂ ਦੀ ਪੜਤਾਲ ਕੀਤੀ ਅਤੇ ਰਿਟਰਨਾਂ ਵਿੱਚ ਦਿੱਤੀ ਗਈ ਕਰ ਦੇਣਦਾਰੀ ਦੀ ਤੁਲਨਾ ਕਰਕੇ ਕਰ ਦੇਣਦਾਰੀ ਦੇ ਨਿਪਟਾਰੇ ਵਿੱਚ ਬੇਮੇਲਤਾ ਦੇਖੀ। ਲੇਖਾ ਪ੍ਰੀਖਿਆ ਇਹਨਾਂ ਬੇਮੇਲਤਾਵਾਂ ਦੀ ਵਿਸਥਾਰ ਨਾਲ ਜਾਂਚ ਨਹੀਂ ਕਰ ਸਕਿਆ ਕਿਉਂਕਿ ਵਿਭਾਗ ਦੁਆਰਾ ਸੰਬੰਧਿਤ ਗਰੈਨੂਲਰ ਰਿਕਾਰਡ ਪੇਸ਼ ਨਹੀਂ ਕੀਤੇ ਗਏ ਸਨ। ਬੇਮੇਲਾਂ ਦੇ ਵੇਰਵੇ **ਸਾਰਣੀ** 2.9 ਵਿੱਚ ਦਿੱਤੇ ਗਏ ਹਨ।

**ਸਾਰਣੀ 2.9: ਕਰ ਦੇਣਦਾਰੀ ਦੇ ਡਿਸਚਾਰਜ ਨਾਲ ਸੰਬੰਧਿਤ ਬੇਮੇਲਤਾ**

| ਲੜੀ ਨੰ. | ਲੇਖਾ ਪ੍ਰੀਖਿਆ ਮਾਪਦੰਡ | ਮਾਮਲਿਆਂ ਦੀ ਸੰਖਿਆ | ਸਰਕਲਾਂ ਦੀ ਸੰਖਿਆ | ਬੇਮੇਲ ਰਾਸ਼ੀ (₹ ਕਰੋੜ ਵਿੱਚ) |
|---|---|---|---|---|
| 1. | **ਰਿਵਰਸ ਚਾਰਜ ਅਧੀਨ ਕਰ ਦਾ ਘੱਟ ਭੁਗਤਾਨ**<br>ਜੀ ਐਸ ਟੀ ਆਰ-9 ਦੀ ਸਾਰਣੀ 6ਸੀ, 6ਡੀ ਅਤੇ 6ਐਫ ਨਾਲ ਸਾਰਣੀ 4ਜੀ ਦੀ ਤੁਲਨਾ।<br>ਉਹਨਾਂ ਮਾਮਲਿਆਂ ਵਿੱਚ ਜਿੱਥੇ ਜੀ ਐਸ ਟੀ ਆਰ-9 ਉਪਲਬਧ ਨਹੀਂ: ਜੀ ਐਸ ਟੀ ਆਰ-3ਬੀ ਵਿੱਚ ਸਾਰਣੀ 4(ਏ) (2) ਅਤੇ 4(ਏ) (3) ਦੀ ਤੁਲਨਾ ਸਾਰਣੀ 3.1(ਡੀ) ਨਾਲ<br>(**ਅੰਤਿਕਾ** 2.12) | 9 | 4 | 8.62 |
| | ਛੇ ਮਾਮਲਿਆਂ ਵਿੱਚ ₹ 16.40 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਇੱਕ ਮਾਮਲੇ ਵਿੱਚ ₹ 0.05 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਸੀ, ₹ 0.01 ਕਰੋੜ ਦਾ ਇੱਕ ਮਾਮਲਾ ਕਰਦਾਤਾ ਨਾਲ ਪੱਤਰ-ਵਿਹਾਰ ਅਧੀਨ ਸੀ। ਬਾਕੀ ਦੇ ਇੱਕ ਮਾਮਲੇ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਸਨ (ਜਨਵਰੀ 2025)। | | | |

| ਲੜੀ ਨੰ. | ਲੇਖਾ ਪ੍ਰੀਖਿਆ ਮਾਪਦੰਡ | ਮਾਮਲਿਆਂ ਦੀ ਸੰਖਿਆ | ਸਰਕਲਾਂ ਦੀ ਸੰਖਿਆ | ਬੇਮੇਲ ਰਾਸ਼ੀ (₹ ਕਰੋੜ ਵਿੱਚ) |
|---|---|---|---|---|
| 2. | **ਜੀ ਐਸ ਟੀ ਆਰ-1, ਜੀ ਐਸ ਟੀ ਆਰ-9 ਅਤੇ ਜੀ ਐਸ ਟੀ ਆਰ-3ਬੀ ਵਿਚਕਾਰ ਬੇਮੇਲ ਕਰ ਦੇਣਦਾਰੀ**<br>ਜੀ ਐਸ ਟੀ ਆਰ-1 ਜਾਂ ਜੀ ਐਸ ਟੀ ਆਰ-9 ਵਿੱਚ ਪੇਸ਼ ਕੀਤੀਆਂ ਵੱਧ ਰਾਸ਼ੀਆਂ ਤੇ ਅਧਾਰਿਤ ਕਰ ਦੇਣਦਾਰੀ ਦੀ ਤੁਲਨਾ ਜੀ ਐਸ ਟੀ ਆਰ-9 ਵਿੱਚ ਕਰ ਦੇ ਅਸਲ ਭੁਗਤਾਨ ਨਾਲ ਕੀਤੀ।<br>(**ਅੰਤਿਕਾ** 2.13) | 28 | 11 | 41.29 |
| | ਇੱਕ ਮਾਮਲੇ ਵਿੱਚ ₹ 0.09 ਕਰੋੜ ਦੀ ਵਸੂਲੀ ਕੀਤੀ ਗਈ ਸੀ, ਦੋ ਮਾਮਲਿਆਂ ਵਿੱਚ ₹ 0.60 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਚਾਰ ਮਾਮਲਿਆਂ ਵਿੱਚ ₹ 0.93 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ₹ 31.07 ਕਰੋੜ ਦੀ ਰਾਸ਼ੀ ਦੇ ਦੋ ਮਾਮਲਿਆਂ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸਨ, ਵਿਭਾਗ ਨੇ ₹ 0.72 ਕਰੋੜ ਦੇ ਦੋ ਮਾਮਲਿਆਂ ਨੂੰ ਸਵੀਕਾਰ ਨਹੀਂ ਕੀਤੇ ਪਰ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤੇ ਸਨ। ਬਾਕੀ 17 ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 3. | **ਰਿਵਰਸ ਚਾਰਜ ਅਧੀਨ ਕਰਯੋਗ ਮੁੱਲ ਦੀ ਘੱਟ ਘੋਸ਼ਣਾ**<br>ਸਾਰੇ ਲੈਣ-ਦੇਣ ਦਾ ਜੋੜ, ਜਿੱਥੇ ਜੀ ਐਸ ਟੀ ਆਰ-2ਏ ਦੀ ਸਾਰਣੀ 3 ਵਿੱਚ ਆਰ ਸੀ ਐਮ ਅਧੀਨ ਸਪਲਾਈਆਂ ਨੂੰ 'ਵਾਈ' ਵਜੋਂ ਦਿਖਾਇਆ ਗਿਆ ਸੀ, ਦੀ ਤੁਲਨਾ ਜੀ ਐਸ ਟੀ ਆਰ-3ਬੀ ਦੀ ਸਾਰਣੀ 3.1 (ਡੀ) ਨਾਲ ਕੀਤੀ ਗਈ ਸੀ।<br>(**ਅੰਤਿਕਾ** 2.14) | 9 | 3 | 5.04 |
| | ਇੱਕ ਮਾਮਲੇ ਵਿੱਚ ₹ 9,468 ਦੀ ਵਸੂਲੀ ਕੀਤੀ ਗਈ ਸੀ, ਤਿੰਨ ਮਾਮਲਿਆਂ ਵਿੱਚ ₹ 0.60 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਇੱਕ ਮਾਮਲੇ ਵਿੱਚ ₹ 0.19 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ। ਬਾਕੀ ਚਾਰ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 4. | **ਭੁਗਤਾਨ ਕੀਤੇ ਗਏ ਕਰ, ਕਰਯੋਗ ਅਤੇ ਕੁੱਲ ਟਰਨਓਵਰ ਵਿੱਚ ਬੇਮੇਲਤਾ**<br>ਜੀ ਐਸ ਟੀ ਆਰ-9ਸੀ ਦੀ ਸਾਰਣੀ 5ਆਰ, 7ਜੀ, 9 ਆਰ ਦੇ ਅਨੁਸਾਰ<br>(**ਅੰਤਿਕਾ** 2.15) | 9 | 3 | 64.02 |
| | ਤਿੰਨ ਮਾਮਲਿਆਂ ਵਿੱਚ ₹ 3.87 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ਇੱਕ ਮਾਮਲੇ ਵਿੱਚ ₹ 37,460 ਦਾ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਸੀ, ₹ 27.10 ਕਰੋੜ ਦਾ ਇੱਕ ਮਾਮਲਾ ਸਰਕਲ ਵਿੱਚ ਜਾਂਚ ਅਧੀਨ ਸੀ। ਬਾਕੀ ਚਾਰ ਮਾਮਲੇ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |
| 5. | **ਬਿਲ ਰਹਿਤ ਮਾਲੀਏ ਤੇ ਕਰਯੋਗ ਟਰਨਓਵਰ ਘੱਟ ਦਿਖਾਉਣਾ**<br>ਇੱਕ ਸਾਲ ਦੀ ਜੀ ਐਸ ਟੀ ਆਰ-9ਸੀ ਦੀ ਸਾਰਣੀ 5 ਬੀ ਦੇ ਪਿਛਲੇ ਸਾਲ ਦੀ ਜੀ ਐਸ ਟੀ ਆਰ-9ਸੀ ਦੀ ਸਾਰਣੀ 5 ਐਚ ਨਾਲ ਤੁਲਨਾ<br>(**ਅੰਤਿਕਾ** 2.16) | 1 | 1 | 0.25 |
| | ₹ 0.25 ਕਰੋੜ ਦਾ ਐਸ ਸੀ ਐਨ ਜਾਰੀ ਕੀਤਾ ਗਿਆ ਸੀ। | | | |
| 6. | **ਡਿਸਚਾਰਜ ਨਾ ਕੀਤੀ ਗਈ ਕਰ ਦੇਣਦਾਰੀ**<br>ਜੀ ਐਸ ਟੀ ਆਰ-1 ਜਾਂ ਜੀ ਐਸ ਟੀ ਆਰ-9 ਵਿੱਚ ਘੋਸ਼ਿਤ ਕੀਤੀ ਗਈ ਟਰਨਓਵਰ ਦੇ ਵੱਧ ਨਾਲ ਭੁਗਤਾਨ ਕੀਤੇ ਗਏ ਕਰ ਦੀ ਤੁਲਨਾ<br>(**ਅੰਤਿਕਾ** 2.17) | 19 | 8 | 18.35 |
| | 10 ਮਾਮਲਿਆਂ ਵਿੱਚ ₹ 3.44 ਕਰੋੜ ਦੇ ਐਸ ਸੀ ਐਨ ਜਾਰੀ ਕੀਤੇ ਗਏ ਸਨ, ₹ 0.24 ਕਰੋੜ ਦੀ ਅੰਸ਼ਕ ਰਾਸ਼ੀ ਨੂੰ ਛੱਡ ਕੇ ਜੋ ਐਸ ਸੀ ਐਨ ਜਾਰੀ ਹੋਣ ਤੱਕ ਕਰਦਾਤਾਵਾਂ ਨਾਲ ਪੱਤਰ-ਵਿਹਾਰ ਅਧੀਨ ਸੀ। ਤਿੰਨ ਮਾਮਲਿਆਂ ਵਿੱਚ ₹ 4.92 ਕਰੋੜ ਦੇ ਏ ਐਸ ਐਮ ਟੀ-10 ਜਾਰੀ ਕੀਤੇ ਗਏ ਸਨ, ਵਿਭਾਗ ਨੇ ₹ 8.19 ਕਰੋੜ ਦੇ ਦੋ ਮਾਮਲਿਆਂ ਨੂੰ ਸਵੀਕਾਰ ਨਹੀਂ ਕੀਤਾ ਪਰ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ, ਬਾਕੀ ਚਾਰ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਪ੍ਰਾਪਤ ਨਹੀਂ ਹੋਏ ਸਨ (ਜਨਵਰੀ 2025)। | | | |

### *(ਅ) ਰਿਵਰਸ ਚਾਰਜ ਅਧੀਨ ਕਰ ਦਾ ਭੁਗਤਾਨ ਨਾ ਕਰਨਾ*

ਪੰਜਾਬ ਸਰਕਾਰ ਨੇ ਜੂਨ 2017 ਵਿੱਚ ਸੇਵਾਵਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਸੂਚਿਤ[49] ਕੀਤਾ ਸੀ ਜਿਸ ਅਨੁਸਾਰ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਦੁਆਰਾ ਕਰ ਅਦਾ ਕੀਤਾ ਜਾਣਾ ਸੀ।

ਰਿਵਰਸ ਚਾਰਜ ਅਧੀਨ ਲਿਆਂਦੀਆਂ ਗਈਆਂ ਸੇਵਾਵਾਂ ਵਿੱਚ ਵਸਤਾਂ ਟਰਾਂਸਪੋਰਟ ਏਜੰਸੀ, ਅਚੱਲ ਜਾਇਦਾਦ ਦੇ ਕਿਰਾਏ 'ਤੇ ਅਤੇ ਕਾਨੂੰਨੀ ਸੇਵਾਵਾਂ ਸ਼ਾਮਲ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ (ਦਸੰਬਰ 2023) ਕਿ 2018-19 ਤੋਂ 2020-21 ਦੀ ਮਿਆਦ ਲਈ ਲੁਧਿਆਣਾ-1 ਸਰਕਲ ਅਧੀਨ ਇੱਕ ਕਰਦਾਤਾ ਨੇ ਆਪਣੇ ਸਲਾਨਾ ਲੇਖਿਆਂ ਵਿੱਚ ਮਾਲ ਭਾੜੇ ਅਤੇ ਕਾਨੂੰਨੀ ਫੀਸਾਂ 'ਤੇ ₹ 0.05 ਕਰੋੜ[50] ਦਾ ਖਰਚ ਦਿਖਾਇਆ ਸੀ ਪਰ ਰਿਵਰਸ ਚਾਰਜ ਅਧੀਨ ₹ 20,738 ਦਾ ਕਰ ਕਰਦਾਤਾ ਦੁਆਰਾ ਭੁਗਤਾਨ ਨਹੀਂ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਦਸੰਬਰ 2023), ਲੁਧਿਆਣਾ-1 ਸਰਕਲ ਦੁਆਰਾ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਜਨਵਰੀ 2025)।

### *(ੲ) ਆਈ ਜੀ ਐਸ ਟੀ ਦੇ ਇਨਪੁਟ ਟੈਕਸ ਕ੍ਰੈਡਿਟ ਬਕਾਇਆ ਨੂੰ ਖਤਮ ਕੀਤੇ ਬਿਨਾਂ ਸੀ ਜੀ ਐਸ ਟੀ ਅਤੇ ਆਈ ਜੀ ਐਸ ਟੀ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਕਰ ਭੁਗਤਾਨ ਲਈ ਅਨਿਯਮਿਤ ਵਰਤੋਂ*

ਪੰਜਾਬ ਸਰਕਾਰ ਨੇ ਪੰਜਾਬ ਜੀ ਐਸ ਟੀ ਐਕਟ, 2017 ਵਿੱਚ 1 ਫਰਵਰੀ 2019 ਤੋਂ ਲਾਗੂ ਧਾਰਾ 49ਏ ਸ਼ਾਮਲ[51] ਕੀਤੀ ਗਈ ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੇਂਦਰੀ ਕਰ, ਰਾਜ ਕਰ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਕਰ ਦੇ ਰੂਪ ਵਿੱਚ ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ ਏਕੀਕ੍ਰਿਤ ਕਰ, ਕੇਂਦਰੀ ਕਰ, ਰਾਜ ਕਰ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਕਰ ਦੀ ਅਦਾਇਗੀ ਲਈ ਕੀਤੀ ਜਾਵੇਗੀ, ਜਿਵੇਂ ਕਿ ਮਾਮਲਾ ਹੋਵੇ, ਏਕੀਕ੍ਰਿਤ ਕਰ ਦੇ ਕਾਰਨ ਉਪਲਬਧ ਇਨਪੁਟ ਟੈਕਸ ਕ੍ਰੈਡਿਟ ਨੂੰ ਪਹਿਲੀ ਵਾਰ ਅਜਿਹੇ ਭੁਗਤਾਨ ਲਈ ਪੂਰੀ ਤਰ੍ਹਾਂ ਵਰਤਣ ਤੋਂ ਬਾਅਦ ਹੀ।

ਲੇਖਾ ਪ੍ਰੀਖਿਆ ਵਿੱਚ ਵੇਖਿਆ (ਸਤੰਬਰ ਅਤੇ ਅਕਤੂਬਰ 2023) ਕਿ ਫਾਜ਼ਿਲਕਾ ਅਤੇ ਐਸ ਏ ਐਸ ਨਗਰ ਸਰਕਲਾਂ ਅਧੀਨ ਤਿੰਨ ਕਰਦਾਤਾਵਾਂ ਨੇ 2019-20 ਅਤੇ 2020-21 ਦੌਰਾਨ ਕਰ ਦੀ ਅਦਾਇਗੀ ਲਈ ਸੀ ਜੀ ਐਸ ਟੀ ਅਤੇ ਐਸ ਜੀ ਐਸ ਟੀ ਦੇ ਕ੍ਰੈਡਿਟ ਦੀ ਵਰਤੋਂ ਕੀਤੀ, ਹਾਲਾਂਕਿ ਕਰ ਦੇ ਭੁਗਤਾਨ ਲਈ ਆਈ ਜੀ ਐਸ ਟੀ ਦਾ ਬਕਾਇਆ ਉਪਲਬਧ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਨੇ ਫਾਜ਼ਿਲਕਾ ਸਰਕਲ ਦੇ ਮਾਮਲੇ ਵਿੱਚ ਜਵਾਬ ਦਿੱਤਾ (ਜੁਲਾਈ 2024) ਕਿ ਆਈ ਜੀ ਐਸ ਟੀ ਇਨਪੁਟ ਟੈਕਸ ਕ੍ਰੈਡਿਟ ਦੀ ਬਾਅਦ ਦੇ ਪੜਾਅ 'ਤੇ ਪੂਰੀ ਵਰਤੋਂ ਕੀਤੀ ਗਈ ਸੀ ਅਤੇ ਰੈਵੀਨਿਊ ਘਾਟਾ ਨਹੀਂ ਹੋਇਆ ਸੀ।

---

[49] ਨੋਟੀਫਿਕੇਸ਼ਨ ਨੰਬਰ ਐਸ ਓ ਪੀ 35/ਪੀ ਏ 5/2017 /ਐਸ 9/2017 ਮਿਤੀ 30 ਜੂਨ 2017 । ਸੀ ਜੀ ਐਸ ਟੀ ਲਈ ਇਸੇ ਤਰ੍ਹਾਂ ਦੀ ਸੋਧ ਨੋਟੀਫਿਕੇਸ਼ਨ ਨੰਬਰ 13/2017 - ਕੇਂਦਰੀ ਕਰ (ਦਰ) ਮਿਤੀ 28 ਜੂਨ 2018 ਰਾਹੀ ਕੀਤੀ ਗਈ ਹੈ।

[50] ਕਾਨੂੰਨੀ ਫੀਸ: 2020-21 ਵਿੱਚ ₹ 10,000 ਅਤੇ ਭਾੜਾ ਚਾਰਜ਼ਿਜ਼: 2018-19, 2019-20 ਅਤੇ 2020-21 ਵਿੱਚ ₹ 5,29,181

[51] ਨੋਟੀਫਿਕੇਸ਼ਨ ਨੰਬਰ ਐਸ ਓ 34/ਪੀ ਏ 1/2019 /ਐਸ 1/2019 ਮਿਤੀ 8 ਅਪ੍ਰੈਲ 2019। ਸੀ ਜੀ ਐਸ ਟੀ ਲਈ ਇਸੇ ਤਰ੍ਹਾਂ ਦੀ ਸੋਧ ਨੋਟੀਫਿਕੇਸ਼ਨ ਨੰਬਰ 02/2019 - ਕੇਂਦਰੀ ਕਰ ਮਿਤੀ 29 ਜਨਵਰੀ 2019 ਰਾਹੀ ਕੀਤੀ ਗਈ ਹੈ।

ਵਿਭਾਗ ਦਾ ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਇਸ ਲਈ ਕੋਈ ਘਾਟਾ ਸ਼ਾਮਲ ਨਾ ਹੋਣ ਦੇ ਬਾਵਜੂਦ, ਇਹ ਪ੍ਰਣਾਲੀਗਤ ਕਮਜ਼ੋਰੀ ਹੈ ਜਿਸ ਕਾਰਨ ਜੀ ਐਸ ਟੀ ਪ੍ਰਣਾਲੀ ਨੇ ਆਈ ਜੀ ਐਸ ਟੀ ਕ੍ਰੈਡਿਟ ਨੂੰ ਖਤਮ ਕਰਨ ਤੋਂ ਪਹਿਲਾਂ ਕਰ ਦੇ ਭੁਗਤਾਨ ਲਈ ਸੀ ਜੀ ਐਸ ਟੀ ਅਤੇ ਐਸ ਜੀ ਐਸ ਟੀ ਕ੍ਰੈਡਿਟ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ। ਇਸ ਲਈ, ਵਿਭਾਗ ਨੂੰ ਇਨਪੁਟ ਟੈਕਸ ਕ੍ਰੈਡਿਟ ਦੀ ਵਰਤੋਂ ਨੂੰ ਰੋਕਣ ਲਈ ਜੀ ਐਸ ਟੀ ਪ੍ਰਣਾਲੀ ਵਿੱਚ ਪ੍ਰਮਾਣਿਕਤਾ ਜਾਂਚਾਂ ਸ਼ੁਰੂ ਕਰਨ ਲਈ ਉਚਿਤ ਅਥਾਰਟੀ ਕੋਲ ਇਸ ਮਾਮਲੇ ਨੂੰ ਉਠਾਉਣ ਦੀ ਜ਼ਰੂਰਤ ਹੈ ਜੋ ਜੀ ਐਸ ਟੀ ਕਾਨੂੰਨ ਅਨੁਸਾਰ ਮਨਜ਼ੂਰ ਨਹੀਂ ਹੈ।

ਬਾਕੀ ਦੋ ਮਾਮਲਿਆਂ ਵਿੱਚ ਵਿਭਾਗ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ (ਜਨਵਰੀ 2025)।

### ਸ ਵਿਭਾਗ ਦੁਆਰਾ ਜਵਾਬ ਪੇਸ਼ ਨਾ ਕਰਨਾ

ਲੇਖਾ ਪ੍ਰੀਖਿਆ ਨੇ ਵਿਸਤ੍ਰਿਤ ਲੇਖਾ ਪ੍ਰੀਖਿਆ ਅਧੀਨ ਵਿਭਾਗ ਨੂੰ 403 ਟਿੱਪਣੀਆਂ ਜਾਰੀ ਕੀਤੀਆਂ ਸਨ। ਵਿਭਾਗ ਨੇ 355 ਟਿੱਪਣੀਆਂ (88.09 *ਪ੍ਰਤੀਸ਼ਤ*) ਦੇ ਜਵਾਬ ਦਿੱਤੇ। ਪੈਰ੍ਹਾ 2.7.2.2 (ੳ) ਅਧੀਨ, ਅਤੇ **ਸਾਰਣੀ** 2.8 ਅਤੇ 2.9 ਵਿੱਚ ਸਾਹਮਣੇ ਆਈਆਂ ਅਸੰਗਤਤਾਵਾਂ ਨੂੰ ਪਾਲਣਾ ਦੇ ਡੈਵੀਏਸ਼ਨਜ਼ ਵਿੱਚ ਤਬਦੀਲ ਕਰਨ ਦੀ ਸਮੁੱਚੀ ਦਰ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਭਾਗ ਨੂੰ ਬਾਕੀ 48 ਟਿੱਪਣੀਆਂ ਦੀ ਪਹਿਲ ਦੇ ਅਧਾਰ 'ਤੇ ਤਸਦੀਕ ਵਿੱਚ ਤੇਜ਼ੀ ਲਿਆਉਣ ਦੀ ਲੋੜ ਹੈ। ਵਿਭਾਗ ਦੁਆਰਾ ਸਮੇਂ ਸਿਰ ਜਵਾਬ ਜਮ੍ਹਾਂ ਕਰਨ ਨਾਲ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਤਰਕਸੰਗਤ ਸਿੱਟਿਆਂ ਤੇ ਅੰਤਿਮ ਰੂਪ ਦੇਣ ਵਿੱਚ ਮਦਦ ਮਿਲਦੀ ਹੈ।

## 2.7.3 ਹੋਰ ਨਿਗਰਾਨੀ ਕਾਰਜ

ਸਰਕਲਾਂ ਦੀ ਭੂਮਿਕਾ ਰਿਟਰਨਾਂ ਫਾਇਲ ਕਰਨ, ਕਰ ਦੇਣਦਾਰੀ ਡਿਸਚਾਰਜ ਅਤੇ ਹੋਰ ਪਾਲਣਾ ਜ਼ਿੰਮੇਵਾਰੀਆਂ ਦੇ ਸਬੰਧ ਵਿੱਚ ਕਰਦਾਤਾਵਾਂ ਦੀ ਪਾਲਣਾ ਅਤੇ ਨਿਗਰਾਨੀ ਪ੍ਰਦਾਨ ਕਰਨਾ ਹੈ। ਸਰਕਲਾਂ ਕੋਲ ਇਸ ਸਬੰਧ ਵਿੱਚ ਵਿਆਪਕ ਕਾਰਜ ਕੀਤੇ ਜਾਣੇ ਹਨ ਜਿਵੇਂ ਕਿ ਦੇਰੀ ਨਾਲ ਫਾਇਲ ਕਰਨ ਵਾਲਿਆਂ ਅਤੇ ਨਾਨ-ਫਾਇਲਰਾਂ ਵਾਲਿਆਂ 'ਤੇ ਕਾਰਵਾਈ ਸ਼ੁਰੂ ਕਰਨਾ, ਰਿਟਰਨਾਂ ਦੀ ਪੜਤਾਲ ਅਤੇ ਮੁਲਾਂਕਣ ਅਤੇ ਰਜਿਸਟ੍ਰੇਸ਼ਨ ਰੱਦ ਕਰਨਾ।

ਰਿਟਰਨ ਫਾਇਲ ਕਰਨ ਨਾਲ ਸਬੰਧਤ ਨਿਗਰਾਨੀ ਕਾਰਜਾਂ, ਦੇਰ ਨਾਲ/ਨਾਨ ਫਾਈਲਰਾਂ 'ਤੇ ਕਾਰਵਾਈ ਅਤੇ ਪੜਤਾਲ ਬਾਰੇ ਇਸ ਰਿਪੋਰਟ ਦੇ ਪਿਛਲੇ ਭਾਗਾਂ ਵਿੱਚ ਚਰਚਾ ਕੀਤੀ ਗਈ ਹੈ। ਇਹ ਭਾਗ ਵਿਭਾਗ ਦੇ ਸਮਰੱਥਾ ਨਿਰਮਾਣ ਦੇ ਯਤਨਾਂ ਨੂੰ ਉਜਾਗਰ ਕਰਦਾ ਹੈ।

### 2.7.3.1 ਸਮਰੱਥਾ ਨਿਰਮਾਣ ਦੇ ਯਤਨ

ਵਿਭਾਗ ਦੇ ਅਧਿਕਾਰੀਆਂ ਅਤੇ ਸਟਾਫ ਦੀ ਹਰ ਪੱਧਰ 'ਤੇ ਪ੍ਰਭਾਵਸ਼ੀਲਤਾ ਲਈ ਸਮਰੱਥਾ ਨਿਰਮਾਣ ਜ਼ਰੂਰੀ ਹੈ। ਵਿਭਾਗ ਅਧਿਕਾਰੀਆਂ ਅਤੇ ਸਟਾਫ ਲਈ ਜੀ ਐਸ ਟੀ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ ਤਾਂ ਜੋ ਉਨ੍ਹਾਂ ਦੇ ਹੁਨਰ ਨੂੰ ਵਧਾਇਆ ਜਾ ਸਕੇ ਅਤੇ ਨਵੇਂ ਕਰ ਸੁਧਾਰਾਂ ਅਤੇ ਰੈਵੀਨਿਊ ਵਧਾਉਣ ਬਾਰੇ ਉਨ੍ਹਾਂ ਦੇ ਹੁਨਰ ਨੂੰ ਅਪਗ੍ਰੇਡ ਕੀਤਾ ਜਾ ਸਕੇ।

2017-18 ਦੌਰਾਨ, ਵਿਭਾਗ ਵੱਲੋਂ ਕੋਈ ਸਿਖਲਾਈ ਨਹੀਂ ਦਿੱਤੀ ਗਈ ਅਤੇ 2018-19 ਤੋਂ 2022-23 ਦੌਰਾਨ, 15,129 ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਗਈ ਜਿਵੇਂ ਕਿ **ਸਾਰਣੀ** 2.10 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.10: ਦਿੱਤੀਆਂ ਗਈਆਂ ਸਿਖਲਾਈਆਂ ਦੇ ਵੇਰਵੇ**

| ਅਹੁਦਾ | ਅਮਲੇ ਦੀ ਸੰਖਿਆ | | | | | |
|---|---|---|---|---|---|---|
| | **2018-19** | **2019-20** | **2020-21** | **2021-22** | **2022-23** | **ਕੁੱਲ** |
| ਡਿਪਟੀ ਕਮਿਸ਼ਨਰ | 0 | 15 | 7 | 26 | 19 | 67 |
| ਸਹਾਇਕ ਕਮਿਸ਼ਨਰ | 35 | 38 | 49 | 124 | 91 | 337 |
| ਰਾਜ ਕਰ ਅਫਸਰ | 0 | 0 | 605 | 1,052 | 813 | 2,470 |
| ਕਰ ਇੰਸਪੈਕਟਰ | 553 | 3,345 | 757 | 1,191 | 950 | 6,796 |
| ਹੋਰ ਸਟਾਫ | 3,749 | 207 | 298 | 840 | 365 | 5,459 |
| **ਜੋੜ** | **4,337** | **3,605** | **1,716** | **3,233** | **2,238** | **15,129** |

*ਸ੍ਰੋਤ: ਵਿਭਾਗੀ ਡਾਟਾ*

ਹਾਲਾਂਕਿ, ਲੇਖਾ ਪ੍ਰੀਖਿਆ ਵਿਭਾਗ ਦੇ ਸਮਰੱਥਾ ਨਿਰਮਾਣ ਦੇ ਯਤਨਾਂ ਦੀ ਢੁਕਵੀਂਤਾ 'ਤੇ ਟਿੱਪਣੀਆਂ ਨਹੀਂ ਕਰ ਸਕਿਆ ਕਿਉਂਕਿ ਲੇਖਾ ਪ੍ਰੀਖਿਆ ਦੁਆਰਾ ਮੰਗੇ ਗਏ (ਅਕਤੂਬਰ 2023) ਤੈਨਾਤ ਅਮਲੇ ਦੇ ਵੇਰਵੇ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਨਹੀਂ ਕੀਤੇ ਗਏ ਸਨ (ਜਨਵਰੀ 2025)।

## 2.8 ਸਿੱਟਾ

ਜੀ ਐਸ ਟੀ ਭੁਗਤਾਨ ਅਤੇ ਰਿਟਰਨ ਫਾਈਲਿੰਗ 'ਤੇ ਵਿਭਾਗ ਦੀ ਨਿਗਰਾਨੀ ਅਤੇ ਵਿਸ਼ਾ ਵਿਸ਼ੇਸ਼ ਪਾਲਣਾ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਰਿਟਰਨ ਫਾਈਲਿੰਗ ਦੇ ਵੱਖ-ਵੱਖ ਰੁਝਾਨ ਅਤੇ ਨਿਰੰਤਰ ਡਾਟਾ ਅਸਮਾਨਤਾਵਾਂ ਦੇ ਸੰਦਰਭ ਵਿੱਚ ਪਾਲਣਾ ਕੀਤਾ ਗਿਆ ਸੀ ਜਿਸਦਾ ਉਦੇਸ਼ ਰਿਟਰਨ ਫਾਈਲਿੰਗ ਅਤੇ ਕਰ ਭੁਗਤਾਨਾਂ ਦੀ ਨਿਗਰਾਨੀ, ਪਾਲਣਾ ਦੀ ਹੱਦ ਅਤੇ ਹੋਰ ਵਿਭਾਗੀ ਨਿਗਰਾਨੀ ਕਾਰਜਾਂ ਵਿੱਚ ਪ੍ਰਣਾਲੀ ਦੀ ਢੁਕਵੀਂਤਾ ਦਾ ਮੁਲਾਂਕਣ ਕਰਨਾ ਸੀ।

ਇਹ ਐਸ ਐਸ ਸੀ ਏ ਮੁੱਖ ਤੌਰ 'ਤੇ ਅੰਕੜਿਆਂ ਦੇ ਵਿਸ਼ਲੇਸ਼ਣ 'ਤੇ ਅਧਾਰਤ ਸੀ, ਜਿਸ ਨੇ ਜੋਖਮ ਖੇਤਰਾਂ, ਰੈੱਡ ਫਲੈਗਜ਼ ਅਤੇ ਕੁਝ ਮਾਮਲਿਆਂ ਵਿੱਚ, 2018-19 ਤੋਂ 2020-21 ਲਈ ਫਾਈਲ ਕੀਤੀਆਂ ਜੀ ਐਸ ਟੀ ਰਿਟਰਨਾਂ ਵਿੱਚ ਨਿਯਮ-ਅਧਾਰਤ ਡੈਵੀਏਸ਼ਨਜ਼ ਅਤੇ ਤਰਕਸ਼ੀਲ ਅਸਮਾਨਤਾਵਾਂ ਨੂੰ ਉਜਾਗਰ ਕੀਤਾ ਸੀ। ਐਸ ਐਸ ਸੀ ਏ ਨੇ ਦੋ ਪੱਧਰਾਂ 'ਤੇ ਰਾਜ ਦੇ ਅਧਿਕਾਰੀ ਖੇਤਰ ਦੇ ਗਠਨ ਦੇ ਨਿਗਰਾਨੀ ਕਾਰਜਾਂ ਦਾ ਮੁਲਾਂਕਣ ਕਰਨਾ ਸੀ, ਪੈਨ ਪੰਜਾਬ ਡਾਟਾ ਪ੍ਰਸ਼ਨਾਂ ਰਾਹੀਂ ਡਾਟਾ ਪੱਧਰ 'ਤੇ ਅਤੇ ਕਾਰਜਸ਼ੀਲ ਪੱਧਰ 'ਤੇ ਸਰਕਲਾਂ ਅਤੇ ਜੀ ਐਸ ਟੀ ਰਿਟਰਨਾਂ ਦੀ ਡੂੰਘੀ ਵਿਸਥਾਰਤ ਲੇਖਾ ਪ੍ਰੀਖਿਆ ਕਰਦਾਤਾਵਾਂ ਦੇ ਰਿਕਾਰਡਾਂ ਤੱਕ ਪਹੁੰਚ ਕਰਨਾ ਸ਼ਾਮਲ ਸੀ। ਇਸ ਲਈ ਲੇਖਾ ਪ੍ਰੀਖਿਆ ਨਮੂਨੇ ਵਿੱਚ 10 ਸਰਕਲਾਂ, 17 ਲੇਖਾ ਪ੍ਰੀਖਿਆ ਦਾਇਰਿਆਂ 'ਤੇ ਪੈਨ ਪੰਜਾਬ ਸਵਾਲਾਂ ਰਾਹੀਂ ਚੁਣੇ ਗਏ 366 ਕਰਦਾਤਾ ਸ਼ਾਮਲ ਹਨ, ਜੋ ਕਿ 654 ਵਿਵਹਾਰਾਂ ਵਿੱਚ ਅਨੁਵਾਦ ਕੀਤੇ ਗਏ ਹਨ ਅਤੇ ਸਾਲ 2018-19 ਤੋਂ 2020-21 ਲਈ ਜੀ ਐਸ ਟੀ ਰਿਟਰਨਾਂ ਦੀ ਵਿਸਤ੍ਰਿਤ ਲੇਖਾ ਪ੍ਰੀਖਿਆ ਲਈ ਜੋਖਮ ਮੁਲਾਂਕਣ 'ਤੇ 70 ਕਰਦਾਤਾ ਚੁਣੇ ਗਏ ਹਨ।

ਵਿਭਾਗ ਨੇ ਅਪ੍ਰੈਲ 2022 ਵਿੱਚ ਰਿਟਰਨਾਂ ਦੀ ਪੜਤਾਲ ਲਈ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (ਐਸ ਓ ਪੀ) ਤਿਆਰ ਕੀਤਾ ਸੀ। ਉਦੋਂ ਤੱਕ, ਵਿਭਾਗ ਜੀ ਐਸ ਟੀ ਰਿਟਰਨਾਂ ਨਾਲ ਸਬੰਧਤ ਪਛਾਣੀਆਂ ਗਈਆਂ ਅਸਮਾਨਤਾਵਾਂ ਦੀ ਹੀ ਪੈਰਵੀ ਕਰ ਰਿਹਾ ਸੀ। ਵਿਭਾਗ ਨੇ ਪੜਤਾਲ ਦੇ ਮਾਮਲਿਆਂ ਦੀ ਸੰਖਿਆ ਨਹੀਂ ਦਿੱਤੀ। ਇਸ ਤੋਂ ਇਲਾਵਾ, ਇਨ੍ਹਾਂ ਸਰਕਲਾਂ ਵਿੱਚ ਪੜਤਾਲ ਦੇ ਮਾਮਲਿਆਂ ਦੀ ਲੇਖਾ ਪ੍ਰੀਖਿਆ ਜਾਂਚ ਵਿੱਚ ਕਰ ਦਾ ਭੁਗਤਾਨ ਨਾ ਕਰਨ, ਵਿਆਜ ਦਾ ਭੁਗਤਾਨ ਨਾ ਕਰਨ ਅਤੇ ਅਸਵੀਕਾਰਯੋਗ ਇਨਪੁਟ ਕਰ ਕ੍ਰੈਡਿਟ ਦੀਆਂ ਉਦਾਹਰਨਾਂ ਸਾਹਮਣੇ ਆਈਆਂ।

ਰਜਿਸਟ੍ਰੇਸ਼ਨਾਂ ਰੱਦ ਕਰਨ ਵਿੱਚ ਕਾਫੀ ਦੇਰੀ ਹੋਈ ਅਤੇ ਰੱਦ ਕੀਤੇ ਗਏ 42.03 *ਪ੍ਰਤੀਸ਼ਤ* ਕਰਦਾਤਾਵਾਂ ਨੇ ਜੀ ਐਸ ਟੀ ਆਰ-10 ਰਿਟਰਨਾਂ ਫਾਇਲ ਨਹੀਂ ਕੀਤੀਆਂ, ਜਿਸ ਕਾਰਨ ਉਨ੍ਹਾਂ ਨੂੰ ਰਜਿਸਟ੍ਰੇਸ਼ਨਾਂ ਰੱਦ ਕਰਨ ਤੋਂ ਬਾਅਦ ਆਪਣੀਆਂ ਅੰਤਿਮ ਕਰ ਦੇਣਦਾਰੀਆਂ ਦਾ ਭੁਗਤਾਨ ਕਰਨ ਦੀ ਲੋੜ ਸੀ।

ਇਸ ਤੋਂ ਇਲਾਵਾ, ਜਿਨ੍ਹਾਂ 642 ਮਾਮਲਿਆਂ ਦੇ ਵਿਰੁੱਧ ਜਵਾਬ ਪ੍ਰਾਪਤ ਹੋਏ ਸਨ, ਉਨ੍ਹਾਂ ਵਿੱਚੋਂ ₹ 1,524.67 ਕਰੋੜ ਦੀ ਲਾਗਤ ਵਾਲੇ 235 ਮਾਮਲਿਆਂ (36.60 *ਪ੍ਰਤੀਸ਼ਤ*) ਵਿੱਚ ਪਾਲਣਾ ਦੀਆਂ ਡੈਵੀਏਸ਼ਨਜ਼ ਨੂੰ ਦੂਰ ਕੀਤਾ ਗਿਆ, ਜਿਸ ਦੇ ਨਤੀਜੇ ਵਜੋਂ 33 ਮਾਮਲਿਆਂ ਵਿੱਚ ₹ 2.14 ਕਰੋੜ ਦੀ ਰਾਸ਼ੀ ਦੀ ਵਸੂਲੀ 184 ਮਾਮਲਿਆਂ ਵਿੱਚ ₹ 1,472.75 ਕਰੋੜ ਦੀ ਰਾਸ਼ੀ ਦੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ (ਮੰਗ ਉਠਾਈ ਗਈ: ₹ 1,353.15 ਕਰੋੜ, ਮੰਗ ਦੀ ਪੁਸ਼ਟੀ ਕੀਤੀ ਗਈ ₹ 119.60 ਕਰੋੜ) ਅਤੇ 18 ਮਾਮਲਿਆਂ ਵਿੱਚ ₹ 49.78 ਕਰੋੜ[52] ਦੇ ਏ ਐਸ ਐਮ ਟੀ-10 ਸ਼ਾਮਲ ਸਨ। ਇਨ੍ਹਾਂ ਮਾਮਲਿਆਂ ਵਿੱਚੋ, ਇਨਪੁਟ ਕਰ ਕ੍ਰੈਡਿਟ ਬੇਮੇਲ, ਸੀਮਾ ਮਿਆਦ ਤੋਂ ਬਾਅਦ ਪ੍ਰਾਪਤ ਇਨਪੁਟ ਕਰ ਕ੍ਰੈਡਿਟ, ਅਣਡਿਸਚਾਰਜ ਕਰ ਦੇਣਦਾਰੀ, ਕਰ ਦੇ ਦੇਰੀ ਨਾਲ ਭੁਗਤਾਨ 'ਤੇ ਵਿਆਜ ਦਾ ਘੱਟ/ਭੁਗਤਾਨ ਨਾ ਕਰਨ ਅਤੇ ਜੀ ਐਸ ਟੀ ਆਰ-3ਬੀ ਫਾਈਲ ਨਾ ਕਰਨ ਦੇ ਮੁਕਾਬਲੇ ਜ਼ਿਆਦਾ ਕਮੀਆਂ ਪਾਈਆਂ ਗਈਆਂ। ਜਦੋਂ ਕਿ ਡਾਟਾ ਐਂਟਰੀ ਦੀਆਂ ਗਲਤੀਆਂ ਕਾਰਨ 22 ਮਾਮਲਿਆਂ (3.43 *ਪ੍ਰਤੀਸ਼ਤ*) ਵਿੱਚ ਅਸਮਾਨਤਾਵਾਂ ਪੈਦਾ ਹੋਈਆਂ, ਜਦੋਂ ਕਿ 44 ਮਾਮਲਿਆਂ (6.85 *ਪ੍ਰਤੀਸ਼ਤ*) ਵਿੱਚ ਵਿਭਾਗ ਨੇ ਪਹਿਲਾਂ ਹੀ ਸਰਗਰਮ ਕਾਰਵਾਈ ਕੀਤੀ ਹੈ। ਵਿਭਾਗ ਨੇ 12 ਮਾਮਲਿਆਂ ਦਾ ਜਵਾਬ ਨਹੀਂ ਦਿੱਤਾ ਜਿਨ੍ਹਾ ਵਿੱਚ ₹ 51.44 ਕਰੋੜ ਦੇ ਜੋਖਮ ਦੀ ਪਛਾਣ ਕੀਤੀ ਗਈ ਸੀ, ਜਿਸ ਵਿੱਚ ਤਿੰਨ ਮਾਮਲਿਆਂ ਵਿੱਚ ₹ 8.25 ਕਰੋੜ ਦੇ ਕਾਰੋਬਾਰ ਦੀ ਬੇਮੇਲਤਾ ਸ਼ਾਮਲ ਹੈ।

ਜੀ ਐਸ ਟੀ ਰਿਟਰਨਾਂ ਦੀ ਵਿਸਤ੍ਰਿਤ ਲੇਖਾ ਪ੍ਰੀਖਿਆ ਨੇ ਵੀ ਗੈਰ-ਪਾਲਣਾ ਨੂੰ ਉਜਾਗਰ ਕੀਤਾ। ਚੁਣੇ ਗਏ 70 ਕਰਦਾਤਾਵਾਂ ਵਿੱਚੋਂ 62 ਕਰਦਾਤਾਵਾਂ ਦੇ ਗਰੈਨੂਲਰ ਰਿਕਾਰਡ ਪੇਸ਼ ਨਹੀਂ ਕੀਤੇ ਗਏ, ਜਿਸ ਨਾਲ ਇੱਕ ਮਹੱਤਵਪੂਰਨ ਦਾਇਰੇ ਦੀ ਸੀਮਾਂ ਬਣ ਗਈ। ਇਨ੍ਹਾਂ 62 ਮਾਮਲਿਆਂ ਵਿੱਚੋਂ, 55 ਮਾਮਲੇ ਇਨਪੁਟ ਕਰ ਕ੍ਰੈਡਿਟ ਕਰ ਭੁਗਤਾਨ ਅਤੇ ਟਰਨਓਵਰ ਵਿੱਚ ਪਛਾਣੇ ਗਏ ਬੇਮੇਲੀ ਲਈ ₹ 3,234.63 ਕਰੋੜ ਦੇ ਸੰਭਾਵਿਤ ਜੋਖਮ ਨੂੰ ਦਰਸਾਉਂਦੇ ਹਨ। ਲੇਖਾ ਪ੍ਰੀਖਿਆ ਨੇ 61 ਮਾਮਲਿਆਂ[53] ਵਿੱਚ ਪਾਲਣਾ ਦੀਆਂ ਕਮੀਆਂ ਪਾਈਆਂ ਗਈਆਂ, ਜਿਹਨਾਂ ਵਿੱਚ 393 ਮਾਮਲਿਆਂ ਵਿੱਚ ₹ 3,250.60 ਕਰੋੜ ਦਾ ਮਾਲੀਆ ਪ੍ਰਭਾਵ ਪਿਆ, ਜਿਸ ਵਿੱਚ ₹ 0.49 ਕਰੋੜ ਦੇ ਵਿਆਜ ਦਾ ਗੈਰ-ਭੁਗਤਾਨ , ₹ 68.65 ਕਰੋੜ ਦੇ ਟਰਨਓਵਰ ਦੀ ਬੇਮੇਲਤਾ ਸ਼ਾਮਲ ਹੈ ਅਤੇ ਇਨਪੁਟ ਕਰ ਕ੍ਰੈਡਿਟ/ਕਰ ਦੇਣਦਾਰੀ ਵਿੱਚ ₹ 3,181.46 ਕਰੋੜ ਦਾ ਮੇਲ ਨਹੀਂ, ਚਾਰ ਮਾਮਲਿਆਂ ਦੀ ਲੇਖਾ

[52] ਇਹ ਰਾਸ਼ੀ ₹ 4.85 ਕਰੋੜ ਦੇ ਟਰਨਓਵਰ ਅਤੇ ₹ 44.93 ਕਰੋੜ ਦੀ ਕਰ ਦੇਣਦਾਰੀ/ਇਨਪੁਟ ਕਰ ਕ੍ਰੈਡਿਟ ਦੇ ਬੇਮੇਲ ਨੂੰ ਦਰਸਾਉਂਦੀ ਹੈ।

[53] ਜੀ ਐਸ ਟੀ ਆਈ ਐਨ ਦੇ ਅਧਾਰ 'ਤੇ ਮਾਮਲਿਆਂ ਦੀ ਗਿਣਤੀ ਕੀਤੀ ਗਈ ਹੈ, ਭਾਵੇਂ ਕਿ ਡੈਵੀਏਸ਼ਨਜ਼ ਦੀਆਂ ਕਈ ਉਦਾਹਰਣਾਂ ਹੋਣ, ਜੋ ਵੱਖ-ਵੱਖ ਲੇਖਾ ਪ੍ਰੀਖਿਆ ਨਤੀਜਿਆਂ ਦੇ ਅਧੀਨ ਵਾਪਰ ਸਕਦੀਆਂ ਹਨ।

ਪ੍ਰੀਖਿਆ ਨੂੰ ਪੂਰੀ ਤਰ੍ਹਾਂ, ਜਾਂਚ ਦੇ ਅੰਸ਼ਕ ਤੌਰ ਤੇ ਅਤੇ 62 ਚੁਣੇ ਹੋਏ ਮਾਮਲਿਆਂ[54] ਵਿੱਚ ਜੀ ਐਸ ਟੀ ਆਈ ਐਨ 'ਤੇ ਉਪਲਬਧ ਰਿਟਰਨਾਂ ਦੀ ਜਾਂਚ ਕਰਕੇ ਵਿਸਥਾਰਤ ਲੇਖਾ ਪ੍ਰੀਖਿਆ ਅਧੀਨ ਕਵਰ ਕੀਤਾ ਗਿਆ। ਇਨ੍ਹਾਂ ਵਿੱਚੋਂ 210 ਮਾਮਲਿਆਂ ਵਿੱਚ ₹ 540.44 ਕਰੋੜ[55] ਦੀਆਂ ਕਮੀਆਂ ਨੂੰ ਵਿਭਾਗ ਨੇ ਸਵੀਕਾਰ ਕਰ ਲਿਆ ਜਿਸ ਵਿੱਚ 19 ਮਾਮਲਿਆਂ ਵਿੱਚ ₹ 0.55 ਕਰੋੜ ਦੀ ਵਸੂਲੀ ਸ਼ਾਮਲ ਹੈ। ਮੁੱਖ ਕਾਜ਼ਟਿਵ ਕਾਰਕਾਂ ਅਤੇ ਅਨਿਯਮਿਤ ਇਨਪੁਟ ਕਰ ਕ੍ਰੈਡਿਟ ਦਾ ਲਾਭ ਲੈਣਾ ਅਤੇ ਰਿਵਰਸ ਚਾਰਜ ਵਿਧੀ ਦੇ ਨਾਲ-ਨਾਲ ਫਾਰਵਰਡ ਚਾਰਜ ਪ੍ਰਣਾਲੀ ਦੇ ਅਧੀਨ ਕਰ ਦਾ ਗਲਤ ਨਿਪਟਾਰਾ ਕਰਨਾ ਸੀ।

ਇੱਕ ਪ੍ਰਣਾਲੀਗਤ ਦ੍ਰਿਸ਼ਟੀਕੋਣ ਤੋਂ, ਵਿਭਾਗ ਨੂੰ ਰਿਟਰਨ ਫਾਈਲਿੰਗ, ਕਰਦਾਤਾਵਾਂ ਦੀ ਪਾਲਣਾ, ਕਰ ਭੁਗਤਾਨ, ਰਜਿਸਟ੍ਰੇਸ਼ਨਾਂ ਰੱਦ ਕਰਨ ਅਤੇ ਡਿਫਾਲਟਰਾਂ ਤੋਂ ਬਕਾਏ ਦੀ ਵਸੂਲੀ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਤੰਤਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

## 2.9 ਸਿਫਾਰਸ਼ਾਂ

- ਵਿਭਾਗ  ਦਾ ਰੈਵੀਨਿਊ ਲੀਕੇਜ਼ ਤੋਂ ਬਚਣ ਲਈ ਰਿਟਰਨ ਮਾਮਲਿਆਂ ਦੀ ਜਾਂਚ ਸ਼ੁਰੂ ਕਰਨ ਅਤੇ ਨਿਗਰਾਨੀ ਕਰਨ ਲਈ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।
- ਵਿਭਾਗ ਰਿਟਰਨ ਫਾਈਲਿੰਗ ਅਤੇ ਗੈਰ-ਫਾਈਲਰਾਂ 'ਤੇ ਕੀਤੀ ਗਈ ਕਾਰਵਾਈ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।
- ਵਿਭਾਗ। ਅਰਜ਼ੀ ਅਤੇ ਸਵੈ-ਮੋਟੋ 'ਤੇ ਜੀ ਐਸ ਟੀ ਰਜਿਸਟ੍ਰੇਸ਼ਨਾਂ ਨੂੰ ਸਮੇਂ ਸਿਰ ਰੱਦ ਕਰਨ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।
- ਵਿਭਾਗ ਰਜਿਸਟ੍ਰੇਸ਼ਨਾਂ ਨੂੰ ਰੱਦ ਕਰਨ ਤੋਂ ਬਾਅਦ ਜੀ ਐਸ ਟੀ ਆਰ-10 ਫਾਈਲਿੰਗ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ।
- ਅੰਦਰੂਨੀ ਲੇਖਾ ਪ੍ਰੀਖਿਆ ਦੇ ਨਤੀਜੇ ਵਜੋਂ ਪੈਦਾ ਹੋਈ ਵਾਧੂ ਕਰ ਮੰਗ ਦੇ ਮੱਦੇਨਜ਼ਰ ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 65 ਅਧੀਨ ਸਾਲ-ਵਾਰ ਟੀਚਿਆਂ ਨੂੰ ਵਧਾਇਆ ਜਾ ਸਕਦਾ ਹੈ।
- ਵਿਭਾਗ ਡੀ ਜੀ ਏ ਆਰ ਐਮ ਰਿਪੋਰਟਾਂ 'ਤੇ ਪ੍ਰਭਾਵਸ਼ਾਲੀ ਨਿਗਰਾਨੀ ਸਥਾਪਤ ਕਰਨ ਅਤੇ ਬਣਾਈ ਰੱਖਣ ਲਈ ਸਰਕਲਾਂ ਵਿੱਚ ਸੰਸਥਾਗਤ ਵਿਧੀ ਨੂੰ ਮਜ਼ਬੂਤ ਕਰ ਸਕਦਾ ਹੈ, ਜੋ ਜੋਖਮ ਭਰੇ ਲੈਣ ਦੇਣ ਲਈ ਇਨਪੁੱਟ ਪ੍ਰਦਾਨ ਕਰਦੇ ਹਨ।

---

[54] 62 ਮਾਮਲਿਆਂ ਵਿੱਚ, ਰਿਕਾਰਡ ਪੇਸ਼ ਨਹੀਂ ਕੀਤੇ ਗਏ ਸਨ, ਇਸ ਲਈ ਜੀ ਐਸ ਟੀ ਐਨ ਤੇ ਉਪਲਬਧ ਰਿਟਰਨ ਦੀ ਹੱਦ ਤੱਕ ਲੇਖਾ ਪ੍ਰੀਖਿਆ ਕੀਤੀ ਗਈ ਸੀ।

[55] ਕੀਤੀ ਗਈ ਵਸੂਲੀ: 19 ਮਾਮਲਿਆਂ (₹ 0.55 ਕਰੋੜ), ਐਸ ਸੀ ਐਨ ਜਾਰੀ ਕੀਤੇ ਗਏ : 145 ਮਾਮਲਿਆਂ (₹ 333.18 ਕਰੋੜ), ਏ ਐਸ ਐਮ ਟੀ-10: 46 ਮਾਮਲਿਆਂ (₹ 206.71 ਕਰੋੜ) ।

# ਅਧਿਆਇ - III

# ਵਸਤਾਂ ਅਤੇ ਸੇਵਾਵਾਂ ਕਰ
# ਅਧੀਨ
# ਈ–ਵੇਅ ਬਿਲ ਪ੍ਰਣਾਲੀ



# ਅਧਿਆਇ -III

# ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ

## 3.1 ਜਾਣ-ਪਛਾਣ

1 ਜੁਲਾਈ 2017 ਤੋਂ ਲਾਗੂ ਕੀਤੇ ਗਏ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਵਿੱਚ 'ਇੱਕ ਰਾਸ਼ਟਰ ਇੱਕ ਕਰ' ਦੀ ਮਿਸਾਲ 'ਤੇ ਅਧਾਰਤ ਅਸਿੱਧੇ ਕਰ ਦੀ ਇੱਕ ਵਿਸ਼ਾਲ ਲੜੀ ਸ਼ਾਮਲ ਕੀਤੀ ਗਈ ਹੈ। ਜੀ ਐਸ ਟੀ ਪ੍ਰਣਾਲੀ ਦਾ ਇੱਕ ਉਦੇਸ਼ ਪ੍ਰਕਿਰਿਆ ਨਾਲ ਸਬੰਧਤ ਸਮੇਂ ਵਿੱਚ ਦੇਰੀ ਨੂੰ ਘਟਾ ਕੇ ਵਸਤਾਂ ਅਤੇ ਸੇਵਾਵਾਂ ਦੀ ਆਵਾਜਾਈ ਵਿੱਚ ਕੁਸ਼ਲਤਾ ਵਿੱਚ ਸੁਧਾਰ ਕਰਨਾ ਸੀ।

ਈ-ਵੇਅ ਬਿਲ ਜੀ ਐਸ ਟੀ ਤੋਂ ਪਹਿਲਾਂ ਦੀਆਂ ਪ੍ਰਣਾਲੀਆਂ ਵਿੱਚ ਮੌਜੂਦ ਸੀ ਜਿਸ ਵਿੱਚ ਵਸਤਾਂ ਦੀ ਆਵਾਜਾਈ ਹੱਥੀ ਨਿਯੰਤਰਿਤ ਰੈਵੀਨਿਊ ਚੈਕ ਪੋਸਟਾਂ ਰਾਹੀਂ ਕੀਤੀ ਜਾਂਦੀ ਸੀ। ਕਿਸੇ ਵਿਸ਼ੇਸ਼ ਰਾਜ ਵਿੱਚ ਦਾਖਲ ਹੋਣ ਵਾਲੀਆਂ ਵਸਤਾਂ 'ਤੇ 'ਐਂਟਰੀ ਕਰ' ਲਗਾਇਆ ਜਾਂਦਾ ਸੀ ਜੋ ਬਾਅਦ ਵਿੱਚ ਜੀ ਐਸ ਟੀ ਦੇ ਅਧੀਨ ਆ ਗਿਆ ਹੈ। ਇਲੈਕਟ੍ਰਾਨਿਕ-ਵੇਅ ਬਿਲ (ਈ-ਵੇਅ ਬਿਲ) ਦੀ ਕਲਪਨਾ ਕਰਦਾਤਾਵਾਂ ਦੁਆਰਾ ਸਰਕਾਰ ਦੁਆਰਾ ਨਿਗਰਾਨੀ ਕੀਤੇ ਕਰ ਪ੍ਰਸ਼ਾਸਨ ਮਾਡਲ ਤੋਂ ਸਵੈ-ਰਿਪੋਰਟਿੰਗ ਮਾਡਲ ਵਿੱਚ ਤਬਦੀਲੀ ਵਜੋਂ ਕੀਤੀ ਗਈ ਹੈ।

ਈ-ਵੇਅ ਬਿਲ ਪੇਸ਼ ਕਰਨ ਪਿੱਛੇ ਸਰਕਾਰ ਦਾ ਮੁੱਖ ਉਦੇਸ਼ ਰੈਵੀਨਿਊ ਦੀ ਰੱਖਿਆ ਕਰਨਾ ਹੈ। ਈ-ਵੇਅ ਬਿਲ ਵਸਤਾਂ ਦੀ ਆਵਾਜਾਈ ਲਈ ਲੋੜੀਂਦਾ ਦਸਤਾਵੇਜ਼ ਹੈ ਅਤੇ ਇਸ ਨੂੰ ਲਿਜਾਣ ਤੋਂ ਪਹਿਲਾਂ ਵਸਤਾਂ ਦੇ ਵੇਰਵਿਆਂ ਨੂੰ ਕੈਪਚਰ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਸਮੁੱਚੀ ਪ੍ਰਕਿਰਿਆ ਦੇ ਆਟੋਮੇਸ਼ਨ ਅਤੇ ਮਿਆਰੀਕਰਨ ਦਾ ਉਦੇਸ਼ ਕਰ ਚੋਰੀ ਨੂੰ ਰੋਕਣ ਅਤੇ ਜੀ ਐਸ ਟੀ ਕੁਲੈਕਸ਼ਨ ਨੂੰ ਵਧਾਉਣ ਵਿੱਚ ਸਹਾਇਤਾ ਕਰਨਾ ਹੈ। ਈ-ਵੇਅ ਬਿਲ ਪ੍ਰਣਾਲੀ ਨੂੰ ਗੈਰ-ਵਪਾਰਕ ਰੁਕਾਵਟਾਂ ਨੂੰ ਖਤਮ ਕਰਨ ਲਈ ਵੀ ਤਿਆਰ ਕੀਤਾ ਗਿਆ ਹੈ, ਤਾਂ ਜੋ ਆਵਾਜਾਈ ਦੇ ਸਮੇਂ ਨੂੰ ਘਟਾਇਆ ਜਾ ਸਕੇ ਅਤੇ ਸਪਲਾਈ ਚੇਨ ਦੀ ਕੁਸ਼ਲਤਾ ਵਿੱਚ ਸੁਧਾਰ ਕੀਤਾ ਜਾ ਸਕੇ।

ਈ-ਵੇਅ ਬਿਲ 1 ਅਪ੍ਰੈਲ 2018 ਤੋਂ ₹ 50,000 ਤੋਂ ਵੱਧ ਮੁੱਲ ਵਾਲੀਆਂ ਵਸਤਾਂ ਦੀ ਅੰਦਰੂਨੀ ਰਾਜ ਆਵਾਜਾਈ ਲਈ ਲਾਗੂ ਕੀਤਾ ਗਿਆ ਸੀ। ਅੰਦਰੂਨੀ ਰਾਜ ਆਵਾਜਾਈ ਲਈ, ਪੰਜਾਬ ਰਾਜ ਵਿੱਚ ਈ-ਵੇਅ ਬਿਲ 1 ਜੂਨ 2018 ਤੋਂ ਲਾਜ਼ਮੀ ਕਰ ਦਿੱਤਾ ਗਿਆ ਸੀ।

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਪੀ ਜੀ ਐਸ ਟੀ) ਨਿਯਮ, 2017 ਦਾ ਨਿਯਮ 138 ਵਿੱਚ ਈ-ਵੇਅ ਬਿਲ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ। ਖੇਪ ਬਾਰੇ ਜਾਣਕਾਰੀ ਵਸਤਾਂ ਦੀ ਆਵਾਜਾਈ ਤੋਂ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਹ ਜਾਰੀ ਕੀਤੀ ਜਾਣੀ ਚਾਹੀਦੀ ਹੈ ਭਾਵੇਂ ਆਵਾਜਾਈ ਸਪਲਾਈ ਦੇ ਸਬੰਧ ਵਿੱਚ ਹੋਵੇ ਜਾਂ ਸਪਲਾਈ ਤੋਂ ਇਲਾਵਾ ਹੋਰ ਕਾਰਣਾਂ ਕਰਕੇ।

## 3.2 ਵਿਭਾਗ ਦਾ ਸਗਕਲ.ਤਕ ਢਾਂਚਾ

ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ (ਕਰ) ਪੰਜਾਬ ਵਿੱਚ ਰਾਜ ਕਰ ਵਿਭਾਗ ਦਾ ਸਮੁੱਚਾ ਇੰਚਾਰਜ ਹੁੰਦਾ ਹੈ। ਵਿਭਾਗ ਰਾਜ ਵਿੱਚ ਵਸਤਾਂ ਅਤੇ ਸੇਵਾਵਾਂ ਕਰ ਦੇ ਨਾਲ-ਨਾਲ ਪੰਜਾਬ

ਵੈਲਿਊ ਐਡੇਡ ਕਰ ਐਕਟ/ਕੇਂਦਰੀ ਵਿਕਰੀ ਕਰ ਐਕਟ ਦਾ ਪ੍ਰਬੰਧ ਕਰਦਾ ਹੈ, ਜੋ ਡਾਇਰੈਕਟਰ (ਜੀ ਐਸ ਟੀ) ਅਤੇ ਹੈੱਡਕੁਆਰਟਰ ਵਿਖੇ ਵਧੀਕ ਰਾਜ ਕਰ ਕਮਿਸ਼ਨਰ, ਡਵੀਜ਼ਨਲ ਪੱਧਰ ਤੇ ਰਾਜ ਕਰ ਦੇ ਡਿਪਟੀ ਕਮਿਸ਼ਨਰਾਂ ਅਤੇ ਰਾਜ ਕਰ ਦੇ ਸਹਾਇਕ ਕਮਿਸ਼ਨਰਾਂ, ਜ਼ਿਲ੍ਹਾ ਪੱਧਰ 'ਤੇ ਸਟੇਟ ਕਰ ਅਫਸਰ ਅਤੇ ਹੋਰ ਸਹਾਇਕ ਸਟਾਫ ਦੀ ਸਹਾਇਤਾ ਨਾਲ ਰਾਜ ਕਰ ਕਮਿਸ਼ਨਰ ਦੇ ਸਮੁੱਚੇ ਨਿਯੰਤਰਣ ਅਤੇ ਨਿਗਰਾਨੀ ਦੇ ਅਧੀਨ ਹੈ।

ਸਪਲਾਈ ਲਈ ਲਾਗੂ ਕੀਤੇ ਗਏ ਈ-ਵੇਅ ਬਿਲ ਆਮ ਤੌਰ ਤੇ ਆਮ ਅਤੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਕ੍ਰਮਵਾਰ ਮਹੀਨਾਵਾਰ ਜੀ ਐਸ ਟੀ ਆਰ-1[1] ਅਤੇ ਤਿਮਾਹੀ ਜੀ ਐਸ ਟੀ ਆਰ-4/ ਜੀ ਐਸ ਟੀ - ਸੀ ਐਸ ਪੀ - 08[2] ਰਿਟਰਨਾਂ ਦੇ ਅਧੀਨ ਵਿਚਾਰੇ ਜਾਂਦੇ ਹਨ। ਇਨ੍ਹਾਂ ਦੀ ਤਸਦੀਕ ਸਹਾਇਕ ਰਾਜ ਕਰ ਦੇ ਕਮਿਸ਼ਨਰ ਦੇ ਜ਼ਿਲ੍ਹਾ ਦਫਤਰ ਦੁਆਰਾ ਕੀਤੀ ਜਾਣੀ ਜ਼ਰੂਰੀ ਹੈ।

ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂ) ਨਾਮਕ ਸੱਤ ਸਮਰਪਿਤ ਰੋਕਥਾਮ/ਲਾਗੂ ਕਰਨ ਵਾਲੀਆਂ ਸੰਸਥਾਵਾਂ ਹਨ ਜੋ ਈ-ਵੇਅ ਬਿਲਾਂ ਦੀ ਤਸਦੀਕ ਸਮੇਤ ਵਿਆਪਕ ਚੋਰੀ ਵਿਰੋਧੀ ਡਿਊਟੀਆਂ ਨਿਭਾਉਂਦੀਆਂ ਹਨ। ਰਾਜ ਖੁਫੀਆਂ ਰੋਕਥਾਮ ਇਕਾਈਆਂ ਲਈ ਸੰਗਠਨਾਤਮਕ ਢਾਂਚਾ ਹੇਠਾਂ **ਚਾਰਟ 3.1** ਵਿੱਚ ਦਰਸਾਇਆ ਗਿਆ ਹੈ।

**ਚਾਰਟ 3.1: ਰਾਜ ਖੁਫੀਆ ਰੋਕਥਾਮ ਇਕਾਈਆਂ ਲਈ ਸੰਠਨਾਤਮਕ ਢਾਚਾ**




1 **ਜੀ ਐਸ ਟੀ ਆਰ-1** ਬਾਹਰੀ ਸਪਲਾਈ ਦੀ ਇੱਕ ਮਹੀਨਾਵਾਰ/ਤਿਮਾਹੀ ਵਿਵਰਣੀ ਹੈ ਜੋ ਸਾਰੇ ਸਧਾਰਨ ਅਤੇ ਅਚਨਚੇਤੀ ਰਜਿਸਟਰਡ ਕਰਦਾਤਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਜੋ ਵਸਤਾਂ ਅਤੇ ਸੇਵਾਵਾਂ ਦੋਵਾਂ ਦੀ ਬਾਹਰੀ ਸਪਲਾਈ ਕਰਦੇ ਹਨ ਅਤੇ ਇਸ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਬਾਹਰੀ ਸਪਲਾਈ ਦੇ ਵੇਰਵੇ ਹੁੰਦੇ ਹਨ।

2 **ਜੀ ਐਸ ਟੀ ਆਰ**-4 ਇੱਕ ਰਿਟਰਨ ਹੈ ਜਿਸ ਨੂੰ ਕੰਪੋਜ਼ਿਸ਼ਨ ਡੀਲਰ ਦੁਆਰਾ ਭਰਨਾ ਪੈਂਦਾ ਹੈ।
**ਜੀ ਐਸ ਟੀ-ਸੀ ਐਸ ਪੀ**-08 ਦੀ ਵਰਤੋਂ ਸਵੈ-ਮੁਲਾਂਕਣ ਕੀਤੇ ਕਰ ਦੇ ਵੇਰਵਿਆਂ ਜਾਂ ਸੰਖੇਪ ਨੂੰ ਘੋਸ਼ਿਤ ਕਰਨ ਲਈ ਕੀਤੀ ਜਾਂਦੀ ਹੈ ਜੋ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਦਿੱਤੀ ਗਈ ਤਿਮਾਹੀ ਲਈ ਭੁਗਤਾਨਯੋਗ ਹੈ।

## 3.3 ਈ-ਵੇਅ ਬਿਲਾਂ ਲਈ ਸੂਚਨਾ ਪ੍ਰਣਾਲੀਆਂ

ਈ-ਵੇਅ ਬਿਲਾਂ ਲਈ ਇੱਕ ਸਾਂਝਾ ਪੋਰਟਲ ਦਾ ਕਰਨਾਟਕ ਸਥਿਤ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਦੁਆਰਾ ਪ੍ਰਬੰਧਨ ਕੀਤਾ ਜਾਂਦਾ ਹੈ। ਫਰਵਰੀ 2020 ਵਿੱਚ, ਈ-ਵੇਅ ਬਿਲ ਪੋਰਟਲ ਨੂੰ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀ ਵਾਹਨ[3] ਪ੍ਰਣਾਲੀ ਨਾਲ ਜੋੜਿਆ ਗਿਆ ਸੀ ਤਾਂ ਜੋ ਈ-ਵੇਅ ਬਿਲ ਤਿਆਰ ਕਰਨ ਦੇ ਸਮੇਂ ਵਾਹਨ ਰਜਿਸਟ੍ਰੇਸ਼ਨ ਨੰਬਰ ਦੀ ਪੁਸ਼ਟੀ ਕੀਤੀ ਜਾ ਸਕੇ। ਫਾਸਟੈਗ[4] ਪ੍ਰਣਾਲੀ ਨੂੰ 1 ਜਨਵਰੀ 2021 ਤੋਂ ਈ-ਵੇਅ ਬਿਲ ਪ੍ਰਣਾਲੀ ਨਾਲ ਜੋੜਿਆ ਗਿਆ ਸੀ। ਈ-ਵੇਅ ਬਿਲ ਸਾਂਝੇ ਪੋਰਟਲ ਤੇ, ਈ-ਵੇਅ ਬਿਲ ਬਣਾਉਣ, ਵਿਸਥਾਰ ਕਰਨ, ਰੱਦ ਕਰਨ ਅਤੇ ਅਸਵੀਕਾਰ ਕਰਨ ਦੇ ਉਦੇਸ਼ ਲਈ ਕਰਦਾਤਾ ਦੀ ਇੱਕ ਵਾਰ ਰਜਿਸਟ੍ਰੇਸ਼ਨ ਦੀ ਲੋੜ ਹੁੰਦੀ ਹੈ।

ਪਰੌਪਰ ਅਧਿਕਾਰੀ ਲੌਗਇਨ ਪ੍ਰਮਾਣ ਪੱਤਰਾਂ ਦੀ ਵਰਤੋਂ ਕਰਕੇ ਜਾਂ ਜੀ ਐਸ ਟੀ ਈ-ਵੇਅ ਬਿਲ ਪ੍ਰਣਾਲੀ ਮੋਬਾਇਲ ਐਪਲੀਕੇਸ਼ਨ ਵਿੱਚ ਲੌਗਇਨ ਕਰਕੇ ਵੈੱਬ ਬ੍ਰਾਊਜ਼ਰ ਰਾਹੀਂ ਸਾਂਝੇ ਪੋਰਟਲ ਵਿੱਚ ਲੌਗਇਨ ਕਰਕੇ ਈ-ਵੇਅ ਬਿਲ ਪੋਰਟਲ ਤੱਕ ਪਹੁੰਚ ਕਰ ਸਕਦੇ ਹਨ। ਪਰੌਪਰ ਅਧਿਕਾਰੀ ਦੁਆਰਾ ਕੀਤੇ ਗਏ ਕੰਮਾਂ ਵਿੱਚ ਈ-ਵੇਅ ਬਿਲਾਂ ਦੀ ਤਸਦੀਕ, ਈ-ਵੇਅ ਬਿਲਾਂ ਨੂੰ ਅਣਬਲਾਕ ਕਰਨਾ, ਐਮ ਆਈ ਐਸ ਰਿਪੋਰਟਾਂ ਨੂੰ ਵੇਖਣਾ ਅਤੇ ਪਹੁੰਚ ਕਰਨਾ ਆਦਿ ਸ਼ਾਮਲ ਹਨ।

## 3.4 ਈ-ਵੇਅ ਬਿਲ ਪ੍ਰਣਾਲੀ ਵਿੱਚ ਸ਼ਾਮਲ ਪ੍ਰਕਿਰਿਆਵਾਂ

ਈ-ਵੇਅ ਬਿਲ ਪ੍ਰਣਾਲੀ ਵਿੱਚ ਪੋਰਟਲ ਤੇ ਵਿਅਕਤੀਆਂ ਦਾ ਰਜਿਸਟ੍ਰੇਸ਼ਨ, ਈ-ਵੇਅ ਬਿਲ ਬਣਾਉਣਾ, ਵਿਸਥਾਰ ਕਰਨਾ, ਰੱਦ ਕਰਨਾ ਅਤੇ ਅਸਵੀਕਾਰ ਕਰਨਾ ਆਦਿ ਵਰਗੀਆਂ ਵੱਖ-ਵੱਖ ਪ੍ਰਕਿਰਿਆਵਾਂ ਸ਼ਾਮਲ ਹਨ। ਜੀ ਐਸ ਟੀ ਰਜਿਸਟਰਡ ਵਿਅਕਤੀਆਂ, ਟਰਾਂਸਪੋਰਟਰਾਂ (ਜੀ ਐਸ ਟੀ ਰਜਿਟਰਡ ਜਾਂ ਗੈਰ-ਰਜਿਸਟਰਡ) ਅਤੇ ਗੈਰ-ਰਜਿਸਟਰਡ ਵਿਅਕਤੀਆਂ ਨੂੰ ਈ-ਵੇਅ ਬਿਲ ਪੋਰਟਲ ਤੇ ਆਪਣਾ ਨਾਮ ਦਰਜ ਕਰਵਾਉਣਾ ਜ਼ਰੂਰੀ ਹੈ। ਟਰਾਂਸਪੋਰਟਰ, ਜੋ ਜੀ ਐਸ ਟੀ ਦੇ ਅਧੀਨ ਰਜਿਸਟਰਡ ਨਹੀਂ ਹਨ ਪਰ ਆਪਣੇ ਗਾਹਕਾਂ ਲਈ ਵਸਤਾਂ ਦੀ ਆਵਾਜਾਈ ਦਾ ਕਾਰਨ ਬਣਦੇ ਹਨ, ਨੂੰ ਈ-ਵੇਅ ਬਿਲ ਪੋਰਟਲ ਤੇ ਰਜਿਸਟ੍ਰੇਸ਼ਨ ਕਰਨ ਅਤੇ 15 ਅੰਕਾਂ ਦੀ ਵਿਲੱਖਣ ਟਰਾਂਸਪੋਰਟਰ ਪਛਾਣ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਈ-ਵੇਅ ਬਿਲ ਕਿਸੇ ਕੰਸਾਈਨਰ ਜਾਂ ਟਰਾਂਸਪੋਰਟਰ ਜਾਂ ਕੰਸਾਈਨੀ ਦੁਆਰਾ ਪਾਰਟ-ਏ ਵਿੱਚ ਵੇਰਵੇ ਪੇਸ਼ ਕਰਕੇ ਇਲੈਕਟ੍ਰਾਨਿਕ ਤਰੀਕੇ ਨਾਲ ਤਿਆਰ ਕੀਤਾ ਜਾ ਸਕਦਾ ਹੈ। ਜੇ ਸਪਲਾਈ ਕਿਸੇ ਗੈਰ-ਰਜਿਸਟਰਡ ਵਿਅਕਤੀ ਵੱਲੋਂ ਹੈ, ਈ-ਵੇਅ ਬਿਲ ਦੇ ਭਾਗ-ਬੀ ਦੇ ਵੇਰਵਿਆਂ ਨੂੰ ਟਰਾਂਸਪੋਰਟਰ ਦੁਆਰਾ ਵਾਹਨ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਕੇ ਅਪਡੇਟ ਕੀਤਾ ਜਾਣਾ ਚਾਹੀਦਾ ਹੈ, ਇਸ ਨੂੰ ਛੱਡ ਕੇ ਕਿ 50 ਕਿਲੋਮੀਟਰ ਤੱਕ ਦੀ ਸੂਚੀ ਲਈ ਅੰਤਰਰਾਜੀ/ਕੇਂਦਰਸ਼ਾਸਿਤ ਪ੍ਰਦੇਸ਼ ਲਈ ਵੇਰਵੇ ਪੇਸ਼ ਕਰਨਾ ਲਾਜ਼ਮੀ ਨਹੀਂ ਹੈ।

ਜੀ ਐਸ ਟੀ ਦੇ ਅਧੀਨ ਈ-ਵੇਅ ਬਿਲ ਪ੍ਰਣਾਲੀ ਦੀ ਪੂਰੀ ਪ੍ਰਕਿਰਿਆ ਪ੍ਰਵਾਹ ਨੂੰ ਹੇਠਾਂ **ਚਾਰਟ 3.2** ਵਿੱਚ ਦਰਸਾਇਆ ਗਿਆ ਹੈ।

[3] ਵਾਹਨ ਭਾਰਤ ਵਿੱਚ ਵਾਹਨਾਂ ਨਾਲ ਸਬੰਧਤ ਸਾਰੀ ਜਾਣਕਾਰੀ ਅਤੇ ਗਤੀਵਿਧੀਆਂ ਦਾ ਇੱਕ ਕੇਂਦਰੀ ਭੰਡਾਰ ਹੈ।

[4] ਫਾਸਟੈਗ ਰਾਸ਼ਟਰੀ ਇਲੈਕਟ੍ਰਾਨਿਕ ਟੋਲ ਕੁਲੈਕਸ਼ਨ ਪ੍ਰਣਾਲੀ ਹੈ ਜੋ ਭਾਰਤ ਵਿੱਚ ਰਾਸ਼ਟਰੀ ਰਾਜਮਾਰਗ ਅਥਾਰਟੀ ਦੁਆਰਾ ਚਲਾਈ ਜਾਂਦੀ ਹੈ। ਇਹ ਕਰਾਸ-ਕੰਟਰੀ, ਇੱਕ ਅੰਤਰ-ਸੰਚਾਲਨਯੋਗ ਟੋਲ ਭੁਗਤਾਨ ਪ੍ਰਣਾਲੀ ਪ੍ਰਦਾਨ ਕਰਦਾ ਹੈ।

## ਚਾਰਟ 3.2: ਈ-ਵੇਅ ਬਿਲ ਪ੍ਰਣਾਲੀ ਅਧੀਨ ਵਹਾਅ ਪ੍ਰਕਿਰਿਆ



## 3.5 ਲੇਖਾ ਪ੍ਰੀਖਿਆ ਉਦੇਸ਼

ਇਹ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਹੇਠ ਲਿਖੇ ਦੋ ਲੇਖਾ ਪ੍ਰੀਖਿਆ ਉਦੇਸ਼ਾਂ ਨਾਲ ਕੀਤੀ ਗਈ ਸੀ।

**I** ਕੀ ਈ-ਵੇਅ ਬਿਲ ਪ੍ਰਣਾਲੀ ਸਰਕਾਰ ਦੇ ਰੈਵੀਨਿਊ ਹਿੱਤਾਂ ਦੀ ਰੱਖਿਆ ਕਰਨ ਵਿੱਚ ਪ੍ਰਭਾਵਸ਼ਾਲੀ ਹੈ।

**II** ਕੀ ਵਿਭਾਗ ਦੀਆਂ ਰੋਕਥਾਮ/ਲਾਗੂ ਕਰਨ ਵਾਲੀਆ ਗਤੀਵਿਧੀਆਂ ਈ-ਵੇਅ ਬਿਲ ਵਿਵਸਥਾਵਾਂ ਨੂੰ ਲਾਗੂ ਕਰਨ ਵਿੱਚ ਕੁਸ਼ਲ ਅਤੇ ਪ੍ਰਭਾਵਸ਼ਾਲੀ ਹਨ।

## 3.6 ਲੇਖਾ ਪ੍ਰੀਖਿਆ ਮਾਪਦੰਡ

ਵਸਤਾਂ ਅਤੇ ਸੇਵਾਵਾਂ ਕਰ ਅਧੀਨ ਈ-ਵੇਅ ਬਿਲ ਪ੍ਰਣਾਲੀ 'ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦਾ ਮੁਲਾਂਕਣ ਹੇਠ ਲਿਖੇ ਲੇਖਾ ਪ੍ਰੀਖਿਆ ਮਾਪਦੰਡਾਂ ਦੇ ਵਿਰੁੱਧ ਕੀਤਾ ਗਿਆ ਸੀ।

- ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮਾਵਲੀ, 2017 ਦੀ ਧਾਰਾ 10, 17, 25, 29, 37, 39, 44, 68, 73, 74, 129, 130 ਆਦਿ।
- ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 59, 60, 61, 62, 80, 138 ਆਦਿ।
- ਜੀ ਐਸ ਟੀ ਕੌਂਸਲ ਦੁਆਰਾ ਅਧਿਕਾਰਤ ਅਧਿਸੂਚਨਾ/ਸਰਕੂਲਰ/ਹਦਾਇਤਾਂ ਅਤੇ ਸੀ ਬੀ ਆਈ ਸੀ ਅਤੇ ਪੰਜਾਬ ਸਰਕਾਰ/ਵਿਭਾਗ ਵੱਲੋਂ ਜਾਰੀ ਕੀਤੀਆ ਗਈਆਂ ਹਨ।
- ਐਨ ਆਈ ਸੀ[5], ਸੀ ਬੀ ਆਈ ਸੀ[6] ਅਤੇ ਪੰਜਾਬ ਸਰਕਾਰ/ਵਿਭਾਗ ਵੱਲੋਂ ਜਾਰੀ ਕੀਤੀਆਂ ਸਲਾਹਾਂ, ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ ਓ ਪੀਜ਼)।

## 3.7 ਲੇਖਾ ਪ੍ਰੀਖਿਆ ਦਾ ਦਾਇਰਾ

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਈ-ਵੇਅ ਬਿਲ ਪੋਰਟਲ ਤੇ ਰਜਿਸਟਰਡ ਵਿਅਕਤੀਆਂ ਦੇ ਸਬੰਧ ਵਿੱਚ 1 ਅਪ੍ਰੈਲ 2018 ਤੋਂ 31 ਮਾਰਚ 2022 ਦੇ ਵਿਚਕਾਰ ਦੀ ਮਿਆਦ ਲਈ ਈ-ਵੇਅ ਬਿਲ ਲੈਣ-ਦੇਣ ਨੂੰ ਕਵਰ ਕੀਤਾ ਗਿਆ ਹੈ। ਲੇਖਾ ਪ੍ਰੀਖਿਆ ਨੇ ਲੇਖਾ ਪ੍ਰੀਖਿਆ ਦੇ ਉਦੇਸ਼ਾਂ ਦੇ ਹਵਾਲੇ ਨਾਲ ਜੀ ਐਸ ਟੀ ਸ਼ਾਸਨ ਵਿੱਚ ਈ-ਵੇਅ ਬਿਲ ਪ੍ਰਣਾਲੀ ਦੀ ਸਮੁੱਚੀ ਕਾਰਗੁਜ਼ਾਰੀ ਦੀ ਆਲੋਚਨਾਂਤਮਕ ਜਾਂਚ ਕੀਤੀ ਸੀ। ਲੇਖਾ ਪ੍ਰੀਖਿਆ ਮਿਆਦ ਲਈ ਤਿਆਰ ਕੀਤੇ ਈ-ਵੇਅ ਬਿਲਾਂ ਦੇ ਡਾਟੇ ਨੂੰ ਜੀ ਐਸ ਟੀ ਐਨ[7] ਤੋਂ ਕੱਢਿਆ ਗਿਆ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਇਸ ਲੇਖਾ ਪ੍ਰੀਖਿਆ ਲਈ, ਸਿਰਫ ਰੋਡਵੇਜ਼ ਦੁਆਰਾ ਵਾਹਨਾਂ ਦੀ ਆਵਾਜਾਈ ਤੇ ਵਿਚਾਰ ਕੀਤਾ ਗਿਆ ਸੀ ਅਤੇ ਰੇਲਵੇ/ਹਵਾਈ ਮਾਰਗ /ਸਮੁੰਦਰੀ ਮਾਰਗ ਲਈ ਈ-ਵੇਅ ਬਿਲਾਂ ਨੂੰ ਇਸ ਲੇਖਾ ਪ੍ਰੀਖਿਆ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਸੀ।

---

5 ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ।

6 ਅਸਿਧੇ ਕਰਾਂ ਅਤੇ ਕਸਟਮ ਦਾ ਕੇਂਦਰੀ ਬੋਰਡ ।

7 ਵਸਤਾਂ ਅਤੇ ਸੇਵਾਵਾਂ ਕਰ ਨੈਟਵਰਕ ।

ਇਸ ਲੇਖਾ ਪ੍ਰੀਖਿਆ ਦੇ ਦਾਇਰੇ ਵਿੱਚ ਈ-ਵੇਅ ਬਿਲਾਂ ਦੇ ਸੰਦਰਭ ਵਿੱਚ ਜਿਵੇਂ ਕਿ ਵਾਹਨਾਂ ਨੂੰ ਰੋਕਣ, ਦਸਤਾਵੇਜ਼ਾਂ ਦੀ ਤਸਦੀਕਣ ਵਸਤਾਂ ਦਾ ਨਿਰੀਖਣ ਅਤੇ ਇਨ੍ਹਾਂ ਤੇ ਕੀਤੀ ਕਾਰਵਾਈ ਲਈ ਵਿਭਾਗ ਦੇ ਰੋਕਥਾਮ ਕਾਰਜਾਂ ਦੇ ਮੁਲਾਂਕਣ ਵੀ ਸ਼ਾਮਲ ਕੀਤਾ ਗਿਆ ਹੈ।

## 3.8 ਲੇਖਾ ਪ੍ਰੀਖਿਆ ਦੇ ਨਮੂਨੇ ਅਤੇ ਵਿਧੀ

ਇਸ ਲੇਖਾ ਪ੍ਰੀਖਿਆ ਕਾਰਗੁਜ਼ਾਰੀ ਲਈ ਸਮੱਸਿਆ-ਕੇਂਦਰਿਤ ਪਹੁੰਚ ਦੀ ਕੋਸ਼ਿਸ਼ ਕੀਤੀ ਗਈ ਸੀ ਕਿਉਂਕਿ ਜੀ ਐਸ ਟੀ ਦੇ ਅਧੀਨ ਈ-ਵੇਅ ਬਿਲ ਤਿਆਰ ਕਰਨਾ ਸੀਮਾ ਦੇ ਅਧੀਨ ਵਸਤਾਂ ਦੀ ਕਿਸੇ ਵੀ ਆਵਾਜਾਈ ਤੋਂ ਪਹਿਲਾਂ ਜ਼ਰੂਰੀ ਸ਼ਰਤ ਹੈ। ਡਾਟਾ ਦੇ ਵਿਸ਼ਲੇਸ਼ਣ ਦੇ ਅਧਾਰ ਤੇ ਕੰਪੋਜ਼ਿਸ਼ਨ ਕਰਦਾਤਾਵਾਂ, ਗੈਰ-ਫਾਈਲਰਾਂ, ਨਿੱਲ-ਫਾਈਲਰਾਂ, ਡੁਪਲੀਕੇਟ ਈ-ਵੇਅਬਿਲ ਅਤੇ ਵਸਤਾਂ ਦੀ ਆਵਾਜਾਈ ਦੇ ਖੇਤਰ ਵਿੱਚ ਜੋਖਮ ਵਾਲੇ ਖੇਤਰਾਂ ਦੀ ਪਛਾਣ ਕੀਤੀ ਗਈ ਸੀ।

22,538 ਕਰਦਾਤਾਵਾਂ ਨਾਲ ਜੁੜੇ ਛੇ ਪਹਿਲੂਆਂ ਅਧੀਨ ਪਛਾਣੇ ਗਏ ਜੋਖਮ ਭਰੇ ਲੈਣ-ਦੇਣ 2,25,044 ਈ-ਵੇਅਬਿਲ ਅਤੇ ₹ 10,760.85 ਕਰੋੜ ਦੇ ਮੁਲਾਂਕਣਯੋਗ ਮੁੱਲ ਬਾਰੇ ਵਿਭਾਗ ਨੂੰ ਜਵਾਬ ਮੰਗਣ ਲਈ ਸੂਚਿਤ ਕੀਤਾ ਗਿਆ ਸੀ। ਇਸ ਦੀ ਪੈਰਵ੍ਹੀ 'ਸਮੁੱਚੀ ਲੇਖਾ ਪ੍ਰੀਖਿਆ' ਰਾਹੀਂ ਕੀਤੀ ਗਈ ਸੀ ਅਤੇ ਵਿਭਾਗ ਦੁਆਰਾ ਪਛਾਣੇ ਗਏ ਜੋਖਮ ਭਰੇ ਲੈਣ-ਦੇਣ ਤੇ ਕੀਤੀ ਗਈ ਕਾਰਵਾਈ ਦਾ ਪਤਾ ਫੀਲਡ ਦੌਰਿਆਂ ਨੂੰ ਸ਼ਾਮਲ ਕੀਤੇ ਬਿਨਾਂ ਲਗਾਇਆ ਗਿਆ ਸੀ।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਉਦੇਸ਼-I ਲਈ ਨਮੂਨੇ ਮੁੱਖ ਸਮੱਸਿਆ ਖੇਤਰਾਂ (ਕੇ ਪੀ ਏਜ਼) ਅਤੇ ਪਛਾਣੇ ਗਏ ਜੋਖਮ ਦੇ ਪੈਮਾਨਿਆਂ ਦੇ ਅਧਾਰ ਤੇ ਤਿਆਰ ਕੀਤੇ ਗਏ ਸਨ, ਅਤੇ ਇਸ ਲੇਖਾ ਪ੍ਰੀਖਿਆ ਉਦੇਸ਼ਾਂ ਲਈ 35 ਕਰਦਾਤਾਵਾਂ ਨੂੰ ਸ਼ਾਮਲ ਕਰਨ ਵਾਲੇ 120 ਈ-ਵੇਅ ਬਿਲਜ਼ ਚੁਣੇ ਗਏ ਸਨ। ਇਸ ਤੋਂ ਇਲਾਵਾ, ਨੌਂ ਕਰਦਾਤਾਵਾਂ ਨੂੰ ਸ਼ਾਮਲ ਕਰਨ ਵਾਲੇ ਨੌਂ ਵਾਧੂ ਨਮੂਨੇ ਈ-ਵੇਅ ਬਿਲਾਂ ਦੀ ਚੋਣ ਕੀਤੀ ਗਈ ਸੀ, ਜਿੱਥੇ ਕੰਸਾਈਨਰ ਅਤੇ ਕੰਸਾਈਨੀ ਦਾ ਇੱਕੋ ਪੈਨ ਸੀ।

ਲੇਖਾ ਪ੍ਰੀਖਿਆ ਉਦੇਸ਼-II ਨੇ ਲਾਗੂ ਕਰਨ ਅਤੇ ਰੋਕਥਾਮ ਦੀਆਂ ਗਤੀਵਿਧੀਆਂ ਨਾਲ ਜੁੜੀਆਂ ਸਮੱਸਿਆਵਾਂ ਜਿਵੇਂ ਕਿ ਸੰਚਾਲਨ ਤਿਆਰੀ, ਚੋਰੀ ਵਿਰੋਧੀ ਉਪਾਵਾਂ ਦੀ ਪ੍ਰਭਾਵਸ਼ੀਲਤਾਂ ਅਤੇ ਅੰਦਰੂਨੀ ਵਿਭਾਗੀ ਅਤੇ ਅੰਤਰ ਵਿਭਾਗੀ ਤਾਲਮੇਲ ਨਾਲ ਜੁੜੀਆਂ ਸਮੱਸਿਆਵਾਂ ਦਾ ਮੁਲਾਂਕਣ ਕੀਤਾ। ਇਸ ਲੇਖਾ ਪ੍ਰੀਖਿਆ ਉਦੇਸ਼ ਲਈ ਪੰਜਾਬ ਦੀਆਂ ਕੁੱਲ ਸੱਤ ਰੋਕਥਾਮ ਇਕਾਈਆਂ[8] ਵਿੱਚੋਂ ਲੁਧਿਆਣਾ, ਪਟਿਆਲਾ, ਬਠਿੰਡਾ ਅਤੇ ਸ਼ੰਭੂ ਨਾਮਕ 50 *ਪ੍ਰਤੀਸ਼ਤ* ਰੋਕਥਾਮ ਇਕਾਈਆਂ ਨੂੰ ਸਟ੍ਰੇਟੀਫਾਈਡ ਸੈਂਪਲਿੰਗ ਵਿਧੀ ਦੇ ਅਧਾਰ ਤੇ ਨਮੂਨੇ ਵਜੋਂ ਚੁਣਿਆ ਗਿਆ ਸੀ। ਹਰੇਕ ਚੁਣੇ ਗਏ ਰੋਕਥਾਮ ਯੂਨਿਟ ਦੇ ਅਧੀਨ ਰੋਕੇ ਗਏ ਵਾਹਨਾ ਦੇ 50 ਮਾਮਲਿਆਂ ਦੀ ਚੋਣ ਕੀਤੀ ਗਈ ਸੀ। ਇਸ ਤੋਂ ਇਲਾਵਾ, ਅਜਿਹੇ ਪੰਜ ਮਾਮਲਿਆਂ ਦੀ ਚੋਣ ਸਟ੍ਰੇਟੀਫਾਈਡ ਰੈਂਡਮ ਸੈਂਪਲਿੰਗ ਵਿਧੀ ਅਪਣਾ ਕੇ ਕੀਤੀ ਗਈ ਸੀ, ਜਿੱਥੇ ਈ-ਵੇਅ ਬਿਲ ਤਿਆਰ ਕੀਤੇ ਗਏ ਸਨ ਪਰ ਸਿਸਟਮ ਦੁਆਰਾ ਪ੍ਰਾਪਤ[9] ਕੀਤੀ ਜਾਣਕਾਰੀ ਅਨੁਸਾਰ ਵਾਹਨ ਅੱਗੇ ਨਹੀਂ ਵਧੇ ਸਨ।

---

8 ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ ।

9 ਐਮ ਆਈ ਐਸ ਰਿਪੋਰਟ ਬੀ 1 ਦੇ ਅਧੀਨ ਸਿਸਟਮ ਦੁਆਰਾ ਵਾਹਨਾਂ ਦੀ ਗੈਰ-ਆਵਾਜਾਈ ਨੂੰ ਕੈਪਚਰ ਕੀਤਾ ਜਾਂਦਾ ਹੈ 'ਈ-ਵੇਅ ਬਿਲਾਂ ਜਿਸ ਵਿੱਚ ਵਾਹਨਾਂ ਦੀ ਕੋਈ ਆਵਾਜਾਈ ਨਹੀਂ ਹੁੰਦੀ' ।

ਲੇਖਾ ਪ੍ਰੀਖਿਆ ਦੀ ਸ਼ੁਰੂਆਤ ਤੋਂ ਪਹਿਲਾਂ, ਲੇਖਾ ਪ੍ਰੀਖਿਆ ਉਦੇਸ਼ਾਂ, ਲੇਖਾ ਪ੍ਰੀਖਿਆ ਮਾਪਦੰਡਾਂ, ਲੇਖਾ ਪ੍ਰੀਖਿਆ ਦੇ ਦਾਇਰੇ ਅਤੇ ਲੇਖਾ ਪ੍ਰੀਖਿਆ ਵਿਧੀ ਨੂੰ ਸਮਝਾਉਣ ਲਈ 13 ਅਪ੍ਰੈਲ 2023 ਨੂੰ ਕਰ ਕਮਿਸ਼ਨਰ ਨਾਲ ਇੱਕ ਐਂਟਰੀ ਮੀਟਿੰਗ ਕੀਤੀ ਗਈ ਸੀ। ਲੇਖਾ ਪ੍ਰੀਖਿਆ ਦੌਰਾਨ, ਵਿਭਾਗ ਨੂੰ ਉਨ੍ਹਾਂ ਦੇ ਜਵਾਬ ਮੰਗਣ ਲਈ ਲੱਭਤਾਂ ਅਤੇ ਨਿਰੀਖਣ ਜਾਰੀ ਕੀਤੇ ਗਏ ਸਨ। ਇਸ ਰਿਪੋਰਟ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ 6 ਮਈ 2024 ਨੂੰ ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ (ਕਰ) ਨਾਲ ਇੱਕ ਐਗਜ਼ਿਟ ਮੀਟਿੰਗ ਕੀਤੀ ਗਈ ਸੀ ਅਤੇ ਸਰਕਾਰ ਅਤੇ ਵਿਭਾਗ ਦੇ ਜਵਾਬਾਂ ਨੂੰ ਸਬੰਧਤ ਪੈਰ੍ਹਿਆਂ ਅਧੀਨ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।

## 3.9 ਈ-ਵੇਅ ਬਿਲਾਂ ਬਾਰੇ ਰੁਝਾਨ ਅਤੇ ਸੂਝ-ਬੂਝ

ਕੁੱਲ ਤਿਆਰ ਕੀਤੇ ਗਏ ਈ-ਵੇਅ ਬਿਲਾਂ, ਅੰਦਰੂਨੀ ਅਤੇ ਬਾਹਰੀ ਸਪਲਾਈ ਦੇ ਮਾਮਲੇ ਵਿੱਚ ਈ-ਵੇਅ ਬਿਲਾਂ ਦੇ ਵਿਭਾਜਨ ਵਿਸਥਾਰਿਤ ਈ-ਵੇਅ ਬਿਲਾਂ, ਰੱਦ ਕੀਤੇ ਗਏ ਈ-ਵੇਅ ਬਿਲਾਂ, ਨਾ-ਮਨਜ਼ੂਰ ਕੀਤੇ ਗਏ ਈ-ਵੇਅ ਬਿਲਾਂ ਅਤੇ ਵਸਤਾਂ ਅਤੇ ਸਪਲਾਈ ਦੀ ਆਵਾਜਾਈ ਲਈ ਵਰਤੇ ਜਾਂਣ ਵਾਲੇ ਆਵਾਜਾਈ ਦੇ ਢੰਗ ਬਾਰੇ ਰੁਝਾਨਾਂ ਅਤੇ ਸੂਝ ਬਾਰੇ ਅਗਲੇ ਪੈਰ੍ਹੇ ਵਿੱਚ ਚਰਚਾ ਕੀਤੀ ਗਈ ਹੈ। ਰੁਝਾਨਾਂ ਵਿੱਚ ਦਿੱਤੀ ਜਾਣਕਾਰੀ ਵਿੱਚ ਸਿਰਫ ਅਜਿਹੇ ਕਰਦਤਾਵਾਂ ਦਾ ਡਾਟਾ ਸ਼ਾਮਲ ਹੈ ਜੋ ਰਾਜ ਕਰ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਆਉਦੇ ਹਨ ਅਤੇ ਕੇਂਦਰੀ ਕਰ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਕਰਦਤਾਵਾਂ ਦਾ ਡਾਟਾ ਸ਼ਾਮਲ ਨਹੀਂ ਹੈ।

### 3.9.1 ਤਿਆਰ ਕੀਤੇ ਈ -ਵੇਅ ਬਿਲਾਂ ਦੇ ਰੁਝਾਨ

2018-19 ਤੋਂ 2021-22 ਦੇ ਸਾਲਾਂ ਦੌਰਾਨ ਤਿਆਰ ਕੀਤੇ ਗਏ ਈ-ਵੇਅ ਬਿਲਾਂ ਦਾ ਡਾਟਾ **ਸਾਰਣੀ** 3.1 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.1: ਤਿਆਰ ਕੀਤੇ ਗਏ ਈ-ਵੇਅ ਬਿਲਾਂ ਦੀ ਕੁੱਲ ਸੰਖਿਆ ਅਤੇ ਮੁੱਲ**

| ਸਾਲ | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) |
|---|---|---|---|
| **2018-19** | 1,08,426 | 1,22,28,979 | 3,78,288 |
| **2019-20** | 1,06,899 | 1,35,22,373 | 3,34,686 |
| **2020-21** | 1,03,664 | 1,42,36,419 | 3,44,465 |
| **2021-22** | 1,06,026 | 1,61,16,596 | 4,38,459 |

*ਸ੍ਰੋਤ: ਜੀ ਐਸ ਟੀ ਐਨ ਡਾਟਾ*

### 3.9.2 ਈ-ਵੇਅ ਬਿਲਾਂ ਦੀ ਬਾਹਰੀ ਅਤੇ ਅੰਦਰੂਨੀ ਸਪਲਾਈ ਦਾ ਰੁਝਾਨ

ਬਾਹਰੀ ਸਪਲਾਈ ਅਤੇ ਅੰਦਰੂਨੀ ਸਪਲਾਈ ਦੇ ਮਾਮਲੇ ਵਿੱਚ ਈ-ਵੇਅ ਬਿਲਾਂ ਦਾ ਵਿਭਾਜਨ **ਸਾਰਣੀ** 3.2 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.2: ਬਾਹਰੀ ਅਤੇ ਅੰਦਰੂਨੀ ਸਪਲਾਈ ਲਈ ਤਿਆਰ ਕੀਤੇ ਈ-ਵੇਅ ਬਿਲਾਂ ਦੇ ਵੇਰਵੇ**

| ਸਾਲ | ਬਾਹਰੀ ਸਪਲਾਈ | | | ਅੰਦਰੂਨੀ ਸਪਲਾਈ | | |
|---|---|---|---|---|---|---|
| | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) |
| **2018-19** | 97,156 | 1,21,32,365 | 3,75,177 | 11,270 | 96,614 | 3,111 |
| **2019-20** | 97,499 | 1,34,21,145 | 3,31,570 | 9,400 | 1,01,228 | 3,116 |
| **2020-21** | 95,091 | 1,41,36,286 | 3,40,780 | 8,573 | 1,00,133 | 3,685 |
| **2021-22** | 96,743 | 1,59,96,887 | 4,33,867 | 9,283 | 1,19,709 | 4,592 |

*ਸ੍ਰੋਤ: ਜੀ ਐਸ ਟੀ ਐਨ ਡਾਟਾ*

☞ *ਬਾਹਰੀ ਈ-ਵੇਅ ਬਿਲ ਰਜਿਸਟਰਡ ਵਿਕਰੇਤਾ ਕਰਦਾਤਾਵਾਂ ਦੁਆਰਾ ਕੀਤੀ ਗਈ ਸਪਲਾਈ ਲਈ ਹਨ ਅਤੇ ਅੰਦਰੂਨੀ ਈ -ਵੇਅ ਬਿਲ ਰਜਿਸਟਰਡ ਖਰੀਦਦਾਰ ਕਰਦਾਤਾਵਾਂ ਦੁਆਰਾ ਗੈਰ-ਰਜਿਸਟਰਡ ਵਿਅਕਤੀਆਂ ਤੋਂ ਕੀਤੀ ਗਈ ਖਰੀਦ ਲਈ ਹਨ*

### 3.9.3 ਵਿਸਥਾਰਿਤ, ਰੱਦ ਕੀਤੇ ਅਤੇ ਨਾ ਮਨਜ਼ੂਰ ਕੀਤੇ ਗਏ ਈ-ਵੇਅ ਬਿਲਾਂ ਦਾ ਰੁਝਾਨ

ਵਿਸਥਾਰਿਤ ਈ-ਵੇਅ ਬਿਲਾਂ, ਰੱਦ ਕੀਤੇ ਗਏ ਈ-ਵੇਅ ਬਿਲਾਂ ਅਤੇ ਨਾ-ਮਨਜ਼ੂਰ ਕੀਤੇ ਗਏ ਈ-ਵੇਅ ਬਿਲਾਂ ਬਾਰੇ ਅੰਕੜੇ **ਸਾਰਣੀ** 3.3 ਵਿੱਚ ਦਿੱਤੇ ਗਏ ਹਨ।

**ਸਾਰਣੀ 3.3: ਵਿਸਥਾਰਿਤ, ਰੱਦ ਕੀਤੇ ਅਤੇ ਨਾ-ਮਨਜ਼ੂਰ ਕੀਤੇ ਗਏ ਈ ਵੇਅ ਬਿਲਾਂ ਦੇ ਵੇਰਵੇ**

| ਸਾਲ | ਈ-ਵੇਅ ਬਿਲਾਂ ਦਾ ਵਿਸਥਾਰ | | | ਰੱਦ ਕੀਤੇ ਗਏ ਈ-ਵੇਅ ਬਿਲ | | | ਨਾ-ਮਨਜ਼ੂਰ ਈ ਵੇਅ-ਬਿਲ | | |
|---|---|---|---|---|---|---|---|---|---|
| | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) | ਸਪਲਾਇਰਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਸੰਖਿਆ | ਕੁੱਲ ਮੁੱਲ (₹ ਕਰੋੜ ਵਿੱਚ) |
| **2018-19** | 6,196 | 52,722 | 1,578 | 29,385 | 1,68,486 | 9,821 | 2,211 | 4,083 | 194 |
| **2019-20** | 10,755 | 1,77,010 | 10,010 | 30,064 | 1,80,854 | 7,729 | 1,926 | 3,272 | 155 |
| **2020-21** | 15,654 | 1,89,799 | 20,249 | 29,438 | 1,65,591 | 6,407 | 1,419 | 2,246 | 136 |
| **2021-22** | 24,981 | 2,81,683 | 59,348 | 31,195 | 1,65,429 | 8,218 | 1,189 | 1,732 | 105 |

*ਸ੍ਰੋਤ: ਜੀ ਐਸ ਟੀ ਐਨ ਡਾਟਾ*

### 3.9.4 ਈ-ਵੇਅ ਬਿਲਾਂ ਵਿੱਚ ਵਰਤੇ ਜਾਣ ਵਾਲੇ ਆਵਾਜਾਈ ਦੇ ਢੰਗ

2018-19 ਤੋਂ 2021-22 ਦੇ ਸਾਲਾਂ ਦੌਰਾਨ, 98.37 *ਪ੍ਰਤੀਸ਼ਤ* ਅੰਦਰੂਨੀ ਸਪਲਾਈ ਈ-ਵੇਅ ਬਿਲਸੜਕ ਆਵਾਜਾਈ ਦੁਆਰਾ ਮੂਵਮੈਂਟ ਲਈ ਤਿਆਰ ਕੀਤੇ ਗਏ ਸਨ ਅਤੇ ਬਾਕੀ 1.63 *ਪ੍ਰਤੀਸ਼ਤ* ਵਿੱਚ ਹਵਾਈ, ਰੇਲ ਅਤੇ ਸਮੁੰਦਰੀ ਜਹਾਜ਼ਾਂ ਦੁਆਰਾ ਸ਼ਾਮਲ ਸਨ। ਬਾਹਰੀ ਸਪਲਾਈ ਈ-ਵੇਅ ਬਿਲਾਂ ਦੇ ਮਾਮਲੇ ਵਿੱਚ, 99.40 *ਪ੍ਰਤੀਸ਼ਤ* ਸੜਕ ਆਵਾਜਾਈ ਦੁਆਰਾ ਮੂਵਮੈਂਟ ਲਈ ਸਨ ਅਤੇ ਬਾਕੀ 0.60 *ਪ੍ਰਤੀਸ਼ਤ* ਹਵਾਈ, ਰੇਲ ਅਤੇ ਸਮੁੰਦਰੀ ਜਹਾਜ਼ ਦੁਆਰਾ ਸਨ।

### 3.10 ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਲੱਭਤਾਂ ਨੂੰ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ।

- ਈ-ਵੇਅ ਬਿਲ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ
- ਰੋਕਥਾਮ ਅਤੇ ਲਾਗੂ ਕਰਨ ਦੀਆਂ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ

## 3.10.1 ਈ-ਵੇਅ ਬਿਲ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ

ਉਪ ਪੈਰ੍ਹਾ 3.10.1.2 ਤੋਂ 3.10.1.14 ਦੇ ਅਧੀਨ ਸਰਕਾਰ ਦੇ ਰੈਵੀਨਿਊ ਹਿੱਤਾਂ ਦੀ ਰਾਖੀ ਲਈ ਈ-ਵੇਅ ਬਿਲ ਵਿਧੀ ਦੀ ਪ੍ਰਭਾਵਸ਼ੀਲਤਾ ਨਾਲ ਸਬੰਧਤ ਲੇਖਾ ਪ੍ਰੀਖਿਆ ਟਿੱਪਣੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਹਨ, ਜਦੋਂ ਕਿ ਈ ਵੇਅ ਬਿਲ ਪ੍ਰਣਾਲੀ ਤੱਕ ਪਹੁੰਚ ਦੀ ਵਿਵਸਥਾ ਨਾ ਹੋਣ ਅਤੇ ਦਸਤਾਵੇਜ਼ ਪੇਸ਼ ਨਾ ਕੀਤੇ ਜਾਣ ਕਾਰਨ ਦਾਇਰੇ ਦੀ ਸੀਮਾਂ, ਉਪ ਪੈਰ੍ਹਾ 3.10.1.1 ਹੇਠਾਂ ਵਰਣਨ ਕੀਤੀ ਗਈ ਹੈ।

### 3.10.1.1 ਦਸਤਾਵੇਜ਼ ਪੇਸ਼ ਨਾ ਕੀਤੇ ਜਾਣ ਕਾਰਨ ਦਾਇਰੇ ਦੀ ਸੀਮਾ

ਨਿਯੰਤਰਕ ਅਤੇ ਮਹਾਂ ਲੇਖਾ ਪਰੀਖਕ (ਡਿਊਟੀ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਸੀ ਏ ਜੀ ਐਕਟ, 1971 ਦੀ ਧਾਰਾ 16 ਪ੍ਰਾਪਤੀਆਂ ਦੀ ਲੇਖਾ ਪ੍ਰੀਖਿਆ ਸੰਬੰਧੀ ਸੀ ਏ ਜੀ ਦੇ ਅਧਿਕਾਰ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ, ਧਾਰਾ 18(2) ਦਫਤਰਾਂ ਅਤੇ ਵਿਭਾਗਾਂ ਤੇ ਇੱਕ ਕਾਨੂੰਨੀ ਡਿਊਟੀ ਲਗਾਉਂਦੀ ਹੈ ਕਿ ਉਹ ਜਾਣਕਾਰੀ ਮੰਗਣ ਵਾਲੇ ਸੀ ਏ ਜੀ ਦੀਆਂ ਬੇਨਤੀਆਂ ਦੀ ਪਾਲਣਾ ਕਰੇ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਵਾਜਬ ਮੁਹਿੰਮ ਨਾਲ ਪੂਰੀ ਜਾਣਕਾਰੀ ਪ੍ਰਦਾਨ ਕਰੇ।

ਲੇਖਾ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ, ਅਪ੍ਰੈਲ 2023 ਵਿੱਚ ਵਿਭਾਗ ਨਾਲ ਇੱਕ ਐਂਟਰੀ ਮੀਟਿੰਗ ਕੀਤੀ ਗਈ ਸੀ। ਮੀਟਿੰਗ ਵਿੱਚ, ਕਰਬੰਦੀ ਕਮਿਸ਼ਨਰ, ਪੰਜਾਬ ਨੇ ਲੇਖਾ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲੇਖਾ ਪ੍ਰੀਖਿਆ ਟੀਮਾਂ ਦੇ ਮੈਬਰਾਂ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਲੇਖਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਅਤੇ ਈ-ਵੇਅ ਬਿਲ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਦੁਆਰਾ ਮੰਗੀ ਗਈ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਲਈ 31 ਮਈ 2023 ਨੂੰ ਪੱਤਰ ਰਾਹੀਂ ਵਿਭਾਗ ਦੇ ਸਾਰੇ ਅਧਿਕਾਰ ਖੇਤਰ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਹਾਲਾਂਕਿ, ਲੇਖਾ ਪ੍ਰੀਖਿਆ ਟੀਮਾਂ ਨੂੰ ਈ-ਵੇਅ ਬਿਲ ਪ੍ਰਣਾਲੀ ਤੱਕ ਕੋਈ ਪਹੁੰਚ ਪ੍ਰਦਾਨ ਨਹੀਂ ਕੀਤੀ ਗਈ ਸੀ, ਇਸ ਲਈ ਵਿਭਾਗਾਂ ਦੇ ਅਧਿਕਾਰੀਆਂ ਦੁਆਰਾ ਨਮੂਨਾ ਈ-ਵੇਅ ਬਿਲ ਨਾਲ ਸਬੰਧਤ ਜਾਣਕਾਰੀ ਇੱਕਤਰ ਕੀਤੀ ਗਈ ਸੀ ਅਤੇ 2018-19 ਤੋਂ 2021-22 ਦੇ ਚੁਣੇ ਹੋਏ ਕਰਦਾਤਾਵਾਂ ਦੇ ਨਮੂਨਿਆਂ ਤੋਂ ਇਲਾਵਾ ਹੋਰ ਈ-ਵੇਅ ਬਿਲਾਂ ਦੀ ਜਾਂਚ ਨਹੀਂ ਕੀਤੀ ਜਾ ਸਕੀ। ਈ-ਵੇਅ ਬਿਲ ਪ੍ਰਣਾਲੀ ਤੱਕ ਲੇਖਾ ਪ੍ਰੀਖਿਆ ਦੀ ਪਹੁੰਚ ਦੀ ਵਿਵਸਥਾ ਨਾ ਹੋਣ ਕਾਰਨ, ਨਤੀਜੇ ਲੇਖਾ ਪ੍ਰੀਖਿਆ ਵਿੱਚ ਜਾਂਚੇ ਗਏ ਨਮੂਨਾ ਈ-ਵੇਅ ਬਿਲ ਤੱਕ ਸੀਮਿਤ ਹਨ। ਈ-ਵੇਅ ਬਿਲ ਪ੍ਰਣਾਲੀ ਤੱਕ ਪਹੁੰਚ ਦੀ ਵਿਵਸਥਾ ਨਾ ਹੋਣ ਕਾਰਨ ਲੇਖਾ ਪ੍ਰੀਖਿਆ ਮਿਆਦ ਲਈ 44 ਕਰਦਾਤਾਵਾਂ ਨਾਲ ਸਬੰਧਤ 129 ਈ-ਵੇਅ ਬਿਲਾਂ[10] ਦੇ ਨਮੂਨਿਆਂ ਨਾਲ ਸਬੰਧਤ ਜੀ ਐਸ ਟੀ ਰਿਟਰਨ ਸਮੇਤ ਜਾਣਕਾਰੀ ਅਤੇ ਰਿਕਾਰਡ ਮੰਗੇ ਗਏ ਸਨ। ਨਮੂਨੇ ਦੇ ਮਾਮਲਿਆਂ ਦੇ ਸਾਰੇ ਪਹਿਲੂਆਂ ਦੀ ਜਾਂਚ ਕਰਨ ਲਈ ਵਿੱਤੀ ਵਿਵਰਣੀਆਂ ਜਿਵੇਂ ਕਿ ਵਪਾਰਕ ਖਾਤਾ, ਮੁਨਾਫਾ ਅਤੇ ਘਾਟਾ ਖਾਤਾ ਅਤੇ ਬੈਲੇਂਸ ਸ਼ੀਟ ਆਦਿ ਵਰਗੇ ਵਾਧੂ ਰਿਕਾਰਡ ਵੀ ਮੰਗੇ ਗਏ ਸਨ। ਨਿਯਮਤ ਫਾਲੋ-ਅਪ ਦੇ ਬਾਵਜੂਦ, ਅਧਿਕਾਰ ਖੇਤਰ ਦੇ ਦਫਤਰਾਂ ਨੇ 16 ਕਰਦਾਤਾਵਾਂ ਨੂੰ ਸ਼ਾਮਲ ਕਰਨ ਵਾਲੇ 93 ਈ-ਵੇਅ ਬਿਲਾਂ ਨਾਲ ਸਬੰਧਤ ਵਾਧੂ ਰਿਕਾਰਡ ਪੇਸ਼ ਨਹੀਂ ਕੀਤੇ। ਇਸ ਤਰ੍ਹਾਂ, ਨਮੂਨੇ ਦੇ 72.09 *ਪ੍ਰਤੀਸ਼ਤ* ਈ-ਵੇਅ ਬਿਲਾਂ ਦੇ ਵਾਧੂ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਜਾਂਚ ਨਹੀਂ

---

[10] 120 ਨਮੂਨਾ ਈ-ਵੇਅ ਬਿਲਾਂ ਅਤੇ 9 ਵਾਧੂ ਨਮੂਨਾ ਈ-ਵੇਅ ਬਿਲਾਂ, ਜਿੱਥੇ ਕੰਸਾਈਨਰ ਅਤੇ ਕੰਸਾਈਨੀ ਵਿਚਕਾਰ ਪੈਨ ਇੱਕੋ ਜਿਹਾ ਸੀ।

ਕੀਤੀ ਜਾ ਸਕੀ। ਇਸ ਤੋਂ ਇਲਾਵਾ, ਸੰਪੂਰਨਤਾ ਲੇਖਾ ਪ੍ਰੀਖਿਆ ਦੇ ਮਾਮਲੇ ਵਿੱਚ, 13,978 ਕਰਦਾਤਾਵਾਂ ਦੇ ਵਿਰੁੱਧ ਜਵਾਬ ਪ੍ਰਾਪਤ ਨਹੀਂ ਹੋਏ, ਜਿਨ੍ਹਾਂ ਵਿੱਚ 62.02 *ਪ੍ਰਤੀਸ਼ਤ* ਜੋਖਮ ਭਰੇ ਲੈਣ-ਦੇਣ ਸ਼ਾਮਲ ਹਨ।

ਕਰਦਾਤਾ ਅਨੁਸਾਰ ਰਿਕਾਰਡ ਦੀ ਗੈਰ-ਪੇਸ਼ਕਸ਼ ਦੀ ਸੂਚੀ **ਅੰਤਿਕਾ** 3.1 ਵਿੱਚ ਦਿੱਤੀ ਗਈ ਹੈ। **ਸਾਰਣੀ 3.4** ਵਿੱਚ ਸ਼ਾਮਲ ਨਮੂਨੇ ਦੇ ਆਕਾਰ ਦੇ ਨਾਲ ਅਧਿਕਾਰ ਖੇਤਰ ਅਨੁਸਾਰ ਰਿਕਾਰਡਾਂ ਦੀ ਗੈਰ-ਪੇਸ਼ਕਸ਼ ਦਾ ਸਾਰ ਦਿੱਤਾ ਗਿਆ ਹੈ।

**ਸਾਰਣੀ 3.4: ਰਿਕਾਰਡਾਂ ਦੀ ਗੈਰ-ਪੇਸ਼ਕਸ਼**

| ਏ ਸੀ ਐਸ ਟੀ ਦਫਤਰ | ਚੁਣਿਆ ਨਮੂਨਾ ਆਕਾਰ | | ਗੈਰ-ਪੇਸ਼ਕਸ਼ | |
|---|---|---|---|---|
| | ਈ-ਵੇ ਬਿਲ ਦੀ ਸੰਖਿਆ | ਕਰਦਾਤਾਵਾਂ ਦੀ ਸੰਖਿਆ | ਸ਼ਾਮਲ ਨਮੂਨੇ ਈ-ਵੇਅ ਬਿਲ ਦੀ ਸੰਖਿਆ | ਨਮੂਨਾ ਕਰਦਾਤਾਵਾਂ ਦੀ ਸੰਖਿਆ |
| ਅੰਮ੍ਰਿਤਸਰ-II | 2 | 2 | - | - |
| ਫਤਿਹਗੜ੍ਹ ਸਾਹਿਬ | 7 | 5 | - | - |
| ਫਿਰੋਜ਼ਪੁਰ | 3 | 2 | - | - |
| ਜਲੰਧਰ-I | 3 | 2 | 1 | 1 |
| ਲੁਧਿਆਣਾ-I | 6 | 5 | 2 | 1 |
| ਲੁਧਿਆਣਾ-III | 2 | 2 | - | - |
| ਲੁਧਿਆਣਾ -IV | 19 | 6 | 12 | 3 |
| ਲੁਧਿਆਣਾ -V | 50 | 5 | 49 | 4 |
| ਐਸ ਏ ਐਸ ਨਗਰ | 21 | 3 | 21 | 3 |
| ਪਟਿਆਲਾ | 7 | 3 | 5 | 1 |
| ***ਜੋੜ-I*** | ***120*** | ***35*** | ***90*** | ***13*** |
| ਬਠਿੰਡਾ | 1 | 1 | - | - |
| ਲੁਧਿਆਣਾ-I | 3 | 3 | 3 | 3 |
| ਐਸ ਏ ਐਸ ਨਗਰ | 3 | 3 | - | - |
| ਪਠਾਨਕੋਟ | 1 | 1 | - | - |
| ਪਟਿਆਲਾ | 1 | 1 | - | - |
| ***ਜੋੜ-II***[11] | ***9*** | ***9*** | ***3*** | ***3*** |
| **ਕੁੱਲ ਜੋੜ (I+II)** | **129** | **44** | **93** | **16** |

### 3.10.1.2 ਈ-ਵੇਅ ਬਿਲ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਬਾਰੇ ਲੇਖਾ ਪ੍ਰੀਖਿਆ ਲੱਭਤਾਂ ਦਾ ਸੰਖੇਪ

ਲੇਖਾ ਪ੍ਰੀਖਿਆ ਲੱਭਤਾਂ ਪ੍ਰਣਾਲੀਗਤ ਅਤੇ ਪਾਲਣਾ ਦੋਵਾਂ ਮੁੱਦਿਆਂ ਨੂੰ ਕਵਰ ਕਰਦਾ ਹੈ। ਜਦੋਂਕਿ ਪ੍ਰਣਾਲੀਗਤ ਮੁੱਦਿਆਂ ਦਾ ਉਦੇਸ਼ ਈ-ਵੇਅ ਬਿਲ ਪ੍ਰਣਾਲੀ ਦੀ ਪੂਰਤੀ ਅਤੇ ਪ੍ਰਭਾਵਸ਼ੀਲਤਾ ਨਾਲ ਸਬੰਧਤ ਕਮੀਆਂ ਨੂੰ ਸਾਹਮਣੇ ਲਿਆਉਣਾ ਹੈ, ਪਾਲਣਾ ਦੇ ਮੁੱਦੇ ਰੈਵੀਨਿਊ ਦੇ ਲੀਕ ਹੋਣ ਦਾ ਕਾਰਨ ਐਕਟ ਅਤੇ ਨਿਯਮਾਂ ਦੀਆਂ ਧਾਰਾਵਾਂ ਦੀ ਉਲੰਘਣਾ ਅਤੇ ਉਲੰਘਣਾ ਨੂੰ ਉਜਾਗਰ ਕਰਦੇ ਹਨ।

[11] ਨੌਂ ਤਿਆਰ ਕੀਤੇ ਈ-ਵੇਅ ਬਿਲਾਂ ਦਾ ਵਾਧੂ ਨਮੂਨਾ, ਜਿੱਥੇ ਪੈਨ ਕੰਸਾਈਨਰ ਅਤੇ ਕੰਸਾਈਨੀ ਵਾਲੇ ਲਈ ਇੱਕੋ ਜਿਹਾ ਸੀ।

ਈ-ਵੇਅ ਬਿਲ ਪ੍ਰਣਾਲੀ ਤੱਕ ਲੇਖਾ ਪ੍ਰੀਖਿਆ ਪਹੁੰਚ ਦੀ ਵਿਵਸਥਾ ਨਾ ਹੋਣ ਕਾਰਨ, ਲੱਭਤਾਂ ਅਤੇ ਮੁੱਦ੍ਹਾ ਮੁੱਲ ਲੇਖਾ ਪ੍ਰੀਖਿਆ ਵਿੱਚ ਜਾਂਚ ਕੀਤੇ ਗਏ 44 ਕਰਦਾਤਾਵਾਂ ਨੂੰ ਸ਼ਾਮਲ ਕਰਨ ਵਾਲੇ 129 ਈ-ਵੇਅ ਬਿਲਾਂ[12] ਦੇ ਨਮੂਨੇ ਤੱਕ ਸੀਮਤ ਹਨ। ਇਸ ਲਈ, ਵਿਭਾਗ ਨੂੰ ਲੇਖਾ ਪ੍ਰੀਖਿਆ ਵਿੱਚ ਦੱਸੇ ਗਏ ਹਰੇਕ ਵਿਅਕਤੀਗਤ ਮਾਮਲੇ ਵਿੱਚ ਵਿਆਪਕ ਤੌਰ ਤੇ ਅਗਲੇਰੀ ਕਾਰਵਾਈ ਕਰਨ ਦੀ ਲੋੜ ਹੈ। ਲੇਖਾ ਪ੍ਰੀਖਿਆ ਦੇ ਲੱਭਤਾਂ ਦਾ ਵੇਰਵਾ **ਸਾਰਣੀ 3.5** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.5: ਈ-ਵੇਅ ਬਿਲ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਬਾਰੇ ਲੇਖਾ ਪ੍ਰੀਖਿਆ ਲੱਭਤਾਂ ਦਾ ਸੰਖੇਪ**

| ਪੈਰ੍ਹਾ ਨੰ | ਟਿੱਪਣੀਆਂ ਦੀ ਕਿਸਮ | ਲੇਖਾ ਪ੍ਰੀਖਿਆ ਵਿੱਚ ਇਤਰਾਜ਼ ਕੀਤਾ | | | ਕਰਦਾਤਾਵਾਂ, ਜਿਨ੍ਹਾਂ 'ਤੇ ਵਿਭਾਗ ਵੱਲੋਂ ਪਹਿਲਾਂ ਹੀ ਕਾਰਵਾਈ ਕੀਤੀ ਜਾ ਚੁੱਕੀ ਹੈ | ਵਿਭਾਗ ਵਲੋਂ ਸਵੀਕਾਰ ਕੀਤੀ ਕਰ ਦੀ ਰਾਸ਼ੀ | | |
|---|---|---|---|---|---|---|---|---|
| | | ਕਰਦਾਤਾ* ਦੀ ਸੰਖਿਆ* | ਸ਼ਾਮਲ ਕੀਤੇ ਈ-ਵੇਅ ਬਿਲਾਂ ਦੀ ਸੰਖਿਆ* | ਕਰ ਦੀ ਰਾਸ਼ੀ (₹ ਕਰੋੜ ਵਿੱਚ) | | ਸ਼੍ਰੇਣੀ # | ਕਰਦਾਤਾ ਦੀ ਸੰਖਿਆ* | ਕਰ ਦੀ ਰਾਸ਼ੀ (₹ ਕਰੋੜ ਵਿੱਚ) |
| 3.10.1.3 | ਅਯੋਗ ਕਰਦਾਤਾ ਕੰਪੋਜ਼ਿਸ਼ਨ ਸਕੀਮ ਅਧੀਨ ਜਾਰੀ ਹਨ | 3 | 4 | 0.00 | 1 | ਏ ਐਸ ਐਮ ਟੀ-10 | 1 | 0.0006 |
| 3.10.1.4 | ਨਿੱਲ ਰਿਟਰਨ ਭਰਨ ਵਾਲੇ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ | 10 | 34 | 0.27 | 2 | ਡੀ ਆਰ ਸੀ-07 | 1 | 0.46 |
| | | | | | | ਡੀ ਆਰ ਸੀ -01 | 3 | 0.80 |
| | | | | | | ਏ ਐਸ ਐਮ ਟੀ -14 | 1 | 0.07 |
| | | | | | | ਏ ਐਸ ਐਮ ਟੀ -10 | 2 | 0.03 |
| 3.10.1.5 | ਜੀ ਐਸ ਟੀ ਰਿਟਰਨ ਨਾ ਭਰਨ ਵਾਲਿਆਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ | 8 | 61 | 0.65 | 2 | ਡੀ ਆਰ ਸੀ -07 | 1 | 1.31 |
| | | | | | | ਡੀ ਆਰ ਸੀ -01 | 2 | 0.71 |
| | | | | | | ਏ ਐਸ ਐਮ ਟੀ -10 | 2 | 0.57 |
| | | | | | | ਸਪਸ਼ਟੀਕਰਨ | 1 | 0.04 |
| 3.10.1.6 | ਇੱਕੋ ਇਨਵੌਇਸ ਦੇ ਅਧਾਰ ਤੇ ਕਈ ਈ-ਵੇਅ ਬਿਲ ਤਿਆਰ ਕਰਨਾ | 9 | 24 | 0.97 | 1 | ਏ ਐਸ ਐਮ ਟੀ -10 | 2 | 0.14 |
| 3.10.1.7 | ਬਕਾਇਆ ਕਰ ਦੇਣਦਾਰੀ ਵਾਸਤੇ ਰੱਦ ਕੀਤੇ ਕਰਦਾਤਾਵਾਂ ਦਾ ਫਾਲੋ-ਅੱਪ ਨਾਂ ਕਰਨਾ | 23 | 106 | 2.37 | 6 | ਡੀ ਆਰ ਸੀ -07 | 1 | 4.12 |
| | | | | | | ਡੀ ਆਰ ਸੀ -01 | 1 | 0.01 |
| | | | | | | ਪ੍ਰੋਸੀਡਿੰਗਜ਼ | 1 | 0.09 |
| | | | | | | ਸਪਸ਼ਟੀਕਰਨ | 1 | 0.48 |
| 3.10.1.8 | ਜੋਖਮ ਭਰੇ ਵਾਹਨਾਂ ਦੀ ਵਰਤੋਂ ਕਰਕੇ ਈ-ਵੇਅ ਬਿਲ ਤਿਆਰ ਕਰਨਾ | 9 | 10 | 0.00 | 1 | ਡੀ ਆਰ ਸੀ -01 | 1 | 0.01 |

[12] 120 ਈ-ਵੇਅ ਬਿਲਾਂ ਦੇ ਨਮੂਨਿਆ ਨਾਲ ਸਬੰਧਤ ਟਿੱਪਣੀਆਂ ਉਪ ਪੈਰਾ 3.10.1.3 ਤੋਂ 3.10.1.12 ਦੇ ਅਧੀਨ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਕਰਦਾਤਾਵਾਂ ਦੇ ਨੌਂ ਈ-ਵੇਅ ਬਿਲਾਂ ਨਾਲ ਸਬੰਧਤ ਟਿੱਪਣੀਆਂ, ਜਿੱਥੇ ਕੰਸਾਈਨਰ ਅਤੇ ਕੰਸਾਈਨੀ ਦਾ ਪੈਨ ਇਕੋ ਜਿਹਾ ਸੀ, ਨੂੰ ਉਪ-ਪੈਰ੍ਹਾ 3.10.1.13 ਦੇ ਅਧੀਨ ਸ਼ਾਮਲ ਕੀਤਾ ਗਿਆ ਹੈ।

| ਪੈਰ੍ਹਾ ਨੰ | ਟਿੱਪਣੀਆਂ ਦੀ ਕਿਸਮ | ਲੇਖਾ ਪ੍ਰੀਖਿਆ ਵਿੱਚ ਇਤਰਾਜ਼ ਕੀਤਾ | | | ਕਰਦਾਤਾਵਾਂ, ਜਿਨ੍ਹਾਂ 'ਤੇ ਵਿਭਾਗ ਵੱਲੋਂ ਪਹਿਲਾਂ ਹੀ ਕਾਰਵਾਈ ਕੀਤੀ ਜਾ ਚੁੱਕੀ ਹੈ | ਵਿਭਾਗ ਵਲੋਂ ਸਵੀਕਾਰ ਕੀਤੀ ਕਰ ਦੀ ਰਾਸ਼ੀ | | |
|---|---|---|---|---|---|---|---|---|
| | | ਕਰਦਾਤਾ* ਦੀ ਸੰਖਿਆ* | ਸ਼ਾਮਲ ਕੀਤੇ ਈ-ਵੇਅ ਬਿਲਾਂ ਦੀ ਸੰਖਿਆ* | ਕਰ ਦੀ ਰਾਸ਼ੀ (₹ ਕਰੋੜ ਵਿੱਚ) | | ਸ਼੍ਰੇਣੀ # | ਕਰਦਾਤਾ ਦੀ ਸੰਖਿਆ* | ਕਰ ਦੀ ਰਾਸ਼ੀ (₹ ਕਰੋੜ ਵਿੱਚ) |
| 3.10.1.9 | ਕਰ ਇਨਵੌਇਸ ਸ਼੍ਰੇਣੀ ਦੇ ਅਧੀਨ ਅਤੇ ਕਰਾਂ ਦੀਆਂ ਲਾਗੂ ਨਾ ਹੋਣ ਵਾਲੀਆਂ ਦਰਾਂ ਦੇ ਨਾਲ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਬਣਾਉਣਾ | 3 | 4 | 0.00 | 0 | | | |
| 3.10.1.10 | ਬਾਹਰੀ ਸਪਲਾਈਆਂ ਬਿਨਾਂ ਜਾਂ ਅੰਦਰੂਨੀ ਸਪਲਾਈ ਦੇ ਅਨੁਪਾਤਕ (ਜਿਵੇਂ ਕਿ ਜੀ ਐਸ ਟੀ ਆਰ 2 ਏ ਰਿਟਰਨਾਂ ਤੋਂ ਵੇਖਿਆ ਗਿਆ ਹੈ) | 4 | 29 | 0.23 | | # | | |
| 3.10.1.11 | ਇਨਪੁਟ ਟੈਕਸ ਕ੍ਰੈਡਿਟ ਦਾ ਵਾਧੂ ਲਾਭ ਉਠਾਉਣਾ | 2 | 0 | 1.25 | | | | |
| 3.10.1.12 | ਬਕਾਇਆ ਕਰ ਦੇਣਦਾਰੀ ਦੀ ਵਸੂਲੀ ਕੀਤੇ ਬਿਨਾਂ ਰਜਿਸਟ੍ਰੇਸ਼ਨ ਦੀ ਬਹਾਲੀ | 1 | 9 | 0.01 | | # | | |
| 3.10.1.13 | ਕ੍ਰਾਸ-ਪੈਨ ਵਿਸ਼ਲੇਸ਼ਣ | | | | | | | |
| | ੳ ਬਾਹਰੀ ਸਪਲਾਈਆਂ ਈ-ਵੇਅ ਬਿਲਾਂ ਦੁਆਰਾ ਸਮਰਥਿਤ ਨਹੀਂ ਹੈ (ਜਿਵੇਂ ਕਿ ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-3 ਬੀ ਰਿਟਰਨਾਂ ਤੋਂ ਵੇਖਿਆ ਗਿਆ ਹੈ) | 1 | 1 | 0.32 | | ਏ ਐਸ ਐਮ ਟੀ -10 | 1 | 0.32 |
| | ਅ ਜੀ ਐਸ ਟੀ ਆਰ-2ਏ ਅਤੇ ਈ-ਵੇਅ ਬਿਲ ਵੇਰਵਿਆਂ ਵਿਚਕਾਰ ਬੇਮੇਲਤਾ | 2 | 2 | 1.17 | | ਏ ਐਸ ਐਮ ਟੀ -10 | 2 | 1.17 |
| | ੲ ਇਨਪੁਟ ਕਰ ਕ੍ਰੈਡਿਟ ਦਾ ਵਾਧੂ ਲਾਭ ਲੈਣਾ | 1 | 1 | 0.18 | | | | |
| **ਜੋੜ** | | **53** | **257** | **7.16** | | | **24** | **10.3306** |

** ਚੁਣੇ ਗਏ ਨਮੂਨਿਆਂ ਵਿੱਚੋਂ ਕੁੱਝ ਕਰਦਾਤਾ ਕਈ ਟਿੱਪਣੀਆਂ ਅਧੀਨ ਦਿਖਾਈ ਦਿੱਤੇ, ਇਸ ਲਈ, ਉਪਰੋਕਤ ਸਾਰਣੀ ਵਿੱਚ ਦਿਖਾਏ ਗਏ ਈ-ਵੇਅ ਬਿਲਾਂ ਅਤੇ ਕਰਦਾਤਾਵਾਂ ਦੀ ਸੰਖਿਆ ਨਮੂਨੇ ਦੇ ਈ ਵੇਅ ਬਿਲਾਂ ਅਤੇ ਕਰਦਾਤਾਵਾਂ ਦੀ ਸੰਖਿਆ ਨਾਲੋਂ ਵੱਧ ਦਿਖਾਈ ਦੇ ਸਕਦੀ ਹੈ।*

*# ਕਿਉਂਕਿ ਵਿਭਾਗ ਵੱਲੋਂ ਕਈ ਲੇਖਾ ਪ੍ਰੀਖਿਆ ਟਿੱਪਣੀਆਂ ਲਈ ਕਰਦਾਤਾ ਵਿਰੁੱਧ ਕੀਤੀ ਗਈ ਕਾਰਵਾਈ ਦੇ ਨਤੀਜੇ ਵਜੋਂ ਸਾਰੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਕਵਰ ਕਰਨ ਵਾਲੀ ਵਿਆਪਕ ਕਾਰਵਾਈ ਕੀਤੀ ਗਈ, ਇਸ ਲਈ ਵਿਭਾਗ ਦੁਆਰਾ ਕਰਦਾਤਾ ਲਈ ਸਵੀਕਾਰ ਕੀਤੀ ਗਈ ਰਾਸ਼ੀ ਨੂੰ ਉਪਰੋਕਤ ਸਾਰਣੀ ਵਿੱਚ ਸਿਰਫ ਇੱਕ ਲੇਖਾ ਪ੍ਰੀਖਿਆ ਟਿੱਪਣੀ ਦੇ ਵਿਰੁੱਧ ਦਿਖਾਇਆ ਗਿਆ ਹੈ ਤਾਂ ਜੋ ਮੁੱਦਾ ਮੁੱਲ ਦੀ ਡੁਪਲੀਸਿਟੀ ਤੋਂ ਬਚਿਆ ਜਾ ਸਕੇ, ਚਾਹੇ ਅਗਲੀਆਂ ਕਤਾਰਾਂ ਵਿੱਚ ਸਾਰਣੀਬੱਧ ਹੋਰ ਲੇਖਾ ਪ੍ਰੀਖਿਆ ਟਿੱਪਣੀਆਂ ਵਿੱਚ ਕੋਈ ਵੀ ਮਾਮਲਾ ਸ਼ਾਮਲ ਹੋਵੇ।*

24 ਕਰਦਾਤਾਵਾਂ ਵਿਰੁੱਧ ਜਵਾਬ ਪ੍ਰਾਪਤ ਹੋਏ ਸਨ ਜਿਸ ਵਿੱਚ ਵਿਭਾਗ ਨੇ ਲੇਖਾ ਪ੍ਰੀਖਿਆ ਦੀਆਂ ਟਿੱਪਣੀਆਂ ਨੂੰ ਸਵੀਕਾਰ ਕੀਤਾ ਅਤੇ ₹ 10.33 ਕਰੋੜ ਦੀ ਕਾਰਵਾਈ ਕੀਤੀ। ਉਪਰੋਕਤ ਸਾਰਣੀਬੱਧ ਟਿੱਪਣੀਆਂ ਬਾਰੇ ਵਿਭਾਗ ਦੇ ਜਵਾਬਾਂ ਦੇ ਅਗਲੇ ਪੈਰ੍ਹੇ ਵਿੱਚ ਵਿਸਥਾਰ ਵਿੱਚ ਚਰਚਾ ਕੀਤੀ ਗਈ ਹੈ।

#### 3.10.1.3 ਅਯੋਗ ਕਰਦਾਤਾ ਕੰਪੋਜ਼ਿਸ਼ਨ ਸਕੀਮ ਅਧੀਨ ਜਾਰੀ ਹਨ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 10(1) ਦੇ ਅਨੁਸਾਰ, ਇੱਕ ਰਜਿਸਟਰਡ ਵਿਅਕਤੀ ਜਿਸਦਾ ਪਿਛਲੇ ਵਿੱਤੀ ਸਾਲ ਵਿੱਚ ਕੁੱਲ ਟਰਨਓਵਰ ਥ੍ਰੈਸ਼ਹੋਲਡ ਸੀਮਾ[13] ਤੋਂ ਵੱਧ ਨਹੀਂ ਸੀ, ਉਹ ਕੰਪੋਜ਼ਿਸ਼ਨ ਸਕੀਮ ਅਧੀਨ ਕਰ ਅਦਾ ਕਰਨ ਦੀ ਚੋਣ ਕਰ ਸਕਦਾ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ, 10(3) ਦੇ ਸੰਦਰਭ ਵਿੱਚ, ਇੱਕ ਰਜਿਸਟਰਡ ਵਿਅਕਤੀ ਦੁਆਰਾ ਕੰਪੋਜ਼ਿਸ਼ਨ ਸਕੀਮ ਲਈ ਲਿਆ ਗਿਆ ਵਿਕਲਪ ਉਸ ਦਿਨ ਤੋਂ ਖਤਮ ਹੋ ਜਾਵੇਗਾ ਜਿਸ ਦਿਨ ਇੱਕ ਵਿੱਤੀ ਸਾਲ ਦੌਰਾਨ ਉਸ ਦਾ ਕੁੱਲ ਟਰਨਓਵਰ ਨਿਰਧਾਰਤ ਸੀਮਾ ਤੋਂ ਵੱਧ ਜਾਂਦਾ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 10(2)(ਸੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਉਹ ਕੰਪੋਜ਼ਿਸ਼ਨ ਸਕੀਮ ਦੀ ਚੋਣ ਕਰਨ ਦੇ ਯੋਗ ਨਹੀਂ ਹੋਵੇਗਾ, ਜੇਕਰ ਉਹ ਮਾਲ ਦੀ ਕਿਸੇ ਵੀ ਅੰਤਰ-ਰਾਜ ਬਾਹਰੀ ਸਪਲਾਈ ਕਰਨ ਵਿੱਚ ਰੁੱਝਿਆ ਹੋਇਆ ਹੈ।

120 ਈ-ਬਿਲਾਂ ਦੇ ਕੁੱਲ ਨਮੂਨਿਆਂ ਵਿੱਚੋਂ ਚਾਰ ਈ-ਵੇਅ ਬਿਲਾਂ ਤਿੰਨ ਕੰਪੋਜ਼ਿਸ਼ਨ ਕਰਦਾਤਾਵਾਂ ਨਾਲ ਸਬੰਧਤ ਸਨ। ਇਨ੍ਹਾਂ ਈ-ਵੇਅ ਬਿਲਾਂ ਦੀ ਜਾਂਚ ਦੌਰਾਨ, ਇਹ ਵੇਖਿਆ ਗਿਆ (ਮਈ ਤੋਂ ਜੁਲਾਈ 2023) ਕਿ ਦੋ ਕੰਪੋਜਿਸ਼ਨ ਕਰਦਾਤਾਵਾਂ ਨੇ ਅੰਤਰ-ਰਾਜੀ ਸਪਲਾਈ ਕੀਤੀ ਅਤੇ ਇੱਕ ਕੰਪੋਜਿਸ਼ਨ ਕਰਦਾਤਾ ਟਰਨਓਵਰ ਦੀ ਥ੍ਰੈਸ਼ਹੋਲਡ ਦੀ ਸੀਮਾਂ ਨੂੰ ਪਾਰ ਕਰ ਗਿਆ।

ਮਾਮਲਿਆਂ ਦੀ ਚਰਚਾ ਹੇਠਾਂ ਕੀਤੀ ਗਈ ਹੈ।

**[ੳ]** ਰਾਜ ਕਰ, ਪਟਿਆਲਾ ਅਤੇ ਫਿਰੋਜ਼ਪੁਰ ਦੇ ਸਹਾਇਕ ਕਮਿਸ਼ਨਰ ਦੇ ਅਧਿਕਾਰ ਖੇਤਰ ਵਿੱਚ ਕ੍ਰਮਵਾਰ ਜੀ ਐਸ ਟੀ ਆਈ ਐਨ 03AJPP******1ZP ਅਤੇ 03CWOP******1Z0 ਵਾਲੇ ਦੋ ਕੰਪੋਜ਼ਿਸ਼ਨ ਕਰਦਾਤਾਵਾਂ ਨੇ ਜਨਵਰੀ ਅਤੇ ਮਈ 2019 ਦੇ ਵਿਚਕਾਰ ਅੰਤਰ-ਰਾਜੀ ਸਪਲਾਈਆਂ[14] ਕੀਤੀਆਂ । ਕੰਪੋਜ਼ਿਸ਼ਨ ਸਕੀਮ ਅਧੀਨ ਕਰਦਾਤਾਵਾਂ ਨੇ ਐਕਟ ਅਤੇ ਈ-ਵੇਅ ਬਿਲ ਪ੍ਰਣਾਲੀ ਦੀ ਉਲੰਘਣਾ ਕਰਦਿਆਂ ਅੰਤਰ-ਰਾਜੀ ਸਪਲਾਈ ਕੀਤੀ ਅਤੇ ਇਨ੍ਹਾਂ ਕਰਦਾਤਾਵਾਂ ਦੀ ਸ਼੍ਰੇਣੀ ਨੂੰ ਪ੍ਰਮਾਣਿਤ ਕੀਤੇ ਬਿਨਾਂ ਅਜਿਹੇ ਈ-ਵੇਅ ਬਿਲ ਬਣਾਉਣ ਦੀ ਮੰਜ਼ੂਰੀ ਦਿੱਤੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਰਾਜ ਕਰ ਦੇ ਸਹਾਇਕ ਕਮਿਸ਼ਨਰ ਪਟਿਆਲਾ ਨੇ ਜਵਾਬ ਦਿੱਤਾ (ਜੂਨ 2023) ਕਿ ਪੰਜਾਬ ਜੀ ਐਸ ਟੀ ਐਕਟ, 2017 ਦੀ ਧਾਰਾ 61 ਅਧੀਨ ਕਰਦਾਤਾ ਨੂੰ ₹ 6,589 ਦਾ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਰਾਜ ਕਰ ਦੇ ਸਹਾਇਕ ਕਮਿਸ਼ਨਰ, ਫਿਰੋਜ਼ਪੁਰ ਨੇ ਸੂਚਿਤ ਕੀਤਾ (ਜੂਨ 2023) ਕਿ ਕਰਦਾਤਾ ਤੋਂ 6 ਜੁਲਾਈ 2019 ਨੂੰ

---

13 1 ਅਪ੍ਰੈਲ 2018 ਅਤੇ 31 ਜਨਵਰੀ 2019 ਦੇ ਵਿਚਕਾਰ ਦੀ ਮਿਆਦ ਲਈ ਕੰਪੋਜ਼ਿਸ਼ਨ ਸਕੀਮ ਲਈ ਯੋਗ ਬਣਨ ਲਈ ਪ੍ਰਤੀ ਸਾਲ ਥ੍ਰੈਸ਼ਹੋਲਡ ਸੀਮਾ ₹ 1 ਕਰੋੜ ਸੀ ਅਤੇ ਉਸ ਤੋਂ ਬਾਅਦ ₹ 1.5 ਕਰੋੜ ਸੀ। ਵਿਸ਼ੇਸ਼ ਸ਼੍ਰੇਣੀ ਦੇ ਰਾਜਾਂ ਦੇ ਸਬੰਧ ਵਿੱਚ, ਇਹ ₹ 75 ਲੱਖ ਹੈ।

14 **ਪਟਿਆਲਾ**: ਈ-ਵੇਅ ਬਿਲ 731069721514 ਮਿਤੀ 2 ਮਈ 2019 ਅਤੇ **ਫਿਰੋਜ਼ਪੁਰ**: ਈ-ਵੇਅ 341078493247 ਬਿਲ ਮਿਤੀ 9 ਜਨਵਰੀ 2019

ਵਿਆਜ ਸਮੇਤ ₹ 20,760 ਪਹਿਲਾਂ ਹੀ ਵਸੂਲੇ ਜਾ ਚੁੱਕੇ ਸਨ। ਵਿਭਾਗ ਨੇ ਇਹ ਵੀ ਦੱਸਿਆ ਕਿ ਕਰਦਾਤਾ ਵੱਲੋਂ ਈ-ਵੇਅ ਬਿਲ ਤੋਂ ਇਲਾਵਾ ਹੋਰ ਕੋਈ ਅੰਤਰ-ਰਾਜੀ ਸਪਲਾਈ ਨਹੀਂ ਕੀਤੀ ਗਈ।

**[ਅ]** ਰਾਜ ਕਰ ਦੇ ਸਹਾਇਕ ਕਮਿਸ਼ਨਰ, ਫਿਰੋਜ਼ਪੁਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03APAP******1ZR ਰੱਖਣ ਵਾਲੇ ਇੱਕ ਕੰਪੋਜ਼ਿਸ਼ਨ ਕਰਦਾਤਾ, ਜਿਸ ਨੇ ਅਕਤੂਬਰ 2018 ਵਿੱਚ ਦੋ ਈ-ਵੇਅ ਬਿਲ[15] ਤਿਆਰ ਕੀਤੇ ਸਨ, ਨੇ ਮਾਰਚ 2019 ਤੱਕ ਕੁੱਲ ਟਰਨਓਵਰ ਲਈ ₹ 1.5 ਕਰੋੜ ਦੀ ਥ੍ਰੈਸ਼ੋਲਡ ਸੀਮਾ ਨੂੰ ਪਾਰ ਕਰ ਲਿਆ ਜਿਵੇਂ ਕਿ ਲੇਖਾ ਪ੍ਰੀਖਿਆ ਦੁਆਰਾ ਕਰਦਾਤਾ ਦੇ ਜੀ ਐਸ ਟੀ ਆਰ-4 ਰਿਟਰਨਾਂ ਤੋਂ ਲੇਖਾ ਪ੍ਰੀਖਿਆ ਦੁਆਰਾ ਪੁਸ਼ਟੀ ਕੀਤੀ ਗਈ ਹੈ। ਇਸ ਸਾਲ ਕੁੱਲ ਟਰਨਓਵਰ ₹ 1.68 ਕਰੋੜ ਸੀ। ਲੇਖਾ ਪ੍ਰੀਖਿਆ ਨੇ ਅਪ੍ਰੈਲ 2019 ਤੋਂ ਮਾਰਚ 2022 ਤੱਕ ਦੀ ਅਗਲੀ ਮਿਆਦ ਲਈ ਜੀ ਐਸ ਟੀ ਐਨ ਪੋਰਟਲ ਤੋਂ ਕਰਦਾਤਾ ਦੇ ਜੀ ਐਸ ਟੀ ਰਿਟਰਨ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਕਰਦਾਤਾ ਨੇ  ਕੰਪੋਜ਼ਿਸ਼ਨ ਸਕੀਮ ਲਈ ਯੋਗ ਨਾ ਹੋਣ ਦੇ ਬਾਵਜੂਦ ਅਗਲੇ ਸਾਲਾਂ ਵਿੱਚ ਕੰਪੋਜ਼ਿਸ਼ਨ ਕਰਦਾਤਾ ਵਜੋ ਵਪਾਰਕ ਗਤੀਵਿਧੀਆਂ ਜਾਰੀ ਰੱਖੀਆਂ ਸਨ। ਕਰਦਾਤਾ ਨੂੰ ਕੰਪੋਜ਼ਿਸ਼ਨ ਸਕੀਮ ਤੋਂ ਬਾਹਰ ਲਿਆਉਣ ਦੀ ਲੋੜ ਸੀ ਕਿਉਂਕਿ ਉਹ ਕੁੱਲ ਟਰਨਓਵਰ ਦੀ ਸੀਮਾਂ ਨੂੰ ਪਾਰ ਕਰ ਗਿਆ ਸੀ ਅਤੇ ਆਮ ਦਰ 'ਤੇ ਕਰ ਅਦਾ ਕਰਨ ਲਈ ਜ਼ਿਮੇਵਾਰ ਸੀ। ਥ੍ਰੈਸ਼ਹੋਲਡ ਸੀਮਾ ਨੂੰ ਪਾਰ ਕਰਨ ਦੇ ਬਾਵਜੂਦ ਕਰਦਾਤਾ ਦੀ ਕੰਪੋਜ਼ਿਸ਼ਨ ਸਕੀਮ ਦਾ ਲਾਭ ਲੈਣਾ ਜਾਰੀ ਰੱਖਣ ਦੀ ਯੋਗਤਾ, ਪ੍ਰਣਾਲੀ ਵਿੱਚ ਗਾਇਬ ਨਿਯੰਤਰਣਾਂ ਦਾ ਸੰਕੇਤ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਰਾਜ ਕਰ ਫਿਰੋਜ਼ਪੁਰ, ਦੇ ਸਹਾਇਕ ਕਮਿਸ਼ਨਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ (ਨਵੰਬਰ 2024)।

ਉਪਰੋਕਤ ਤੋਂ ਇਲਾਵਾ, ਕਰਦਾਤਾਵਾਂ ਨੂੰ ਕੰਪੋਜ਼ਿਸ਼ਨ ਸਕੀਮ ਦਾ ਲਾਭ ਲੈਣ ਦੀ ਮੰਜ਼ੂਰੀ ਦੇਣ ਵਾਲੀ ਪ੍ਰਣਾਲੀ ਵਿੱਚ ਕਮੀ ਦੇ ਮੁੱਦੇ ਤੇ 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਚਰਚਾ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ, ਸਰਕਾਰ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.4 ਨਿੱਲ ਰਿਟਰਨ ਭਰਨ ਵਾਲੇ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 37 ਦੇ ਅਨੁਸਾਰ, ਕੰਪੋਜਿਸ਼ਨ ਕਰਦਾਤਾਵਾਂ ਤੋਂ ਇਲਾਵਾ ਹਰੇਕ ਰਜਿਸਟਰਡ ਵਿਅਕਤੀ ਨੂੰ ਜੀ ਐਸ ਟੀ ਆਰ-I ਰਿਟਰਨ ਵਿੱਚ ਕਰ ਮਿਆਦ ਦੌਰਾਨ ਲਾਗੂ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਬਾਹਰੀ ਸਪਲਾਈ ਦੇ ਵੇਰਵੇ ਅਤੇ ਐਸ ਟੀ ਆਰ-3 ਬੀ ਰਿਟਰਨ ਵਿੱਚ ਉਨਾਂ ‘ਤੇ ਕਰ ਦੇਣਦਾਰੀ ਦਾ ਭੁਗਤਾਨ ਕਰਨਾ ਹੋਵੇਗਾ। ਕੰਪਜ਼ਿਸ਼ਨ ਕਰਦਾਤਾਵਾਂ ਦੇ ਮਾਮਲੇ ਵਿੱਚ, ਜੀ ਐਸ ਟੀ ਆਰ 4/ਜੀ ਐਸ ਟੀ-ਸੀ ਐਮ ਪੀ-08 ਰਿਟਰਨਾਂ ਵਿੱਚ ਕਰ ਦੀ ਕੇਣਦਾਰੀ ਦਾ ਭੁਗਤਾਨ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਐਕਟ ਦੀ ਧਾਰਾ 61 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਰਦਾਤਾਵਾਂ ਦੁਆਰਾ ਦਾਖਲ ਕੀਤੀਆਂ ਗਈਆਂ ਵੱਖ-ਵੱਖ ਰਿਟਰਨਾਂ ਦੀ ਜਾਂਚ ਪਰੌਪਰ ਅਧਿਆਰੀ ਦੁਆਰਾ ਕੀਤੀ ਜਾ ਸਕਦੀ ਹੈ ਤਾਂ ਜੋ ਰਿਟਰਨ ਦੀ

[15] ਈ-ਵੇਅ ਬਿਲ: 301051939597 ਅਤੇ 301052096862 ਮਿਤੀ 1 ਅਕਤੂਬਰ 2018

ਸ਼ੁੱਧਤਾ ਦੀ ਪੁਸ਼ਟੀ ਕੀਤੀ ਜਾ ਸਕੇ ਅਤੇ ਰਿਟਰਨ ਵਿੱਚ ਦਿਖਾਈ ਦੇਣ ਵਾਲੀਆਂ ਵਿਸੰਗਤੀਆਂ ਜਾ ਅਸੰਗਤੀਆਂ ਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਦੇ ਨਮੂਨਿਆਂ ਦੀ ਠੋਸ ਲੇਖਾ ਪ੍ਰੀਖਿਆ ਦੌਰਾਨ, ਮਈ 2018 ਅਤੇ ਨਵੰਬਰ 2020 ਦੇ ਵਿਚਕਾਰ ਤਿਆਰ ਕੀਤੇ ਗਏ 34 ਈ-ਵੇਅ ਬਿਲਾਂ ਵਿੱਚ ਇਹ ਦੇਖਿਆ ਗਿਆ (ਮਈ ਤੋਂ ਸਤੰਬਰ 2023) ਕਿ ਸਬੰਧਤ ਦਸ ਕਰਦਾਤਾਵਾਂ ਨੇ ਇਨ੍ਹਾਂ ਈ-ਵੇਅ ਬਿਲ੍ਹਾਂ ਵਿੱਚ ਸ਼ਾਮਲ ₹ 2.45 ਕਰੋੜ ਦੀ ਬਾਹਰੀ ਸਪਲਾਈ ਦੇ ਮੁਕਾਬਲੇ ₹ 0.27 ਕਰੋੜ ਦੀ ਕਰ ਦੇਣਦਾਰੀ ਦਾ ਭੁਗਤਾਨ ਨਹੀਂ ਕੀਤਾ ਸੀ (**ਅੰਤਿਕਾ** 3.2) ਕਿਉਂਕਿ ਜੀ ਐਸ ਟੀ ਐਨ ਪੋਰਟਲ 'ਤੇ ਇਸੇ ਮਹੀਨਿਆਂ ਦੇ ਡਾਟਾ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਕਰਦਾਤਾਵਾਂ ਨੇ ਜੀ ਐਸ ਟੀ ਆਰ-3 ਬੀ ਰਿਟਰਨ ਨਿੱਲ ਦਾਖਲ ਕੀਤੀ ਸੀ, ਇਸ ਲਈ ਕੋਈ ਕਰ ਦੇਣਦਾਰੀ ਨਹੀਂ ਦਿੱਤੀ ਗਈ ਸੀ। ਇਹ ਵੀ ਦੇਖਿਆ ਗਿਆ ਕਿ ਕਰਦਾਤਾ ਨਿੱਲ ਰਿਟਰਨ ਭਰਨ ਤੋਂ ਬਾਅਦ ਵੀ ਅਤੇ ਕਰ ਦੇਣਦਾਰੀ ਦਾ ਭੁਗਤਾਨ ਕੀਤੇ ਬਿਨ੍ਹਾਂ ਆਪਣੀਆਂ ਵਪਾਰਕ ਗਤੀਵਿਧੀਆਂ ਜਾਰੀ ਰੱਖਣ ਦੇ ਯੋਗ ਸਨ, ਜਿਵੇਂ ਕਿ ਤਿੰਨ ਕਰਦਾਤਾਵਾਂ[16] ਦੇ ਮਾਮਲਿਆਂ ਵਿੱਚ ਦੇਖਿਆ ਗਿਆ ਸੀ, ਜਿਨ੍ਹਾਂ ਨੇ ਨਿੱਲ ਜੀ ਐਸ ਟੀ ਰਿਟਰਨ ਭਰਨ ਤੋਂ ਬਾਅਦ[17] ਦੇ ਮਹੀਨਿਆਂ ਵਿੱਚ ਸੱਤ ਈ-ਵੇਅ ਬਿਲ ਤਿਆਰ ਕੀਤੇ ਸਨ। ਇਸ ਲਈ ਅਜਿਹੇ ਮਾਮਲਿਆਂ ਦੀ ਪਛਾਣ ਕਰਨ ਲਈ ਈ-ਵੇਅ ਬਿਲ ਅਤੇ ਜੀ ਐਸ ਟੀ ਐਨ ਪ੍ਰਣਾਲੀਆਂ ਵਿਚਕਾਰ ਮਜ਼ਬੂਤੀ ਅਤੇ ਤਾਲਮੇਲ ਦੀ ਘਾਟ ਸੀ, ਜਿਸ ਕਾਰਨ ਕਰਦਾਤਾ ਈ-ਵੇਅ ਬਿਲ ਤਿਆਰ ਕਰਨ ਅਤੇ ਆਪਣੀਆਂ ਵਪਾਰਕ ਗਤੀਵਿਧੀਆਂ ਜਾਰੀ ਰੱਖਣ ਦੇ ਕਾਬਲ ਸਨ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

> ਰਾਜ ਕਰ, ਫਤਿਹਗੜ੍ਹ ਸਾਹਿਬ ਦੇ ਸਹਾਇਕ ਕਮਿਸ਼ਨਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03EQXP******1Z3 ਵਾਲੇ ਕਰਦਾਤਾ, ਜਿਸ ਨੇ ਜੂਨ 2020 ਵਿੱਚ ₹ 0.22 ਕਰੋੜ ਦੇ ਮੁਲਾਂਕਣਯੋਗ ਮੁੱਲ ਅਤੇ ₹ 0.04 ਕਰੋੜ ਦੇ ਕਰ ਨਾਲ ਦੋ ਈ-ਵੇਅ ਬਿਲ ਤਿਆਰ ਕੀਤੇ ਸਨ, ਨੇ ਉਸੇ ਮਹੀਨੇ ਵਿੱਚ ਨਿੱਲ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਕੀਤੀ, ਇਸ ਲਈ ਉਸ ਨੇ ਆਪਣੀ ਕਰ ਦੇਣਦਾਰੀ ਦਾ ਭੁਗਤਾਨ ਨਹੀਂ ਕੀਤਾ।
>
> ਧਿਆਨ ਵਿੱਚ ਲਿਆਂਦੇ ਜਾਣ ਤੇ (ਮਈ 2023), ਸਹਾਇਕ ਕਮਿਸ਼ਨਰ ਨੇ 16 ਮਈ 2024 ਨੂੰ ਜੂਨ ਤੋਂ ਜੁਲਾਈ 2020 ਤੱਕ ਦੀ ਮਿਆਦ ਲਈ ਕਰਦਾਤਾ ਨੂੰ ₹ 0.46 ਕਰੋੜ ਦੀ ਡੀ ਆਰ ਸੀ-07 ਜਾਰੀ ਕੀਤੀ।

ਉਪਰੋਕਤ ਦੱਸੇ ਗਏ ਇੱਕ ਤੋਂ ਇਲਾਵਾ ਨੌਂ ਕਰਦਾਤਾਵਾਂ ਵਿੱਚੋਂ ਇਕ ਕਰਦਾਤਾ[18] (ਅਕਤੂਬਰ 2024) ਵਿਰੁੱਧ ਕੋਈ ਜਵਾਬ ਨਹੀਂ ਦਿੱਤਾ ਗਿਆ। ਦੋ ਮਾਮਲਿਆਂ[19] ਵਿੱਚ, ਵਿਭਾਗ ਨੇ ਪਹਿਲਾਂ ਹੀ ਕਰਦਾਤਾਵਾਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਬਾਕੀ ਛੇ ਮਾਮਲਿਆਂ ਵਿੱਚ

---

16 ਜੀ ਐਸ ਟੀ ਆਈ ਐਨ: 03BWIP******1ZH, 03AARF******1ZR ਅਤੇ 03AAAA******1ZG

17 ਅਗਲੇ ਮਹੀਨੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ ।

18 ਜੀ ਐਸ ਟੀ ਆਈ ਐਨ: 03ANTP******1Z0

19 ਜੀ ਐਸ ਟੀ ਆਈ ਐਨ: 03CWOP******1Z0 (ਕੀਤੀਆਂ ਗਈਆਂ ਰਿਕਵਰੀਆਂ) ਅਤੇ 03JDSP******1ZE (ਡੀ ਆਰ ਸੀ-01 ਜਾਰੀ)

ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ (ਜੂਨ 2023 ਤੋਂ ਮਈ 2024) ਕਿ ਇੱਕ ਕਰਦਾਤਾ[20] ਵਿਰੁੱਧ ₹ 0.07 ਕਰੋੜ ਦਾ ਏ ਐਸ ਐਮ ਟੀ-14, ਤਿੰਨ ਕਰਦਾਤਾਵਾਂ[21] ਨੂੰ ₹ 0.80 ਕਰੋੜ ਦੀ ਡੀ ਆਰ ਸੀ-01 ਅਤੇ ਦੋ ਕਰਦਾਤਾਵਾਂ[22] ਨੂੰ ₹ 0.03 ਕਰੋੜ ਦੇ ਏ ਐਸ ਐਮ ਟੀ-10 ਨੋਟਿਸ ਜਾਰੀ ਕੀਤੇ ਗਏ ਹਨ।

ਓਪਰੋਕਤ ਤੋਂ ਇਲਾਵਾ, ਅਜਿਹੇ ਕਰਦਾਤਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਈ-ਵੇਅ ਬਿਲ ਬਣਾਉਣ ਤੋਂ ਰੋਕਣ ਵਿੱਚ ਪ੍ਰਣਾਲੀ ਦੀ ਅਸਮਰੱਥਾ ਬਾਰੇ 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਚਰਚਾ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ, ਸਰਕਾਰ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.5 ਜੀ ਐਸ ਟੀ ਰਿਟਰਨ ਨਾ ਭਰਨ ਵਾਲਿਆਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 37 ਅਨੁਸਾਰ, ਕੰਪੋਜ਼ਿਸ਼ਨ ਕਰਦਾਤਾਵਾਂ ਤੋਂ ਇਲਾਵਾ ਹਰੇਕ ਰਜਿਸਟਰਡ ਵਿਅਕਤੀ ਨੂੰ ਜੀ ਐਸ ਟੀ ਆਰ-I ਰਿਟਰਨ ਵਿੱਚ ਕਰ ਮਿਆਦ ਦੌਰਾਨ ਲਾਗੂ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਬਾਹਰੀ ਸਪਲਾਈ ਦਾ ਵੇਰਵਾ ਜੀ ਐਸ ਟੀ ਆਰ-I ਰਿਟਰਨ ਵਿੱਚ ਅਤੇ ਉਸ ਤੇ ਕਰ ਦੇਣਦਾਰੀ ਦਾ ਵੇਰਵਾ ਜੀ ਐਸ ਟੀ ਆਰ-3ਬੀ ਰਿਟਰਨ ਵਿੱਚ ਦੇਣਾ ਹੋਵੇਗਾ। ਕੰਪੋਜ਼ਿਸ਼ਨ ਕਰਦਾਤਾਵਾਂ ਦੇ ਮਾਮਲੇ ਵਿੱਚ, ਕਰ ਦੇਣਦਾਰੀ ਜੀ ਐਸ ਟੀ ਆਰ 4/ਜੀ ਐਸ ਟੀ-ਸੀ ਐਮ ਪੀ-08 ਰਿਟਰਨ ਵਿੱਚ ਅਦਾ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 62 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿੱਥੇ ਕੋਈ ਰਜਿਸਟਰਡ ਵਿਅਕਤੀ ਨੋਟਿਸ ਦੇਣ ਤੋਂ ਬਾਅਦ ਵੀ ਰਿਟਰਨ ਭਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਪਰੌਪਰ ਅਫਸਰ ਉਪਲਬਧ ਸਾਰੀ ਸਬੰਧਤ ਮਟੀਰੀਅਲ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਅੱਗੇ ਵਧ ਸਕਦਾ ਹੈ ਅਤੇ ਮੁਲਾਂਕਣ ਆਦੇਸ਼ ਜਾਰੀ ਕਰ ਸਕਦਾ ਹੈ। ਅਜਿਹੇ ਮਾਮਲਿਆਂ ਵਿੱਚ, ਜਿੱਥੇ ਕੋਈ ਕਰਯੋਗ ਵਿਅਕਤੀ ਜਿਸਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਹੈ ਪਰ ਜੋ ਕਰ ਅਦਾ ਕਰਨ ਲਈ ਜ਼ਿੰਮੇਵਾਰੀ ਸੀ, ਪਰੌਪਰ ਅਫਸਰ ਐਕਟ ਦੀ ਧਾਰਾ 63 ਦੇ ਉਪਬੰਧਾਂ ਅਨੁਸਾਰ ਅਜਿਹੇ ਕਰਯੋਗ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਆਪਣੇ ਫੈਸਲੇ ਅਨੁਸਾਰ ਕਰਨ ਲਈ ਅੱਗੇ ਵਧ ਸਕਦਾ ਹੈ।

35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਦੇ ਨਮੂਨਿਆਂ ਦੀ ਠੋਸ ਲੇਖਾ ਪ੍ਰੀਖਿਆ ਦੌਰਾਨ, ਮਈ 2018 ਅਤੇ ਫਰਵਰੀ 2021 ਦੇ ਵਿਚਕਾਰ ਤਿਆਰ ਕੀਤੇ ਗਏ 61 ਈ-ਵੇਅ ਬਿਲਾਂ ਵਿੱਚ ਇਹ ਦੇਖਿਆ ਗਿਆ (ਮਈ ਤੋਂ ਸਤੰਬਰ 2023) ਜਿਨ੍ਹਾਂ ਦਾ ਮੁਲਾਂਕਣਯੋਗ ਮੁੱਲ ₹ 4.86 ਕਰੋੜ ਅਤੇ ਕਰ ₹ 0.65 ਕਰੋੜ ਸੀ (**ਅੰਤਿਕਾ 3.3**) ਉਨ੍ਹਾਂ ਕਿਹਾ ਕਿ ਸਬੰਧਤ ਅੱਠ ਕਰਦਾਤਾਵਾਂ ਨੇ ਸਬੰਧਤ ਮਹੀਨਿਆਂ ਵਿੱਚ ਆਪਣਾ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਨਹੀਂ ਕੀਤਾ ਸੀ, ਇਸ ਲਈ

---

[20] ਜੀ ਐਸ ਟੀ ਆਈ ਐਨ: 03AARF******1ZR: ₹ 7,19,310

[21] ਜੀ ਐਸ ਟੀ ਆਈ ਐਨ: 03CLVP******1ZV: ₹ 68,51,767, 03AAAA******1ZG: ₹ 1,47,479 ਅਤੇ 03DIRP******1Z6: ₹ 9,96,792

[22] ਜੀ ਐਸ ਟੀ ਆਈ ਐਨ: 03BWIP******1ZH: ₹ 3,24,388 ਅਤੇ 03ABYP******1ZL: ₹ 4,865

ਕੋਈ ਕਰ ਦੇਣਦਾਰੀ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਕਰਦਾਤਾਵਾਂ ਨੇ ਆਪਣੀਆਂ ਕਰ ਦੇਣਦਾਰੀਆਂ ਦਾ ਨਿਪਟਾਰਾ ਨਹੀਂ ਕੀਤਾ ਸੀ, ਫਿਰ ਵੀ ਈ-ਵੇਅ ਬਿਲ ਪ੍ਰਣਾਲੀ ਨੇ ਅਗਲੇ ਮਹੀਨਿਆਂ[23] ਵਿੱਚ ਈ-ਵੇਅ ਬਿਲ ਬਣਾਉਣ ਦੀ ਮੰਜ਼ੂਰੀ ਦਿੱਤੀ ਜਿਵੇਂ ਕਿ ਇੱਕ ਕਰਦਾਤਾ[24] ਦੇ ਮਾਮਲੇ ਵਿੱਚ ਵੇਖਿਆ ਗਿਆ ਸੀ ਜਿਸ ਨੇ ਮਈ ਅਤੇ ਜੂਨ 2018 ਲਈ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਨਾ ਕਰਨ ਦੇ ਬਾਵਜੂਦ ਅਗਸਤ 2018 ਵਿੱਚ ਚਾਰ ਈ-ਵੇਅ ਬਿਲ[25] ਤਿਆਰ ਕੀਤੇ ਸਨ ਜਿਵੇਂ ਕਿ ਲੇਖਾ ਪ੍ਰੀਖਿਆ ਵਿੱਚ 120 ਈ-ਵੇਅ ਬਿਲਾਂ ਦੀ ਨਮੂਨਾਂ ਜਾਂਚ ਤੋਂ ਤਸਦੀਕ ਕੀਤਾ ਗਿਆ ਸੀ। ਇਹ ਵੀ ਦੇਖਿਆ ਗਿਆ ਕਿ ਤਿੰਨ ਕਰਦਾਤਾਵਾਂ[26] ਨੇ ਈ-ਵੇਅ ਬਿਲਾਂ ਨਾਲ ਸਬੰਧਤ ਮਹੀਨਿਆਂ ਵਿੱਚ ਜੀ ਐਸ ਟੀ ਆਰ-1 ਰਿਟਰਨ ਦਾਖਲ ਕੀਤੀ ਅਤੇ ਕਰ ਦੇਣਦਾਰੀ ਦਾ ਭੁਗਤਾਨ ਕੀਤੇ ਬਿਨਾਂ ਖਰੀਦਦਾਰ ਕਰਦਾਤਾਵਾਂ ਨੂੰ ₹ 0.68 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਦਿੱਤਾ। ਇਸ ਤਰ੍ਹਾਂ, ਅਜਿਹੇ ਮਾਮਲਿਆਂ ਦੀ ਪਛਾਣ ਕਰਨ ਲਈ ਈ-ਵੇਅ ਬਿਲ ਅਤੇ ਜੀ ਐਸ ਟੀ ਐਨ ਪ੍ਰਣਾਲੀਆਂ ਵਿਚਾਲੇ ਮਜ਼ਬੂਤੀ ਅਤੇ ਤਾਲਮੇਲ ਦੀ ਘਾਟ ਸੀ, ਜਿਸ ਕਾਰਨ ਕਰਦਾਤਾ ਨਾਲ-ਫਾਈਲਰ ਹੋਣ ਦੇ ਬਾਵਜੂਦ ਈ-ਵੇਅ ਬਿਲ ਤਿਆਰ ਕਰਨ ਦੇ ਯੋਗ ਸਨ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ

ਰਾਜ ਕਰ, ਫਤਿਹਗੜ੍ਹ ਦੇ ਸਹਾਇਕ ਕਮਿਸ਼ਨਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03ARFP******1Z8 ਵਾਲੇ ਇੱਕ ਕਰਦਾਤਾ ਨੇ ਅਗਸਤ 2018 ਵਿੱਚ ਬਾਹਰੀ ਸਪਲਾਈ ਲਈ ਦੋ ਈ-ਵੇਅ ਬਿਲ ਤਿਆਰ ਕੀਤੇ ਜਿਨ੍ਹਾਂ ਵਿੱਚ ₹ 0.11 ਕਰੋੜ ਦਾ ਮੁਲਾਂਕਣਯੋਗ ਮੁੱਲ ਅਤੇ ₹ 0.02 ਕਰੋੜ ਦਾ ਕਰ ਸ਼ਾਮਲ ਸੀ। ਇਸ ਤੋਂ ਇਲਾਵਾ, ਜੀ ਐਸ ਟੀ ਪੋਰਟਲ ਤੋਂ ਮਿਲੀ ਜਾਣਕਾਰੀ ਦੀ ਜਾਂਚ ਤੋਂ ਪਤਾ ਲੱਗਿਆ ਕਿ ਅਗਸਤ, 2018 ਦੇ ਇਸੇ ਮਹੀਨੇ ਲਈ ਜੀ ਐਸ ਟੀ ਆਰ-3ਬੀ ਰਿਟਰਨ ਕਰਦਾਤਾ ਦੁਆਰਾ ਦਾਖਲ ਨਹੀਂ ਕੀਤੀ ਗਈ ਸੀ, ਇਸ ਲਈ ਕਰ ਦੇਣਦਾਰੀ ਦਾ ਨਿਪਟਾਰਾ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਕਰਦਾਤਾਵਾਂ ਨੇ ਇਸ ਮਹੀਨੇ ਲਈ ਜੀ ਐਸ ਟੀ ਆਰ-1 ਰਿਟਰਨ ਭਰੀ ਅਤੇ ਖਰੀਦਦਾਰ ਕਰਦਾਤਾਵਾਂ ਨੂੰ ਆਪਣੀ ਕਰ ਦੇਣਦਾਰੀ ਦਾ ਭੁਗਤਾਨ ਕੀਤੇ ਬਿਨ੍ਹਾਂ ₹ 0.35 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਦਿੱਤਾ।

ਧਿਆਨ ਵਿੱਚ ਲਿਆਂਦੇ ਜਾਣ ਤੇ (ਮਈ 2023), ਸਹਾਇਕ ਕਮਿਸ਼ਨਰ ਨੇ ਅਗਸਤ ਅਤੇ ਸਤੰਬਰ 2018 ਦੀ ਕਰ ਮਿਆਦ ਨੂੰ ਕਵਰ ਕਰਨ ਵਾਲੇ ਕਰਦਾਤਾਵਾਂ ਨੂੰ 16 ਮਈ 2024 ਨੂੰ ₹ 1.31 ਕਰੋੜ ਦੀ ਡੀ ਆਰ ਸੀ-07 ਜਾਰੀ ਕੀਤੀ।

ਉਪਰੋਕਤ ਦਰਸਾਏ ਗਏ ਇਕ ਤੋਂ ਇਲਾਵਾ ਸੱਤ ਕਰਦਾਤਾਵਾਂ ਵਿੱਚੋਂ ਦੋ ਮਾਮਲਿਆਂ[27] ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਸੀ। ਬਾਕੀ ਪੰਜ ਮਾਮਲਿਆਂ ਵਿੱਚ, ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ ਕਿ ਦੋ ਕਰਦਾਤਾਵਾਂ[28] ਨੂੰ ₹ 0.71 ਕਰੋੜ ਦਾ ਡੀ ਆਰ ਸੀ-01,

---

23 ਅਗਲੇ ਮਹੀਨੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ।

24 ਜੀ ਐਸ ਟੀ ਆਈ ਐਨ: 03COTP******2ZK

25 ਈ-ਵੇਅ ਬਿਲ 731025711926, 771025513704, 841013668933 ਅਤੇ 891013668967

26 ਜੀ ਐਸ ਟੀ ਆਈ ਐਨ: 03AAAC******1Z2, 03ARFP******1Z8 ਅਤੇ 03DEGP******1ZL

27 ਜੀ ਐਸ ਟੀ ਆਈ ਐਨ: 03COTP******2ZK ਅਤੇ 03AAOF******1ZN

28 ਜੀ ਐਸ ਟੀ ਆਈ ਐਨ: 03DEGP******1ZL: ₹ 30,75,838 ਅਤੇ 03AAAC******1Z2: ₹ 39,93,989

ਦੋ ਕਰਦਾਤਾਵਾਂ[29] ਨੂੰ ₹ 0.57 ਕਰੋੜ ਦਾ ਏ ਐਸ ਐਮ ਟੀ-10 ਅਤੇ ਇੱਕ ਕਰਦਾਤਾ[30] ਤੋਂ ₹ 0.04 ਕਰੋੜ ਦਾ ਸਪਸ਼ਟੀਕਰਨ ਮੰਗਿਆ ਗਿਆ ਹੈ।

ਉਪਰੋਕਤ ਤੋਂ ਇਲਾਵਾ, 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਗੈਰ-ਫਾਈਲਰ ਕਰਦਾਤਾਵਾਂ ਦੀ ਪਛਾਣ ਕਰਨ ਅਤੇ ਈ-ਵੇਅ ਬਿਲ ਬਣਾਉਣ ਤੋਂ ਰੋਕਣ ਵਿੱਚ ਪ੍ਰਣਾਲੀ ਦੀ ਅਸਮਰੱਥਾ ਬਾਰੇ ਚਰਚਾ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ, ਸਰਕਾਰ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.6 ਇੱਕੋ ਇਨਵੌਇਸ ਦੇ ਅਧਾਰ ਤੇ ਕਈ ਈ-ਵੇਅ ਬਿਲ ਤਿਆਰ ਕਰਨਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮ, 2017 ਦੇ ਨਿਯਮ 46 (ਬੀ) ਦੇ ਅਨੁਸਾਰ, ਰਜਿਸਟਰਡ ਵਿਅਕਤੀ ਦੁਆਰਾ ਇੱਕ ਕਰ ਇਨਵੌਇਸ ਜਾਰੀ ਕੀਤਾ ਜਾਵੇਗਾ ਜਿਸ ਵਿੱਚ ਲਗਾਤਾਰ ਲੜੀ ਨੰਬਰ ਹੋਵੇਗਾ, ਜੋ ਕਿ ਇੱਕ ਵਿੱਤੀ ਸਾਲ ਲਈ ਵਿਲੱਖਣ ਸੋਲਾਂ ਅੱਖਰਾਂ ਤੋਂ ਵੱਧ ਨਹੀਂ ਹੋਵੇਗਾ।

ਐਨ ਆਈ ਸੀ ਦੁਆਰਾ ਜਾਰੀ ਉਪਭੋਗਤਾ ਮੈਨੂਅਲ ਦੇ ਪੈਰ੍ਹਾ 5(1) ਦੇ ਅਨੁਸਾਰ, ਕਰਦਾਤਾ ਨੂੰ ਈ-ਵੇਅ ਬਿਲ ਤਿਆਰ ਕਰਦੇ ਸਮੇਂ ਕੰਸਾਇਨਮੈਂਟ ਨਾਲ ਸਬੰਧਤ ਵਿਲੱਖਣ ਦਸਤਾਵੇਜ਼ ਨੰਬਰ ਦਾਖਲ ਕਰਨਾ ਜ਼ਰੂਰੀ ਹੈ। ਇਨਵੌਇਸ ਨੰਬਰ ਸਪਲਾਈ ਨਾਲ ਸਬੰਧਤ ਕੰਸਾਇਨਮੈਂਟ ਦੇ ਸਬੰਧ ਵਿੱਚ ਦਸਤਾਵੇਜ਼ ਨੰਬਰ ਹੁੰਦਾ ਹੈ। ਇਸ ਲਈ, ਹਰੇਕ ਇਨਵੌਇਸ ਦੇ ਅਧਾਰ ਤੇ ਸਿਰਫ ਇੱਕ ਈ-ਵੇਅ ਬਿਲ ਤਿਆਰ ਕਰਨ ਦੀ ਲੋੜ ਹੁੰਦੀ ਹੈ।

35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਦੇ ਨਮੂਨਿਆਂ ਦੀ ਠੋਸ ਲੇਖਾ ਪ੍ਰੀਖਿਆ ਦੌਰਾਨ, 24 ਈ-ਵੇਅ ਬਿਲਾਂ ਵਿੱਚ ਇਹ ਵੇਖਿਆ ਗਿਆ ਸੀ (ਮਈ ਅਤੇ ਜੂਨ 2023) ਕਿ ਰਾਜ ਕਰ[31] ਦੇ ਛੇ ਸਹਾਇਕ ਕਮਿਸ਼ਨਰਾਂ ਦੇ ਅਧਿਕਾਰ ਖੇਤਰ ਅਧੀਨ ਸਬੰਧਤ ਨੌਂ ਕਰਦਾਤਾਵਾਂ ਨੇ 11 ਇਨਵੌਇਸ ਦੇ ਅਧਾਰ ਤੇ ₹ 5.13 ਕਰੋੜ ਦੇ ਮੁਲਾਂਕਣਯੋਗ ਮੁੱਲ ਅਤੇ ₹ 0.97 ਕਰੋੜ ਦੇ ਕਰ ਸਮੇਤ ਇਹ ਈ-ਵੇਅ ਬਿਲ ਤਿਆਰ ਕੀਤੇ (**ਅੰਤਿਕਾ** 3.4)। ਹਰੇਕ ਇਨਵੌਇਸ ਨੰਬਰ ਦੀ ਵਰਤੋਂ ਦੋ ਤੋਂ ਤਿੰਨ ਈ-ਵੇਅ ਬਿਲ ਬਣਾਉਣ ਲਈ ਕੀਤੀ ਗਈ ਸੀ। ਕਿਉਂਕਿ ਕਰਦਾਤਾਵਾਂ ਨੇ ਇੱਕੋ ਇਨਵੌਇਸ ਦੀ ਵਰਤੋਂ ਕਰਕੇ ਕਈ ਈ-ਵੇਅ ਬਿਲ ਤਿਆਰ ਕੀਤੇ ਸਨ, ਇਸ ਲਈ ਕਰਦਾਤਾਵਾਂ ਦੁਆਰਾ ਆਪਣੇ ਜੀ ਐਸ ਟੀ ਆਰ-1 ਰਿਟਰਨ ਵਿੱਚ ਬਾਹਰੀ ਸਪਲਾਈ ਦੀ ਅੰਡਰ-ਰਿਪੋਰਟਿੰਗ ਕਰਨ ਦਾ ਸੰਭਾਵਿਤ ਜੋਖਮ ਸੀ। ਇਹ ਵੀ ਦੇਖਿਆ ਗਿਆ ਕਿ ਸਬੰਧਤ ਕਰਦਾਤਾਵਾਂ ਨੇ ਜਾਂ ਤਾਂ ਕਿਸੇ ਕੰਸਾਇਨਮੈਂਟ ਦੀ ਰਿਪੋਰਟ ਨਹੀਂ ਕੀਤੀ ਜਾਂ ਆਪਣੇ ਜੀ ਐਸ ਟੀ ਆਰ-1 ਰਿਟਰਨ ਵਿੱਚ ਸਿਰਫ ਇੱਕ ਕੰਸਾਇਨਮੈਂਟ ਦੀ ਰਿਪੋਰਟ ਕੀਤੀ।

ਇੱਕੋ ਇਨਵੌਇਸ ਦੇ ਵਿਰੁੱਧ ਕਈ ਈ-ਵੇਅ ਬਿਲ ਤਿਆਰ ਕਰਨਾ ਈ-ਵੇਅ ਬਿਲ ਪ੍ਰਣਾਲੀ ਵਿੱਚ ਨਿਯੰਤਰਣ ਦੀ ਘਾਟ ਨੂੰ ਦਰਸਾਉਂਦਾ ਹੈ।

---

[29] ਜੀ ਐਸ ਟੀ ਆਈ ਐਨ: 03AAPF******1ZL: ₹ 10,000 ਅਤੇ 03IFHP******1Z5: ₹ 57,07,380

[30] ਜੀ ਐਸ ਟੀ ਆਈ ਐਨ: 03ASLP******1ZH: ₹ 3,96,804

[31] ਫਤਿਹਗੜ੍ਹ ਸਾਹਿਬ, ਜਲੰਧਰ-I, ਲੁਧਿਆਣਾ-I , ਲੁਧਿਆਣਾ-IV, ਪਟਿਆਲਾ ਅਤੇ ਐਸ ਏ ਐਸ ਨਗਰ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

> ਰਾਜ ਕਰ, ਲੁਧਿਆਣਾ-IV ਦੇ ਸਹਾਇਕ ਕਮਿਸ਼ਨਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03DEGP******1ZL ਵਾਲੇ ਇੱਕ ਕਰਦਾਤਾ ਨੇ ਸਤੰਬਰ 2018 ਵਿੱਚ ਲੜੀ ਸੰਖਿਆ 65 ਅਤੇ 114 ਵਾਲੇ ਦੋ ਇਨਵੌਇਸਾਂ ਦੇ ਬਦਲੇ ₹ 0.17 ਕਰੋੜ ਦੇ ਮੁਲਾਂਕਣਯੋਗ ਮੁੱਲ ਅਤੇ ₹ 0.01 ਕਰੋੜ[32] ਦੇ ਕਰ ਵਾਲੇ ਚਾਰ ਈ-ਵੇਅ ਬਿਲ[33] ਤਿਆਰ ਕੀਤੇ।
>
> ਜੀ ਐਸ ਟੀ ਐਨ ਪੋਰਟਲ ਦੇ ਡਾਟਾ ਦੀ ਹੋਰ ਜਾਂਚ ਤੋਂ ਪਤਾ ਲੱਗਿਆ ਕਿ ਸਤੰਬਰ 2018 ਦੇ ਇਸੇ ਮਹੀਨੇ ਲਈ ਜੀ ਐਸ ਟੀ ਆਰ-3ਬੀ ਰਿਟਰਨ ਕਰਦਾਤਾ ਦੁਆਰਾ ਦਾਖਲ ਨਹੀਂ ਕੀਤੀ ਗਈ ਸੀ, ਇਸ ਲਈ ਕੋਈ ਕਰ ਦੇਣਦਾਰੀ ਨਹੀਂ ਦਿੱਤੀ ਗਈ ਸੀ।
>
> ਧਿਆਨ ਵਿੱਚ ਲਿਆਂਦੇ ਜਾਣ ਤੇ (ਮਈ 2023), ਸਹਾਇਕ ਕਮਿਸ਼ਨਰ ਨੇ 21 ਦਸੰਬਰ 2023 ਨੂੰ 2018-19 ਦੀ ਮਿਆਦ ਲਈ ਕਰਦਾਤਾ ਨੂੰ ₹ 0.31 ਕਰੋੜ ਦੀ ਡੀ ਆਰ ਸੀ-01 ਜਾਰੀ ਕੀਤੀ।

ਉਪਰੋਕਤ ਦਰਸਾਏ ਗਏ ਇੱਕ ਤੋਂ ਇਲਾਵਾ ਅੱਠ ਕਰਦਾਤਾਵਾਂ ਵਿੱਚੋਂ, ਇੱਕ ਮਾਮਲੇ[34] ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਸੀ। ਇੱਕ ਕਰਦਾਤਾ[35] ਲਈ ਕੋਈ ਜਵਾਬ ਨਹੀਂ ਦਿੱਤਾ ਗਿਆ (ਅਕਤੂਬਰ 2024)। ਬਾਕੀ ਛੇ ਮਾਮਲਿਆਂ ਵਿੱਚ, ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ (ਜੂਨ ਅਤੇ ਜੁਲਾਈ 2023) ਕਿ ਇੱਕ ਕਰਦਾਤਾ[36] ਨੂੰ ₹ 1.31 ਕਰੋੜ ਦੀ ਡੀ ਆਰ ਸੀ-07, ਦੋ ਕਰਦਾਤਾਵਾ[37] ਨੂੰ ₹ 0.70 ਕਰੋੜ ਦੀ ਡੀ ਆਰ ਸੀ-01 ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 61 ਅਧੀਨ ਦੋ ਕਰਦਾਤਾਵਾਂ[38] ਨੂੰ ₹ 0.14 ਕਰੋੜ ਦਾ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਹੈ ਅਤੇ ਇੱਕ ਕਰਦਾਤਾ[39] ਤੋਂ ₹ 0.04 ਕਰੋੜ ਦਾ ਸਪਸ਼ਟੀਕਰਨ ਮੰਗਿਆ ਗਿਆ ਹੈ।

ਉਪਰੋਕਤ ਤੋਂ ਇਲਾਵਾ, 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਈ-ਵੇਅ ਬਿਲ ਪ੍ਰਣਾਲੀ ਵਿੱਚ ਪ੍ਰਮਾਣਿਕਤਾ ਨਿਯੰਤਰਣ ਦੀ ਅਣਹੋਂਦ ਬਾਰੇ ਚਰਚਾ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ, ਸਰਕਾਰ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.7 ਬਕਾਇਆ ਕਰ ਦੇਣਦਾਰੀ ਵਾਸਤੇ ਰੱਦ ਕੀਤੇ ਕਰਦਾਤਾਵਾਂ ਦਾ ਫਾਲੋ-ਅੱਪ ਨਾ ਕਰਨਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 45 ਅਨੁਸਾਰ, ਰੱਦ ਕੀਤੇ ਕਰਦਾਤਾ ਲਈ ਇਹ ਲਾਜ਼ਮੀ ਹੈ ਕਿ ਉਹ ਰੱਦ ਹੋਣ ਦੀ ਮਿਤੀ ਜਾਂ ਰੱਦ ਕਰਨ ਦਾ ਆਦੇਸ਼ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਮਿਆਦ ਦੇ ਅੰਦਰ ਜੋ ਵੀ ਬਾਅਦ ਵਿੱਚ ਹੋਵੇ ਫਾਰਮ ਜੀ ਐਸ ਟੀ ਆਰ-10 ਵਿੱਚ ਅੰਤਿਮ ਰਿਟਰਨ ਦਾਖਲ ਕਰੇ ਅਤੇ ਆਪਣੀਆਂ ਬਕਾਇਆ ਕਰ ਦੇਣਦਾਰੀਆਂ ਦਾ ਨਿਪਟਾਰਾ ਕਰੇ। ਜੇ ਰੱਦ ਕੀਤੇ ਕਰਦਾਤਾ ਨਿਰਧਾਰਤ ਮਿਆਦ ਦੇ ਅੰਦਰ ਅੰਤਿਮ ਰਿਟਰਨ ਜੀ ਐਸ ਟੀ ਆਰ-10 ਪੇਸ਼

---

32 ₹ 1,32,044 (ਦੋ ਈ-ਵੇਅ ਬਿਲਾਂ ਲਈ ₹ 26,506 ਪ੍ਰਤੀ ਈ-ਵੇਅ ਬਿਲ ਅਤੇ ਦੋ ਈ-ਵੇਅ ਬਿਲ ਲਈ ₹ 39,516 ਪ੍ਰਤੀ ਈ-ਵੇਅ ਬਿਲ)।

33 ਈ-ਵੇਅ ਬਿਲ: 371051267910, 381051268341, 341044828019 ਅਤੇ 361044826981

34 ਜੀ ਐਸ ਟੀ ਆਈ ਐਨ: 03AZWP******1ZU

35 ਜੀ ਐਸ ਟੀ ਆਈ ਐਨ: 03AAAC******1ZK

36 ਜੀ ਐਸ ਟੀ ਆਈ ਐਨ: 03ARFP******1Z8: ₹ 1,30, 68,502

37 ਜੀ ਐਸ ਟੀ ਆਈ ਐਨ: 03CLVP******1ZV: ₹ 68,51,767 ਅਤੇ 03AAAA******1ZG: ₹ 1,47,479

38 ਜੀ ਐਸ ਟੀ ਆਈ ਐਨ: 03AYVP******1Z0: ₹ 2,05,200 ਅਤੇ 03CLVP******1ZZ: ₹ 12,40,049

39 ਜੀ ਐਸ ਟੀ ਆਈ ਐਨ: 03ASLP******1ZH: ₹ 3,96,804

ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਐਕਟ ਦੀ ਧਾਰਾ 46 ਦੇ ਅਧੀਨ ਪਰੌਪਰ ਅਫਸਰ ਦੁਆਰਾ ਇੱਕ ਨੋਟਿਸ ਜਾਰੀ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਰੱਦ ਕੀਤੇ ਕਰਦਾਤਾ ਨੂੰ 15 ਦਿਨਾਂ ਦੇ ਅੰਦਰ ਆਪਣੀ ਜੀ ਐਸ ਟੀ ਆਰ-10 ਰਿਟਰਨ ਜਮ੍ਹਾਂ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ। ਜੇਕਰ ਰੱਦ ਕੀਤਾ ਕਰਦਾਤਾ ਨੋਟਿਸ ਦੇਣ ਤੋਂ ਬਾਅਦ ਵੀ ਆਪਣੀ ਜੀ ਐਸ ਟੀ ਆਰ-10 ਰਿਟਰਨ ਭਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਐਕਟ ਦੀ ਧਾਰਾ 62 ਅਧੀਨ ਪਰੌਪਰ ਅਫਸਰ ਨੂੰ ਅਧਿਕਾਰੀ ਦਿੱਤਾ ਜਾਂਦਾ ਹੈ ਕਿ ਉਹ ਉਪਲਬਧ ਸਾਰੀ ਸਬੰਧਤ ਸਮੱਗਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਅੱਗੇ ਵਧ ਸਕਦਾ ਹੈ ਜਾਂ ਜੋ ਉਸਨੇ ਇਕੱਤਰ ਕੀਤੀ ਹੈ ਅਤੇ ਵਿੱਤੀ ਸਾਲ ਲਈ ਸਲਾਨਾ ਰਿਟਰਨ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਮੁਲਾਂਕਣ ਆਦੇਸ਼ ਜਾਰੀ ਕਰ ਸਕਦਾ ਹੈ, ਜਿਸ ਨਾਲ ਸੰਬੰਧਿਤ ਕਰ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ। ਜੇ ਰੱਦ ਕੀਤਾ ਕਰਦਾਤਾ ਐਕਟ ਦੀ ਧਾਰਾ 62 ਅਧੀਨ ਮੁਲਾਂਕਣ ਆਦੇਸ਼ ਪਾਸ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਆਪਣੀਆਂ ਕਰ ਦੇਣਦਾਰੀਆਂ ਦਾ ਨਿਪਟਾਰਾ ਨਹੀਂ ਕਰਦਾ ਹੈ, ਤਾਂ ਪਰੌਪਰ ਅਫਸਰ ਐਕਟ ਦੀ ਧਾਰਾ 78 ਅਧੀਨ ਵਸੂਲੀ ਦੀ ਕਾਰਵਾਈ ਸ਼ੁਰੂ ਕਰੇਗਾ ਅਤੇ ਐਕਟ ਦੀ ਧਾਰਾ 79 ਅਧੀਨ ਨਿਰਧਾਰਤ ਇੱਕ ਜਾਂ ਵੱਧ ਤਰੀਕਿਆਂ ਨਾਲ ਬਕਾਇਆ ਕਰ ਦੀ ਵਸੂਲੀ ਕਰੇਗਾ।

35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਦੇ ਨਮੂਨਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਇਹ ਦੇਖਿਆ ਗਿਆ (ਮਈ ਤੋਂ ਅਗਸਤ 2023) ਕਿ ਜੂਨ 2018 ਅਤੇ ਮਈ 2022 ਦੇ ਵਿਚਕਾਰ 25 ਕਰਦਾਤਾਵਾਂ ਦੀ ਰਜਿਸਟ੍ਰੇਸ਼ਨ ਰੱਦ[40] ਕੀਤੀ ਗਈ ਸੀ। ਇਨ੍ਹਾਂ ਵਿੱਚੋਂ, ਇਕ ਕਰਦਾਤਾ[41] ਕੰਪੋਜ਼ਿਸ਼ਨ ਕਰਦਾਤਾ ਸੀ ਅਤੇ ਇਕ ਮਾਮਲੇ[42] ਵਿੱਚ ਵਿਭਾਗ ਨੇ 22 ਮਾਰਚ 2022 ਨੂੰ ਕਰਦਾਤਾ ਦੀ ਰਜਿਸਟ੍ਰੇਸ਼ਨ ਬਹਾਲ ਕਰ ਦਿੱਤੀ ਸੀ, ਇਸ ਲਈ ਇਨ੍ਹਾਂ ਦੋਵਾਂ ਕਰਦਾਤਾਵਾਂ ਨੂੰ ਜੀ ਐਸ ਟੀ ਆਰ-10 ਰਿਟਰਨ ਭਰਨ ਦੀ ਜ਼ਰੂਰਤ ਨਹੀਂ ਸੀ। ਬਾਕੀ 23 ਰੱਦ ਕੀਤੇ ਗਏ ਕਰਦਾਤਾਵਾਂ (**ਅੰਤਿਕਾ 3.5**), ਜਿਨ੍ਹਾਂ ਨੇ ਰਜਿਸਟ੍ਰੇਸ਼ਨ ਰੱਦ ਹੋਣ ਤੋਂ ਪਹਿਲਾਂ ₹ 17.13 ਕਰੋੜ ਦੇ ਮੁਲਾਂਕਣ ਮੁੱਲ ਦੇ 106 ਈ-ਵੇਅ ਬਿਲ ਤਿਆਰ ਕੀਤੇ ਸਨ, ਜਿਨ੍ਹਾਂ ਤੇ ₹ 2.37 ਕਰੋੜ ਦਾ ਕਰ ਪ੍ਰਭਾਵ ਪੈਂਦਾ ਸੀ, ਨੂੰ ਜੀ ਐਸ ਟੀ ਆਰ-10 ਰਿਟਰਨ ਭਰ ਕੇ ਆਪਣੀਆਂ ਅੰਤਿਮ ਕਰ ਦੇਣਦਾਰੀਆਂ ਦਾ ਨਿਪਟਾਰਾ ਕਰਨਾ ਸੀ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ (ਮਈ ਅਤੇ ਜੂਨ 2023) ਕਿ ਰਾਜ ਕਰ ਦੇ ਅੱਠ[43] ਸਹਾਇਕ ਕਮਿਸ਼ਨਰਾਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ 23 ਰੱਦ ਕੀਤੇ ਕਰਦਾਤਾਵਾਂ ਵਿੱਚੋਂ ਕਿਸੇ ਨੇ ਵੀ ਰਜਿਸਟ੍ਰੇਸ਼ਨ ਰੱਦ ਹੋਣ ਤੋਂ ਬਾਅਦ ਜੀ ਐਸ ਟੀ ਆਰ-10 ਰਿਟਰਨ ਦਾਖਲ ਨਹੀਂ ਕੀਤੀ ਸੀ। ਇਹ ਵੀ ਦੇਖਿਆ ਗਿਆ ਕਿ ਵਿਭਾਗ ਨੇ ਜਨਵਰੀ 2019 ਅਤੇ ਮਾਰਚ 2022 ਵਿਚਕਾਰ ਤਿੰਨ ਮਾਮਲਿਆਂ[44] ਵਿੱਚ ₹ 8.22 ਕਰੋੜ ਡੀ ਆਰ ਸੀ-01 ਜਾਰੀ ਕੀਤੀ ਅਤੇ ਤਿੰਨ ਮਾਮਲਿਆਂ[45] ਵਿੱਚ ₹ 22.82 ਕਰੋੜ ਦੀ ਡੀ ਆਰ ਸੀ-07 ਜਾਰੀ ਕੀਤੀ ਸੀ ਪਰ ਮੰਗ ਆਦੇਸ਼ ਜਾਰੀ ਹੋਣ ਦੇ

---

40 ਤਿੰਨ ਕਰਦਾਤਾਵਾਂ ਨੇ ਉਨ੍ਹਾਂ ਦੀਆਂ ਬੇਨਤੀਆਂ ਤੇ ਰੱਦ ਕਰ ਦਿੱਤਾ ਅਤੇ ਜੀ ਐਸ ਟੀ ਉਪਬੰਧਾਂ ਦੀ ਵੱਖ-ਵੱਖ ਉਲੰਘਣਾਵਾਂ ਕਾਰਨ ਵਿਭਾਗ ਦੁਆਰਾ 22 ਕਰਦਾਤਾਵਾਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ।

41 ਜੀ ਐਸ ਟੀ ਆਈ ਐਨ: 03CWOP******1Z0

42 ਜੀ ਐਸ ਟੀ ਆਈ ਐਨ: 03AAAA******1ZG

43 ਫਤਿਹਗੜ੍ਹ ਸਾਹਿਬ, ਜਲੰਧਰ-I, ਲੁਧਿਆਣਾ-I, ਲੁਧਿਆਣਾ-III, ਲੁਧਿਆਣਾਂ-IV, ਲੁਧਿਆਣਾ-V, ਪਟਿਆਲਾ ਅਤੇ ਐਸ ਏ ਐਸ ਨਗਰ।

44 ਜੀ ਐਸ ਟੀ ਆਈ ਐਨ: 03AAOF******1ZN: ₹ 0.69 ਕਰੋੜ, 03COTP******2ZK: ₹ 0.10 ਕਰੋੜ ਅਤੇ 03JDSP******1ZE: ₹ 7.43 ਕਰੋੜ

45 **ਲੁਧਿਆਣਾ-I** : ਜੀ ਐਸ ਟੀ ਆਈ ਐਨ: 03ANTP******1Z0, ਮੁਲਾਂਕਣ 2019-20, ਮੰਗ ₹ 1.14 ਕਰੋੜ।
ਜੀ ਐਸ ਟੀ ਆਈ ਐਨ: 03AGWP******1ZD, ਮੁਲਾਂਕਣ ਜੁਲਾਈ 2017 ਤੋਂ ਦਸੰਬਰ 2018, ਮੰਗ ₹ 16.58 ਕਰੋੜ।
**ਲੁਧਿਆਣਾ-IV:** ਜੀ ਐਸ ਟੀ ਆਈ ਐਨ: 03AZWP******1ZU, ਜੁਲਾਈ 2017 ਤੋਂ ਦਸੰਬਰ 2018, ਮੰਗ, ₹ 5.10 ਕਰੋੜ।

14 ਤੋਂ 52 ਮਹੀਨੇ ਬੀਤ ਜਾਣ ਦੇ ਬਾਵਜੂਦ ਲੇਖਾ ਪ੍ਰੀਖਿਆ ਦੀ ਮਿਤੀ (ਮਈ 2023) ਤੱਕ ਮੰਗ ਵਸੂਲੀ ਦੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਸੀ। ਬਾਕੀ 17 ਮਾਮਲਿਆਂ ਵਿੱਚ, ਜਿੱਥੇ ਰੱਦ ਕੀਤੇ ਕਰਦਾਤਾਵਾਂ ਨੇ ₹ 15.29 ਕਰੋੜ ਦੇ ਮੁਲਾਂਕਣਯੋਗ ਮੁੱਲ ਅਤੇ ₹ 2.25 ਕਰੋੜ ਦੇ ਕਰ ਵਾਲੇ 98 ਈ-ਵੇਅ ਬਿਲ ਤਿਆਰ ਕੀਤੇ ਸਨ, ਵਿਭਾਗ ਨੇ ਕਰਦਾਤਾਵਾਂ ਦੀਆਂ ਬਕਾਇਆ ਕਰ ਦੇਣਦਾਰੀਆਂ ਦਾ ਮੁਲਾਂਕਣ ਕਰਨ ਲਈ ਕਾਰਵਾਈ ਸ਼ੁਰੂ ਨਹੀਂ ਕੀਤੀ ਸੀ।

ਇਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

| |
|---|
| ਵਿਭਾਗ ਨੇ 17 ਫਰਵਰੀ 2018 ਤੋਂ ਪ੍ਰਭਾਵਸ਼ਾਲੀ ਇਨਪੁਟ ਟੈਕਸ ਕ੍ਰੈਡਿਟ ਦੇ ਗਲਤ ਕਲੇਮ ਅਤੇ ਜੀ ਐਸ ਟੀ ਰਿਟਰਨ ਨਾ ਭਰਨ ਕਾਰਨ 30 ਅਕਤੂਬਰ 2019 ਨੂੰ ਰਾਜ ਕਰ, ਫਤਿਹਗੜ੍ਹ ਸਾਹਿਬ ਦੇ ਸਹਾਇਕ ਕਮਿਸ਼ਨਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03ACYP******1ZC ਵਾਲੇ ਇੱਕ ਕਰਦਾਤਾ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਸੀ। ਜਿਵੇਂ ਕਿ 2 ਅਗਸਤ 2018 ਨੂੰ ਤਿਆਰ ਕੀਤੇ ਗਏ ਈ-ਵੇਅ ਬਿਲ 361035106665 ਤੋਂ ਪਤਾ ਲੱਗਦਾ ਹੈ, ਜਿਸ ਦਾ ਕਰਯੋਗ ਮੁੱਲ ₹ 0.05 ਕਰੋੜ ਹੈ, ਕਰਦਾਤਾ ਵਪਾਰਕ ਗਤੀਵਿਧੀਆਂ ਵਿੱਚ ਸ਼ਾਮਲ ਸੀ। ਹਾਲਾਂਕਿ, ਰਜਿਸਟ੍ਰੇਸ਼ਨ ਰੱਦ ਹੋਣ ਤੋਂ ਬਾਅਦ, ਨਾ ਤਾਂ ਕਰਦਾਤਾ ਨੇ ਅੰਤਿਮ ਜੀ ਐਸ ਟੀ ਆਰ-10 ਰਿਟਰਨ ਭਰੀ ਅਤੇ ਨਾ ਹੀ ਵਿਭਾਗ ਨੇ ਕਰਦਾਤਾ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਕੋਈ ਫਾਲੋ-ਅੱਪ ਕਾਰਵਾਈ ਸ਼ੁਰੂ ਕੀਤੀ।<br>ਧਿਆਨ ਵਿੱਚ ਲਿਆਂਦੇ ਜਾਣ ਤੇ (ਜੂਨ ਅਤੇ ਅਗਸਤ 2023), ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ (ਮਈ 2024) ਕਿ ਕਰਦਾਤਾ ਨੂੰ 19 ਅਪ੍ਰੈਲ 2024 ਨੂੰ ₹ 4.12 ਕਰੋੜ ਦੀ ਡੀ ਆਰ ਸੀ-07 ਜਾਰੀ ਕੀਤੀ ਗਈ ਹੈ। |

ਉਪਰੋਕਤ ਦਰਸਾਏ ਗਏ ਇੱਕ ਤੋਂ ਇਲਾਵਾ 16 ਕਰਦਾਤਾਵਾਂ ਵਿੱਚੋਂ, ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ (ਜੂਨ 2023 ਅਤੇ ਮਈ 2024 ਵਿਚਕਾਰ) ਕਿ ਦੋ ਕਰਦਾਤਾਵਾਂ[46] ਨੂੰ ₹ 1.77 ਕਰੋੜ ਦੀ ਡੀ ਆਰ ਸੀ-07, ਪੰਜ ਕਰਦਾਤਾਵਾਂ[47] ਨੂੰ ₹ 1.50 ਕਰੋੜ ਦੀ ਡੀ ਆਰ ਸੀ-01, ਇੱਕ ਕਰਦਾਤਾ[48] ਨੂੰ ₹ 0.07 ਕਰੋੜ ਦਾ ਏ ਐਸ ਐਮ ਟੀ-14, ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 61 ਅਧੀਨ ₹ 0.73 ਕਰੋੜ ਦਾ ਏ ਐਮ ਐਮ ਟੀ-10 ਪੰਜ ਕਰਦਾਤਾਵਾਂ[49] ਨੂੰ ਜਾਰੀ ਕੀਤਾ ਗਿਆ, ਇੱਕ ਕਰਦਾਤਾ[50] ਵਿਰੁੱਧ ₹ 0.09 ਕਰੋੜ ਦੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਦੋ ਕਰਦਾਤਾਵਾਂ[51] ਤੋਂ ₹ 0.52 ਕਰੋੜ ਦੇ ਸਪੱਸ਼ਟੀਕਰਨ ਮੰਗੇ ਗਏ ਹਨ।

ਤਿੰਨ ਕਰਦਾਤਾਵਾਂ ਦੇ ਮਾਮਲੇ ਵਿੱਚ ₹ 22.82 ਕਰੋੜ[52] ਦੀ ਵਸੂਲੀ ਦੀ ਕਾਰਵਾਈ ਵਿੱਚ ਦੇਰੀ ਬਾਰੇ, ਜਿਨ੍ਹਾਂ ਦਾ ਮੁਲਾਂਕਣ ₹ 22.99 ਕਰੋੜ ਦੀ ਮੰਗ ਨਾਲ ਕੀਤਾ ਗਿਆ ਸੀ, ਸਹਾਇਕ ਕਮਿਸ਼ਨਰਾਂ

---

46 ਜੀ ਐਸ ਟੀ ਆਈ ਐਨ: 03EQXP******1Z3: ₹ 45,99,460 ਅਤੇ 03ARFP******1Z8: ₹ 1,30,68,502

47 ਜੀ ਐਸ ਟੀ ਆਈ ਐਨ: 03BCCP******1ZP: ₹ 72,000, 03CLVP******1ZV: ₹ 68,51,767, 03DIRP******1Z6: ₹ 9,96,792, 03DEGP******1ZL: ₹ 30,75,838 ਅਤੇ 03AAAC******1Z2: ₹ 39,93,989

48 ਜੀ ਐਸ ਟੀ ਆਈ ਐਨ: 03AARF******1ZR: ₹ 7,19,310

49 ਜੀ ਐਸ ਟੀ ਆਈ ਐਨ: 03CLVP******1ZZ: ₹ 12,40,049, 03IFHP******1Z5: ₹ 57,07,380, 03ABYP******1ZL: ₹ 4,865, 03AAPF******1ZL: ₹ 10,000 ਅਤੇ 03BWIP******1ZH: ₹ 3,24,388

50 ਜੀ ਐਸ ਟੀ ਆਈ ਐਨ : 03ABKF******1Z0: ₹ 9,01,035

51 ਜੀ ਐਸ ਟੀ ਆਈ ਐਨ: 03ASLP******1ZH: ₹ 3,96,804 ਅਤੇ 03EVJP******1ZK: ₹ 48,46,326

52 ਜੀ ਐਸ ਟੀ ਆਈ ਐਨ: 03AZWP******1ZU: ₹ 5,10,07,156, 03ANTP******1Z0: ₹ 1,14,19,760 ਅਤੇ 03AGWP******1ZD: ₹ 16,57,95,668 (ਜੀ ਐਸ ਟੀ ਆਈ ਐਨ 03AGWP******1ZD ਦੇ ਵਿਰੁੱਧ 14 ਜਨਵਰੀ 2019 ਨੂੰ ₹ 16,75,58,158 ਦੀ ਮੰਗ ਵਿੱਚੋਂ ਲੇਖਾ ਪ੍ਰੀਖਿਆ ਤੋਂ ਪਹਿਲਾਂ ਹੀ ₹ 17,62,490 ਦੀ ਰਾਸ਼ੀ ਵਸੂਲੀ ਜਾ ਚੁੱਕੀ ਸੀ, ਇਸ ਲਈ ਬਕਾਇਆ ₹ 16,57,95,668 ਦੀ ਰਾਸ਼ੀ ਵਸੂਲਣ ਯੋਗ ਸੀ)

ਨੇ ਜਵਾਬ ਦਿੱਤਾ ਕਿ ਦੋ ਕਰਦਾਤਾਵਾਂ[53] ਵਿਰੁੱਧ ਕਰ ਦੇਣਦਾਰੀ ਦੀ ਵਸੂਲੀ ਪ੍ਰਕਿਰਿਆ ਅਧੀਨ ਸੀ। ਹਾਲਾਂਕਿ, ਇਨ੍ਹਾਂ ਮਾਮਲਿਆਂ ਵਿੱਚ ਸਹਾਇਕ ਕਮਿਸ਼ਨਰਾਂ ਦੁਆਰਾ ਕੀਤੀ ਗਈ ਵਸੂਲੀ ਕਾਰਵਾਈਆਂ ਕਿਸੇ ਵੀ ਸਬੂਤ ਦੁਆਰਾ ਸਮਰਥਤ ਨਹੀਂ ਸਨ।

### 3.10.1.8 ਜੋਖਮ ਭਰੇ ਵਾਹਨਾਂ ਦੀ ਵਰਤੋਂ ਕਰਕੇ ਈ-ਵੇਅ ਬਿਲ ਤਿਆਰ ਕਰਨਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮ, 2017 ਦੇ ਨਿਯਮ 138 (2) ਅਨੁਸਾਰ, ਜਿੱਥੇ ਰਜਿਸਟਡ ਵਿਅਕਤੀ ਦੁਆਰਾ ਵਸਤਾਂ ਦੀ ਢੋਆ-ਢੁਆਈ ਕੰਸਾਈਨਰ ਵਜੋਂ ਕੀਤੀ ਜਾਂਦੀ ਹੈ, ਚਾਹੇ ਉਹ ਆਪਣੇ ਵਾਹਨ ਰਾਹੀਂ ਹੋਵੇ ਜਾਂ ਕਿਰਾਏ ਦੇ ਵਾਹਨ ਰਾਹੀਂ ਜਾਂ ਜਨਤਕ ਵਾਹਨ ਰਾਹੀਂ, ਉਕਤ ਵਿਅਕਤੀ ਫਾਰਮ ਦੇ ਭਾਗ-ਅ ਵਿੱਚ ਜਾਣਕਾਰੀ ਦੇਣ ਤੋਂ ਬਾਅਦ ਸਾਂਝੇ ਪੋਰਟਲ ਤੇ ਇਲੈਕਟ੍ਰਾਨਿਕ ਤੌਰ ਤੇ ਫਾਰਮ ਜੀ ਐਸ ਟੀ-ਈ ਡਬਲਯੂ ਬੀ-01 ਦੇ ਰੂਪ ਵਿੱਚ ਈ-ਵੇਅ ਬਿਲ ਤਿਆਰ ਕਰੇਗਾ। ਜਿੱਥੇ ਸੜਕ ਰਾਹੀਂ ਆਵਾਜਾਈ ਲਈ ਮਾਲ ਟਰਾਂਸਪੋਰਟਰ ਨੂੰ ਸੌਂਪਿਆ ਜਾਂਦਾ ਹੈ, ਰਜਿਸਟਰਡ ਵਿਅਕਤੀ ਨੂੰ ਟਰਾਂਸਪੋਰਟਰ ਨਾਲ ਸਬੰਧਤ ਜਾਣਕਾਰੀ ਸਾਂਝੇ ਪੋਰਟਲ ਤੇ ਪੇਸ਼ ਕਰਨੀ ਹੋਵੇਗੀ ਅਤੇ ਟਰਾਂਸਪੋਰਟਰ ਦੁਆਰਾ ਫਾਰਮ ਜੀ ਐਸ ਟੀ-ਈ ਡਬਲਯੂ ਬੀ-01 ਦੇ ਭਾਗ-ੳ ਵਿੱਚ ਰਜਿਸਟਰਡ ਵਿਅਕਤੀ ਦੁਆਰਾ ਵਿੱਤੀ ਜਾਣਕਾਰੀ ਦੇ ਅਧਾਰ ਤੇ ਉਕਤ ਪੋਰਟਲ ਤੇ ਈ-ਵੇਅ ਬਿਲ ਤਿਆਰ ਕੀਤਾ ਜਾਵੇਗਾ। ਵਾਹਨ ਨੰਬਰ ਫਾਰਮ ਦੇ ਭਾਗ-ਅ ਵਿੱਚ ਪ੍ਰਦਾਨ ਕਰਨਾ ਜ਼ਰੂਰੀ ਹੈ।

ਲੇਖਾ ਪ੍ਰੀਖਿਆ ਵਿੱਚ 35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਵਿੱਚ ਸ਼ਾਮਲ ਵਾਹਨਾਂ ਦੇ ਵਾਹਨ ਡਾਟਾ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਜੋ ਚੋਰੀ ਕੀਤੇ ਵਾਹਨਾਂ, ਸਕ੍ਰੈਪ, ਸਪੁਰਦ, ਰੱਦ ਅਤੇ ਮੁਅੱਤਲ ਵਾਹਨਾਂ, ਦੋ ਪਹੀਆ ਵਾਹਨਾਂ, ਰਾਜਾਂ ਵਿੱਚ ਇੱਕੋ ਦਿਨ ਇੱਕੋ ਵਾਹਨ ਦੀ ਵਰਤੋਂ ਕਰਕੇ ਕਈ ਈ-ਵੇਅ ਬਿਲ ਆਦਿ ਦੀ ਵਰਤੋਂ ਵਰਗੇ ਜੋਖਮ ਭਰੇ ਲੈਣ-ਦੇਣ ਦੀ ਪਛਾਣ ਕੀਤੀ ਜਾ ਸਕੇ। ਲੇਖਾ ਪ੍ਰੀਖਿਆ ਵਿਸ਼ਲੇਸ਼ਣ (ਮਈ ਤੋਂ ਜੁਲਾਈ 2023) ਤੋਂ ਪਤਾ ਲੱਗਿਆ ਹੈ ਕਿ ਨੌਂ ਕਰਦਾਤਾਵਾਂ ਨਾਲ ਸਬੰਧਤ 10 ਈ-ਵੇਅ ਬਿਲ ਵਿੱਚ ਜੋਖਮ ਭਰੀ ਸ਼੍ਰੇਣੀ ਦੇ ਵਾਹਨ ਨੰਬਰਾਂ ਦੀ ਵਰਤੋਂ ਕੀਤੀ ਗਈ ਸੀ ਜਿਵੇਂ ਕਿ **ਸਾਰਣੀ** 3.6 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 3.6: ਜੋਖਮ ਭਰੇ ਵਾਹਨਾਂ ਦੀ ਵਰਤੋਂ ਕਰਨ ਵਾਲੇ ਈ-ਵੇਅ ਬਿਲਾਂ ਦਾ ਵੇਰਵਾ**

| ਲੜੀ ਨੰ. | ਜੋਖਮ ਭਰੇ ਵਾਹਨ ਦੀ ਕਿਸਮ | ਏ ਸੀ ਐਸ ਟੀ | ਈ-ਵੇਅ ਬਿਲ ਸੰਖਿਆ | ਕਰਦਾਤਾਵਾਂ ਦਾ ਜੀ ਐਸ ਟੀ ਆਈ ਐਨ |
|---|---|---|---|---|
| 1. | ਦੋ ਪਹੀਆ ਵਾਹਨਾਂ ਦੀ ਵਰਤੋਂ ਨਾਲ ਤਿਆਰ ਕੀਤੇ ਗਏ ਈ-ਵੇਅ ਬਿਲ | ਲੁਧਿਆਣਾ-IV | 391133318851 | 03ABKF******1Z0 |
| | | | 381108606311 | |
| 2. | ਈ-ਵੇਅ ਬਿਲਾਂ ਵਿੱਚ ਜ਼ਿਕਰ ਕੀਤੇ ਗਏ ਚੋਰੀ ਹੋਏ ਵਾਹਨ | ਅੰਮ੍ਰਿਤਸਰ-II | 371079020746 | 03AJMP******2ZS |
| | | ਐਸ ਏ ਐਸ ਨਗਰ | 321315348802 | 03AABC******1ZU |
| 3. | ਈ-ਵੇਅ ਬਿਲਾਂ ਵਿੱਚ ਜ਼ਿਕਰ ਕੀਤੇ ਗਏ ਸਕ੍ਰੈਪਡ ਵਾਹਨ | ਫਤਿਹਗੜ੍ਹ ਸਾਹਿਬ | 361413331722 | 03ANIP******1ZO |
| | | ਲੁਧਿਆਣਾ-V | 341064425395 | 03ACNP******1ZP |
| 4. | ਈ-ਵੇਅ ਬਿਲਾਂ ਵਿੱਚ ਜ਼ਿਕਰ ਕੀਤੇ ਗਏ ਸਪੁਰਦ ਕੀਤੇ ਵਾਹਨ | ਫਤਿਹਗੜ੍ਹ ਸਾਹਿਬ | 391058595977 | 03BCCP******1ZP |
| | | ਲੁਧਿਆਣਾ-I | 301034105467 | 03AGWP******1ZD |
| 5. | ਈ-ਵੇਅ ਬਿਲਾਂ ਵਿੱਚ ਜ਼ਿਕਰ ਕੀਤੇ ਗਏ ਵਾਹਨਾਂ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਹੈ | ਫਤਿਹਗੜ੍ਹ ਸਾਹਿਬ | 361035106665 | 03ACYP******1ZC |
| | | ਪਟਿਆਲਾ | 361013706940 | 03BWIP******1ZH |

53 ਜੀ ਐਸ ਟੀ ਆਈ ਐਨ: 03ANTP******1Z0 ਅਤੇ 03AGWP******1ZD

ਚੋਰੀ ਹੋਏ, ਸਕ੍ਰੈਪ ਕੀਤੇ, ਸਪੁਰਦ ਕੀਤੇ, ਰੱਦ ਜਾਂ ਮੁਅੱਤਲ ਕੀਤੇ ਵਾਹਨਾਂ ਦੀ ਵਰਤੋਂ ਨਾਲ ਈ-ਵੇਅ ਬਿਲ ਤਿਆਰ ਕਰਨਾ ਈ-ਵੇਅ ਬਿਲ ਪ੍ਰਣਾਲੀ ਦੁਆਰਾ ਵਾਹਨ ਡਾਟਾ ਦੀ ਅਕੁਸ਼ਲ ਵਰਤੋਂ ਨੂੰ ਦਰਸਾਉਂਦੀ ਹੈ ਕਿਉਂਕਿ ਇਸ ਨੇ ਵਾਹਨ ਡਾਟਾ ਵਿੱਚ ਵਾਹਨ ਦੀ ਸਥਿਤੀ ਉਪਲਬਧ ਹੋਣ ਦੇ ਬਾਵਜੂਦ ਜੋਖਮ ਭਰੇ ਵਾਹਨਾਂ ਦੀ ਵਰਤੋਂ ਕਰਕੇ ਈ-ਵੇਅ ਬਿਲਾਂ ਨੂੰ ਬਣਾਉਣ ਦੀ ਮੰਨਜ਼ੂਰੀ ਦਿੱਤੀ।

ਲੇਖਾ ਪ੍ਰੀਖਿਆ ਨੇ ਇਹ ਵੀ ਦੇਖਿਆ ਕਿ 10 ਈ-ਵੇਅ ਬਿਲਾਂ ਵਿੱਚੋਂ, ਲੜੀ ਨੰਬਰ 1 ਤੋਂ 4 ਸਾਰਣੀਬੱਧ ਅੱਠ ਈ-ਵੇਅ ਬਿਲਾਂ ਵਿੱਚ ਆਉਟਪੁੱਟ ਕਰ ਦਾ ਭੁਗਤਾਨ ਸਬੰਧਤ ਕਰਦਾਤਾਵਾਂ ਨੇ ਕੀਤਾ ਸੀ। ਹਾਲਾਂਕਿ, ਵਿਭਾਗ ਵੱਲੋਂ ਇਨ੍ਹਾਂ ਈ-ਵੇਅ ਬਿਲਾਂ ਵਿੱਚ ਸ਼ਾਮਲ ਕੰਸਾਇਨਮੈਂਟ ਦੀ ਆਵਾਜਾਈ ਦਾ ਸਬੂਤ ਨਹੀਂ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, 361013706940 ਈ-ਵੇਅ ਬਿਲ ਵਿੱਚ ਸ਼ਾਮਲ ₹ 0.03 ਕਰੋੜ ਦੇ ਮੁਲਾਂਕਣਯੋਗ ਮੁੱਲ ਤੇ ਆਉਟਪੁੱਟ ਕਰ, ਜੋ ਉਪਰੋਕਤ ਲੜੀ ਸੰਖਿਆ 5 ਤੇ ਸਾਰਣੀਬੱਧ ਕੀਤਾ ਗਿਆ, ਕਰਦਾਤਾ ਦੁਆਰਾ ਅਦਾ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਵਿਭਾਗ ਉਪਰੋਕਤ ਗਲਤੀਆਂ ਦੀ ਪਛਾਣ ਨਹੀਂ ਕਰ ਸਕਿਆ ਅਤੇ ਸੁਧਾਰਾਤਮਕ ਕਾਰਵਾਈ ਨਹੀਂ ਕਰ ਸਕਿਆ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਸਹਾਇਕ ਕਮਿਸ਼ਨਰ ਰਾਜ ਕਰ, ਪਟਿਆਲਾ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03BWIP******1ZH ਵਾਲੇ ਇੱਕ ਕਰਦਾਤਾ ਨੇ 10 ਮਈ 2018 ਨੂੰ ਅੰਤਰ-ਰਾਜੀ ਈ-ਵੇਅ ਬਿਲ 361013706940 ਤਿਆਰ ਕੀਤਾ ਜਿਸ ਵਿੱਚ ₹ 0.03 ਕਰੋੜ ਦਾ ਮੁਲਾਂਕਣਯੋਗ ਮੁੱਲ ਅਤੇ ₹ 46,710 ਦਾ ਆਈ ਜੀ ਐਸ ਟੀ ਸ਼ਾਮਲ ਹੈ। ਡਾਟਾ ਅਨੁਸਾਰ, ਵਾਹਨ ਨੰਬਰ UP**T-2**5 ਰਾਹੀਂ ਪੰਜਾਬ ਤੋਂ ਉੱਤਰ ਪ੍ਰਦੇਸ਼ ਨੂੰ ਸਪਲਾਈ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਵਾਹਨ ਡੇਟਾ ਦਾ ਵਿਸ਼ਲੇਸ਼ਣ ਕੀਤਾ ਅਤੇ ਪਾਇਆ ਕਿ ਈ-ਵੇਅ ਬਿਲ ਵਿੱਚ ਸਪਲਾਈ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਵਾਹਨ ਨੂੰ ਪਹਿਲਾਂ ਹੀ 23 ਦਸੰਬਰ 2017 ਨੂੰ ਸਕਰੈੱਪ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਜੀ ਐਸ ਟੀ ਐਨ ਪੋਰਟਲ ਤੋਂ ਮਈ 2018 ਦੇ ਸਬੰਧਤ ਮਹੀਨੇ ਦੇ ਡਾਟਾ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਕਰਦਾਤਾ ਨੇ ਜੀ ਐਸ ਟੀ ਆਰ-1 ਰਿਟਰਨ ਦਾਖਲ ਨਹੀਂ ਕੀਤੀ ਸੀ ਅਤੇ ਇਸ ਮਹੀਨੇ ਲਈ ਨਿਲ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਕੀਤੀ ਗਈ, ਇਸ ਲਈ ਕੋਈ ਕਰ ਅਦਾ ਨਹੀਂ ਕੀਤਾ ਗਿਆ ਸੀ।

ਦੱਸੇ ਜਾਣ ਤੇ (ਮਈ 2023), ਸਹਾਇਕ ਕਮਿਸ਼ਨਰ ਨੇ ਕਰਦਾਤਾ ਨੂੰ ₹ 0.03 ਕਰੋੜ ਲਈ ਏ ਐਸ ਐਮ ਟੀ-10 ਜਾਰੀ ਕੀਤਾ (ਜੂਨ 2023)।

ਉੱਪਰ ਦਰਸਾਏ ਗਏ, ਇੱਕ ਤੋਂ ਇਲਾਵਾ, ਅੱਠ ਕਰਦਾਤਾਵਾਂ ਵਿੱਚੋਂ, ਇੱਕ ਮਾਮਲੇ[54] ਵਿੱਚ ਵਿਭਾਗ ਦੁਆਰਾ ਕਾਰਵਾਈ ਪਹਿਲਾਂ ਈ ਸ਼ੁਰੂ ਕੀਤੀ ਗਈ ਸੀ। ਤਿੰਨ ਮਾਮਲਿਆਂ[55] ਵਿੱਚ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਬਾਕੀ ਚਾਰ ਮਾਮਲਿਆਂ ਵਿੱਚ, ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ (ਜੂਨ 2023 ਅਤੇ ਮਈ 2024) ਕਿ ਇੱਕ ਕਰਦਾਤਾ[56] ਨੂੰ ₹ 4.12 ਕਰੋੜ ਲਈ ਡੀ ਆਰ ਸੀ-07, ਦੋ ਕਰਦਾਤਾਵਾਂ[57] ਨੂੰ ₹ 0.02 ਕਰੋੜ ਲਈ ਡੀ ਆਰ ਸੀ-01 ਜਾਰੀ ਕੀਤਾ ਗਿਆ ਹੈ ਅਤੇ ਇੱਕ ਕਰਦਾਤਾ[58] ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ਹੈ।

---

54 ਜੀ ਐਸ ਟੀ ਆਈ ਐਨ: 03AGWP******1ZD

55 ਜੀ ਐਸ ਟੀ ਆਈ ਐਨ: 03AJMP******2ZS, 03AABC******1ZU ਅਤੇ 03ACNP******1ZP

56 ਜੀ ਐਸ ਟੀ ਆਈ ਐਨ: 03ACYP******1ZC: ₹ 4,11,98,857

57 ਜੀ ਐਸ ਟੀ ਆਈ ਐਨ: 03ANIP******1ZO : ₹ 1,40,940 ਅਤੇ 03BCCP******1ZP: ₹ 72,000

58 ਜੀ ਐਸ ਟੀ ਆਈ ਐਨ: 03ABKF******1Z0

6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਪ੍ਰਣਾਲੀ ਦੀ ਕਮੀ ਬਾਰੇ ਚਰਚਾ ਕੀਤੀ ਗਈ ਸੀ। ਜਵਾਬ ਵਿੱਚ, ਸਰਕਾਰ ਨੇ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.9 ਕਰ ਇਨਵੌਇਸ ਸ਼੍ਰੇਣੀ ਦੇ ਅਧੀਨ ਅਤੇ ਕਰਾਂ ਦੀਆਂ ਲਾਗੂ ਨਾ ਹੋਣ ਵਾਲੀਆਂ ਦਰਾਂ ਦੇ ਨਾਲ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਈ-ਵੇਅ ਬਿਲਾਂ ਦਾ ਬਣਾਉਣਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 10 ਦੇ ਅਨੁਸਾਰ, ਇੱਕ ਰਜਿਸਟਰਡ ਵਿਅਕਤੀ ਜਿਸਦਾ ਪਿਛਲੇ ਵਿੱਤੀ ਸਾਲ ਵਿੱਚ ਟਰਨਓਵਰ ₹ ਇੱਕ ਕਰੋੜ ਪੰਜ੍ਹਾ ਲੱਖ ਤੋਂ ਵੱਧ ਨਹੀਂ ਸੀ, ਹੇਠਾਂ ਦਿੱਤੇ ਅਨੁਸਾਰ ਕਰ ਦੀ ਨਿਯਮਤ ਦਰ ਦੀ ਬਜਾਏ ਕੰਪੋਜ਼ਿਸ਼ਨ ਲੇਵੀ ਦਾ ਭੁਗਤਾਨ ਕਰਨ ਦੀ ਚੋਣ ਕਰ ਸਕਦਾ ਹੈ:

(ੳ) ਇੱਕ ਨਿਰਮਾਤਾ ਦੇ ਮਾਮਲੇ ਵਿੱਚ ਰਾਜ ਵਿੱਚ ਟਰਨਓਵਰ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਟਰਨਓਵਰ ਦਾ ਦੋ *ਪ੍ਰਤੀਸ਼ਤ* (ਇੱਕ *ਪ੍ਰਤੀਸ਼ਤ* ਸੀ ਜੀ ਐਸ ਟੀ *ਪਲੱਸ* ਇੱਕ *ਪ੍ਰਤੀਸ਼ਤ* ਐਸ ਜੀ ਐਸ ਟੀ)।

(ਅ) ਅਨੁਸੂਚੀ II ਦੇ ਪੈਰ੍ਹਾ 6 ਦੀ ਕਲਾਜ (ਬੀ) ਵਿੱਚ ਦਰਸਾਏ ਗਏ ਸਪਲਾਈ ਬਣਾਉਣ ਵਿੱਚ ਲੱਗੇ ਵਿਅਕਤੀਆਂ ਦੇ ਮਾਮਲੇ ਵਿੱਚ ਰਾਜ ਵਿੱਚ ਟਰਨਓਵਰ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਟਰਨਓਵਰ ਦਾ ਪੰਜ ਪ੍ਰਤੀਸ਼ਤ (2.5 *ਪ੍ਰਤੀਸ਼ਤ* ਸੀ ਜੀ ਐਸ ਟੀ ਅਤੇ 2.5 *ਪ੍ਰਤੀਸ਼ਤ* ਐਸ ਜੀ ਐਸ ਟੀ)।

(ੲ) ਹੋਰ ਸਪਲਾਇਰਾਂ ਦੇ ਮਾਮਲੇ ਵਿੱਚ ਰਾਜ ਵਿੱਚ ਟਰਨਓਵਰ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਟਰਨਓਵਰ ਦਾ ਇੱਕ *ਪ੍ਰਤੀਸ਼ਤ* (0.5 *ਪ੍ਰਤੀਸ਼ਤ* ਸੀ ਜੀ ਐਸ ਟੀ ਅਤੇ 0.5 *ਪ੍ਰਤੀਸ਼ਤ* ਸੀ ਜੀ ਐਸ ਟੀ)।

ਈ-ਵੇਅ ਬਿਲ ਪ੍ਰਣਾਲੀ ਨੂੰ 1 ਅਪ੍ਰੈਲ 2018 ਤੋਂ ਸਰਕਾਰ ਦੇ ਰੈਵੀਨਿਊ ਨੂੰ ਸੁਰੱਖਿਅਤ ਕਰਨ ਦੇ ਇਰਾਦੇ ਨਾਲ ਲਾਗੂ ਕੀਤਾ ਗਿਆ ਸੀ। ਇਸ ਦੇ ਨਾਲ ਹੀ, ਕਿਸੇ ਵੀ ਸੂਚਨਾ ਤਕਨਾਲੋਜੀ ਪ੍ਰਣਾਲੀ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਐਕਟ/ਨਿਯਮਾਂ ਦੇ ਉਪਬੰਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਜਿਸ ਲਈ ਇਹ ਤੈਨਾਤ ਕੀਤਾ ਗਿਆ ਹੈ। ਅਜਿਹੀਆਂ ਪ੍ਰਣਾਲੀਆਂ ਦੁਆਰਾ ਕੈਪਚਰ ਕੀਤੇ ਗਏ ਡਾਟਾ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਉਚਿਤ ਪ੍ਰਮਾਣਿਕਤਾ ਜਾਂਚਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਪੈਦਾ ਕੀਤੀ ਗਈ ਆਉਟਪੁੱਟ ਜਾਣਕਾਰੀ ਐਕਟ/ਨਿਯਮਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਹੋਵੇ। ਇਸ ਤੋਂ ਇਲਾਵਾ, ਠੀਕ ਅਤੇ ਸ਼ੁੱਧ ਜਾਣਕਾਰੀ ਦੀ ਉਪਲਬਧਤਾ ਕਿਸੇ ਵੀ ਪ੍ਰਬੰਧਨ ਲਈ ਚੰਗੇ ਫੈਸਲੇ ਲੈਣ ਦੀ ਕੁੰਜੀ ਹੈ।

120 ਈ-ਵੇਅ ਬਿਲਾਂ ਦੇ ਕੁੱਲ ਨਮੂਨੇ ਵਿੱਚੋਂ, ਚਾਰ ਈ-ਵੇਅ ਬਿਲ ਤਿੰਨ ਕੰਪੋਜ਼ਿਸ਼ਨ ਕਰਦਾਤਾਵਾਂ ਦੇ ਸਨ। ਇਹਨਾਂ ਈ-ਵੇਅ ਬਿਲਾਂ ਦੀ ਜਾਂਚ ਦੌਰਾਨ, ਲੇਖਾ ਪ੍ਰੀਖਿਆ ਨੇ ਵੇਖਿਆ (ਦਸੰਬਰ 2023) ਕਿ ਕੰਪੋਜ਼ਿਸ਼ਨ ਕਰਦਾਤਾ ਕਰ ਇਨਵੌਇਸ ਸ਼੍ਰੇਣੀ ਦੇ ਅਧੀਨ ਈ-ਵੇਅ ਬਿਲ ਤਿਆਰ ਕਰਨ ਦੇ ਕਾਬਲ ਸਨ, ਜਦੋਂ ਕਿ ਕੰਪੋਜ਼ਿਸ਼ਨ ਕਰਦਾਤਾਵਾਂ ਨੂੰ ਸਪਲਾਈ ਦੇ ਬਿਲ ਦੀ ਸ਼੍ਰੇਣੀ ਦੇ ਅਧੀਨ ਈ-ਵੇਅ ਬਿਲ ਤਿਆਰ ਕਰਨੇ ਸਨ। ਈ-ਵੇਅ ਬਿਲ ਪ੍ਰਣਾਲੀ ਨੇ ਕਰ ਇਨਵੌਇਸ ਸ਼੍ਰੇਣੀ ਦੇ ਅਧੀਨ ਕਰਦਾਤਾਵਾਂ ਦੀ ਸਥਿਤੀ ਨੂੰ ਪ੍ਰਮਾਣਿਤ ਕੀਤੇ ਬਿਨਾਂ ਸਧਾਰਨ ਕਰਦਾਤਿਆਂ ਵਾਂਗ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ

ਈ-ਵੇਅ ਬਿਲ ਬਣਾਉਣ ਦੀਆਂ ਮੰਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ, ਈ-ਵੇਅ ਬਿਲ ਪ੍ਰਣਾਲੀ ਨੇ ਸਧਾਰਨ ਕਰਦਾਤਾਵਾਂ ਤੇ ਲਾਗੂ ਉੱਚ ਕਰ ਦਰਾਂ ਦੀ ਚੋਣ ਦੀ ਇਜਾਜ਼ਤ ਦਿੱਤੀ, ਭਾਵੇਂ ਕਿ ਕੰਪੋਜ਼ਿਸ਼ਨ ਕਰਦਾਤਾ ਨੇ ਸਪਲਾਈ ਦਾ ਬਿਲ ਸ਼੍ਰੇਣੀ ਦੀ ਚੋਣ ਕੀਤੀ ਹੋਵੇ। ਕਰ ਦੀ ਸਧਾਰਨ ਦਰ ਦੇ ਨਾਲ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਤਿਆਰ ਕੀਤੇ ਗਏ ਈ-ਵੇਅ ਬਿਲ ਦੇ ਵੇਰਵੇ **ਸਾਰਣੀ** 3.7 ਵਿੱਚ ਦਿੱਤੇ ਗਏ ਹਨ।

**ਸਾਰਣੀ 3.7: ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਤਿਆਰ ਕੀਤੇ ਗਏ ਈ-ਵੇਅ ਬਿਲ ਦੇ ਵੇਰਵੇ**

| ਕਰਦਾਤਾ ਦਾ ਜੀ ਐਸ ਟੀ ਆਈ ਐਨ | ਈ-ਵੇਅ ਬਿਲ ਨੰਬਰ | ਚੁਣੀ ਗਈ ਸ਼੍ਰੇਣੀ | ਈ-ਵੇਅ ਬਿਲ ਦੇ ਅਨੁਸਾਰ ਕਰ ਦੀ ਦਰ | |
|---|---|---|---|---|
| 03APAP******1ZR | 301051939597 | ਕਰ ਇਨਵਾਇਸ | 6% (ਸੀ ਜੀ ਐਸ ਟੀ) | 6% (ਐਸ ਜੀ ਐਸ ਟੀ) |
| | 301052096862 | ਸਪਲਾਈ ਦਾ ਬਿਲ | 6% (ਸੀ ਜੀ ਐਸ ਟੀ) | 6% (ਐਸ ਜੀ ਐਸ ਟੀ) |
| 03CWOP******1Z0 | 341078493247 | ਕਰ ਇਨਵਾਇਸ | 18% (ਆਈ ਜੀ ਐਸ ਟੀ) | |
| 03AJPP******1ZP | 731069721514 | ਕਰ ਇਨਵਾਇਸ | 12% (ਆਈ ਜੀ ਐਸ ਟੀ) | |

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਈ-ਵੇਅ ਪ੍ਰਣਾਲੀ ਨੂੰ ਸਪਲਾਈ ਦੇ ਬਿਲ ਦੀ ਚੋਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ, ਕਰਦਾਤਾ ਦੀ ਸਥਿਤੀ ਨੂੰ ਪ੍ਰਮਾਣਿਤ ਕਰਨਾ ਚਾਹੀਦਾ ਹੈ, ਭਾਵੇਂ ਉਹ ਕੰਪੋਜ਼ਿਸ਼ਨ ਕਰਦਾਤਾ ਹੈ ਜਾਂ ਸਧਾਰਨ ਕਰਦਾਤਾ। ਈ-ਵੇਅ ਬਿਲ ਵਿੱਚ ਕਰਾਂ ਦੀਆਂ ਹੋਰ ਦਰਾਂ ਸਪਲਾਈ ਦੇ ਬਿਲ ਦੀ ਸ਼੍ਰੇਣੀ ਦੇ ਅਧੀਨ ਕੰਪੋਜ਼ਿਸ਼ਨ ਕਰਦਾਤਾਵਾਂ ਤੇ ਲਾਗੂ ਕਰਾਂ ਦੀਆਂ ਦਰਾਂ ਤੱਕ ਸੀਮਤ ਹੋਣੀਆਂ ਚਾਹੀਦੀਆਂ ਹਨ। ਹਾਲਾਂਕਿ, ਈ-ਵੇਅ ਬਿਲ ਪ੍ਰਮਾਣਿਕਤਾ ਜਾਂਚਾਂ ਵਿੱਚ ਕਮੀ ਸੀ ਅਤੇ ਕੰਪੋਜ਼ਿਸ਼ਨ ਕਰਦਾਤਾਵਾਂ ਨੂੰ 'ਕਰ ਇਨਵੌਇਸ' ਸ਼੍ਰੇਣੀ ਦੇ ਅਧੀਨ ਅਤੇ ਕਰਾਂ ਦੀਆਂ ਲਾਗੂ ਹੋਣ ਵਾਲੀਆਂ ਦਰਾਂ ਦੇ ਨਾਲ ਈ-ਵੇਅ ਬਿਲ ਤਿਆਰ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਪ੍ਰਣਾਲੀ ਦੀ ਕਮੀ ਬਾਰੇ ਚਰਚਾ ਕੀਤੀ ਗਈ ਸੀ। ਜਵਾਬ ਵਿੱਚ, ਸਰਕਾਰ ਨੇ ਮਾਮਲੇ ਦੀ ਜਾਂਚ ਕਰਨ ਅਤੇ ਸਰਕਾਰੀ ਰੈਵੀਨਿਊ ਦੀ ਸੁਰੱਖਿਆ ਲਈ ਪ੍ਰਣਾਲੀ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ (ਮਈ 2024)।

### 3.10.1.10 ਬਾਹਰੀ ਸਪਲਾਈਆਂ ਅੰਦਰੂਨੀ ਸਪਲਾਈ ਦੇ ਬਿਨਾਂ ਜਾਂ ਅਨੁਪਾਤ ਤੋਂ ਬਾਹਰ (ਜਿਵੇਂ ਕਿ ਜੀ ਐਸ ਟੀ ਆਰ 2 ਏ ਰਿਟਰਨਾਂ ਤੋਂ ਵੇਖਿਆ ਗਿਆ ਹੈ)

ਪੰਜਾਬ ਵਸਤਾਂ ਅਤੇ ਸੇਵਾਵਾਂ ਐਕਟ, 2017 ਦੀ ਧਾਰਾ 37 ਦੇ ਅਨੁਸਾਰ, ਇਨਪੁਟ ਸੇਵਾ ਵਿਤਰਕ, ਇੱਕ ਗੈਰ-ਨਿਵਾਸੀ ਕਰਯੋਗ ਵਿਅਕਤੀ ਅਤੇ ਇੱਕ ਕੰਪੋਜ਼ਿਸ਼ਨ ਕਰਦਾਤਾ ਜਾਂ ਸਰੋਤ ਤੇ ਕਰ ਕੱਟਣ ਵਾਲੇ ਕਰਦਾਤਾ ਜਾਂ ਸਰੋਤ ਤੇ ਕਰ ਇਕੱਠਾ ਕਰਨ ਵਾਲੇ ਕਰਦਾਤਾ ਤੋਂ ਇਲਾਵਾ ਹਰੇਕ ਰਜਿਸਟਰਡ ਵਿਅਕਤੀ, ਇਲੈਕਟ੍ਰਾਨਿਕ ਤੌਰ ਤੇ, ਅਜਿਹੇ ਰੂਪ ਅਤੇ ਢੰਗ ਨਾਲ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ, ਪ੍ਰਭਾਵਿਤ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਬਾਹਰੀ ਸਪਲਾਈ ਦੇ ਵੇਰਵੇ ਉਕਤ ਕਰ ਅਵਧੀ ਤੋਂ ਬਾਅਦ ਮਹੀਨੇ ਦੀ ਦਸਵੀਂ ਤਰੀਕ ਨੂੰ ਜਾਂ ਇਸ ਤੋਂ ਪਹਿਲਾਂ ਕਰ ਦੀ ਮਿਆਦ ਦੇ ਦੌਰਾਨ ਪੇਸ਼ ਕਰੇਗਾ। ਇਸ ਤੋਂ ਇਲਾਵਾ, ਜੀ ਐਸ ਟੀ ਆਰ-2ਏ ਰਿਟਰਨ ਇੱਕ ਪ੍ਰਾਪਤਕਰਤਾ ਲਈ ਅੰਦਰੂਨੀ ਸਪਲਾਈ ਦਾ ਪ੍ਰਣਾਲੀ ਦੁਆਰਾ ਤਿਆਰ ਕੀਤਾ ਗਿਆ ਇੱਕ ਵਿਵਰਣ ਹੈ, ਜੋ ਸਪਲਾਇਰ

ਕਰਦਾਤਾਵਾਂ ਦੁਆਰਾ ਪ੍ਰਦਾਨ ਕੀਤੀ ਗਈ ਬਾਹਰੀ ਸਪਲਾਈ ਦੇ ਵੇਰਵਿਆਂ ਦੇ ਅਧਾਰ ਤੇ ਸਵੈਚਲਿਤ ਤੌਰ ਤੇ ਤਿਆਰ ਕੀਤਾ ਜਾਂਦਾ ਹੈ।

35 ਕਰਦਾਤਾਵਾਂ ਨਾਲ ਸਬੰਧਤ 120 ਈ-ਵੇਅ ਬਿਲਾਂ ਦੇ ਨਮੂਨੇ ਦੇ ਠੋਸ ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ (ਮਈ 2023) ਕੀ 29 ਈ-ਵੇਅ ਬਿਲਾਂ ਵਿੱਚ ₹ 0.23 ਕਰੋੜ (**ਅੰਤਿਕਾ** 3.6) ਕਰ ਸ਼ਾਮਲ ਸਨ ਕਿ ਚਾਰ ਕਰਦਾਤਾਵਾਂ ਕੋਲ ਬਾਹਰੀ ਈ-ਵੇਅ ਬਿਲਾਂ ਦੇ ਬਨਣ ਤੋਂ ਪਹਿਲਾਂ ਜਾਂ ਤਾਂ ਕੋਈ ਵੀ ਅੰਦਰੂਨੀ ਸਪਲਾਈ ਨਹੀਂ ਸੀ ਜਾਂ ਅੰਦਰੂਨੀ ਸਪਲਾਈ ਦੇ ਮੁਕਾਬਲੇ ਅਸਪਸ਼ਟ ਬਾਹਰੀ ਸਪਲਾਈ ਸੀ। ਇਹਨਾਂ ਵਿੱਚੋਂ, ਰਾਜ ਕਰ ਦੇ ਦੋ ਸਹਾਇਕ ਕਮਿਸ਼ਨਰਾਂ[59] ਦੇ ਅਧਿਕਾਰ ਖੇਤਰ ਅਧੀਨ ਦੋ ਕਰਦਾਤਾਵਾਂ ਨੇ ਜੀ ਐਸ ਟੀ ਰਜਿਟ੍ਰੇਸ਼ਨ ਦੀ ਮਿਤੀ ਤੋਂ ਸਤੰਬਰ 2018 ਤੱਕ ਅੰਦਰੂਨੀ ਸਪਲਾਈ ਤੋਂ ਬਿਨਾਂ ਜੂਨ 2018 ਅਤੇ ਸਤੰਬਰ 2018 ਦੇ ਵਿਚਕਾਰ 26 ਈ-ਵੇਅ ਬਿਲ ਤਿਆਰ ਕੀਤੇ। ਰਾਜ ਕਰ ਦੇ ਦੋ ਸਹਾਇਕ ਕਮਿਸ਼ਨਰਾਂ[60] ਦੇ ਅਧਿਕਾਰ ਖੇਤਰ ਅਧੀਨ ਦੋ ਕਰਦਾਤਾਵਾਂ[61] ਦੇ ਮਾਮਲੇ ਵਿੱਚ ਜਿਨ੍ਹਾਂ ਨੇ ਸਤੰਬਰ 2018[62] ਅਤੇ ਅਪ੍ਰੈਲ 2019[63] ਦੇ ਮਹੀਨੇ ਵਿੱਚ ਤਿੰਨ ਈ-ਵੇਅ ਬਿਲ ਤਿਆਰ ਕੀਤੇ ਸਨ ਉਨ੍ਹਾਂ ਕੋਲ ਜੁਲਾਈ 2017 ਤੋਂ ਮਾਰਚ 2019 ਦੀ ਮਿਆਦ ਲਈ ਕਰਦਾਤਾਵਾਂ ਦੇ ਜੀ ਐਸ ਟੀ ਰਿਟਰਨਾਂ ਤੋਂ ਪ੍ਰਮਾਣਿਤ ਕੀਤੇ ਗਏ ਅਨੁਸਾਰ ਅੰਦਰੂਨੀ ਸਪਲਾਈ ਦੇ ਮੁਕਾਬਲੇ ਅਸਪਸ਼ਟ ਤੌਰ ਤੇ ਜਿਆਦਾ ਬਾਹਰੀ ਸਪਲਾਈ ਸੀ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਸਹਾਇਕ ਕਮਿਸ਼ਨਰ ਰਾਜ ਕਰ, ਐਸ ਏ ਐਸ ਨਗਰ ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03CLVP******1ZV ਵਾਲੇ ਇੱਕ ਕਰਦਾਤਾ ਨੇ ਜੂਨ ਅਤੇ ਜੁਲਾਈ 2018 ਦਰਮਿਆਨ ₹ 0.17 ਕਰੋੜ ਦੇ ਕਰ ਪ੍ਰਭਾਵ ਦੇ ਨਾਲ ₹ 0.94 ਕਰੋੜ ਦੇ ਮੁਲਾਂਕਣਯੋਗ ਮੁੱਲ ਵਾਲੇ 18 ਈ-ਵੇਅ ਬਿਲ ਤਿਆਰ ਕੀਤੇ। ਲੇਖਾ ਪ੍ਰੀਖਿਆ ਨੇ ਜਨਵਰੀ 2018[64] ਤੋਂ ਜੁਲਾਈ 2018 ਤੱਕ ਕਰਦਾਤਾ ਦੇ ਜੀ ਐਸ ਟੀ ਆਰ-2ਏ ਰਿਟਰਨਾਂ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਕਰਦਾਤਾਵਾਂ ਕੋਲ ਕੋਈ ਅੰਦਰੂਨੀ ਸਪਲਾਈ ਨਹੀਂ ਸੀ। ਇਸ ਤੋਂ ਇਲਾਵਾ, ਕਰਦਾਤਾ ਨੇ ਸਾਲ 2018-19 ਦੌਰਾਨ ਜਾਂ ਤਾਂ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਨਹੀਂ ਕੀਤੀ ਸੀ ਜਾਂ ਨਿੱਲ ਜੀ ਐਸ ਟੀ ਆਰ-3ਬੀ ਰਿਟਰਨ ਦਾਖਲ ਕੀਤੀ ਸੀ, ਇਸ ਲਈ ਕੋਈ ਕਰ ਦੇਣਦਾਰੀ ਅਦਾ ਨਹੀਂ ਕੀਤੀ ਗਈ ਸੀ।

ਦਰਸਾਏ ਜਾਣ ਤੇ (ਮਈ 2023), ਸਹਾਇਕ ਕਮਿਸ਼ਨਰ ਨੇ 12 ਦਸੰਬਰ 2023 ਨੂੰ 2018-19 ਦੀ ਮਿਆਦ ਲਈ ਕਰਦਾਤਾ ਨੂੰ ₹ 0.69 ਕਰੋੜ ਲਈ ਡੀ ਆਰ ਸੀ 01 ਜਾਰੀ ਕੀਤਾ।

ਉੱਪਰ ਦਰਸਾਏ ਗਏ ਤੋਂ ਇਲਾਵਾ, ਤਿੰਨ ਮਾਮਲਿਆਂ ਵਿੱਚ ਸਹਾਇਕ ਕਮਿਸ਼ਨਰਾਂ ਨੇ ਜਵਾਬ ਦਿੱਤਾ (ਮਈ 2023 ਤੋਂ ਫਰਵਰੀ 2024) ਕਿ ਦਸੰਬਰ 2023 ਵਿੱਚ ਇੱਕ ਕਰਦਾਤਾ[65] ਨੂੰ ₹ 0.31 ਕਰੋੜ ਲਈ ਡੀ ਆਰ ਸੀ-01 ਜਾਰੀ ਕੀਤਾ ਗਿਆ ਹੈ, ਇੱਕ ਕਰਦਾਤਾ[66] ਨੂੰ

---

59 ਲੁਧਿਆਣਾ-IV ਅਤੇ ਐਸ ਏ ਐਸ ਨਗਰ

60 ਜਲੰਧਰ-I ਅਤੇ ਲੁਧਿਆਣਾ-I

61 ਜੀ ਐਸ ਟੀ ਆਈ ਐਨ: **ਜਲੰਧਰ-I** 03AARF******1ZR ਅਤੇ **ਲੁਧਿਆਣਾ-I** 03ASLP******1ZH

62 ਲੁਧਿਆਣਾ-I: ਈ-ਵੇਅ ਬਿਲ 371050377179 ਅਤੇ 391050376578 26 ਸਤੰਬਰ 2018 ਨੂੰ ਤਿਆਰ ਕੀਤਾ ਗਿਆ ਜਿਸ ਵਿੱਚ ₹ 16,53,350 ਦਾ ਮੁਲਾਂਕਣਯੋਗ ਮੁੱਲ ਅਤੇ ₹ 1,98,402 (ਸੀ ਜੀ ਐਸ ਟੀ + ਐਸ ਜੀ ਐਸ ਟੀ) ਦਾ ਕਰ ਸ਼ਾਮਲ ਹੈ।

63 ਜਲੰਧਰ-I: ਈ-ਵੇਅ ਬਿਲ 351102992527 10 ਅਪ੍ਰੈਲ 2019 ਨੂੰ ਤਿਆਰ ਕੀਤਾ ਗਿਆ ਜਿਸ ਵਿੱਚ ₹ 71,700 ਦਾ ਮੁਲਾਂਕਣਯੋਗ ਮੁੱਲ ਅਤੇ ₹ 12,906 (ਸੀ ਜੀ ਐਸ ਟੀ + ਐਸ ਜੀ ਐਸ ਟੀ) ਦਾ ਕਰ ਸ਼ਾਮਲ ਹੈ।

64 ਕਰਦਾਤਾਵਾਂ ਦੀ ਰਜਿਸਟ੍ਰੇਸ਼ਨ ਦੀ ਸ਼ੁਰੂਆਤ 27 ਜਨਵਰੀ 2018 ਸੀ

65 ਜੀ ਐਸ ਟੀ ਆਈ ਐਨ: 03DEGP******1ZL: ₹ 30,75,838

66 ਜੀ ਐਸ ਟੀ ਆਈ ਐਨ: 03AARF******1ZR: ₹ 7,19,310

₹ 0.07 ਕਰੋੜ ਲਈ ਏ ਐਸ ਐਮ ਟੀ-14 ਜਾਰੀ ਕੀਤਾ ਗਿਆ ਹੈ ਅਤੇ ਇੱਕ ਕਰਦਾਤਾ[67] ਤੋਂ ₹ 0.04 ਕਰੋੜ ਦੇ ਕਰ ਪ੍ਰਭਾਵ ਨੂੰ ਸ਼ਾਮਲ ਕਰਨ ਲਈ ਸਪੱਸ਼ਟੀਕਰਨ ਮੰਗਿਆ ਗਿਆ ਹੈ।

### 3.10.1.11 ਇਨਪੁਟ ਟੈਕਸ ਕ੍ਰੈਡਿਟ ਦਾ ਵਾਧੂ ਲਾਭ ਉਠਾਉਣਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 61 ਅਨੁਸਾਰ ਕਰਦਾਤਾਵਾਂ ਦੁਆਰਾ ਦਾਖਲ ਕੀਤੀ ਗਈਆਂ ਵੱਖ-ਵੱਖ ਰਿਟਰਨਾਂ ਦੀ ਪਰੌਪਰ ਅਧਿਕਾਰੀ ਦੁਆਰਾ ਰਿਟਰਨਾਂ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਰਿਟਰਨਾਂ ਵਿੱਚ ਦਰਸਾਈਆਂ ਗਈਆਂ ਵਿਸੰਗਤੀਆਂ ਜਾਂ ਅਸੰਗਤੀਆਂ ਤੇ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

120 ਈ-ਵੇਅ ਬਿਲਾਂ ਦਾ ਸਬੰਧਤ ਨਮੂਨਾ 35 ਕਰਦਾਤਾਵਾਂ ਦੇ ਸਬੰਧ ਵਿੱਚ ਇਨਪੁਟ ਕਰ ਕ੍ਰੈਡਿਟ ਦੀ ਵਰਤੋਂ ਦੀ ਪ੍ਰਮਾਣਿਕਤਾ ਦਾ ਵਿਸ਼ਲੇਸ਼ਣ ਕਰਨ ਲਈ ਲੇਖਾ ਪ੍ਰੀਖਿਆ ਵਿੱਚ ਕਵਰ ਕੀਤੀ ਗਈ ਮਿਆਦ ਜੀ ਐਸ ਟੀ ਆਰ-3ਬੀ ਅਤੇ ਜੀ ਐਸ ਟੀ ਆਰ-2 ਏ ਤੋਂ ਸੰਬੰਧਤ ਡਾਟਾਸੇਟ ਕੱਢੇ ਗਏ ਸਨ। ਜੀ ਐਸ ਟੀ ਆਰ-2ਏ ਰਿਟਰਨਾ ਵਿੱਚ ਉਪਲਬਧ ਇਨਪੁਟ ਕਰ ਕ੍ਰੈਡਿਟ ਦੀ ਤੁਲਨਾ ਜੀ ਐਸ ਟੀ ਆਰ-3ਬੀ ਰਿਟਰਨਾ ਵਿੱਚ ਕਰਦਾਤਾਵਾਂ ਦੁਆਰਾ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਨਾਲ ਕੀਤੀ ਗਈ । ਅਪਣਾਈ ਗਈ ਕਾਰਜਪ੍ਰਣਾਲੀ ਇਹ ਸੀ ਕਿ, ਜੀ ਐਸ ਟੀ ਆਰ-2ਏ ਅਨੁਸਾਰ ਉਪਲਬਧ ਇਨਪੁਟ ਕਰ ਕ੍ਰੈਡਿਟ ਦੀ ਤੁਲਨਾ ਇਸ ਦੀਆਂ ਸਾਰੀਆਂ ਸੋਧਾਂ ਨਾਲ ਕੀਤੀ ਜਾਵੇ ਅਤੇ ਸਾਰਣੀ 4 ਏ (5) ਵਿੱਚ ਜੀ ਐਸ ਟੀ ਆਰ-3ਬੀ ਵਿੱਚ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਦੀ ਤੁਲਨਾ ਸਾਰਣੀ 4 ਬੀ (2) ਵਿੱਚ ਉਲਟਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਈ ਕੀਤੀ ਜਾਵੇ, ਪਰ ਅਗਲੇ ਸਾਲਾਂ ਵਿੱਚ ਪ੍ਰਾਪਤ ਕੀਤਾ ਗਿਆ ਇਨਪੁਟ ਕਰ ਕ੍ਰੈਡਿਟ ਨੂੰ ਜੀ ਐਸ ਟੀ ਆਰ-9 ਦੀ ਸਾਰਣੀ 8 ਸੀ ਵਿੱਚ ਸ਼ਾਮਲ ਕੀਤਾ ਜਾਵੇ।

ਲੇਖਾ ਪ੍ਰੀਖਿਆ ਨੇ ਵੇਖਿਆ (ਅਕਤੂਬਰ 2023) ਕਿ ਦੋ ਦੋ ਸਹਾਇਕ ਕਮਿਸ਼ਨਰਾਂ ਰਾਜ ਕਰ[68] ਦੇ ਅਧਿਕਾਰ ਖੇਤਰ ਅਧੀਨ ਦੋ ਕਰਦਾਤਾਵਾਂ[69] ਜਿਨ੍ਹਾਂ ਨੇ ਦੋ ਈ-ਵੇਅ ਬਿਲ ਤਿਆਰ ਕੀਤੇ ਸਨ, ਨੇ ਜੀ ਐਸ ਟੀ ਆਰ-3ਬੀ ਰਿਟਰਨਾਂ ਦੇ ਅਨੁਸਾਰ ₹ 128.55 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਪ੍ਰਾਪਤ ਕੀਤਾ ਸੀ, ਜਦੋਂ ਕਿ ਇਨ੍ਹਾਂ ਕਰਦਾਤਾਵਾਂ ਦੇ ਜੀ ਐਸ ਟੀ ਆਰ-2 ਏ ਰਿਟਰਨਾਂ ਦੇ ਅਨੁਸਾਰ ₹ 127.30 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਉਪਲਬਧ ਸੀ। ਇਸ ਤਰ੍ਹਾਂ, ਉਪਲਬਧ ਇਨਪੁਟ ਕਰ ਕ੍ਰੈਡਿਟ ਅਤੇ ਲਏ ਗਏ ਇਨਪੁਟ ਕਰ ਕ੍ਰੈਡਿਟ ਵਿਚਕਾਰ ₹ 1.25 ਕਰੋੜ ਦਾ ਮੇਲ ਨਹੀਂ ਸੀ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

> ਸਹਾਇਕ ਕਮਿਸ਼ਨਰ ਰਾਜ ਕਰ, ਅੰਮ੍ਰਿਤਸਰ-II ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03AJMP******2ZS ਵਾਲੇ ਕਰਦਾਤਾ ਨੇ ਜੀ ਐਸ ਟੀ ਆਰ-3ਬੀ ਰਿਟਰਨਾਂ ਦੇ ਅਨੁਸਾਰ 2018-19 ਵਿੱਚ ₹ 124.78 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਪ੍ਰਾਪਤ ਕੀਤਾ, ਜਦੋਂ ਕਿ ਜੀ ਐਸ ਟੀ ਆਰ-2ਏ ਰਿਟਰਨਾ ਵਿੱਚ ₹ 123.87 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਉਪਲਬਧ ਸੀ। ਇਸ ਤਰ੍ਹਾਂ, ਜੀ ਐਸ ਟੀ ਰਿਟਰਨਾਂ ਦੇ ਅਨੁਸਾਰ ਪ੍ਰਾਪਤ ਅਤੇ ਉਪਲਬਧ ਇਨਪੁਟ ਕਰ ਕ੍ਰੈਡਿਟ ਵਿਚਕਾਰ ₹ 0.91 ਕਰੋੜ ਦਾ ਮੇਲ ਨਹੀਂ ਸੀ।

---

[67] ਜੀ ਐਸ ਟੀ ਆਈ ਐਨ: 03ASLP******1ZH: ₹ 3,96,804

[68] ਅੰਮ੍ਰਿਤਸਰ-II ਅਤੇ ਐਸ ਏ ਐਸ ਨਗਰ

[69] ਜੀ ਐਸ ਟੀ ਆਈ ਐਨ: 03AABC******1ZU ਈ-ਵੇਅ ਬਿਲ: 321315348802 ਮਿਤੀ 5 ਮਈ 2021 ਅਤੇ 03AJMP******2ZS ਈ-ਵੇਅ ਬਿਲ: 321224469111 ਮਿਤੀ 11 ਅਗਸਤ 2020

ਧਿਆਨ ਵਿੱਚ ਲਿਆਂਦੇ ਜਾਣ ਤੇ (ਅਕਤੂਬਰ 2023), ਵਿਭਾਗ ਦੁਆਰਾ ਕੋਈ ਜਵਾਬ ਨਹੀਂ ਦਿੱਤਾ ਗਿਆ (ਅਕਤੂਬਰ 2024)।

### 3.10.1.12 ਬਕਾਇਆ ਕਰ ਦੇਣਦਾਰੀ ਦੀ ਵਸੂਲੀ ਕੀਤੇ ਬਿਨਾਂ ਰਜਿਸਟ੍ਰੇਸ਼ਨ ਦੀ ਬਹਾਲੀ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮ, 2017 ਦੇ ਨਿਯਮ 23(1) ਦੇ ਅਨੁਸਾਰ, ਇੱਕ ਰਜਿਸਟਰਡ ਵਿਅਕਤੀ, ਜਿਸ ਦੀ ਰਜਿਸਟ੍ਰੇਸ਼ਨ ਪਰੌਪਰ ਅਧਿਕਾਰੀ ਦੁਆਰਾ ਉਸ ਦੇ ਆਪਣੇ ਪ੍ਰਸਤਾਵ ਤੇ ਰੱਦ ਕਰ ਦਿੱਤੀ ਗਈ ਹੈ, ਉਹ ਫਾਰਮ ਜੀ ਐਸ ਟੀ-ਆਰ ਈ ਜੀ-21 ਵਿੱਚ ਰਜਿਸਟ੍ਰੇਸ਼ਨ ਨੂੰ ਰੱਦ ਕਰਨੇ ਲਈ ਅਰਜ਼ੀ ਦਾਖਲ ਕਰ ਸਕਦਾ ਹੈ। ਅਜਿਹੇ ਪਰੌਪਰ ਅਧਿਕਾਰੀ ਨੂੰ ਸਾਂਝੇ ਪੋਰਟਲ ਤੇ ਰਜਿਸਟਰੇਸ਼ਨ ਰੱਦ ਕਰਨ ਦੇ ਹੁਕਮ ਦੀ ਸੇਵਾ ਦੀ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ, ਜਾਂ ਤਾਂ ਸਿੱਧੇ ਤੌਰ ਤੇ ਜਾਂ ਕਮਿਸ਼ਨਰ ਦੁਆਰਾ ਸੂਚਿਤ ਸੁਵਿਧਾ ਕੇਂਦਰੀ ਰਾਹੀਂ, ਬਸ਼ਰਤੇ ਕਿ ਰੱਦ ਕਰਨ ਲਈ ਕੋਈ ਬਿਨੈ-ਪੱਤਰ ਦਾਇਰ ਨਹੀਂ ਕੀਤਾ ਜਾਵੇਗਾ, ਰਿਟਰਨ ਪੇਸ਼ ਕਰਨ ਜੇਕਰ ਰਜਿਸਟਰਡ ਵਿਅਕਤੀ ਦੁਆਰਾ ਰਿਟਰਨ ਪੇਸ਼ ਕਰਨ ਵਿੱਚ ਅਸਫਲਤਾ ਲਈ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਹੈ, ਜਦੋਂ ਤੱਕ ਅਜਿਹੀਆਂ ਰਿਟਰਨਾਂ ਪੇਸ਼ ਨਹੀਂ ਕੀਤੀਆਂ ਜਾਂਦੀਆਂ ਹਨ ਅਤੇ ਕੋਈ ਰਾਸ਼ੀ ਕਰ ਦੇ ਰੂਪ ਵਿੱਚ ਬਕਾਇਆ ਹੈ, ਅਜਿਹੀਆਂ ਰਿਟਰਨਾਂ ਦੀਆਂ ਸ਼ਰਤਾਂ ਦਾ ਭੁਗਤਾਨ ਉਕਤ ਰਿਟਰਨਾਂ ਦੇ ਸਬੰਧ ਵਿੱਚ ਵਿਆਜ ਜੁਰਮਾਨੇ ਅਤੇ ਲੇਟ ਫੀਸ ਲਈ ਭੁਗਤਾਨ ਯੋਗ ਰਾਸ਼ੀ ਦੇ ਨਾਲ ਅਦਾ ਕੀਤੀ ਗਈ ਹੈ।

ਇਸ ਤੋਂ ਇਲਾਵਾ, ਰਜਿਸਟ੍ਰੇਸ਼ਨ ਰੱਦ ਕਰਨ ਦੇ ਆਦੇਸ਼ ਦੀ ਮਿਤੀ ਤੋਂ ਰਜਿਸਟ੍ਰੇਸ਼ਨ ਰੱਦ ਕਰਨ ਦੇ ਆਦੇਸ਼ ਦੀ ਮਿਤੀ ਤੱਕ ਦੀ ਮਿਆਦ ਲਈ ਬਕਾਇਆ ਸਾਰੇ ਰਿਟਰਨ ਉਕਤ ਵਿਅਕਤੀ ਦੁਆਰਾ ਰੱਦ ਕਰਨ ਦੇ ਆਦੇਸ਼ ਦੀ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਪੇਸ਼ ਕੀਤੇ ਜਾਣਗੇ। ਜੇਕਰ ਰਜਿਸਟ੍ਰੇਸ਼ਨ ਨੂੰ ਪਿਛਲੇ ਪ੍ਰਭਾਵ ਨਾਲ ਰੱਦ ਕੀਤਾ ਗਿਆ ਸੀ, ਤਾਂ ਰਜਿਸਟਰਡ ਵਿਅਕਤੀ ਨੂੰ ਰਜਿਸਟ੍ਰੇਸ਼ਨ ਰੱਦ ਕਰਨ ਦੀ ਪ੍ਰਭਾਵੀ ਮਿਤੀ ਤੋਂ ਰਜਿਸਟ੍ਰੇਸ਼ਨ ਰੱਦ ਕਰਨ ਦੇ ਆਦੇਸ਼ ਦੀ ਮਿਤੀ ਤੋਂ ਤੀਹ ਦਿਨਾਂ ਦੀ ਮਿਆਦ ਦੇ ਅੰਦਰ-ਅੰਦਰ ਸਾਰੇ ਰਿਟਰਨ ਪੇਸ਼ ਕਰੇਗਾ।

35 ਕਰਦਾਤਾਵਾਂ ਨਾਲ ਸਬੰਧਤ ਨਮੂਨਾ 120 ਈ-ਵੇਅ ਬਿਲ ਦੇ ਠੋਸ ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ (ਸਤੰਬਰ 2023) ਕਿ ਸਹਾਇਕ ਕਮਿਸ਼ਨਰ ਰਾਜ ਕਰ, ਜਲੰਧਰ-I ਦੇ ਅਧਿਕਾਰ ਖੇਤਰ ਅਧੀਨ ਇਕ ਕਰਦਾਤਾ[70] ਦੀ ਰਜਿਸਟ੍ਰੇਸ਼ਨ 22 ਮਾਰਚ 2022 ਨੂੰ ਪੌਰਪਰ ਅਧਿਕਾਰੀ ਦੁਆਰਾ ਇਹ ਯਕੀਨੀ ਬਣਾਏ ਬਿਨਾਂ ਬਹਾਲ ਕੀਤੀ ਗਈ ਸੀ ਕਿ ਕਰਦਾਤਾ ਨੇ ਬਕਾਇਆ ਰਿਟਰਨ ਭਰੇ ਹਨ ਅਤੇ ਬਕਾਇਆ ਦੇਣਦਾਰੀ ਦਾ ਭੁਗਤਾਨ ਕਰ ਦਿੱਤਾ ਸੀ। ਕਰਦਾਤਾ ਦੀ ਰਜਿਸਟ੍ਰੇਸ਼ਨ ਪਹਿਲਾਂ ਵਿਭਾਗ ਦੁਆਰਾ ਆਪਣੇ ਆਪ 11 ਅਕਤੂਬਰ 2019 ਨੂੰ 1 ਜੁਲਾਈ 2018 ਤੋਂ ਲਾਗੂ ਹੋ ਕੇ, ਜੀ ਐਸ ਟੀ ਆਰ ਰਿਟਰਨ ਫਾਈਲ ਕਰਨ ਵਿੱਚ ਅਸਫਲ ਰਹਿਣ ਅਤੇ ਕਰ ਦੇਣਦਾਰੀ ਦਾ ਭੁਗਤਾਨ ਨਾ ਕਰਨ ਦੇ ਕਾਰਨ ਰੱਦ ਕਰ ਦਿੱਤੀ ਗਈ ਸੀ। ਕਰਦਾਤਾ ਨੇ 9 ਜਨਵਰੀ 2020 ਨੂੰ ਰਜਿਸਟ੍ਰੇਸ਼ਨ ਰੱਦ ਕਰਨ ਦੀ ਅਰਜ਼ੀ ਦਿੱਤੀ ਅਤੇ 22 ਮਾਰਚ 2022 ਨੂੰ ਵਿਭਾਗ ਦੁਆਰਾ ਰਜਿਸਟ੍ਰੇਸ਼ਨ ਬਹਾਲ ਕਰ ਦਿੱਤਾ ਗਿਆ। ਲੇਖਾ ਪ੍ਰੀਖਿਆ ਦੁਆਰਾ ਜੀ ਐਸ ਟੀ ਐਨ ਪੋਰਟਲ ਤੋਂ ਪੁਸ਼ਟੀ ਕੀਤੀ ਗਈ ਅਤੇ ਵੇਖਿਆ ਗਿਆ ਕਿ ਅਗਸਤ 2018 ਤੋਂ ਬਾਅਦ ਦੀ ਮਿਆਦ ਲਈ ਕਰਦਾਤਾ ਦੁਆਰਾ ਜੀ ਐਸ ਟੀ ਰਿਟਰਨ ਦਾਖਲ ਨਹੀਂ ਕੀਤੇ ਗਏ ਸਨ। ਈ-ਵੇਅ ਬਿਲ ਡਾਟਾ ਦੇ ਅਨੁਸਾਰ, ਕਰਦਾਤਾ ਨੇ ਜੁਲਾਈ 2018 ਅਤੇ ਫਰਵਰੀ 2019 ਦੇ ਵਿਚਕਾਰ ₹ 0.05 ਕਰੋੜ[71] ਦੇ ਮੁਲਾਂਕਣ ਯੋਗ ਮੁੱਲ ਵਾਲ ਨੌ ਈ-ਵੇਅ ਬਿਲ

[70] ਜੀ ਐਸ ਟੀ ਆਈ ਐਨ: 03AAAA******1ZG

[71] ਕਰ ਇੰਮਪਲਿਕੇਸ਼ਨ ₹ 65,065

ਤਿਆਰ ਕੀਤੇ ਸਨ। ਈ-ਵੇਅ ਬਿਲ ਜਾਣਕਾਰੀ ਤੋਂ ਦਰਸਾਏ ਅਨੁਸਾਰ ਕਰਦਾਤਾ ਨੇ ਅਗਸਤ 2018 ਤੋਂ ਫਰਵਰੀ 2019 ਤੱਕ ਦੀ ਮਿਆਦ ਲਈ ਕਾਰੋਬਾਰ ਕੀਤਾ ਸੀ ਪਰ ਕਿਸੇ ਵੀ ਕਰ ਦੇਣਦਾਰੀ ਦਾ ਭੁਗਤਾਨ ਨਹੀਂ ਕੀਤਾ ਸੀ ਕਿਉਂਕਿ ਕਰਦਾਤਾ ਦੁਆਰਾ ਇਸ ਮਿਆਦ ਲਈ ਕੋਈ ਰਿਟਰਨ ਦਾਖਲ ਨਹੀਂ ਕੀਤਾ ਗਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ (ਮਾਰਚ 2024) ਕਿ ਕਰਦਾਤਾ[72] ਨੂੰ ₹ 0.01 ਕਰੋੜ ਦਾ ਡੀ ਆਰ ਸੀ-01 ਜਾਰੀ ਕੀਤਾ ਗਿਆ ਹੈ।

### 3.10.1.13 ਕ੍ਰਾਸ-ਪੈਨ ਵਿਸ਼ਲੇਸ਼ਣ

ਕੰਸਾਈਨਰ ਅਤੇ ਕੰਸਾਈਨੀ ਲਈ ਇੱਕੋ ਪੈਨ ਵਾਲੇ ਨੌਂ ਕਰਦਾਤਾਵਾਂ ਨਾਲ ਸਬੰਧਤ ਨੌਂ ਈ-ਵੇਅ ਬਿਲਾਂ ਦੇ ਨਮੂਨੇ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਦੀ ਚਰਚਾ ਹੇਠਾਂ ਦਿੱਤੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

**[ੳ] ਬਾਹਰੀ ਸਪਲਾਈਆਂ ਈ-ਵੇਅ ਬਿਲਾਂ ਦੁਆਰਾ ਸਮਰਥਿਤ ਨਹੀਂ ਹਨ (ਜਿਵੇਂ ਕਿ ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-3ਬੀ ਰਿਟਰਨਾਂ ਤੋਂ ਵੇਖਿਆ ਗਿਆ ਹੈ)**

ਪੰਜਾਬ ਵਸਤਾਂ ਅਤੇ ਸੇਵਾਵਾਂ ਐਕਟ, 2017 ਦੀ ਧਾਰਾ 37 ਦੇ ਅਨੁਸਾਰ, ਇਨਪੁਟ ਸੇਵਾ ਵਿਤਰਕ, ਇੱਕ ਗੈਰ-ਨਿਵਾਸੀ ਕਰਯੋਗ ਵਿਅਕਤੀ ਅਤੇ ਇੱਕ ਕੰਪੋਜ਼ਿਸ਼ਨ ਕਰਦਾਤਾ ਜਾਂ ਸ੍ਰੋਤ ਤੇ ਕਰ ਕੱਟਣ ਵਾਲੇ ਕਰਦਾਤਾ ਜਾਂ ਸ੍ਰੋਤ ਤੇ ਕਰ ਇੱਕਠਾ ਕਰਨ ਵਾਲੇ ਕਰਦਾਤਾ ਤੋਂ ਇਲਾਵਾ ਹਰੇਕ ਰਜਿਸਟ੍ਰਡ ਵਿਅਕਤੀ ਨੂੰ ਇਲੈਕਟ੍ਰਾਨਿਕ ਤੌਰ ਤੇ ਅਜਿਹੇ ਰੂਪ ਅਤੇ ਢੰਗ ਨਾਲ ਪੇਸ਼ ਕਰੇਗਾ ਜਿਵੇਂ ਕਿ ਕਰ ਅਵਧੀ ਤੋਂ ਬਾਅਦ ਮਹੀਨੇ ਦੇ ਦਸਵੇਂ ਦਿਨ ਜਾਂ ਉਸ ਤੋਂ ਪਹਿਲਾਂ ਕਰ ਦੀ ਮਿਆਦ ਦੌਰਾਨ ਪ੍ਰਭਾਵਿਤ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਬਾਹਰੀ ਸਪਲਾਈ ਦੇ ਵੇਰਵੇ ਨਿਰਧਾਰਤ ਕੀਤੇ ਜਾ ਸਕਦੇ ਹਨ। ਸਾਧਾਰਨ ਕਰਦਾਤਾਵਾਂ ਨੂੰ ਜੀ ਐਸ ਟੀ ਆਰ-3ਬੀ ਵਿੱਚ ਆਪਣੀ ਕਰ ਦੇਣਦਾਰੀ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ ਅਤੇ ਕੰਪੋਜ਼ੀਸ਼ਨ ਕਰਦਾਤਾਵਾਂ ਨੂੰ ਜੀ ਐਸ ਟੀ ਆਰ-4/ਜੀ ਐਸ ਟੀ-ਸੀ ਐਮ ਪੀ-08 ਵਿੱਚ ਕਰ ਅਦਾ ਕਰਨ ਦੀ ਲੋੜ ਹੁੰਦੀ ਹੈ।

ਨੌਂ ਕਰਦਾਤਾਵਾਂ ਨਾਲ ਸਬੰਧਤ ਨਮੂਨੇ ਨੌਂ ਈ-ਵੇਅ ਬਿਲਾਂ ਦੇ ਠੋਸ ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ (ਮਈ 2023) ਕਿ ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-I ਦੇ ਅਧਿਕਾਰ ਖੇਤਰ ਅਧੀਨ ਜੀ ਐਸ ਟੀ ਆਈ ਐਨ 03AAAC******1ZX ਵਾਲੇ ਇੱਕ ਕਰਦਾਤਾ ਦੁਆਰਾ ਤਿਆਰ ਕੀਤੇ ਗਏ ਇੱਕ ਈ-ਵੇਅ ਬਿਲ[73] ਵਿੱਚ ਸਬੰਧਤ ਮਹੀਨੇ ਦੀ ਜੀ ਐਸ ਟੀ ਆਰ-1 ਰਿਟਰਨ ਵਿੱਚ ਕੋਈ ਐਂਟਰੀ ਨਹੀਂ ਕੀਤੀ ਗਈ ਸੀ ਅਤੇ ਕੋਈ ਕਰ ਅਦਾ ਨਹੀਂ ਕੀਤਾ ਗਿਆ ਸੀ। ਈ-ਵੇਅ ਬਿਲ ਵਿੱਚ ₹ 1.76 ਕਰੋੜ ਦਾ ਮੁਲਾਂਕਣਯੋਗ ਮੁੱਲ ਅਤੇ ₹ 0.32 ਕਰੋੜ ਦਾ ਕਰ ਸ਼ਾਮਲ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ (ਜੁਲਾਈ 2023) ਕਿ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 61 ਦੇ ਅਧੀਨ ਕਰਦਾਤਾ ਨੂੰ ₹ 0.32 ਕਰੋੜ ਦਾ ਕਰ ਜਮ੍ਹਾਂ ਕਰਨ ਲਈ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਹੈ।

72 ਜੀ ਐਸ ਟੀ ਆਈ ਐਨ: 03AAAA******1ZG: ₹ 1,47,479

73 ਇ-ਵੇਅ ਬਿਲ 371345608052 ਮਿਤੀ 10 ਅਗਸਤ 2021

### [ਅ] ਜੀ ਐਸ ਟੀ ਆਰ-2ਏ ਅਤੇ ਈ-ਵੇਅ ਬਿਲ ਵੇਰਵਿਆਂ ਵਿਚਕਾਰ ਮੇਲ ਨਾ ਹੋਣਾ

ਪੰਜਾਬ ਵਸਤਾਂ ਅਤੇ ਸੇਵਾਵਾਂ ਐਕਟ, 2017 ਦੀ ਧਾਰਾ 16 ਦੇ ਅਨੁਸਾਰ, ਹਰੇਕ ਰਜਿਸਟਡਰ ਵਿਅਕਤੀ ਕਿਸੇ ਵੀ ਵਸਤੂ ਜਾਂ ਸੇਵਾਵਾਂ ਜਾਂ ਦੋਵਾਂ ਦੀ ਸਪਲਾਈ ਤੇ ਵਸੂਲੇ ਗਏ ਇਨਪੁਟ ਕਰ ਕ੍ਰੈਡਿਟ ਲੈਣ ਦਾ ਹੱਕਦਾਰ ਹੋਵੇਗਾ ਜੋ ਉਸ ਦੇ ਕਾਰੋਬਾਰ ਦੇ ਦੌਰਾਨ ਜਾਂ ਅੱਗੇ ਵਧਾਉਣ ਲਈ ਵਰਤੇ ਗਏ ਜਾਂ ਵਰਤੇ ਜਾਣ ਦਾ ਇਰਾਦਾ ਰੱਖਦੇ ਹਨ ਅਤੇ ਉਕਤ ਰਾਸ਼ੀ ਅਜਿਹੇ ਵਿਅਕਤੀ ਦੇ ਇਲੈਕਟ੍ਰਾਨਿਕ ਕ੍ਰੈਡਿਟ ਲੈਜ਼ਰ ਵਿੱਚ ਕ੍ਰੈਡਿਟ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਉਪਰੋਕਤ ਧਾਰਾ ਦੀ ਉਪ-ਧਾਰਾ 2 (ਈ) ਦੇ ਅਨੁਸਾਰ, ਇਨਪੁਟ ਕਰ ਕ੍ਰੈਡਿਟ ਦਾ ਦਾਵਾ ਇਸ ਸ਼ਰਤ ਦੇ ਅਧੀਨ ਹੈ ਕਿ ਹੋਰ ਗੱਲਾਂ ਦੇ ਨਾਲ-ਨਾਲ, ਅਜਿਹੀ ਸਪਲਾਈ ਦੇ ਸਬੰਧ ਵਿੱਚ ਵਸੂਲੇ ਗਏ ਕਰ ਦਾ ਅਸਲ ਵਿੱਚ ਸਰਕਾਰ ਨੂੰ ਭੁਗਤਾਨ ਕੀਤਾ ਗਿਆ ਹੈ।

ਨੌਂ ਕਰਦਾਤਾਵਾਂ ਨਾਲ ਸਬੰਧਤ ਨੌਂ ਨਮੂਨੇ ਈ-ਵੇਅ ਬਿਲਾਂ ਦੇ ਠੋਸ ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ (ਜੂਨ 2023) ਕਿ ਦੋ ਕਰਦਾਤਾਵਾਂ[74] ਨਾਲ ਸਬੰਧਤ ਦੋ ਈ-ਵੇਅ ਬਿਲਾਂ ਵਿੱਚ ਈ-ਵੇਅ ਬਿਲਾਂ ਦੇ ਅਨੁਸਾਰ ਕੀਤੀ ਗਈ ਸਪਲਾਈ ਦਾ ਮੁਲਾਂਕਣ ਯੋਗ ਮੁੱਲ ₹ 9.45 ਕਰੋੜ ਸੀ, ਜਦੋਂ ਕਿ ਖਰੀਦਦਾਰ ਕਰਦਾਤਾਵਾਂ ਨੇ ਇਨ੍ਹਾਂ ਈ-ਵੇਅ ਬਿਲਾਂ ਦੇ ਮੁਕਾਬਲੇ ਅੰਦਰੂਨੀ ਸਪਲਾਈ ਦਾ ਮੁੱਲ ₹ 0.11 ਕਰੋੜ ਦੇ ਰੂਪ ਵਿੱਚ ਦਿਖਾਇਆ ਸੀ।

ਇੱਕ ਕਰਦਾਤਾ ਦਾ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਕਰਨਾਟਕ ਦੇ ਜੀ ਐਸ ਟੀ ਆਈ ਐਨ 29AAW******J1ZJ ਵਾਲੇ ਇੱਕ ਕਰਦਾਤਾ ਨੇ 20 ਜੁਲਾਈ 2019 ਨੂੰ ਈ-ਵੇਅ ਬਿਲ 171145556841 ਤਿਆਰ ਕੀਤਾ ਜਿਸ ਵਿੱਚ ₹ 8.45 ਕਰੋੜ ਦਾ ਮੁਲਾਂਕਣਯੋਗ ਮੁਲ ਅਤੇ ₹ 1.01 ਕਰੋੜ ਦਾ ਆਈ ਜੀ ਐਸ ਟੀ ਸ਼ਾਮਲ ਹੈ। ਈ-ਵੇਅ ਬਿਲ ਪੰਜਾਬ ਦੇ ਜੀ ਐਸ ਟੀ ਆਈ ਐਨ 03AAWF******1ZX ਵਾਲੇ ਖਰੀਦਦਾਰ ਕਰਦਾਤਾ ਨੂੰ ਬਾਹਰੀ ਸਪਲਾਈ ਲਈ ਤਿਆਰ ਕੀਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਖਰੀਦਦਾਰ ਕਰਦਾਤਾ ਦੇ ਜੀ ਐਸ ਟੀ ਆ-2ਏ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਖਰੀਦਦਾਰ ਕਰਦਾਤਾ ਨੇ ਸਪਲਾਈ ਦਾ ਮੁੱਲ ਸਿਰਫ ₹ 0.01 ਕਰੋੜ ਵਿਖਾਇਆ ਸੀ। ਇਸ ਤਰ੍ਹਾਂ ਵਿਕਰੇਤਾ ਕਰਦਾਤਾ ਦੇ ਈ-ਵੇਅ ਬਿਲ ਅਤੇ ਖਰੀਦਦਾਰ ਕਰਦਾਤਾ ਦੇ ਜੀ ਐਸ ਟੀ ਆਰ-2ਏ ਦੇ ਵਿਚਕਾਰ ਵਸਤਾਂ ਦੇ ਕਰ ਯੋਗ ਮੁੱਲ ਵਿੱਚ ₹ 8.44 ਕਰੋੜ ਦਾ ਮੇਲ ਨਹੀਂ ਸੀ, ਜਿਸ ਵਿੱਚ ₹ 1.01 ਕਰੋੜ ਦਾ ਕਰ ਸ਼ਾਮਲ ਸੀ।

ਲੇਖਾ ਪ੍ਰੀਖਿਆ ਵਿੱਚ ਦਰਸਾਏ ਜਾਣ ਤੇ (ਜੂਨ 2023) ਸਹਾਇਕ ਕਮੀਸ਼ਨਰ ਨੇ ਕਰਦਾਤਾ ਨੂੰ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 61 ਦੇ ਅਧੀਨ ₹ 1.01 ਕਰੋੜ ਦੇ ਕਰ ਸਮੇਤ ਏ ਐਸ ਐਮ ਟੀ-10 ਜਾਰੀ ਕੀਤਾ ।

ਇੱਕ ਹੋਰ ਮਾਮਲੇ ਵਿੱਚ, ਉਪਰ ਦਰਸਾਏ ਗਏ ਤੋਂ ਇਲਾਵਾ, ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ ਕਿ ਏ ਐਸ ਐਮ ਟੀ-10 ਜਿਸ ਵਿੱਚ ₹ 0.16 ਕਰੋੜ ਦਾ ਕਰ ਸ਼ਾਮਲ ਹੈ, ਕਰਦਾਤਾ[75] ਨੂੰ

---

[74] ਜੀ ਐਸ ਟੀ ਆਈ ਐਨ 29AAWF******1ZJ ਅਤੇ 30130419033 ਮਿਤੀ 23 ਮਾਰਚ 2021 ਜੀ ਐਸ ਟੀ ਆਈ ਐਨ 03ADTP******3Z7 ਦਾ ਈ ਵੇਅ ਬਿਲ 171145556841 ਮਿਤੀ 20 ਜੁਲਾਈ 2019

[75] ਜੀ ਐਸ ਟੀ ਆਈ ਐਨ: 03ADTP******3Z7

ਜੀ ਐਸ ਟੀ ਆਰ-2ਏ ਅਤੇ ਈ-ਵੇਅ ਬਿਲ ਡਾਟਾ ਵਿਚਕਾਰ ਮੇਲ ਨਾ ਹੋਣ ਕਾਰਨ ਜਾਰੀ ਕੀਤਾ ਗਿਆ ਹੈ।

**[ੲ] ਇਨਪੁਟ ਕਰ ਕ੍ਰੈਡਿਟ ਦਾ ਵਾਧੂ ਲਾਭ ਲੈਣਾ**

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 61 ਦੇ ਅਨੁਸਾਰ ਕਰਦਾਤਾਵਾਂ ਦੁਆਰਾ ਦਾਖਲ ਕੀਤੀ ਗਈਆਂ ਵੱਖ-ਵੱਖ ਰਿਟਰਨਾਂ ਦੀ ਪਰੌਪਰ ਅਧਿਕਾਰੀ ਦੁਆਰਾ ਰਿਟਰਨਾਂ ਦੀ ਸ਼ੁੱਧਤਾ ਦੀ ਪੁਸ਼ਟੀ ਕਰਨ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਰਿਟਰਨਾਂ ਵਿੱਚ ਦਰਸਾਈਆਂ ਗਈ ਵਿਸੰਗਤੀਆਂ ਜਾਂ ਅਸੰਗਤੀਆਂ ਤੇ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕਨਸਾਈਨਰ ਅਤੇ ਕੰਨਸਾਈਨੀ ਲਈ ਇੱਕੋ ਪੈਨ ਵਾਲੇ ਨੌਂ ਕਰਦਾਤਾਵਾਂ ਨਾਲ ਸਬੰਧਤ ਨੌਂ ਨਮੂਨੇ ਈ-ਵੇਅ ਬਿਲਾਂ ਦੇ ਸਬੰਧ ਵਿੱਚ ਇਨਪੁਟ ਕਰ ਕ੍ਰੈਡਿਟ ਉਪਯੋਗਤਾ ਦੀ ਸੱਚਾਈ ਦਾ ਵਿਸ਼ਲੇਸ਼ਣ ਕਰਨ ਲਈ, ਲੇਖਾ ਪ੍ਰੀਖਿਆ ਵਿੱਚ ਕਵਰ ਕੀਤੀ ਗਈ ਮਿਆਦ ਲਈ ਸੰਬੰਧਤ ਡਾਟਾਬੇਸ ਨੂੰ ਜੀ ਐਸ ਟੀ ਅਰ-3ਬੀ ਅਤੇ ਜੀ ਐਸ ਟੀ ਆਰ-2ਏ ਤੋਂ ਕੱਢਿਆ ਗਿਆ ਸੀ। ਸਪਲਾਇਰ ਵੇਰਵਿਆਂ ਦੇ ਅਨੁਸਾਰ ਅਦਾ ਕੀਤੇ ਇਨਪੁਟ ਕਰ ਕ੍ਰੈਡਿਟ ਦਾ ਨਮੂਨਾ ਕਰਦਾਤਾਵਾਂ ਦੁਆਰਾ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਨਾਲ ਮੇਲ ਖਾਂਦਾ ਸੀ। ਅਪਣਾਈ ਗਈ ਕਾਰਜਪ੍ਰਣਾਲੀ ਜੀ ਐਸ ਟੀ ਆਰ-2ਏ ਦੇ ਅਨੁਸਾਰ ਉਪਲਬਧ ਇਨਪੁਟ ਕਰ ਕ੍ਰੈਡਿਟ ਦੀ ਇਸ ਦੀਆਂ ਸਾਰੀਆਂ ਸੋਧਾਂ ਅਤੇ ਸਾਰਣੀ 4ਏ(5) ਵਿੱਚ ਜੀ ਐਸ ਟੀ ਆਰ-3ਬੀ ਵਿੱਚ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਦੀ ਤੁਲਨਾਂ ਸਾਰਣੀ 4ਬੀ(2) ਵਿੱਚ ਉਲਟਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੀ, ਪਰ ਜੀ ਐਸ ਟੀ ਆਰ-9 ਦੀ ਸਾਰਣੀ 8 ਸੀ ਵਿੱਚ ਅਗਲੇ ਸਾਲਾਂ ਵਿੱਚ ਪ੍ਰਾਪਤ ਕੀਤਾ ਗਿਆ ਇਨਪੁਟ ਕਰ ਕ੍ਰੈਡਿਟ ਸਮੇਤ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਕਤੂਬਰ 2023) ਕਿ ਜੀ ਐਸ ਟੀ ਆਈ ਐਨ 03AADC******1Z0 ਵਾਲੇ ਕਰਦਾਤਾ ਨੇ ਸਹਾਇਕ ਕਮਿਸ਼ਨਰ ਰਾਜ ਕਰ, ਐਸ ਏ ਐਸ ਨਗਰ ਦੇ ਅਧਿਕਾਰ ਖੇਤਰ ਵਿੱਚ ਜੀ ਐਸ ਟੀ ਆਰ-3ਬੀ ਰਿਟਰਨਾਂ ਦੇ ਅਨੁਸਾਰ ₹ 0.34 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਪ੍ਰਾਪਤ ਕੀਤਾ, ਜਦੋਂ ਕਿ ਜੀ ਐਸ ਟੀ ਆਰ-2ਏ ਰਿਟਰਨਾਂ ਅਨੁਸਾਰ ₹ 0.16 ਕਰੋੜ ਦਾ ਇਨਪੁਟ ਕਰ ਕ੍ਰੈਡਿਟ ਉਪਲਬਧ ਸੀ। ਇਸ ਤਰ੍ਹਾਂ, ਉਪਲਬਧ ਇਨਪੁਟ ਕਰ ਕ੍ਰੈਡਿਟ ਅਤੇ ਪ੍ਰਾਪਤ ਇਨਪੁਟ ਕਰ ਕ੍ਰੈਡਿਟ ਵਿਚਕਾਰ ₹ 0.18 ਕਰੋੜ ਦਾ ਮੇਲ ਨਹੀਂ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ, ਵਿਭਾਗ ਦੁਆਰਾ ਕੋਈ ਜਵਾਬ ਨਹੀਂ ਦਿੱਤਾ ਗਿਆ (ਅਕਤੂਬਰ 2024)।

### 3.10.1.14 ਸੰਪੂਰਨਤਾ ਲੇਖਾ ਪ੍ਰੀਖਿਆ ਦੇ ਨਤੀਜੇ

ਸੰਪੂਰਨਤਾ ਲੇਖਾ ਪ੍ਰੀਖਿਆ ਵਿੱਚ, ਈ-ਵੇਅ ਬਿਲਜ਼ ਦੇ ਡਾਟਾ ਦਾ ਛੇ ਪਛਾਣੇ ਗਏ ਮੁੱਖ ਸਮੱਸਿਆ ਖੇਤਰਾਂ (ਕੇ ਪੀ ਏ) ਦੇ ਅਧਾਰ ਤੇ ਵਿਸ਼ਲੇਸ਼ਣ ਕੀਤਾ ਗਿਆ ਸੀ ਜੋ ਅਪ੍ਰੈਲ 2018 ਅਤੇ ਮਾਰਚ 2022 ਦੇ ਵਿਚਕਾਰ ਦੀ ਮਿਆਦ ਲਈ ਤਿਆਰ ਕੀਤੇ ਗਏ ਸਨ, ਅਤੇ ਇਹ ਵੇਖਿਆ ਗਿਆ ਸੀ ਕਿ ਕਰਦਾਤਾਵਾਂ ਦੁਆਰਾ ਕਰ ਪਾਲਣਾ ਨਾਲ ਸਬੰਧਤ ਵਿਸੰਗਤੀਆਂ ਦਾ ਕੁਝ ਖਾਸ ਕੇ ਪੀ ਏਜ਼ ਤੋਂ ਸਿੱਧਾ ਪਤਾ ਲਗਾਇਆ ਜਾ ਸਕਦਾ ਹੈ। ਇਹਨਾਂ ਕੇ ਪੀ ਏ ਦੇ ਤਹਿਤ ਕੱਢੇ ਗਏ ਡਾਟਾ ਜਿਸ ਵਿੱਚ 22,538 ਕਰਦਾਤਾਵਾਂ ਅਤੇ 2,25,044 ਈ-ਵੇਅ ਬਿਲਜ਼ ਸ਼ਾਮਲ ਸਨ ਨੂੰ ਉਪਚਾਰਕ ਕਾਰਵਾਈ ਦੇ ਅਗਲੇ

ਕੋਰਸ ਤੇ ਵਿਚਾਰ ਕਰਨ ਲਈ ਵਿਭਾਗ ਨੂੰ ਅਗਸਤ 2023 ਵਿੱਚ ਭੇਜਿਆ ਗਿਆ ਸੀ ਅਤੇ ਫੀਲਡ ਵਿਜ਼ਿਟ ਨੂੰ ਸ਼ਾਮਲ ਕੀਤੇ ਬਿਨਾਂ ਵਿਭਾਗ ਦੁਆਰਾ ਕੀਤੀ ਗਈ ਕਾਰਵਾਈ ਦੀ ਸੰਖੇਪ ਰਿਪੋਰਟ ਮੰਗੀ ਗਈ ਸੀ। ਵਿਭਾਗ ਨਾਲ ਸਾਂਝੇ ਕੀਤੇ ਗਏ ਸੰਪੂਰਨ ਨਿਰੀਖਣਾਂ (ਜੁਲਾਈ ਅਤੇ ਅਗਸਤ 2023) ਅਤੇ ਪ੍ਰਾਪਤ ਹੁੰਗਾਰੇ (ਮਾਰਚ ਤੋਂ ਮਈ 2024) ਦਾ ਵੇਰਵਾ **ਸਾਰਣੀ 3.8** ਵਿੱਚ ਦਿੱਤਾ ਗਿਆ ਹੈ।

**ਸਾਰਣੀ 3.8: ਸਾਂਝੇ ਕੀਤੇ ਗਏ ਸੰਪੂਰਨਤਾ ਨਿਰੀਖਣਾਂ ਅਤੇ ਪ੍ਰਾਪਤ ਕੀਤੇ ਹੁੰਗਾਰੇਆਂ ਦੇ ਵੇਰਵੇ**

| ਲੜੀ ਨੰ. | ਨਿਰੀਖਣਾਂ ਦੀ ਕਿਸਮ | ਕਰਦਾਤਾਵਾਂ ਦੀ ਸੰਖਿਆ | ਈ-ਵੇਅ ਬਿਲਾਂ ਦੀ ਕੁੱਲ ਸੰਖਿਆ | ਮੁਲਾਂਕਣਯੋਗ ਮੁੱਲ (₹ ਕਰੋੜ ਵਿੱਚ) | ਵਿਭਾਗ ਦਾ ਹੁੰਗਾਰਾ | | | |
|---|---|---|---|---|---|---|---|---|
| | | | | | ਸਵੀਕਾਰ ਕੀਤਾ ਗਿਆ | | ਸਵੀਕਾਰ ਨਹੀਂ ਕੀਤਾ ਗਿਆ | ਹੁੰਗਾਰਾ ਨਹੀਂ ਦਿੱਤਾ ਗਿਆ |
| | | | | | ਕਰਦਾਤਾਵਾਂ | ਸ਼ਾਮਲ ਕਰ (₹ ਕਰੋੜ ਵਿੱਚ) | ਕਰਦਾਤਾਵਾਂ | ਕਰਦਾਤਾਵਾਂ |
| 1. | ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਅੰਤਰ-ਰਾਜੀ ਈ-ਵੇਅ ਬਿਲ ਤਿਆਰ ਕਰਨਾ | 147 | 294 | 2.91 | 33 | 0.11 | 67 | 47 |
| 2. | ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਬਣਾਉਣਾ, ਜਿਨ੍ਹਾਂ ਨੇ ਨਿਰਧਾਰਤ ਥ੍ਰੈਸ਼ਹੋਲਡ ਸੀਮਾ ਨੂੰ ਪਾਰ ਕੀਤਾ ਸੀ | 4 | 219 | 8.00 | 2 | 0.12 | 1 | 1 |
| 3. | ਜੀ ਐਸ ਟੀ ਰਿਟਰਨ ਨਾ ਦਾਖਲ ਕਰਨ ਵਾਲਿਆਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ | 1,214 | 8,433 | 292.41 | 352 | 6.07 | 432 | 430 |
| 4. | ਰੱਦ ਕੀਤੇ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਬਣਾਉਣਾ | 1,795 | 91,052 | 6,782.76 | 549 | 74.25 | 546 | 700 |
| 5. | ਇੱਕੋ ਇਨਵੌਇਸ ਦੀ ਵਰਤੋਂ ਕਰਦੇ ਹੋਏ ਡੁਪਲੀਕੇਟ ਈ-ਵੇਅ ਬਿਲ ਬਣਾਉਣਾ | 9,698 | 41,626 | 659.34 | 1,814 | 3.71 | 3,255 | 4,629 |
| 6. | ਨਿੱਲ ਜੀ ਐਸ ਟੀ ਰਿਟਰਨ ਦਾਖਲ ਕਰਨ ਵਾਲਿਆਂ ਦੁਆਰਾ ਈ-ਵੇਅ ਬਿਲ ਤਿਆਰ ਕਰਨਾ | 9,680 | 83,420 | 3,015.43 | 454 | 25.59 | 1,055 | 8,171 |
| **ਜੋੜ** | | **22,538** | **2,25,044** | **10,760.85** | **3,204** | **109.85** | **5,356** | **13,978** |

ਵਿਭਾਗ ਦੀਆਂ 8,560 ਮਾਮਲਿਆਂ ਵਿੱਚ ਕਾਰਵਾਈਆਂ, ਜਿਨ੍ਹਾਂ ਵਿਰੁੱਧ ਹੁੰਗਾਰੇ ਪ੍ਰਾਪਤ ਹੋਏ ਸਨ, ਨੂੰ **ਸਾਰਣੀ 3.9** ਵਿੱਚ ਸੰਖੇਪ ਕੀਤਾ ਗਿਆ ਹੈ।

**ਸਾਰਣੀ 3.9: ਸਮੁੱਚੇ ਨਿਰੀਖਣਾਂ ਤੇ ਪ੍ਰਾਪਤ ਹੁੰਗਾਰਿਆਂ ਦਾ ਸਾਰ**

*(₹ ਕਰੋੜ ਵਿੱਚ)*

| | | | ਲੇਖਾ ਪ੍ਰੀਖਿਆ ਡਾਇਮੈਸ਼ਨਾਂ | | | | | | |
|---|---|---|---|---|---|---|---|---|---|
| | | | ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਅੰਤਰ-ਰਾਜੀ ਈ-ਵੇਅ ਬਿੱਲਜ਼ ਬਣਾਉਣਾ | ਕੰਪੋਜ਼ਿਸ਼ਨ ਕਰਦਾਤਾਵਾਂ ਜਿਨ੍ਹਾਂ ਨੇ ਥ੍ਰੈਸ਼ਹੋਲਡ ਸੀਮਾ ਨੂੰ ਪਾਰ ਕੀਤਾ | ਗੈਰ-ਫਾਇਲਰਾਂ ਦੁਆਰਾ ਈ-ਵੇਅ ਬਿਲ ਬਣਾਉਣਾ | ਰੱਦ ਕੀਤੇ ਕਰਦਾਤਾਵਾਂ ਦੁਆਰਾ ਈ-ਵੇਅ ਬਿਲ ਬਣਾਉਣਾ | ਇੱਕੋ ਇਨਵੌਇਸ ਦੀ ਵਰਤੋਂ ਕਰਦੇ ਹੋਏ ਡੁਪਲੀਕੇਟ ਈ-ਵੇਅ ਬਿਲ ਬਣਾਉਣਾ | ਨਿੱਲ ਰਿਟਰਨ ਦਾਖਲ ਕਰਨ ਵਾਲੇ ਕਰਦਾਤਾਵਾਂ ਦੁਆਰਾ ਈ-ਵੇਅ ਬਿਲਜ਼ ਬਣਾਉਣਾ | ਕੁੱਲ |
| | | | **1** | **2** | **3** | **4** | **5** | **6** | **7** |
| ਮਾਮਲੇ ਜਿੱਥੇ ਜਵਾਬ ਪ੍ਰਾਪਤ ਹੋਏ। | | ਸੰਖਿਆ | 100 | 3 | 784 | 1,095 | 5,069 | 1,509 | **8,560** |
| ਸਵੀਕਾਰ ਕੀਤੇ ਗਏ | ਮੰਗ ਨੋਟਿਸ ਜਾਰੀ ਕੀਤੇ ਗਏ | ਸੰਖਿਆ | 26 | 2 | 231 | 500 | 428 | 447 | **1,634** |
| | | ਰਾਸ਼ੀ | 0.11 | 0.12 | 6.07 | 74.02 | 3.71 | 25.51 | **109.54** |
| | ਇਕੱਤਰ ਕੀਤੀਆਂ ਮੰਗਾਂ | ਸੰਖਿਆ | 1 | 0 | 2 | 12 | 0 | 1 | **16** |
| | | ਰਾਸ਼ੀ | 0.00005 | 0.00 | 0.0003 | 0.23 | 0.00 | 0.08 | **0.31** |
| | ਕਰਦਾਤਾ ਨਾਲ ਪੱਤਰ ਵਿਹਾਰ ਦੇ ਤਹਿਤ | ਸੰਖਿਆ | 6 | 0 | 119 | 37 | 1,386 | 6 | **1,554** |
| | ਜੋੜ | **ਸੰਖਿਆ** | **33** | **2** | **352** | **549** | **1,814** | **454** | **3,204** |
| | | ਰਾਸ਼ੀ | **0.11** | **0.12** | **6.07** | **74.25** | **3.71** | **25.59** | **109.85** |
| ਸਵੀਕਾਰ ਨਹੀਂ ਕੀਤੇ ਗਏ | ਕਾਰਵਾਈ ਪਹਿਲਾਂ ਹੀ ਸ਼ੁਰੂ ਕੀਤੀ ਗਈ ਹੈ | ਸੰਖਿਆ | 2 | 0 | 80 | 168 | 28 | 289 | **567** |
| | ਕੋਈ ਕਾਰਵਾਈ ਦੀ ਲੋੜ ਨਹੀਂ | ਸੰਖਿਆ | 64 | 1 | 351 | 368 | 3,226 | 766 | **4,776** |
| | ਹੋਰ ਕਾਰਨ | ਸੰਖਿਆ | 1 | 0 | 1 | 10 | 1 | 0 | **13** |
| | ਜੋੜ | **ਸੰਖਿਆ** | **67** | **1** | **432** | **546** | **3,255** | **1,055** | **5,356** |

ਵਿਭਾਗ ਨੇ 8,560 ਕਰਦਾਤਾਵਾਂ ਵਿੱਚੋਂ, 3,204 ਮਾਮਲਿਆਂ (ਪ੍ਰਾਪਤ ਜਵਾਬਾਂ ਦਾ 37.43 *ਪ੍ਰਤੀਸ਼ਤ*) ਵਿੱਚ ਲੇਖਾ ਪ੍ਰੀਖਿਆ ਇਤਰਾਜ਼ਾਂ ਦੇ ਅਧਾਰ ਤੇ ਕਾਰਵਾਈ ਸ਼ੁਰੂ ਕੀਤੀ ਸੀ ਜਿਸ ਦੇ ਨਤੀਜੇ ਵਜੋਂ ₹ 109.54 ਕਰੋੜ ਦੇ ਮੰਗ ਨੋਟਿਸ ਜਾਰੀ ਕੀਤੇ ਗਏ ਸਨ ਅਤੇ ₹ 0.31 ਕਰੋੜ ਦੀ ਵਸੂਲੀ ਹੋਈ ਸੀ। ਵਿਭਾਗ ਨੇ 5,356 ਮਾਮਲਿਆਂ ਵਿੱਚ ਦੱਸਿਆ ਕਿ ਜਾਂ ਤਾਂ ਉਹਨਾਂ ਵੱਲੋਂ ਕਾਰਵਾਈਆਂ ਪਹਿਲਾਂ ਹੀ ਸ਼ੁਰੂ ਕੀਤੀਆਂ ਗਈਆਂ ਸਨ, ਜਾਂ ਜਾਇਜ਼ ਕਾਰਨਾਂ ਕਰਕੇ ਕੋਈ ਕਾਰਵਾਈ ਦੀ ਲੋੜ ਨਹੀਂ ਸੀ।

ਵਿਭਾਗ ਵੱਲੋਂ 13,978 ਮਾਮਲਿਆਂ ਵਿੱਚ ਕੋਈ ਜਵਾਬ ਨਹੀਂ ਦਿੱਤਾ ਗਿਆ। ਮੰਗ ਨੋਟਿਸਾਂ ਅਤੇ ਵਸੂਲੀ ਵਿੱਚ ਸਮੁੱਚੀ ਨਿਰੀਖਣਾਂ ਦੇ ਬਦਲਣ ਦੀ ਦਰ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਭਾਗ ਨੂੰ ਪਹਿਲ ਦੇ ਅਧਾਰ ਤੇ ਬਾਕੀ ਬਚੇ ਹੋਏ ਮਾਮਲਿਆਂ ਦੀ ਜਾਂਚ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਲੋੜ ਹੈ।

## 3.10.2 ਰੋਕਥਾਮ ਅਤੇ ਲਾਗੂ ਕਰਨ ਵਾਲੀਆਂ ਗਤੀਵਿਧੀਆਂ ਦੀ ਪ੍ਰਭਾਸ਼ੀਲਤਾ

ਕਰ ਕਾਨੂੰਨ ਨੂੰ ਲਾਗੂ ਕਰਨ ਨਾਲ ਸਬੰਧਤ ਗਤੀਵਿਧੀਆਂ ਸਵੈ-ਇਛੱਤ ਪਾਲਣਾ ਨਾਲ ਸਬੰਧਤ ਗਤੀਵਿਧੀਆਂ ਤੋਂ ਵੱਖਰੀਆਂ ਹਨ। ਖੁਫੀਆ ਜਾਣਕਾਰੀ ਇੱਕਤਰ ਕਰਨਾ, ਵਾਹਨਾਂ ਦੀ ਰੋਕ-ਟੋਕ ਅਤੇ ਨਿਰੀਖਣ ਅਤੇ ਇਮਾਰਤਾਂ ਦਾ ਨਿਰੀਖਣ ਵੱਖ-ਵੱਖ ਢੰਗਾਂ ਦੇ ਨਾਲ-ਨਾਲ ਵੱਖੋ-ਵੱਖਰੇ ਤਰੀਕੇ ਹਨ ਜੋ ਕਾਨੂੰਨ ਅਨੁਸਾਰ, ਉਨ੍ਹਾਂ ਮਾਮਲਿਆਂ ਵਿੱਚ ਕਾਨੂੰਨ ਨੂੰ ਲਾਗੂ ਕਰਨ ਲਈ ਅਪਣਾਏ ਜਾ ਸਕਦੇ ਹਨ ਜਿੱਥੇ ਕਰ ਚੋਰੀ ਹੋਈ ਹੈ, ਜਾਂ ਮੰਨਿਆ ਜਾਂਦਾ ਹੈ ਅਤੇ ਵਿਭਾਗ ਨੇ ਲਾਗੂ ਕਰਨ ਲਈ ਇੱਕ ਪਹੁੰਚ ਅਪਣਾਈ ਹੈ ਜੋ ਵਸਤਾਂ ਦੀ ਆਵਾਜਾਈ ਦੇ ਭੌਤਿਕ ਰੁਕਾਵਟ 'ਤੇ ਕਾਫੀ ਨਿਰਭਰ ਕਰਦੀ ਹੈ।

ਪੰਜਾਬ ਵਿੱਚ, ਕਰਬੰਦੀ ਵਿਭਾਗ ਕੋਲ ਰਾਜ ਵਿੱਚ ਢੋਆ-ਢੁਆਈ ਕੀਤੇ ਜਾਣ ਵਾਲੀਆਂ ਵਸਤਾਂ ਦੇ ਸਮਰਥਨ ਵਿੱਚ ਰੱਖੇ ਗਏ ਗਏ ਦਸਤਾਵੇਜ਼ਾਂ ਦੀ ਸ਼ੁੱਧਤਾ ਦੀ ਜਾਂਚ ਕਰਨ ਲਈ ਸੱਤ[76] ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂਜ਼) ਹਨ ਅਤੇ ਇਹ ਕਰ ਚੋਰੀ ਨੂੰ ਰੋਕਣ ਅਤੇ ਜਾਂਚ ਕਰਨ ਲਈ ਅਤੇ ਉਨ੍ਹਾਂ ਦੇ ਯਤਨਾਂ ਵਿੱਚ ਸਹਾਇਤਾ ਕਰਨ ਲਈ ਉਨ੍ਹਾਂ ਦੀ ਲਾਗੂ ਕਰਨ ਦੀ ਗਤੀਵਿਧੀ ਦਾ ਇੱਕ ਅਨਿੱਖੜਵਾਂ ਅੰਗ ਹੈ। ਲੇਖਾ ਪ੍ਰੀਖਿਆ ਨੇ ਰਾਜ ਦੇ ਕੁੱਲ ਸੱਤ ਐਸ ਆਈ ਪੀ ਯੂਜ਼ ਵਿੱਚੋਂ ਨਮੂਨੇ ਵਜੋਂ ਚਾਰ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[77] (ਐਸ ਆਈ ਪੀ ਯੂਜ਼) ਦੀ ਚੋਣ ਕੀਤੀ। ਜਾਂਚ ਦੌਰਾਨ, ਲੇਖਾ ਪ੍ਰੀਖਿਆ ਨੇ ਰੋਕਥਾਮ ਅਤੇ ਲਾਗੂ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਕਈ ਖਾਮੀਆਂ ਅਤੇ ਕਮੀਆਂ ਵੇਖੀਆਂ, ਜਿਨ੍ਹਾਂ ਬਾਰੇ ਪੈਰ੍ਹਾ 3.10.2.1 ਤੋਂ 3.10.2.3 ਦੇ ਅਧੀਨ ਚਰਚਾ ਕੀਤੀ ਗਈ ਹੈ।

### 3.10.2.1 ਵਿਭਾਗ ਦੀ ਕਾਰਜਸ਼ੀਲ ਤਿਆਰੀ

#### [ੳ] ਸਮਰਪਿਤ ਸਥਾਪਨਾ/ਇਕਾਈ

ਈ-ਵੇਅ ਬਿਲ ਨਾਲ ਸਬੰਧਤ ਲਾਗੂ ਕਰਨ ਵਾਲੀਆਂ ਗਤੀਵਿਧੀਆਂ ਲਈ ਇਕ ਸਮਰਪਿਤ ਇਕਾਈ ਜਿਵੇਂ ਕਿ ਵਾਹਨਾਂ ਦੀ ਰੁਕਾਵਟ ਦੌਰਾਨ ਈ-ਵੇਅ ਬਿਲਾਂ ਦੀ ਤਸਦੀਕ ਅਤੇ ਜਿੱਥੇ ਵੀ ਲੋੜ ਹੋਵੇ, ਕਾਰਵਾਈ ਦੀ ਪਾਲਣਾ, ਈ-ਵੇਅ ਬਿਲ ਤਸਦੀਕ ਦੀ ਯੋਜਨਾ ਬਣਾਉਣ ਵਿੱਚ ਈ-ਵੇਅ ਬਿਲ ਲੈਣ ਦੇਣ ਬਾਰੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਕਰਨਾ ਆਦਿ, ਰੋਕਥਾਮ ਕਾਰਜਾਂ ਦੀ ਕੁਸ਼ਲਤਾ ਵਿੱਚ ਸੁਧਾਰ ਕਰਦੇ ਹਨ।

ਪੰਜਾਬ ਰਾਜ ਵਿੱਚ, ਵਿਭਾਗ ਨੇ ਈ-ਵੇਅ ਬਿਲ ਨਾਲ ਸਬੰਧਤ ਲਾਗੂ ਕਰਨ ਦੀਆਂ ਗਤੀਵਿਧੀਆਂ ਲਈ ਸੱਤ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂਜ਼) ਸਥਾਪਤ ਕੀਤੇ ਹਨ। ਇਨ੍ਹਾਂ ਸਮਰਪਿਤ ਇਕਾਈਆਂ ਨੇ ਮੌਜੂਦਾ ਕਰਮਚਾਰੀਆਂ ਨਾਲ ਲੋੜ ਪੈਣ 'ਤੇ ਨਿਰੀਖਣ ਟੀਮਾਂ ਦਾ ਗਠਨ ਕੀਤਾ।

#### [ਅ] ਮੈਨਪਾਵਰ ਦੀ ਯੋਗਤਾ

ਉਚਿਤ ਮੈਨਪਾਵਰ ਯੋਜਨਾਬੰਦੀ ਵਿਭਾਗ ਨੂੰ ਲੋੜੀਂਦੇ ਕਰਮਚਾਰੀਆਂ ਨੂੰ ਬਣਾਈ ਰੱਖਣ, ਮੈਨਪਾਵਰ ਦੇ ਸ੍ਰੋਤਾਂ ਦੀ ਵਰਤੋਂ ਕਰਨ ਅਤੇ ਇਸਦੇ ਉਦੇਸ਼ਾਂ ਨੂੰ ਕੁਸ਼ਲ ਤਰੀਕੇ ਨਾਲ ਪੂਰਾ ਕਰਨ ਵਿੱਚ ਸਹਾਇਤਾ ਕਰਦੀ ਹੈ।

---

76 ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

77 ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪ੍ਰਵਾਨਿਤ ਅਸਾਮੀਆਂ ਵਿੱਚ 86.36 *ਪ੍ਰਤੀਸ਼ਤ* ਅਸਾਮੀਆਂ ਚਾਰ ਨੂਮਨੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[78] ਵਿੱਚ ਭਰੀਆਂ ਗਈਆਂ ਸਨ ਅਤੇ ਅਤੇ ਇਨ੍ਹਾਂ ਯੂਨਿਟਾਂ ਵਿੱਚ 13.64 *ਪ੍ਰਤੀਸ਼ਤ* ਅਸਾਮੀਆਂ ਖਾਲੀ ਪਈਆਂ ਸਨ। ਰਾਜ ਕਰ ਅਧਿਕਾਰੀ, ਰਾਜ ਕਰ ਇੰਸਪੈਕਟਰ ਅਤੇ ਹੋਰ ਸਹਾਇਕ ਸਟਾਫ ਦੀਆਂ ਅਸਾਮੀਆਂ ਵਿੱਚ ਖਾਲੀ ਅਸਾਮੀਆਂ 9.52 ਤੋਂ 25.00 *ਪ੍ਰਤੀਸ਼ਤ* (**ਅੰਤਿਕਾ** 3.7) ਤੱਕ ਖਾਲੀ ਹਨ। ਰੋਕਥਾਮ ਅਤੇ ਲਾਗੂ ਕਰਨ ਦੀਆਂ ਗਤੀਵਿਧੀਆਂ ਕਰ ਚੋਰੀ ਨੂੰ ਰੋਕਣ ਅਤੇ ਰੋਕਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ, ਇਸ ਲਈ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ (ਐਸ ਆਈ ਪੀ ਯੂਜ਼) ਵਿੱਚ ਖਾਲੀ ਅਸਾਮੀਆਂ ਦੇ ਮੁੱਦੇ ਤੇ ਵਿਭਾਗ ਨੂੰ ਧਿਆਨ ਦੇਣ ਦੀ ਲੋੜ ਹੈ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਅਕਤੂਬਰ 2023) ਐਸ ਆਈ ਪੀ ਯੂ ਬਠਿੰਡਾ ਦੇ ਸਹਾਇਕ ਨੇ ਇਸ ਮਾਮਲੇ ਵਿੱਚ ਹੋਰ ਟਿੱਪਣੀਆਂ ਦੀ ਪੇਸ਼ਕਸ਼ ਕੀਤੇ ਬਿਨਾਂ ਯੂਨਿਟ ਵਿੱਚ ਸਟਾਫ ਦੀ ਘਾਟ ਨੂੰ ਸਵੀਕਾਰ ਕੀਤਾ (ਮਈ 2024)। ਇਸ ਸਬੰਧ ਵਿੱਚ ਹੋਰ ਐਸ ਆਈ ਪੀ ਯੂਜ਼ ਨੇ ਕੋਈ ਵੀ ਟਿੱਪਣੀਆਂ ਨਹੀਂ ਕੀਤੀਆਂ (ਅਕਤੂਬਰ 2024)।

**[ੲ] ਟੀਚੇ ਅਤੇ ਪ੍ਰਾਪਤੀਆਂ**

ਵਾਹਨ ਦੀ ਰੁਕਾਵਟ ਜ਼ਰੀਏ ਈ-ਵੇਅ ਬਿਲਾਂ ਦੀ ਤਸਦੀਕ ਲਈ ਟੀਚਾ ਨਿਰਧਾਰਤ ਕਰਨਾ ਅਤੇ ਅਗਾਊਂ ਯੋਜਨਾਬੰਦੀ ਵਸਤਾਂ ਦੀ ਆਵਾਜਾਈ ਦੀ ਪ੍ਰਭਾਵਸ਼ਾਲੀ ਨਿਗਰਾਨੀ ਨੂੰ ਯਕੀਨੀ ਬਣਾਉਂਦੀ ਹੈ।

ਲੇਖਾ ਪ੍ਰੀਖਿਆ ਨੇ ਚਾਰ ਨਮੂਨੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[79] (ਐਸ ਆਈ ਪੀ ਯੂਜ਼) ਵਿੱਚ ਵੇਖਿਆ ਕਿ ਈ-ਵੇਅ ਬਿਲਾਂ ਦੀ ਤਸਦੀਕ ਕਰਨ ਲਈ ਵਿਸ਼ੇਸ਼ ਟੀਚੇ ਨਿਰਧਾਰਤ ਨਹੀਂ ਕੀਤੇ ਗਏ ਸਨ। ਟੀਚਿਆਂ ਦਾ ਨਿਰਧਾਰਨ ਨਾ ਹੋਣ ਕਾਰਨ, ਨਿਰਧਾਰਤ ਟੀਚੇ ਨੂੰ ਪ੍ਰਾਪਤ ਕਰਨ ਦੇ ਮਾਮਲੇ ਵਿੱਚ ਐਸ ਆਈ ਪੀ ਯੂਜ਼ ਦੀ ਕਾਰਗੁਜ਼ਾਰੀ ਨੂੰ ਪਰਖਿਆ ਨਹੀਂ ਜਾ ਸਕਿਆ।

ਧਿਆਨ ਵਿੱਚ ਲਿਆਂਦੇ ਜਾਣ 'ਤੇ (ਅਗਸਤ 2023) ਐਸ ਆਈ ਪੀ ਯੂ ਬਠਿੰਡਾ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਕਿ ਈ-ਵੇਅ ਬਿਲਾਂ ਦੀ ਤਸਦੀਕ ਲਈ ਕੋਈ ਟੀਚਾ ਨਿਰਧਾਰਤ ਨਹੀਂ ਕੀਤਾ ਗਿਆ ਸੀ (ਮਈ 2024)। ਇਸ ਸਬੰਧ ਵਿੱਚ ਹੋਰ ਐਸ ਆਈ ਪੀ ਯੂਜ਼ ਨੇ ਕੋਈ ਵੀ ਟਿੱਪਣੀਆਂ ਨਹੀਂ ਕੀਤੀਆਂ (ਅਕਤੂਬਰ 2024)।

**[ਸ] ਵਿਸ਼ਲੇਸ਼ਣਾਤਮਕ/ਐਮ ਆਈ ਐਸ ਰਿਪੋਰਟਾਂ ਦੀ ਵਰਤੋਂ**

ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਈ-ਵੇਅ ਬਿਲ ਲੈਣ-ਦੇਣ 'ਤੇ ਵਿਸ਼ਲੇਸ਼ਣਾਤਮਕ/ ਐਮ ਆਈ ਐਸ ਰਿਪੋਰਟਾਂ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਕੇਂਦਰ ਅਤੇ ਰਾਜ ਦੇ ਗਠਨ ਅਧੀਨ ਜੀ ਐਸ ਟੀ ਵਿਭਾਗਾਂ ਨਾਲ ਸਾਂਝਾ ਕਰਦਾ ਹੈ। ਇਹ ਰਿਪੋਰਟਾਂ ਕਰਦਾਤਾਵਾਂ ਦੁਆਰਾ ਕਰ ਚੋਰੀ ਦੇ

---

78 ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

79 ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

ਸੰਭਾਵਿਤ ਮਾਮਲਿਆਂ ਨੂੰ ਦਰਸਾਉਂਦੀਆਂ ਹਨ ਅਤੇ ਵਿਭਾਗਾਂ ਨੂੰ ਸਬੂਤ-ਅਧਾਰਤ ਫੈਸਲੇ ਲੈਣ ਵਿੱਚ ਸਹਾਇਤਾ ਕਰਦੀਆਂ ਹਨ।

ਲੇਖਾ ਪ੍ਰੀਖਿਆ ਵਿੱਚ ਜਾਂਚ ਕੀਤੀ ਗਈ ਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ (ਐਸ ਆਈ ਪੀ ਯੂਜ਼) ਦੁਆਰਾ ਈ-ਵੇਅ ਬਿਲਾਂ ਦੀ ਤਸਦੀਕ ਦੀ ਯੋਜਨਾ ਬਣਾਉਣ ਲਈ ਇਨ੍ਹਾਂ ਰਿਪੋਰਟਾਂ ਦੀ ਵਰਤੋਂ ਕਿਸ ਹੱਦ ਤੱਕ ਕੀਤੀ ਜਾ ਰਹੀ ਹੈ। ਲੇਖਾ ਪ੍ਰੀਖਿਆ ਵਿੱਚ ਵੱਖ-ਵੱਖ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਮੰਗ ਕੀਤੇ ਜਾਣ 'ਤੇ ਸਾਰੇ ਚਾਰ ਐਸ ਆਈ ਪੀ ਯੂਜ਼ ਦੁਆਰਾ ਇਹ ਸੂਚਿਤ ਕੀਤਾ ਗਿਆ ਕਿ ਅਜਿਹੀਆਂ ਰਿਪੋਰਟਾਂ ਸਿਰਫ ਵਧੀਕ ਕਮਿਸ਼ਨਰ ਕਰਬੰਦੀ (ਜਾਂਚ) ਦੇ ਦਫਤਰ ਦੁਆਰਾ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ, ਜਿਵੇਂ ਕਿ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਗਿਆ ਹੈ, ਐਸ ਆਈ ਪੀ ਯੂਜ਼ ਵਾਹਨ ਦੇ ਰੁਕਾਵਟਾਂ ਦੀ ਯੋਜਨਾ ਬਣਾਉਣ ਲਈ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੇ ਸਨ। ਇਸ ਤੋਂ ਇਲਾਵਾ, ਵਾਹਨਾਂ ਦੀ ਭੌਤਿਕ ਤਸਦੀਕ ਅਚਨਚੇਤ ਚੈਕਿੰਗ ਵਜੋਂ ਕੀਤੀ ਗਈ ਸੀ।

ਇਸ ਮੁੱਦੇ 'ਤੇ 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਸੀ, ਜਿਸ ਵਿੱਚ ਵਿੱਤ ਕਮਿਸ਼ਨਰ (ਕਰਬੰਦੀ) ਨੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਉਪਯੋਗਤਾ 'ਤੇ ਵਿਚਾਰ ਕਰਨ ਤੋਂ ਬਾਅਦ ਵਿਭਾਗ ਨੂੰ ਸਾਰੀਆਂ ਨਿਗਰਾਨੀ ਰਿਪੋਰਟਾਂ ਨੂੰ ਇੱਕ ਡੈਸ਼ਬੋਰਡ ਹੇਠ ਲਿਆਉਣ ਦੇ ਨਿਰਦੇਸ਼ ਦਿੱਤੇ ਸਨ ਤਾਂ ਜੋ ਅਧਿਕਾਰੀਆਂ ਨੂੰ ਵੱਖ-ਵੱਖ ਨਿਗਰਾਨੀ ਰਿਪੋਰਟਾਂ ਤੱਕ ਪਹੁੰਚ ਕਰਨ ਲਈ ਕਈ ਰਿਪੋਰਟਿੰਗ ਮਾਡਿਊਲਾਂ 'ਤੇ ਨੈਵੀਗੇਟ ਨਾ ਕਰਨਾ ਪਏ।

### 3.10.2.2 ਚੋਰੀ ਰੋਕਣ ਦੇ ਉਪਾਵਾਂ ਦੀ ਪ੍ਰਭਾਵਸ਼ੀਲਤਾ

**[ੳ] ਦਸਤਾਵੇਜ਼ ਪੇਸ਼ ਨਾ ਕੀਤੇ ਜਾਣ ਕਾਰਨ ਸਕੋਪ ਸੀਮਾਂ**

ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਡਿਊਟੀਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 16 ਪ੍ਰਾਪਤੀਆਂ ਦੀ ਲੇਖਾ ਪ੍ਰੀਖਿਆ ਸੰਬਧੀ ਸੀ ਏ ਜੀ ਦੇ ਲੇਖਾ ਪ੍ਰੀਖਿਆ ਆਦੇਸ਼ ਨੂੰ ਨਿਰਧਾਰਤ ਕਰਦੀ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 18 (2) ਦਫਤਰਾਂ ਅਤੇ ਵਿਭਾਗਾਂ 'ਤੇ ਇਹ ਕਾਨੂੰਨੀ ਡਿਊਟੀ ਲਗਾਉਂਦੀ ਹੈ ਕਿ ਉਹ ਸੀ ਏ ਜੀ ਦੀਆਂ ਬੇਨਤੀਆਂ ਦੀ ਪਾਲਣਾ ਕਰਨ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਸਾਰੀ ਵਾਜਬ ਮੁਹਿੰਮ ਦੇ ਨਾਲ ਪੂਰੀ ਜਾਣਕਾਰੀ ਪ੍ਰਦਾਨ ਕਰਨ।

ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ, ਲੇਖਾ ਪ੍ਰੀਖਿਆ ਦੀ ਮਿਆਦ 1 ਅਪ੍ਰੈਲ 2018 ਤੋਂ 31 ਮਾਰਚ 2022 ਲਈ ਈ-ਵੇਅ ਬਿਲ ਦੇ ਸਬੰਧ ਵਿੱਚ ਰੋਕਥਾਮ ਗਤੀਵਿਧੀਆਂ ਨਾਲ ਸਬੰਧਤ ਜਾਣਕਾਰੀ ਅਤੇ ਰਿਕਾਰਡ ਮੰਗੇ ਗਏ ਸਨ। ਨਿਯਮਤ ਫਾਲੋ-ਅਪ ਦੇ ਬਾਵਜੂਦ, ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ (ਐਸ ਆਈ ਪੀ ਯੂ) ਪਟਿਆਲਾ ਅਤੇ ਸ਼ੰਭੂ ਨੇ ਕ੍ਰਮਵਾਰ ਤਿੰਨ[80] ਅਤੇ ਪੰਜ[81] ਬੁੱਕ ਕੀਤੇ ਮਾਮਲਿਆਂ ਦੇ ਸਬੰਧ ਵਿੱਚ ਰਿਕਾਰਡ ਪੇਸ਼ ਨਹੀਂ ਕੀਤਾ ਜੋ ਕਿ 200 ਬੁੱਕ ਕੀਤੇ ਗਏ ਮਾਮਲਿਆਂ ਦੀ ਚੋਣ ਕੀਤੀ ਗਈ ਜਾਂਚ ਦੇ ਕੁੱਲ ਨਮੂਨੇ ਦਾ ਚਾਰ *ਪ੍ਰਤੀਸ਼ਤ* ਸਨ। ਇਸਦੇ ਕਾਰਨ, ਲੇਖਾ ਪ੍ਰੀਖਿਆ

---

[80] ਅਪੀਲ ਅਧੀਨ ਕਰਦਾਤਾਵਾਂ ਦੇ ਮਾਮਲਾ ਹੋਣ ਕਰਕੇ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ।

[81] ਰਿਕਾਰਡ ਦੀ ਮੰਗ/ਰਿਮਾਈਂਡਰ ਮਿਤੀ 7 ਅਗਸਤ 2023, 11 ਅਗਸਤ 2023 ਅਤੇ 16 ਅਗਸਤ 2023

ਨੇ ਅੱਠ ਮਾਮਲਿਆਂ ਨੂੰ ਸਟ੍ਰੈਟਿਫਾਇਡ ਸੈਂਪਲਿੰਗ ਤਕਨੀਕ ਰਾਹੀਂ ਦੂਜੇ ਮਾਮਲਿਆਂ ਨਾਲ ਬਦਲ ਦਿੱਤਾ।

ਰਿਕਾਰਡ ਦੇ ਪੇਸ਼ ਨਾ ਕਰਨ ਦੀ ਮਾਮਲਾ-ਵਾਰ ਸੂਚੀ **ਅੰਤਿਕਾ** 3.8 ਵਿੱਚ ਦਿੱਤੀ ਗਈ ਹੈ ਅਤੇ ਅਧਿਕਾਰ ਖੇਤਰ ਅਨੁਸਾਰ ਰਿਕਾਰਡ ਪੇਸ਼ ਨਾ ਕਰਨਾ **ਸਾਰਣੀ** 3.10 ਵਿੱਚ ਸੰਖੇਪ ਵਿੱਚ ਦਿੱਤਾ ਗਿਆ ਹੈ।

**ਸਾਰਣੀ 3.10: ਰਿਕਾਰਡ ਪੇਸ਼ ਨਾ ਕਰਨਾ**

| ਐਸ ਆਈ ਪੀ ਯੂ ਦਾ ਨਾਂਅ | ਚੁਣੇ ਗਏ ਨਮੂਨੇ ਦਾ ਆਕਾਰ (ਬੁੱਕ ਕੀਤੇ ਮਾਮਲਿਆਂ ਦੀ ਸੰਖਿਆ) | ਰਿਕਾਰਡ ਪੇਸ਼ ਨਾ ਕਰਨਾ (ਬੁੱਕ ਕੀਤੇ ਮਾਮਲਿਆਂ ਦੀ ਸੰਖਿਆ) |
|---|---|---|
| ਬਠਿੰਡਾ | 50 | - |
| ਲੁਧਿਆਣਾ | 50 | - |
| ਪਟਿਆਲਾ | 50 | 3 |
| ਸ਼ੰਭੂ | 50 | 5 |
| **ਜੋੜ** | **200** | **8** |

ਰਿਕਾਰਡ ਪੇਸ਼ ਨਾ ਹੋਣ ਕਾਰਨ, ਇਨ੍ਹਾਂ ਮਾਮਲਿਆਂ ਵਿੱਚ ਸ਼ਾਮਲ ਰੋਕਥਾਮ ਪਹਿਲੂਆਂ ਜਾਂ ਮੁੱਦਿਆਂ ਦੀ ਜਾਂਚ ਨਹੀਂ ਕੀਤੀ ਜਾ ਸਕੀ।

ਉਪਰੋਕਤ ਤੋਂ ਇਲਾਵਾ, ਈ-ਵੇਅ ਬਿਲ ਐਕਸੈਸ ਨੂੰ ਅਨਬਲਾਕ ਕਰਨ ਲਈ ਕਰਦਾਤਾਵਾਂ ਦੁਆਰਾ ਕੀਤੀਆਂ ਬੇਨਤੀਆਂ ਨਾਲ ਸਬੰਧਤ ਮਾਮਲਿਆਂ ਦੇ ਵੇਰਵੇ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਨਹੀਂ ਕੀਤੇ ਗਏ ਸਨ। ਇਸ ਲਈ ਇਨ੍ਹਾਂ ਮਾਮਲਿਆਂ 'ਤੇ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਦਾ ਲੇਖਾ ਪ੍ਰੀਖਿਆ ਵਿੱਚ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਿਆ।

### [ਅ] ਵਾਹਨਾਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼

ਕੇਂਦਰੀ ਅਸਿੱਧੇ ਕਰ ਅਤੇ ਕਸਟਮ ਬੋਰਡ (ਸੀ ਬੀ ਆਈ ਸੀ) ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ[82] ਅਤੇ ਪੰਜਾਬ ਕਰ ਵਿਭਾਗ[83] ਵੱਲੋਂ, 21 ਮਾਰਚ 2022 ਨੂੰ ਜਾਰੀ ਦਿਸ਼ਾ-ਨਿਰਦੇਸ਼ਾਂ ਵਿੱਚ ਵਸਤਾਂ ਦੀ ਆਵਾਜਾਈ, ਰੋਕਣਾ, ਕਬਜ਼ਾ, ਜ਼ਬਤ ਕਰਨ ਅਤੇ ਵਸਤਾਂ ਅਤੇ ਵਾਹਨਾਂ ਨੂੰ ਰਿਹਾਅ ਕਰਨ ਲਈ ਵਾਹਨਾਂ ਦੀ ਜਾਂਚ ਕਰਨ ਲਈ ਵਾਹਨਾਂ ਨੂੰ ਰੋਕਣ ਦੇ ਮਾਮਲੇ ਵਿੱਚ ਅਪਣਾਈ ਜਾਣ ਵਾਲੀ ਪ੍ਰਕਿਰਿਆ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ, ਫੀਲਡ ਫਾਰਮੇਸ਼ਨਾਂ ਦੁਆਰਾ ਇਨ੍ਹਾਂ ਪ੍ਰਕਿਰਿਆਵਾਂ ਦੀ ਪਾਲਣਾ ਦੀ ਸੀਮਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

ਬੁੱਕ ਕੀਤੇ ਗਏ 200 ਮਾਮਲਿਆਂ ਦੇ ਨਮੂਨੇ ਦੀ ਜਾਂਚ ਦੌਰਾਨ, ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਪਟਿਆਲਾ ਦੇ ਅਧੀਨ ਦੋ ਮਾਮਲਿਆਂ[84] ਵਿੱਚ ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ (ਜੁਲਾਈ 2023) ਕਿ ਰੁਕਾਵਟ ਦੇ ਦੌਰਾਨ, ਵਸਤਾਂ ਅਤੇ ਵਾਹਨ ਦੇ ਇੰਚਾਰਜ ਵਿਅਕਤੀਆਂ ਦੇ ਬਿਆਨ ਫਾਰਮ ਜੀ ਐਸ ਟੀ-ਐਮ ਓ ਵੀ-1 ਵਿੱਚ ਦਰਜ ਨਹੀਂ ਕੀਤੇ ਗਏ ਸਨ, ਕਿਉਂਕਿ ਉਹ

---

[82] ਸਰਕੂਲਰ ਨੰ. 41/15/2018-ਜੀ ਐਸ ਟੀ ਮਿਤੀ 13 ਅਪ੍ਰੈਲ 2018, 49/23/2018-ਜੀ ਐਸ ਟੀ ਮਿਤੀ 21 ਜੂਨ 2018 ਅਤੇ 64/38/2018 ਜੀ ਐਸ ਟੀ ਮਿਤੀ 14 ਸਤੰਬਰ 2018

[83] ਸਰਕੂਲਰ ਨੰ. 03/2022

[84] ਮਾਮਲਾ ਨੰ. 1531 ਮਿਤੀ 27 ਅਗਸਤ 2021 ਅਤੇ 1640 ਮਿਤੀ 12 ਅਕਤੂਬਰ 2021

ਈ-ਵੇਅ ਬਿਲ ਨਾਲ ਸਬੰਧਤ ਨਿਰਧਾਰਤ ਦਸਤਾਵੇਜ ਪੇਸ਼ ਕਰਨ ਵਿੱਚ ਅਸਫਲ ਰਹੇ ਸਨ, ਜਦੋਂ ਕਿ ਵਾਹਨਾਂ ਦੀ ਰੁਕਾਵਟ ਕਰਨ ਬਾਰੇ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਪਰੌਪਰ ਅਧਿਕਾਰੀ ਨੂੰ ਵਾਹਨ ਦੀ ਜਾਂਚ ਕਰਨ ਤੋਂ ਪਹਿਲਾਂ ਫਾਰਮ ਜੀ ਐਸ ਟੀ-ਐਮ ਓ ਵੀ-1 ਵਿੱਚ ਵਾਹਨ ਦੇ ਇੰਚਾਰਜ ਵਿਅਕਤੀ ਦਾ ਬਿਆਨ ਦਰਜ ਕਰਨ ਦੀ ਲੋੜ ਸੀ।

ਧਿਆਨ ਵਿੱਚ ਲਿਆਦੇਂ ਜਾਣ ਤੇ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ (ਅਕਤੂਬਰ 2024)।

### [ੲ] ਕਰਦਾਤਾਵਾਂ ਦੀ ਦੇਣਦਾਰੀ ਨੂੰ ਸੈਟ ਆਫ ਕੀਤੇ ਬਿਨਾਂ ਜ਼ਬਤ ਕੀਤੀ ਗਈਆਂ ਵਸਤਾਂ ਅਤੇ ਵਾਹਨਾਂ ਦੀ ਰਿਹਾਈ

ਪੰਜਾਬ ਵਸਤਾਂ ਅਤੇ ਸੇਵਾਵਾਂ ਐਕਟ, 2017 ਦੀ ਧਾਰਾ 49 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਰਦਾਤਾ ਦੀ ਦੇਣਦਾਰੀ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਵਿੱਚ ਬਣਾਈ ਜਾਦੀ ਚਾਹੀਦੀ ਹੈ ਅਤੇ ਇਹ ਦੇਣਦਾਰੀ ਕਰਦਾਤਾਵਾਂ ਦੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕਰਕੇ ਬੰਦ ਕੀਤੀ ਜਾਵੇਗੀ।

ਕੇਂਦਰੀ ਅਸਿੱਧੇ ਕਰ ਅਤੇ ਕਸਟਮ ਬੋਰਡ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ[85] ਅਨੁਸਾਰ ਅਤੇ ਪੰਜਾਬ ਕਰ ਵਿਭਾਗ[86] ਵੱਲੋਂ 21 ਮਾਰਚ 2022 ਨੂੰ ਪ੍ਰਸਾਰਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਵਾਈ ਤੋਂ ਪ੍ਰਾਪਤ ਹੋਣ ਵਾਲੀ ਮੰਗ ਨੂੰ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਇਸ ਦੇ ਵਿਰੁੱਧ ਭੁਗਤਾਨ ਨੂੰ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਵਿੱਚ ਦੇਣਦਾਰੀ ਨੂੰ ਬੰਦ ਕਰਨ ਲਈ ਇਲੈਕਟ੍ਰਾਨਿਕ ਕ੍ਰੈਡਿਟ ਲੈਜ਼ਰ ਜਾਂ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕਰਕੇ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਵਿੱਚ ਜਮ੍ਹਾਂ ਕੀਤਾ ਜਾਵੇਗਾ।

**i** ਬੁੱਕ ਕੀਤੇ ਗਏ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ ਕਿ (ਜੁਲਾਈ ਅਤੇ ਅਗਸਤ 2023) ਚਾਰ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[87] (ਐਸ ਆਈ ਪੀ ਯੂਜ਼) ਅਧੀਨ 13 ਮਾਮਲਿਆਂ ਵਿੱਚ ਪਰੌਪਰ ਅਧਿਕਾਰੀਆਂ ਨੇ ਵਾਹਨਾਂ ਦੀ ਰੁਕਾਵਟ ਦੌਰਾਨ ਲਾਗੂ ਕਰ ਲਗਾਇਆ ਅਤੇ ਕੁੱਲ ₹ 0.34 ਕਰੋੜ ਦਾ ਜੁਰਮਾਨਾਂ ਲਗਾਇਆ (**ਅੰਤਿਕਾ** 3.9) । ਕਰਦਾਤਾਵਾਂ ਨੇ ਆਪਣੇ ਇਨੈਕਟ੍ਰਾਨਿਕ ਕੈਸ਼ ਲੈਜ਼ਰ ਵਿੱਚ ₹ 0.34 ਕਰੋੜ ਜਮ੍ਹਾਂ ਕਰਵਾਏ ਪਰ ਪਰੌਪਰ ਅਧਿਕਾਰੀਆਂ ਨੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕੀਤੇ ਬਿਨਾਂ ਵਸਤਾਂ ਅਤੇ ਵਾਹਨ ਰਿਹਾਅ ਕਰ ਦਿੱਤੇ, ਇਸ ਲਈ ਵਸਤਾਂ ਅਤੇ ਵਾਹਨ ਰਿਹਾਅ ਕਰਨ ਤੋਂ ਪਹਿਲਾਂ ਸਰਕਾਰੀ ਖਾਤਿਆਂ ਵਿੱਚ ₹ 0.34 ਕਰੋੜ ਦੀ ਰਾਸ਼ੀ ਜਮ੍ਹਾਂ ਨਹੀਂ ਹੋ ਸਕੀ।

---

85 ਸਰਕੂਲਰ ਨੰ. 41/15/2018-ਜੀ ਐਸ ਟੀ ਮਿਤੀ 13 ਅਪ੍ਰੈਲ 2018

86 ਸਰਕੂਲਰ ਨੰ. 03/2022

87 ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

ਇੱਕ ਕਰਦਾਤਾ ਦਾ ਇੱਕ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

> ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂ), ਬਠਿੰਡਾ ਅਧੀਨ ਪਰੌਪਰ ਅਧਿਕਾਰੀ ਨੇ 3 ਦਸੰਬਰ 2018 ਨੂੰ ਮੋਗਾ ਤੋਂ ਫਰੀਦਕੋਟ ਤੱਕ ₹ 0.28 ਕਰੋੜ ਦੇ ਮੁੱਲ ਦੀਆਂ ਮੁਲਾਂਕਣਯੋਗ ਵਸਤਾਂ ਲਿਜਾ ਰਹੇ ਇੱਕ ਮਾਮਲੇ[88] ਵਿੱਚ ਇੱਕ ਵਾਹਨ ਨੂੰ ਰੋਕਿਆ ਅਤੇ ਕਰ ਅਤੇ ਜੁਰਮਾਨੇ ਸਮੇਤ ₹ 0.10 ਕਰੋੜ[89] ਰੁਪਏ ਦੀ ਮੰਗ ਤੈਅ ਕੀਤੀ। ਜੀ ਐਸ ਟੀ ਆਈ ਐਨ 03EMRP******1Z4 ਵਾਲੇ ਸਬੰਧਤ ਕਰਦਾਤਾ ਨੇ 14 ਦਸੰਬਰ 2018 ਨੂੰ ਇਲੈਕਟ੍ਰਾਨਿਕ ਕੈਸ਼ ਲੈਜ਼ਰ ਵਿੱਚ ₹ 0.10 ਕਰੋੜ ਜਮ੍ਹਾਂ ਕਰਵਾਏ ਅਤੇ ਪਰੌਪਰ ਅਧਿਕਾਰੀ ਨੇ ਉਸ ਦਿਨ ਵਸਤਾਂ ਅਤੇ ਵਾਹਨ ਰਿਹਾਅ ਕਰ ਦਿੱਤੇ। ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ ਪਰੌਪਰ ਅਧਿਕਾਰੀ ਨੇ ਵਸਤਾਂ ਅਤੇ ਵਾਹਨ ਨੂੰ ਰਿਹਾਅ ਕਰਨ ਤੋਂ ਬਾਅਦ ਚਾਰ ਮਹੀਨੇ ਦੀ ਮਿਆਦ ਤੋਂ ਬਾਅਦ 18 ਅਪ੍ਰੈਲ 2019 ਨੂੰ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਵਿੱਚ ਕਰ ਅਤੇ ਜੁਰਮਾਨੇ ਦੀ ਮੰਗ ਸ਼ਾਮਲ ਕੀਤੀ। ਇਸ ਤੋਂ ਬਾਅਦ, 19 ਅਪ੍ਰੈਲ 2019 ਨੂੰ ਇਲੈਕਟ੍ਰਾਨਿਕ ਕੈਸ਼ ਲੈਜ਼ਰ ਡੈਬਿਟ ਕਰਕੇ ਜੁਰਮਾਨੇ ਦੇ ਵਿਰੁੱਧ ₹ 0.05 ਕਰੋੜ ਦੀ ਦੇਣਦਾਰੀ ਤੈਅ ਕੀਤੀ ਗਈ ਸੀ। ਇਸ ਲਈ, ₹ 0.05 ਕਰੋੜ ਦੇ ਜੁਰਮਾਨੇ ਦੀ ਦੇਣਦਾਰੀ ਤੈਅ ਕਰਨ ਵਿੱਚ ਚਾਰ ਮਹੀਨਿਆਂ ਦੀ ਦੇਰੀ ਹੋਈ ਅਤੇ ਲੇਖਾ ਪ੍ਰੀਖਿਆ ਦੀ ਮਿਤੀ (ਜੁਲਾਈ 2023) ਤੱਕ ₹ 0.05 ਕਰੋੜ ਦੀ ਕਰ ਦੇਣਦਾਰੀ ਤੈਅ ਨਹੀਂ ਕੀਤੀ ਗਈ।
>
> ਧਿਆਨ ਵਿੱਚ ਲਿਆਂਦੇ ਜਾਣ 'ਤੇ (ਜੁਲਾਈ 2023), ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਅਕਤੂਬਰ 2024)।

ਉਪਰ ਦਰਸਾਏ ਗਏ ਇੱਕ ਮਾਮਲੇ ਤੋਂ ਇਲਾਵਾ ਬਾਰ੍ਹਾਂ ਮਾਮਲਿਆਂ ਵਿੱਚੋਂ, ਐਸ ਆਈ ਪੀ ਯੂ ਲੁਧਿਆਣਾ ਨੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਰਾਹੀਂ ਇੱਕ ਮਾਮਲੇ[90] ਵਿੱਚ ₹ 0.02 ਕਰੋੜ ਦੀ ਰਿਕਵਰੀ ਦੀ ਜਾਣਕਾਰੀ ਦਿੱਤੀ (ਮਈ 2024)। ਬਾਕੀ 11 ਮਾਮਲਿਆਂ ਵਿੱਚ ਕੋਈ ਜਵਾਬ ਨਹੀਂ ਦਿੱਤਾ (ਅਕਤੂਬਰ 2024)।

**ii** ਇਸੇ ਤਰ੍ਹਾਂ ਚਾਰ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[91] (ਐਸ ਆਈ ਪੀ ਯੂਜ਼) ਦੁਆਰਾ ਰੋਕੇ ਗਏ 27 ਮਾਮਲਿਆਂ ਵਿੱਚ ਲੇਖਾ ਪ੍ਰੀਖਿਆ (ਜੁਲਾਈ ਅਤੇ ਅਗਸਤ 2023) ਵਿੱਚ ਵੇਖਿਆ ਗਿਆ ਕਿ ਪਰੌਪਰ ਅਧਿਕਾਰੀਆਂ ਨੇ ਵਾਹਨਾਂ ਦੀ ਰੁਕਾਵਟ ਦੌਰਾਨ ਲਾਗੂ ਕਰ ਲਗਾਇਆ ਅਤੇ ਕੁੱਲ ₹ 0.57 ਕਰੋੜ ਦਾ ਜ਼ੁਰਮਾਨਾ ਲਗਾਇਆ। ਸਬੰਧਤ ਕਰਦਾਤਾਵਾਂ ਦੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਵਿੱਚ ₹ 0.57 ਕਰੋੜ ਜਮ੍ਹਾਂ ਕਰਵਾਏ ਅਤੇ ਪਰੌਪਰ ਅਧਿਕਾਰੀਆਂ ਨੇ ਕਰਦਾਤਾਵਾਂ ਦੇ ਆਪਣੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕੀਤੇ ਬਿਨਾਂ ਵਸਤਾਂ ਅਤੇ ਵਾਹਨ ਰਿਹਾਅ ਕੀਤੇ, ਇਸ ਲਈ ਵਸਤਾਂ ਅਤੇ ਵਾਹਨ ਜਾਰੀ ਕਰਨ ਸਮੇਂ ਸਰਕਾਰੀ ਲੇਖਿਆਂ ਵਿੱਚ ਧਨ ਨਹੀਂ ਪਾਇਆ ਗਿਆ। ਇਸ ਤੋਂ ਬਾਅਦ, ਪਰੌਪਰ ਅਧਿਕਾਰੀਆਂ ਨੇ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਦੇ ਅਧੀਨ ਦੇਣਦਾਰੀਆਂ ਬਣਾਈਆਂ ਅਤੇ ਵਸਤਾਂ ਅਤੇ ਵਾਹਨਾਂ ਨੂੰ ਰਿਹਾਅ ਕਰਨ

---

88 ਮਾਮਲਾ ਨੰਬਰ 183 ਮਿਤੀ 3 ਦਸੰਬਰ 2018

89 ਕਰ ਦੀ ਮੰਗ ₹ 5,02,840 (ਸੀ ਜੀ ਐਸ ਟੀ ₹ 2,51,420 ਜਮ੍ਹਾਂ ਐਸ ਜੀ ਐਸ ਟੀ ₹ 2,51,420) ਅਤੇ ਜੁਰਮਾਨਾ ₹ 5,02,840

90 ਮਾਮਲਾ ਨੰਬਰ 11 ਮਿਤੀ 30 ਮਈ 2018

91 ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

ਤੋਂ ਬਾਅਦ 63 ਤੋਂ 1,656 ਦਿਨਾਂ (**ਅੰਤਿਕਾ** 3.10) ਦੇ ਅੰਤਰਾਲ ਨਾਲ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕਰ ਦਿੱਤਾ।

ਇੱਕ ਕਰਦਾਤਾ ਦਾ ਇੱਕ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ (ਐਸ ਆਈ ਪੀ ਯੂ), ਸ਼ੰਭੂ ਦੇ ਅਧੀਨ ਪਰੌਪਰ ਅਧਿਕਾਰੀ ਨੇ 13 ਜੁਲਾਈ 2018 ਨੂੰ ਇੱਕ ਮਾਮਲੇ[92] ਵਿੱਚ ਪੰਜਾਬ ਤੋਂ ਕਾਨਪੁਰ ਤੱਕ ₹ 0.09 ਕਰੋੜ ਦੇ ਮੁਲਾਂਕਣਯੋਗ ਮੁੱਲ ਦੀਆਂ ਵਸਤਾਂ ਲਿਜਾਣ ਵਾਲੇ ਇੱਕ ਵਾਹਨ ਨੂੰ ਰੋਕਿਆ ਅਤੇ 31 ਜੁਲਾਈ 2018 ਨੂੰ ਕਰ ਅਤੇ ਜੁਰਮਾਨੇ ਸਮੇਤ ₹ 0.11 ਕਰੋੜ[93] ਦੀ ਮੰਗ ਤੈਅ ਕੀਤੀ। ਜੀ ਐਸ ਟੀ ਆਈ ਐਨ 03AARF******1Z5 ਵਾਲੇ ਸਬੰਧਤ ਕਰਦਾਤਾ ਨੇ 31 ਜੁਲਾਈ 2018 ਨੂੰ ਇਲੈਕਟ੍ਰਾਨਿਕ ਕੈਸ਼ ਲੈਜ਼ਰ ਵਿੱਚ ਕੇ ₹ 0.11 ਕਰੋੜ ਦੀ ਮੰਗ ਜਮ੍ਹਾਂ ਕਰਵਾਈ ਸੀ। ਕਰਦਾਤਾ ਵੱਲੋਂ ਆਪਣੇ ਇਲੈਕਟ੍ਰਾਨਿਕ ਕੈਜ਼ ਲੈਜ਼ਰ ਵਿੱਚ ਮੰਗ ਜਮ੍ਹਾਂ ਕਰਵਾਉਣ ਤੋਂ ਬਾਅਦ ਪਰੌਪਰ ਅਧਿਕਾਰੀ ਨੇ ਵਸਤਾਂ ਅਤੇ ਵਾਹਨ ਰਿਹਾਅ ਕਰ ਦਿੱਤਾ, ਹਾਲਾਂਕਿ ਪਰੌਪਰ ਅਧਿਕਾਰੀ ਨੇ ਕਰਦਾਤਾ ਦੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕਰਕੇ ਸਰਕਾਰੀ ਖਾਤੇ ਵਿੱਚ ਧਨ ਪ੍ਰਾਪਤ ਨਹੀਂ ਕੀਤੇ। ਇਸ ਤੋਂ ਬਾਅਦ, ਪਰੌਪਰ ਅਧਿਕਾਰੀ ਨੇ 2 ਮਈ 2019 ਨੂੰ ਇਲੈਕਟ੍ਰਾਨਿਕ ਦੇਣਦਾਰੀ ਰਜਿਸਟਰ ਦੇ ਅਧੀਨ ਦੇਣਦਾਰੀ ਬਣਾਈ ਅਤੇ ਵਸਤਾਂ ਅਤੇ ਵਾਹਨ ਰਿਹਾਅ ਕਰਨ ਤੋਂ ਬਾਅਦ 284 ਦਿਨਾਂ ਦੇ ਅੰਤਰਾਲ ਨਾਲ 11 ਮਈ 2019 ਨੂੰ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਕਰ ਦਿੱਤਾ।

ਧਿਆਨ ਵਿੱਚ ਲਿਆਂਦੇ ਜਾਣ ‘ਤੇ (ਅਗਸਤ 2023), ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ (ਅਕਤੂਬਰ 2024) ।

ਉਪਰ ਦਰਸਾਏ ਗਏ ਇੱਕ ਐਸ ਆਈ ਪੀ ਯੂ ਦੇ ਮਾਮਲੇ ਤੋਂ ਇਲਾਵਾ ਤਿੰਨ ਐਸ ਆਈ ਪੀ ਯੂ ਵਿੱਚੋਂ ਐਸ ਆਈ ਪੀ ਯੂ, ਲੁਧਿਆਣਾ ਨੇ ਕਿਹਾ ਕਿ ਦੇਣਦਾਰੀ ਬਣਾਉਣ ਅਤੇ ਇਲੈਕਟ੍ਰਾਨਿਕ ਲੈਜ਼ਰ ਨੂੰ ਬੰਦ ਕਰਨ ਦੀ ਸਹੂਲਤ 2019-20 ਵਿੱਚ ਚਾਲੂ ਕੀਤੀ ਗਈ ਸੀ, ਇਸ ਲਈ ਸਾਰੀਆਂ ਦੇਣਦਾਰੀਆਂ ਬਣਾਈਆਂ ਗਈਆਂ। ਐਸ ਆਈ ਪੀ ਯੂ, ਪਟਿਆਲਾ ਨੇ ਸਹਾਇਕ ਕਮਿਸ਼ਨਰ ਨੇ ਦੋ ਮਾਮਲਿਆਂ[94] ਵਿੱਚ ਜਵਾਬ ਦਿੱਤਾ ਕਿ ਕਰਦਾਤਾ ਦੁਆਰਾ ਨਕਦ ਬਹੀ ਖਾਤੇ ਵਿੱਚ ਜਮ੍ਹਾਂ ਕਰ ਅਤੇ ਜੁਰਮਾਨੇ ਦੀ ਰਾਸ਼ੀ ਦੀ ਵਰਤੋਂ ਜੀ ਐਸ ਟੀ ਦੇਣਦਾਰੀ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਨਹੀਂ ਕੀਤੀ ਜਾ ਸਕਦੀ ਹੈ। ਐਸ ਆਈ ਪੀ ਯੂ, ਬਠਿੰਡਾ ਨੇ ਜਵਾਬ ਦਿੱਤਾ ਕਿ ਸ਼ੁਰੂਆਤੀ ਸਮੇਂ ਦੌਰਾਨ, ਸਟਾਫ ਜੀ ਐਸ ਟੀ ਪ੍ਰਣਾਲੀ ਤੋਂ ਜਾਣੂ ਨਹੀਂ ਸੀ। ਇਸ ਤੋਂ ਇਲਾਵਾ, ਦੇਰੀ ਦੇ ਬਾਵਜੂਦ ਰੈਵੀਨਿਊ ਦਾ ਕੋਈ ਨੁਕਸਾਨ ਨਹੀਂ ਹੋਇਆ।

ਐਸ ਆਈ ਪੀ ਯੂਜ਼ ਦੇ ਜਵਾਬ ਸਵੀਕਾਰਯੋਗ ਨਹੀਂ ਸਨ ਕਿਉਂਕਿ ਵਿਭਾਗ ਨੇ ਅਕਤੂਬਰ 2018 ਵਿੱਚ ਦੇਣਦਾਰੀ ਬਣਾਉਣ ਅਤੇ ਬੰਦ ਕਰਨ ਬਾਰੇ ਐਡਵਾਇਜ਼ਰੀ ਜਾਰੀ ਕੀਤੀ ਸੀ ਅਤੇ ਇਸ ਮਿਆਦ ਤੋਂ ਬਾਅਦ ਸਰਕਾਰੀ ਧਨ ਦੀ ਵਸੂਲੀ ਵਿੱਚ ਦੇਰੀ ਜਾਇਜ਼ ਨਹੀਂ ਸੀ। ਇਸ ਤੋਂ ਇਲਾਵਾ,

92 ਮਾਮਲਾ ਨੰਬਰ 020006 ਮਿਤੀ 13 ਜੁਲਾਈ 2018

93 ਕਰ ਦੀ ਮੰਗ ₹ 1,64,584 (ਆਈ ਜੀ ਐਸ ਟੀ), ₹ 1,64,584 ਦਾ ਜੁਰਮਾਨਾ ਅਤੇ ₹ 7,49,771 ਦਾ ਦੰਡ।

94 ਮਾਮਲਾ ਨੰਬਰ 92 ਮਿਤੀ 8 ਅਪ੍ਰੈਲ 2018 ਅਤੇ 183 ਮਿਤੀ 6 ਅਕਤੂਬਰ 2018

ਇਲੈਕਟ੍ਰਾਨਿਕ ਕੈਸ਼ ਲੈਜ਼ਰ ਦੇ ਅਧੀਨ ਉਪਲਬਧ ਰਾਸ਼ੀ ਦੀ ਵਰਤੋਂ ਕਰਦਾਤਾਵਾਂ ਦੁਆਰਾ ਕਰ ਦੀ ਮਿਆਦ ਦੌਰਾਨ ਪੈਦਾ ਹੋਣ ਵਾਲੀਆਂ ਆਪਣੀਆਂ ਦੇਣਦਾਰੀਆਂ ਲਈ ਕੀਤੀ ਜਾ ਸਕਦੀ ਸੀ ਅਤੇ ਅਜਿਹੀ ਸਥਿਤੀ ਵਿੱਚ, ਕਰ ਦੀ ਮੰਗ ਦੀ ਪ੍ਰਾਪਤੀ ਨਾ ਹੋਣ ਦੇ ਜੋਖਮ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਲੇਖਾ ਪ੍ਰੀਖਿਆ ਦੁਆਰਾ ਇੱਕ ਮਾਮਲੇ[95] ਵਿੱਚ ਵੇਖਿਆ ਗਿਆ ਹੈ, ਜਿੱਥੇ ਕਰਦਾਤਾ ਦੁਆਰਾ ਮੰਗ ਦੇ ਵਿਰੁੱਧ ਜਮ੍ਹਾਂ ਕੀਤੀ ਗਈ ₹ 52,500 ਦੀ ਰਾਸ਼ੀ ਦੀ ਵਰਤੋਂ ਕਰਦਾਤਾ ਦੁਆਰਾ ਇਲੈਕਟ੍ਰਾਨਿਕ ਕੈਸ਼ ਲੈਜ਼ਰ ਵਿੱਚ ਨਾਕਾਫੀ ਰਾਸ਼ੀ ਛੱਡਕੇ ਹੋਰ ਦੇਣਦਾਰੀਆਂ ਦੇ ਵਿਰੁੱਧ ਕੀਤੀ ਗਈ ਸੀ, ਕਿਉਂਕਿ ਪਰੌਪਰ ਅਧਿਕਾਰੀ ਨੇ ਸਮੇਂ ਸਿਰ ਮੰਗ ਦੇ ਵਿਰੁੱਧ ਇਲੈਕਟ੍ਰਾਨਿਕ ਕੈਸ਼ ਲੈਜ਼ਰ ਨੂੰ ਡੈਬਿਟ ਨਹੀਂ ਕੀਤੀ ਗਿਆ ਸੀ ।

**[ਸ] ਕਰਦਾਤਾਵਾਂ ਦੁਆਰਾ ਬਾਹਰੀ ਸਪਲਾਈ ਲਈ ਚਲਾਨਾਂ ਦੀ ਗੈਰ-ਰਿਪੋਰਟਿੰਗ**

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 37 ਨੂੰ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮ, 2017 ਦੇ ਨਿਯਮ 59 (1) ਨਾਲ ਪੜ੍ਹਦੇ ਹੋਏ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਰਜਿਸਟਡਰ ਵਿਅਕਤੀ ਦੁਆਰਾ ਫਾਰਮ ਜੀ ਐਸ ਟੀ ਆਰ-1 ਵਿੱਚ ਵਸਤਾਂ ਅਤੇ ਸੇਵਾਵਾਂ ਦੋਵਾਂ ਦੀ ਬਾਹਰੀ ਸਪਲਾਈ ਦਾ ਵੇਰਵਾ ਦੇਣਾ ਜ਼ਰੂਰੀ ਹੈ।

ਬੁੱਕ ਕੀਤੇ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਲੇਖਾ ਪ੍ਰੀਖਿਆ ਨੇ ਅਜਿਹੇ ਕਰਦਾਤਾਵਾਂ ਦੇ ਕਰ ਚਲਾਨਾਂ ਦੇ ਸਬੰਧ ਵਿੱਚ ਅੰਕੜੇ ਇਕੱਠੇ ਕੀਤੇ, ਜਿਨ੍ਹਾਂ ਦੇ ਚਲਾਨ ਵਾਹਨਾਂ ਨੂੰ ਰੋਕਣ ਦੌਰਾਨ ਜੀ ਐਸ ਟੀ ਦੀਆਂ ਧਾਰਾਵਾਂ ਦੀ ਉਲੰਘਣਾ ਵਿੱਚ ਨਹੀਂ ਪਾਏ ਗਏ ਸਨ ਅਤੇ ਉਨ੍ਹਾਂ ਨੂੰ ਬਿਨਾਂ ਜੁਰਮਾਨੇ ਦੇ ਅੱਗੇ ਜਾਣ ਦੀ ਮੰਜ਼ੂਰੀ ਦਿੱਤੀ ਗਈ ਸੀ। ਲੇਖਾ ਪ੍ਰੀਖਿਆ ਨੇ ਸਬੰਧਤ ਕਰਦਾਤਾਵਾਂ ਦੇ ਜੀ ਐਸ ਟੀ ਆਰ-1 ਰਿਟਰਨ ਤੋਂ ਇਸ ਡਾਟੇ ਦੀ ਕਰਾਸ ਪੁਸ਼ਟੀ ਕੀਤੀ ਅਤੇ ਵੇਖਿਆ (ਅਗਸਤ 2023) ਕਿ ਪੰਜ ਕਰਦਾਤਾਵਾਂ ਨੇ ਆਪਣੇ ਜੀ ਐਸ ਟੀ ਆਰ-1 ਰਿਟਰਨ ਵਿੱਚ ₹ 46,484 (**ਅੰਤਿਕਾ 3.11**) ਦੇ ਕਰ ਪ੍ਰਭਾਵ ਦੇ ਨਾਲ ₹ 2.96 ਲੱਖ ਦੇ ਮੁਲਾਂਕਣਯੋਗ ਮੁੱਲ ਵਾਲੇ ਦਸ ਕਰ ਚਲਾਨਾ ਦੀ ਰਿਪੋਰਟ ਨਹੀਂ ਕੀਤੀ ਸੀ। ਇਸ ਤਰ੍ਹਾਂ ਇਨ੍ਹਾਂ ਕਰਦਾਤਾਵਾਂ ਨੇ ਆਪਣੀਆਂ ਕਰ ਦੇਣਦਾਰੀਆਂ ਦਾ ਨਿਪਟਾਰਾ ਨਹੀਂ ਕੀਤਾ ਜਦੋਂ ਸਪਲਾਈਆਂ ਦੇ ਪਿਛਲੇ ਰੁਕਾਵਟਾਂ ਵਿੱਚ ਚਲੇ ਜਾਣ ਤੋਂ ਬਾਅਦ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇਹ ਕਰਦਾਤਾ ਕਾਰੋਬਾਰੀ ਲੈਣ-ਦੇਣ ਅਤੇ ਕਰ ਚੋਰੀ ਦੀਆਂ ਗਤੀਵਿਧੀਆਂ ਨੂੰ ਦਬਾਉਣ ਵਿੱਚ ਸ਼ਾਮਲ ਹੋ ਸਕਦੇ ਹਨ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਅਧਿਕਾਰ ਖੇਤਰ ਦੇ ਸਹਾਇਕ ਕਮਿਸ਼ਨਰ ਲੁਧਿਆਣਾ-II ਨੇ ਜਵਾਬ ਦਿੱਤਾ (ਮਈ 2024) ਕਿ ਦੋ ਕਰਦਾਤਾਵਾਂ[96] ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਹੋਰ ਅਧਿਕਾਰ ਖੇਤਰ ਅਧਿਕਾਰੀਆਂ ਵੱਲੋਂ ਕੋਈ ਜਵਾਬ ਪੇਸ਼ ਨਹੀਂ ਕੀਤਾ ਗਿਆ ਸੀ (ਅਕਤੂਬਰ 2024)।

[95] ਮਾਮਲਾ ਨੰਬਰ 292 ਮਿਤੀ 23 ਫਰਵਰੀ 2019

[96] ਜੀ ਐਸ ਟੀ ਆਈ ਐਨ: 03ADVP******1ZD ਅਤੇ 03AEHP******1ZP

### [ਹ] ਲਾਜ਼ਮੀ ਈ-ਵੇਅ ਬਿਲ ਤੋਂ ਬਿਨਾਂ ਵਸਤਾਂ ਦੀ ਆਵਾਜਾਈ 'ਤੇ ਜੁਰਮਾਨਾ ਨਾ ਲਗਾਉਣਾ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਪੀ ਜੀ ਐਸ ਟੀ) ਨਿਯਮ, 2017 ਦੇ ਨਿਯਮ 138 ਵਿੱਚ ਈ-ਵੇਅ ਬਿਲ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ। ਖੇਪ ਬਾਰੇ ਜਾਣਕਾਰੀ ਵਸਤਾਂ ਦੀ ਆਵਾਜਾਈ ਤੋਂ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਹ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਜਾਰੀ ਕੀਤੀ ਜਾਣੀ ਚਾਹੀਦੀ ਹੈ ਚਾਹੇ ਆਵਾਜਾਈ ਸਪਲਾਈ ਦੇ ਸਬੰਧ ਵਿੱਚ ਹੋਵੇ ਜਾਂ ਸਪਲਾਈ ਤੋਂ ਇਲਾਵਾ ਹੋਰ ਕਾਰਨਾਂ ਕਰਕੇ।

ਈ-ਵੇਅ ਬਿਲ 1 ਅਪ੍ਰੈਲ 2018 ਤੋਂ ₹ 50,000 ਤੋਂ ਵੱਧ ਮੁੱਲ ਵਾਲੀਆਂ ਵਸਤਾਂ ਦੀ ਅੰਤਰ-ਰਾਜੀ ਆਵਾਜਾਈ ਲਈ ਲਾਗੂ ਕੀਤਾ ਗਿਆ ਸੀ। ਅੰਦਰੂਨੀ ਰਾਜ ਆਵਾਜਾਈ ਲਈ, ਪੰਜਾਬ ਰਾਜ ਵਿੱਚ ਈ-ਵੇਅ ਬਿਲ 1 ਜੂਨ 2018 ਤੋਂ ਲਾਜ਼ਮੀ ਕਰ ਦਿੱਤਾ ਗਿਆ ਸੀ।

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 129(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਰਯੋਗ ਵਸਤਾਂ ਦੇ ਮਾਮਲੇ ਵਿੱਚ, ਐਕਟ ਦੀ ਉਲੰਘਣਾ ਕਰਕੇ ਆਵਾਜਾਈ ਵਿੱਚ ਵਸਤਾਂ ਅਤੇ ਵਾਹਨਾ ਨੂੰ ਹਿਰਾਸਤ ਵਿੱਚ ਲੈਣ 'ਤੇ, (ੳ) ਜਦੋਂ ਵਸਤਾਂ ਦਾ ਮਾਲਕ ਕਰ ਅਤੇ ਜੁਰਮਾਨੇ ਦੀ ਅਦਾਇਗੀ ਲਈ ਅੱਗੇ ਆਉਂਦਾ ਹੈ, ਤਾਂ ਵਸਤਾਂ ਅਤੇ ਵਾਹਨਾਂ ਨੂੰ ਲਾਗੂ ਕਰ ਅਤੇ ਭੁਗਤਾਨਯੋਗ ਕਰ ਦੇ 100 *ਪ੍ਰਤੀਸ਼ਤ* ਦੇ ਬਰਾਬਰ ਜੁਰਮਾਨੇ ਦੇ ਭੁਗਤਾਨ 'ਤੇ ਰਿਹਾਅ ਕੀਤਾ ਜਾਵੇਗਾ ਅਤੇ (ਅ) ਜੇ ਵਸਤਾਂ ਦਾ ਮਾਲਕ ਕਰ ਅਤੇ ਜੁਰਮਾਨੇ ਦੇ ਭੁਗਤਾਨ ਲਈ ਅੱਗੇ ਨਹੀਂ ਆਉਂਦਾ ਹੈ, ਤਾਂ ਵਸਤਾਂ ਅਤੇ ਵਾਹਨਾਂ ਨੂੰ ਲਾਗੂ ਕਰ ਅਤੇ ਜੁਰਮਾਨੇ ਦੇ ਭੁਗਤਾਨ 'ਤੇ ਰਿਹਾਅ ਕੀਤਾ ਜਾਵੇਗਾ ਅਤੇ ਜੁਰਮਾਨਾ ਉਨ੍ਹਾਂ ਵਸਤਾਂ ਦੇ ਮੁੱਲ ਵਿੱਚੋਂ ਭੁਗਤਾਨ ਕੀਤੇ ਗਏ ਕਰ ਦੀ ਰਾਸ਼ੀ ਨੂੰ ਘਟਾਈਆਂ ਵਸਤਾਂ ਦੇ ਮੁੱਲ ਦੇ ਪੰਜਾਹ *ਪ੍ਰਤੀਸ਼ਤ* ਦੇ ਬਰਾਬਰ ਹੋਵੇਗਾ।

ਬੁੱਕ ਕੀਤੇ ਗਏ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ ਲੇਖਾ ਪ੍ਰੀਖਿਆ ਨੇ ਦੋ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[97] ਅਧੀਨ ਦੋ ਮਾਮਲਿਆਂ[98] ਵਿੱਚ ਵੇਖਿਆ (ਜੁਲਾਈ ਅਤੇ ਅਗਸਤ 2023) ਕਿ ਪਰੌਂਪਰ ਅਧਿਕਾਰੀਆਂ ਨੇ ਰੋਕਣ ਤੋਂ ਬਾਅਦ ਬਿਨਾਂ ਜੁਰਮਾਨਾ ਲਗਾਏ ਵਸਤਾਂ ਦੀ ਹੋਰ ਆਵਾਜਾਈ ਦੀ ਮੰਜ਼ੂਰੀ ਦਿੱਤੀ, ਜੋ ਕਿ ਲਾਜ਼ਮੀ ਈ-ਵੇਅ ਬਿਲਾਂ ਤੋਂ ਬਿਨਾਂ ਲਿਜਾਇਆ ਜਾ ਰਿਹਾ ਸੀ।

ਇੱਕ ਮਾਮਲਾ ਹੇਠਾਂ ਦਰਸਾਇਆ ਗਿਆ ਹੈ।

ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਲੁਧਿਆਣਾ ਅਧੀਨ ਇੱਕ ਪਰੌਂਪਰ ਅਧਿਕਾਰੀ ਨੇ 26 ਨਵੰਬਰ 2021 ਨੂੰ ਇੱਕ ਮਾਮਲੇ[99] ਵਿੱਚ ਵਾਹਨ ਨੂੰ ਰੋਕਿਆ, ਜਿਸ ਵਿੱਚ ਜੀ ਐਸ ਟੀ ਆਈ ਐਨ 03AGZP******1ZP ਵਾਲੇ ਕਰਦਾਤਾ ਦੀਆਂ ਵਸਤਾਂ ਪੰਜਾਬ ਤੋਂ ਦਿੱਲੀ ਲਿਜਾਇਆਂ ਜਾ ਰਹੀਆਂ ਸਨ। ਇਸ ਮਾਮਲੇ ਵਿੱਚ, ਵਸਤਾਂ ਦਾ ਕੁੱਲ ਮੁਲਾਂਕਣਯੋਗ ਮੁੱਲ ₹ 46,130 ਅਤੇ ₹ 21,632 ਦੇ ਮੁਲਾਂਕਣਯੋਗ ਮੁੱਲ ਵਾਲੇ ਦੇ ਚਲਾਨਾਂ ਦੀ ਆੜ ਵਿੱਚ ₹ 67,762 ਸੀ। ਵਸਤਾਂ ਨੂੰ ਡਿਲੀਵਰੀ ਦੇ ਉਸੇ ਸਥਾਨ 'ਤੇ ਉਸੇ ਖਰੀਦਦਾਰ ਕਰਦਾਤਾ ਕੋਲ

---

97 ਬਠਿਡਾ ਅਤੇ ਲੁਧਿਆਣਾ

98 ਮਾਮਲਾ ਨੰਬਰ 2240 ਮਿਤੀ 26 ਨਵੰਬਰ 2021 (ਲੁਧਿਆਣਾ) ਅਤੇ 263 ਮਿਤੀ 9 ਮਾਰਚ 2019 (ਬਠਿੰਡਾ)

99 ਮਾਮਲਾ ਨੰਬਰ 2240 ਮਿਤੀ 26 ਨਵੰਬਰ 2021 (ਲੁਧਿਆਣਾ)।

ਲਿਜਾਈਆ ਜਾ ਰਿਹਾ ਸੀ ।ਕਿਉਂਕਿ ਵਸਤਾਂ ਦੀ ਕੁੱਲ ਕੀਮਤ ₹ 50,000 ਤੋਂ ਵੱਧ ਹੋ ਗਈ ਸੀ, ਇਸ ਲਈ ਈ-ਵੇਅ ਬਿਲ ਬਣਾਉਣਾ ਲਾਜ਼ਮੀ ਸੀ। ਲੇਖਾ ਪ੍ਰੀਖਿਆ (ਅਗਸਤ 2023) ਨੇ ਵੇਖਿਆ ਕਿ ਇਨ੍ਹਾਂ ਚਲਾਨਾਂ ਲਈ ਕੋਈ ਈ-ਵੇਅ ਬਿਲ ਤਿਆਰ ਨਹੀਂ ਕੀਤਾ ਗਿਆ ਸੀ, ਇਸ ਲਈ ਵਸਤਾਂ ਦੀ ਆਵਾਜਾਈ ਲਾਜ਼ਮੀ ਈ-ਵੇਅ ਬਿਲ ਦਸਤਾਵੇਜ਼ ਦੇ ਅਧੀਨ ਨਹੀਂ ਸੀ, ਜਿਸ ਲਈ ਐਕਟ ਦੀ ਧਾਰਾ 129(1) ਅਧੀਨ ਜੁਰਮਾਨਾ ਲਗਾਉਣਾ ਜ਼ਰੂਰੀ ਸੀ, ਪਰ ਪਰੌਪਰ ਅਧਿਕਾਰੀ ਨੇ ਬਿਨਾਂ ਕੋਈ ਜੁਰਮਾਨਾ ਲਗਾਏ ਵਸਤਾਂ ਦੀ ਹੋਰ ਆਵਾਜਾਈ ਦੀ ਮੰਜ਼ੂਰੀ ਦਿੱਤੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਅਧਿਕਾਰ ਖੇਤਰ ਦੇ ਸਹਾਇਕ ਕਮਿਸ਼ਨਰ ਲੁਧਿਆਣਾ-II ਨੇ ਜਵਾਬ ਦਿੱਤਾ (ਮਈ 2024) ਕਿ ਕਰਦਾਤਾ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।.

ਉਪਰ ਦਰਸਾਏ ਗਏ ਤੋਂ ਇਲਾਵਾ ਇੱਕ ਹੋਰ ਮਾਮਲੇ[100] ਵਿੱਚ ਅਧਿਕਾਰ ਖੇਤਰ ਦੇ ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ (ਮਈ 2024) ਕਿ ਕਰਦਾਤਾ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

### [ਕ] ਜੁਰਮਾਨੇ ਦੀ ਘੱਟ ਵਸੂਲੀ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 129 (1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਐਕਟ ਦੀ ਉਲੰਘਣਾ ਕਰਕੇ ਆਵਾਜਾਈ ਵਿੱਚ ਵਸਤਾਂ ਅਤੇ ਵਾਹਨਾਂ ਨੂੰ ਹਿਰਾਸਤ ਵਿੱਚ ਲੈਣ 'ਤੇ ਕਰਯੋਗ ਵਸਤਾਂ ਦੇ ਮਾਮਲੇ ਵਿੱਚ, (ੳ) ਜਦੋਂ ਵਸਤਾਂ ਦਾ ਮਾਲਕ ਕਰ ਅਤੇ ਜੁਰਮਾਨੇ ਦੀ ਅਦਾਇਗੀ ਲਈ ਅੱਗੇ ਆਉਂਦਾ ਹੈ, ਤਾਂ ਵਸਤਾਂ ਅਤੇ ਵਾਹਨਾਂ ਨੂੰ ਲਾਗੂ ਕਰ ਅਤੇ ਭੁਗਤਾਨਯੋਗ ਕਰ 100 *ਪ੍ਰਤੀਸ਼ਤ* ਦੇ ਬਰਾਬਰ ਜੁਰਮਾਨੇ ਦੇ ਭੁਗਤਾਨ 'ਤੇ ਰਿਹਾਅ ਕੀਤਾ ਜਾਵੇਗਾ ਅਤੇ (ਅ) ਜੇ ਵਸਤਾਂ ਦਾ ਮਾਲਕ ਕਰ ਅਤੇ ਜੁਰਮਾਨੇ ਦੇ ਭੁਗਤਾਨ ਲਈ ਅੱਗੇ ਨਹੀਂ ਆਉਂਦਾ ਹੈ, ਤਾਂ ਵਸਤਾਂ ਅਤੇ ਵਾਹਨਾਂ ਨੂੰ ਲਾਗੂ ਕਰ ਅਤੇ ਜੁਰਮਾਨੇ ਦੇ ਭੁਗਤਾਨ 'ਤੇ ਰਿਹਾਅ ਕੀਤਾ ਜਾਵੇਗਾ ਅਤੇ ਜੁਰਮਾਨਾ ਉਨ੍ਹਾਂ ਵਸਤਾਂ ਦੇ ਮੁੱਲ ਵਿੱਚੋਂ ਭੁਗਤਾਨ ਕੀਤੀ ਕਰ ਦੀ ਰਾਸ਼ੀ ਦੁਆਰਾ ਘਟਾਈਆਂ ਵਸਤਾਂ ਦੇ ਮੁੱਲ ਦੇ ਪੰਜਾਹ *ਪ੍ਰਤੀਸ਼ਤ* ਦੇ ਬਰਾਬਰ ਹੋਵੇਗਾ।

ਐਕਟ ਦੀ ਧਾਰਾ 130(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕੋਈ ਵਿਅਕਤੀ ਕਰ ਦੇ ਭੁਗਤਾਨ ਤੋਂ ਬਚਣ ਦੇ ਇਰਾਦੇ ਨਾਲ ਐਕਟ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਕਰਕੇ ਕਿਸੇ ਵਸਤਾਂ ਦੀ ਸਪਲਾਈ ਕਰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਕਿਸੇ ਵਸਤਾਂ ਦਾ ਹਿਸਾਬ ਨਹੀਂ ਰੱਖਦਾ, ਜਿਸ 'ਤੇ ਉਹ ਕਰ ਜਾਂ ਸਪਲਾਈ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ, ਤਾਂ ਰਜਿਸਟ੍ਰੇਸ਼ਨ ਲਈ ਬਿਨੈ-ਪੱਤਰ ਦਿੱਤੇ ਬਿਨਾਂ ਐਕਟ ਅਧੀਨ ਕਰ ਲਈ ਜ਼ਿੰਮੇਵਾਰ ਕੋਈ ਵੀ ਵਸਤਾਂ ਜਾਂ ਐਕਟ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਕਰਨ ਦੇ ਇਰਾਦੇ ਨਾਲ ਐਕਟ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਕਰਦਾ ਹੈ। ਕਰ ਦੀ ਅਦਾਇਗੀ ਤੋਂ ਬਚਣਾ ਜਾਂ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਿਆਂ ਵਸਤਾਂ ਦੀ ਢੋਆ-ਢੁਆਈ ਲਈ ਆਵਾਜਾਈ ਦੇ ਸਾਧਨ ਵਜੋਂ ਕਿਸੇ ਵਾਹਨ ਦੀ ਵਰਤੋਂ ਕਰਨਾ, ਜਦੋ ਤੱਕ ਕਿ ਵਾਹਨ ਦਾ ਮਾਲਕ ਇਹ ਸਾਬਤ ਨਹੀਂ ਕਰਦਾ ਕਿ ਇਸ ਦੀ ਵਰਤੋਂ, ਮਾਲਕ, ਉਸਦੇ ਏਜੰਟ, ਜੇ ਕੋਈ ਹੋਵੇ, ਅਤੇ ਵਾਹਨ ਦੇ ਇੰਚਾਰਜ ਵਿਅਕਤੀ ਦੀ ਜਾਣਕਾਰੀ ਜਾਂ ਮਿਲੀਭੁਗਤ ਤੋਂ ਬਿਨਾਂ ਕੀਤੀ ਗਈ

100 ਮਾਮਲਾ ਨੰਬਰ 263 ਮਿਤੀ 9 ਮਾਰਚ 2019 (ਬਠਿੰਡਾ)।

ਸੀ, ਫਿਰ ਅਜਿਹੀਆਂ ਸਾਰੀਆਂ ਵਸਤਾਂ ਜਾਂ ਵਾਹਨ ਜ਼ਬਤ ਕਰਨ ਲਈ ਜ਼ਿੰਮੇਵਾਰ ਹੋਣਗੇ ਅਤੇ ਵਿਅਕਤੀ ਐਕਟ ਦੀ ਧਾਰਾ 122 ਦੇ ਅਧੀਨ ਜੁਰਮਾਨੇ ਲਈ ਜ਼ਿੰਮੇਵਾਰ ਹੋਵੇਗਾ।.

ਇਸ ਤੋਂ ਇਲਾਵਾ, ਐਕਟ ਦੀ ਧਾਰਾ 130 (2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅਜਿਹੀਆਂ ਵਸਤਾਂ ਜਾਂ ਵਾਹਨ ਦਾ ਮਾਲਕ ਜਾਂ ਐਕਟ ਦੀ ਧਾਰਾ 130 (1) ਵਿੱਚ ਦਰਸਾਇਆ ਗਿਆ ਵਿਅਕਤੀ, ਇਸ ਤੋਂ ਇਲਾਵਾ, ਅਜਿਹੀਆਂ ਵਸਤਾਂ ਜਾਂ ਵਾਹਨ ਦੇ ਸਬੰਧ ਵਿੱਚ ਕਰ, ਜੁਰਮਾਨਾ ਅਤੇ ਭੁਗਤਾਨਯੋਗ ਖਰਚਿਆਂ ਲਈ ਜ਼ਿੰਮੇਵਾਰ ਹੋਵੇਗਾ।

ਕੇਂਦਰੀ ਅਸਿੱਧੇ ਕਰ ਅਤੇ ਕਸਟਮ ਬੋਰਡ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ[101] ਅਨੁਸਾਰ ਅਤੇ ਪੰਜਾਬ ਕਰ ਵਿਭਾਗ[102] ਦੁਆਰਾ 21 ਮਾਰਚ 2022 ਨੂੰ ਸਰਕੁਲੇਟ ਕੀਤਾ ਗਿਆ ਹੈ, ਜਿੱਥੇ ਪਰੌਪਰ ਅਧਿਕਾਰੀ ਦੀ ਰਾਏ ਹੈ ਕਿ ਕਰ ਦੀ ਅਦਾਇਗੀ ਤੋਂ ਬਚਣ ਲਈ ਵਸਤਾਂ ਦੀ ਆਵਾਜਾਈ ਨੂੰ ਪ੍ਰਭਾਵਤ ਕੀਤਾ ਜਾ ਰਿਹਾ ਹੈ, ਉਹ ਸਿੱਧੇ ਤੌਰ ‘ਤੇ ਐਕਟ ਦੀ ਧਾਰਾ 130 ਲਾਗੂ ਕਰ ਸਕਦਾ ਹੈ ਅਤੇ ਫਾਰਮ ਜੀ ਐਸ ਟੀ-ਐਮ ਓ ਵੀ-10 ਵਿੱਚ ਵਸਤਾਂ ਅਤੇ ਵਾਹਨਾਂ ਨੂੰ ਜ਼ਬਤ ਕਰਨ ਦਾ ਪ੍ਰਸਤਾਵ ਦਿੰਦੇ ਹੋਏ ਨੋਟਿਸ ਜਾਰੀ ਕਰ ਸਕਦਾ ਹੈ।

ਬੁੱਕ ਕੀਤੇ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਲੇਖਾ ਪ੍ਰੀਖਿਆ ਨੇ ਦੋ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[103] ਅਧੀਨ ਫੜੇ ਗਏ ਚਾਰ ਮਾਮਲਿਆਂ[104] ਵਿੱਚ ਵੇਖਿਆ (ਜੁਲਾਈ ਅਤੇ ਅਗਸਤ 2023) ਕਿ ਵਸਤਾਂ ਦੀ ਢੋਆ-ਢੁਆਈ ਬਿਨਾਂ ਈ-ਵੇਅ ਬਿਲ ਦੇ ਕੀਤੀ ਗਈ ਸੀ। ਇਸ ਤੋਂ ਇਲਾਵਾ, ਦੋ ਮਾਮਲਿਆਂ ਵਿੱਚ, ਵਸਤਾਂ ਨੂੰ ਚਲਾਨ ਦੁਆਰਾ ਕਵਰ ਵੀ ਨਹੀਂ ਕੀਤਾ ਗਿਆ ਸੀ ਅਤੇ ਦੋ ਮਾਮਲਿਆਂ ਵਿੱਚ, ਵਸਤਾਂ ਚਲਾਨਾਂ 'ਤੇ ਘੋਸ਼ਿਤ ਮਾਤਰਾ ਤੋਂ ਵੱਧ ਸੀ। ਸਬੰਧਤ ਵਿਅਕਤੀ ਵਸਤਾਂ ਅਤੇ ਆਵਾਜਾਈ ਨੂੰ ਰੋਕਣ ਤੋਂ ਬਾਅਦ ਵਸਤਾਂ ਦੀ ਤਸਦੀਕ ਲਈ ਖਾਤਾ ਕਿਤਾਬਾਂ ਅਤੇ ਹੋਰ ਸਬੰਧਤ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਪਰੌਪਰ ਅਧਿਕਾਰੀਆਂ ਨੇ ਐਕਟ ਦੀ ਧਾਰਾ 129(1) ਅਧੀਨ ₹ 0.04 ਕਰੋੜ ਦਾ ਕਰ ਅਤੇ ਜੁਰਮਾਨਾ ਲਗਾਉਣ ਤੋਂ ਬਾਅਦ ਵਸਤਾਂ ਅਤੇ ਵਾਹਨ ਜਾਰੀ ਕੀਤੇ, ਜਦੋਂ ਕਿ ਇਹ ਮਾਮਲਾ ਐਕਟ ਦੀ ਧਾਰਾ 130 (2) ਅਧੀਨ ਕਾਰਵਾਈ ਕਰਨ ਦੇ ਯੋਗ ਸੀ, ਕਿਉਂਕਿ ਕਰ ਦੀ ਅਦਾਇਗੀ ਤੋਂ ਬਚਣ ਦੇ ਇਰਾਦੇ ਨਾਲ ਬਿਨਾਂ ਦਸਤਾਵੇਜ਼ਾਂ ਦੇ ਵਸਤਾਂ ਦੀ ਢੋਆ-ਢੁਆਈ ਕੀਤੀ ਗਈ ਸੀ।

ਇੱਕ ਮਾਮਲਾ ਹੇਠਾਂ ਦਰਸਾਇਆ ਗਿਆ ਹੈ:

ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਪਟਿਆਲਾ ਅਧੀਨ ਇੱਕ ਪਰੌਪਰ ਅਧਿਕਾਰੀ ਨੇ 5 ਅਪ੍ਰੈਲ 2018 ਨੂੰ ਇੱਕ ਮਾਮਲੇ[105] ਵਿੱਚ ਵਾਹਨ ਨੂੰ ਰੋਕਿਆ, ਜਿਸ ਵਿੱਚ ਈ-ਵੇਅ ਬਿਲ ਅਤੇ ਚਲਾਨ ਤੋਂ ਬਿਨਾਂ ਵਸਤਾਂ ਦੀ ਢੋਆ-ਢੁਆਈ ਕੀਤੀ ਜਾ ਰਹੀ ਸੀ। ਪਰੌਪਰ ਅਧਿਕਾਰੀ ਨੇ ਐਕਟ ਦੀ ਧਾਰਾ 129 (1) ਅਧੀਨ ₹ 0.02 ਕਰੋੜ ਦਾ ਕਰ ਅਤੇ ਜੁਰਮਾਨਾ ਲਗਾ ਕੇ ਵਸਤਾਂ ਅਤੇ

[101] ਸਰਕੂਲਰ ਨੰ. 41/15/2018-ਜੀ ਐਸ ਟੀ ਮਿਤੀ 13 ਅਪ੍ਰੈਲ 2018

[102] ਸਰਕੂਲਰ ਨੰ. 03/2022 ਮਿਤੀ 21 ਮਾਰਚ 2022

[103] ਲੁਧਿਆਣਾ ਅਤੇ ਪਟਿਆਲਾ

[104] ਮਾਮਲਾ ਨੰਬਰ 552 ਮਿਤੀ 19 ਨਵੰਬਰ 2019, 34 ਮਿਤੀ 5 ਅਪ੍ਰੈਲ 2018, 1640 ਮਿਤੀ 12 ਅਕਤੂਬਰ 2021 ਅਤੇ 1028 ਮਿਤੀ 25 ਮਾਰਚ 2021

[105] ਮਾਮਲਾ ਨੰਬਰ 34 ਮਿਤੀ 5 ਅਪ੍ਰੈਲ 2018

ਵਾਹਨ ਜਾਰੀ ਕੀਤਾ, ਜਦੋਂ ਕਿ ਐਕਟ ਦੀ ਧਾਰਾ 130 (2) ਅਧੀਨ ਮਾਮਲੇ ਦੀ ਕਾਰਵਾਈ ਕਰਨ ਲਈ ਢੁਕਵਾਂ ਸੀ, ਕਿਉਂਕਿ ਵਸਤਾਂ ਦੀ ਢੋਆ-ਢੁਆਈ ਕਰ ਤੋਂ ਬਚਣ ਦੇ ਇਰਾਦੇ ਨਾਲ ਕੀਤੀ ਗਈ ਸੀ ਅਤੇ ਸਬੰਧਤ ਵਿਅਕਤੀ ਵਸਤਾਂ ਦੀ ਤਸਦੀਕ ਲਈ ਖਾਤਿਆਂ ਦੀਆਂ ਕਿਤਾਬਾਂ ਅਤੇ ਹੋਰ ਸਬੰਧਤ ਦਸਤਾਵੇਜ਼ ਪੇਸ਼ ਕਰਨ ਵਿੱਚ ਅਸਫਲ ਰਿਹਾ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਅਕਤੂਬਰ 2024)।

**[ਖ] ਵਾਹਨ 'ਤੇ ਗੈਰ-ਵਾਜਬ ਜੁਰਮਾਨਾ ਲਗਾਉਣਾ**

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 130 (1) (v) ਇਹ ਵਿਵਸਥਾ ਕਰਦੀ ਹੈ ਕਿ ਜੇ ਕਿਸੇ ਵਾਹਨ ਨੂੰ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਿਆਂ ਵਸਤਾਂ ਦੀ ਢੋਆ-ਢੁਆਈ ਲਈ ਆਵਾਜਾਈ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ, ਜਦੋਂ ਤੱਕ ਕਿ ਵਾਹਨ ਦਾ ਮਾਲਕ ਇਹ ਸਾਬਤ ਨਹੀਂ ਕਰਦਾ ਕਿ ਇਸ ਦੀ ਵਰਤੋਂ ਖੁਦ ਮਾਲਕ, ਉਸ ਦਾ ਏਜੰਟ, ਜੇ ਕੋਈ ਹੈ, ਅਤੇ ਵਾਹਨ ਦੇ ਇੰਚਾਰਜ ਵਿਅਕਤੀ ਦੀ ਜਾਣਕਾਰੀ ਜਾਂ ਮਿਲੀਭੁਗਤ ਤੋਂ ਬਿਨਾਂ ਕੀਤੀ ਗਈ ਸੀ, ਤਾਂ ਅਜਿਹੀਆਂ ਸਾਰੀਆਂ ਵਸਤਾਂ ਜਾਂ ਵਾਹਨ ਜ਼ਬਤ ਕਰਨ ਲਈ ਜ਼ਿੰਮੇਵਾਰ ਹੋਣਗੇ ਅਤੇ ਵਿਅਕਤੀ ਐਕਟ ਦੀ ਧਾਰਾ 122 ਦੇ ਅਧੀਨ ਜੁਰਮਾਨੇ ਲਈ ਜ਼ਿੰਮੇਵਾਰ ਹੋਵੇਗਾ।

ਬੁੱਕ ਕੀਤੇ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਲੇਖਾ ਪ੍ਰੀਖਿਆ ਨੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਪਟਿਆਲਾ ਅਧੀਨ ਇਕ ਮਾਮਲੇ[106] ਵਿੱਚ ਵੇਖਿਆ ਕਿ 6 ਮਈ 2021 ਨੂੰ ਪਰੌਪਰ ਅਧਿਕਾਰੀ ਦੁਆਰਾ ਲੋਹੇ ਦੇ ਸਕ੍ਰੈਪ ਲਿਜਾ ਰਹੇ ਇੱਕ ਵਾਹਨ ਨੂੰ ਰੋਕਿਆ ਗਿਆ ਸੀ। ਪਰੌਪਰ ਅਧਿਕਾਰੀ ਨੇ ਪਾਇਆ ਕਿ ਕਰਦਾਤਾ ਆਪਣੀਆਂ ਵਸਤਾਂ ਦੀ ਸਪਲਾਈ ਮਾਰਕੀਟ ਮੁੱਲ ਤੋਂ ਘੱਟ ਕੀਮਤ 'ਤੇ ਕਰ ਰਿਹਾ ਸੀ। ਓਪਨ ਮਾਰਕੀਟ ਰੇਟ ਅਨੁਸਾਰ ਵਸਤਾਂ ਦੀ ਕੀਮਤ ₹ 33 ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ ₹ 3.58 ਲੱਖ ਸੀ, ਜਦੋਂ ਕਿ ਚਲਾਨ ਵਿੱਚ ਦੱਸੀ ਗਈ ਕੀਮਤ ₹ 16 ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ ₹ 1.67 ਲੱਖ ਸੀ। ਪਰੌਪਰ ਅਧਿਕਾਰੀ ਨੇ ਸਿੱਟਾ ਕੱਢਿਆ ਕਿ ਕਰ ਤੋਂ ਬਚਣ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਸਪਲਾਇਰ ਕਰਦਾਤਾ 'ਤੇ ਐਕਟ ਦੀ ਧਾਰਾ 130 (2) ਅਧੀਨ ਵਸਤਾਂ ਲਈ ₹ 1.93 ਲੱਖ ਦਾ ਜੁਰਮਾਨਾ ਅਤੇ ਦੰਡ ਲਗਾਇਆ ਗਿਆ ਸੀ। ਇਸ ਤੋਂ ਇਲਾਵਾ, ਪਰੌਪਰ ਅਧਿਕਾਰੀ ਨੇ ਵਾਹਨ 'ਤੇ ₹ 0.64 ਲੱਖ ਦਾ ਜੁਰਮਾਨਾ ਵੀ ਲਗਾਇਆ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਵਾਹਨ ਨੂੰ ਰੋਕਣ ਦੌਰਾਨ, ਵਾਹਨ ਦਾ ਇੰਚਾਰਜ ਵਿਅਕਤੀ ਵਸਤਾਂ ਦੀ ਢੋਆ-ਢੁਆਈ ਦੌਰਾਨ ਲੋੜੀਂਦਾ ਚਲਾਨ ਅਤੇ ਈ-ਵੇਅ ਬਿਲ ਲੈ ਕੇ ਜਾ ਰਿਹਾ ਸੀ। ਲੇਖਾ ਪ੍ਰੀਖਿਆ ਨੇ ਇਹ ਵੀ ਨੋਟ ਕੀਤਾ, ਕਿ ਪਰੌਪਰ ਅਧਿਕਾਰੀ ਨੂੰ ਨਿਰੀਖਣ ਦੌਰਾਨ ਕੀਤੀ ਗਈ ਭੌਤਿਕ ਤਸਦੀਕ ਦੌਰਾਨ ਵਸਤਾਂ ਦੇ ਵੇਰਵੇ ਅਤੇ ਮਾਤਰਾ ਨਾਲ ਸਬੰਧਤ ਕੋਈ ਹੋਰ ਅੰਤਰ ਨਹੀਂ ਮਿਲਿਆ। ਪਰੌਪਰ ਅਧਿਕਾਰੀ ਦੁਆਰਾ ਜਾਰੀ ਡਿਮਾਂਡ ਆਰਡਰ ਦੇ ਅਨੁਸਾਰ, ਸਪਲਾਇਰ ਕਰਦਾਤਾ ਦੁਆਰਾ ਵਸਤਾਂ ਦਾ ਘੱਟ ਮੁੱਲ ਪਾਇਆ ਗਿਆ ਸੀ। ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਇਹ ਉਲੰਘਣਾ ਸਪਲਾਇਰ ਕਰਦਾਤਾ ਦੁਆਰਾ ਕੀਤੀ ਗਈ ਸੀ, ਕਿਉਂਕਿ ਵਸਤਾਂ ਦਾ ਘੱਟ ਮੁਲਾਂਕਣ

[106] ਮਾਮਲਾ ਨੰਬਰ 1173 ਮਿਤੀ 6 ਮਈ 2021

ਪਹਿਲੀ ਨਜ਼ਰ ਵਿੱਚ ਵਾਹਨ ਦੇ ਮਾਲਕ ਜਾਂ ਇੰਚਾਰਜ ਵਿਅਕਤੀ ਨਾਲ ਜੁੜਿਆ ਨਹੀਂ ਸੀ। ਇਸ ਤਰ੍ਹਾਂ, ਵਾਹਨ 'ਤੇ ਪਰੌਪਰ ਅਧਿਕਾਰੀ ਦੁਆਰਾ ਲਗਾਇਆ ਗਿਆ ₹ 0.64 ਲੱਖ ਦਾ ਜੁਰਮਾਨਾ ਗੈਰ-ਵਾਜਬ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਅਕਤੂਬਰ 2024)।

### 3.10.2.3 ਈ-ਵੇਅ ਬਿਲ ਨਾਲ ਸਬੰਧਤ ਲੈਣ-ਦੇਣ ਦੀ ਨਿਗਰਾਨੀ ਵਿੱਚ ਅੰਤਰ ਵਿਭਾਗੀ ਤਾਲਮੇਲ

ਈ-ਵੇਅ ਬਿਲ ਪ੍ਰਣਾਲੀ ਸਿੱਧੇ ਤੌਰ 'ਤੇ ਵਸਤਾਂ ਦੀ ਆਵਾਜਾਈ ਨਾਲ ਜੁੜੀ ਹੋਈ ਹੈ ਅਤੇ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਸ ਆਈ ਪੀ ਯੂਜ਼) ਨੂੰ ਈ-ਵੇਅ ਬਿਲ ਨਾਲ ਸਬੰਧਤ ਵਿਵਸਥਾਵਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਧੀਕ ਕਮਿਸ਼ਨਰ ਕਰਬੰਦੀ (ਜਾਂਚ) ਕੋਲ ਐਨ ਆਈ ਸੀ ਪੋਰਟਲ ਰਾਹੀਂ ਨੈਸ਼ਨਲ ਇਨਫੋਰਮੈਟਿਕ ਸੈਂਟਰ (ਐਨ ਆਈ ਸੀ) ਦੁਆਰਾ ਤਿਆਰ ਕੀਤੇ ਗਏ ਈ-ਵੇਅ ਬਿਲ ਲੈਣ-ਦੇਣ ਬਾਰੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਤੱਕ ਪਹੁੰਚ ਹੈ। ਜਿਵੇਂ ਕਿ ਈ-ਵੇਅ ਬਿਲ ਲੈਣ-ਦੇਣ 'ਤੇ ਕਰ ਦੇਣਦਾਰੀ ਕਰਦਾਤਾਵਾਂ ਦੁਆਰਾ ਸਮੇਂ-ਸਮੇਂ ਤੇ ਰਿਟਰਨ ਰਾਹੀਂ ਅਦਾ ਕੀਤੀ ਜਾਂਦੀ ਹੈ ਅਤੇ ਅਧਿਕਾਰ ਖੇਤਰ ਦੇ ਅਧਿਕਾਰੀ ਰਿਟਰਨ ਦੀ ਪੜਤਾਲ ਅਤੇ ਮੁਲਾਂਕਣ ਲਈ ਪਰੌਪਰ ਅਧਿਕਾਰੀ ਵਜੋਂ ਕੰਮ ਕਰਦੇ ਹਨ, ਲੇਖਾ ਪ੍ਰੀਖਿਆ ਨੇ ਐਸ ਆਈ ਪੀ ਯੂਜ਼ ਦੁਆਰਾ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਦੀ ਪ੍ਰਭਾਵਸ਼ੀਲਤਾ ਅਤੇ ਵਿਭਾਗ ਵਿੱਚ ਕਿਸ ਹੱਦ ਤੱਕ ਅੰਤਰ-ਵਿਭਾਗੀ ਤਾਲਮੇਲ ਮੌਜੂਦ ਹੈ ਦੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਅਧਿਐਨਾਂ ਦੇ ਨਤੀਜਿਆਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

**[ੳ] ਈ-ਵੇਅ ਬਿਲ ਨਾਲ ਸਬੰਧਤ ਉਲੰਘਣਾਵਾਂ ਲਈ ਇੰਟਰਸੈਪਸ਼ਨ ਦੌਰਾਨ ਬੁੱਕ ਕੀਤੀਆਂ ਗਈਆਂ ਕੰਸਾਇਨਮੈਂਟਾਂ ਦੇ ਸਬੰਧ ਵਿੱਚ ਪ੍ਰਾਪਤਕਰਤਾਵਾਂ ਦੁਆਰਾ ਇਨਪੁਟ ਕਰ ਕ੍ਰੈਡਿਟ ਪ੍ਰਾਪਤ ਕਰਨਾ**

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 17 (5)(i) ਪ੍ਰਦਾਨ ਕਰਦੀ ਹੈ ਕਿ ਐਕਟ ਦੀ ਧਾਰਾ 129 ਅਤੇ 130 ਅਧੀਨ ਆਵਾਜਾਈ ਦੌਰਾਨ ਵਸਤਾਂ ਜਾਂ ਵਾਹਨਾਂ ਨੂੰ ਡਿਟੈਂਨਸ਼ਨ ਵਿੱਚ ਲੈਣ ਜਾਂ ਜਬਤ ਕੀਤੀਆਂ ਵਸਤਾਂ/ਵਾਹਨਾਂ ਦੇ ਛੁਟਕਾਰੇ ਲਈ ਅਦਾ ਕੀਤਾ ਕਰ ਇਨਪੁਟ ਟੈਕਸ ਕ੍ਰੈਡਿਟ ਵਜੋਂ ਉਪਲਬਧ ਨਹੀਂ ਹੋਵੇਗਾ।

ਐਕਟ ਦੀ ਧਾਰਾ 129 ਨੂੰ 1 ਜਨਵਰੀ 2022 ਤੋਂ ਪ੍ਰਭਾਵ ਨਾਲ ਸੋਧਿਆ ਗਿਆ ਸੀ ਤਾਂ ਜੋ ਸਿਰਫ ਜੁਰਮਾਨਾ ਲਗਾਇਆ ਜਾ ਸਕੇ 'ਕਰ' ਸ਼ਬਦ ਨੂੰ ਹਟਾ ਦਿੱਤਾ ਗਿਆ ਸੀ।

ਕੁੱਲ 200 ਮਾਮਲਿਆਂ ਦੇ ਨਮੂਨਿਆਂ ਵਿੱਚੋਂ, 176 ਮਾਮਲੇ ਅਜਿਹੇ ਸਨ, ਜਿੱਥੇ ਸਟੇਟ ਇੰਟੇਲੀਜੈਂਸ ਪ੍ਰੀਵੈਂਟਿਵ ਯੂਨਿਟਾਂ (ਐਸ ਆਈ ਪੀ ਯੂਜ਼) ਦੁਆਰਾ 31 ਦਸੰਬਰ 2021 ਤੱਕ ਮੰਗ ਨੋਟਿਸ ਜਾਰੀ ਕੀਤੇ ਗਏ ਸਨ। ਲੇਖਾ ਪ੍ਰੀਖਿਆ ਨੇ ਇਨ੍ਹਾਂ ਮਾਮਲਿਆਂ ਦਾ ਵਿਸ਼ਲੇਸ਼ਣ ਇਹ ਪਤਾ ਲਗਾਉਣ ਲਈ ਕੀਤਾ ਕਿ ਕੀ ਧਾਰਾ 129 ਅਧੀਨ ਕਰਦਾਤਾਵਾਂ ਦੁਆਰਾ ਅਦਾ ਕੀਤੇ ਕਰ ਦਾ ਲਾਭ ਪ੍ਰਾਪਤਕਰਤਾਵਾਂ ਦੁਆਰਾ ਇਨਪੁਟ ਟੈਕਸ ਕ੍ਰੈਡਿਟ ਵਜੋਂ ਲਿਆ ਗਿਆ ਸੀ ਅਤੇ ਕੀ ਵਿਭਾਗ ਕੋਲ ਅਧਿਕਾਰ ਖੇਤਰ ਦੇ

ਪਰੌਂਪਰ ਅਧਿਕਾਰੀਆਂ ਨੂੰ ਚੇਤਾਵਨੀਆਂ ਭੇਜਣ ਦੀ ਵਿਧੀ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਾਪਤਕਰਤਾਵਾਂ ਨੂੰ ਇਨਪੁਟ ਟੈਕਸ ਕ੍ਰੈਡਿਟ ਉਪਲਬਧ ਨਾ ਹੋਵੇ। ਲੇਖਾ ਪ੍ਰੀਖਿਆ ਨੇ ਵੇਖਿਆ ਕਿ 176 ਮਾਮਲਿਆਂ ਵਿੱਚੋਂ, 29 ਮਾਮਲੇ[107] ਅਜਿਹੇ ਸਨ, ਜਿੱਥੇ ਪ੍ਰਾਪਤਕਰਤਾ ਪੰਜਾਬ ਦੇ ਅਧਿਕਾਰ ਖੇਤਰ ਵਿੱਚ ਸਨ, ਇਸ ਲਈ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਗਈ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਇਨ੍ਹਾਂ ਕਰਦਾਤਾਵਾਂ ਦੁਆਰਾ ਇਨਪੁਟ ਟੈਕਸ ਕ੍ਰੈਡਿਟ ਦਾ ਲਾਭ ਲਿਆ ਗਿਆ ਸੀ।

ਲੇਖਾ ਪ੍ਰੀਖਿਆ ਨੇ (ਜੁਲਾਈ ਅਤੇ ਅਗਸਤ 2023) 29 ਮਾਮਲਿਆਂ ਦੀ ਜਾਂਚ ਕੀਤੀ ਕਿ ਸਾਰੇ 29 ਕਰਦਾਤਾਵਾਂ ਨੇ ਆਪਣੇ ਜੀ ਐਸ ਟੀ ਆਰ-2 ਏ ਰਿਟਰਨਾਂ ਵਿੱਚ ਕੁੱਲ ₹ 0.17 ਕਰੋੜ (**ਅੰਤਿਕਾ** 3.12) ਦਾ ਇਨਪੁਟ ਟੈਕਸ ਕ੍ਰੈਡਿਟ ਲਿਆ ਸੀ। ਲੇਖਾ ਪ੍ਰੀਖਿਆ ਨੇ ਇਹ ਵੀ ਵੇਖਿਆ ਕਿ ਵਾਹਨਾਂ ਦੀ ਰੁਕਾਵਟ ਦੌਰਾਨ ਦਰਜ ਕੀਤੇ ਗਏ ਮਾਮਲਿਆਂ ਨਾਲ ਸਬੰਧਤ ਜਾਣਕਾਰੀ, ਤਿੰਨ ਨਮੂਨੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[108] (ਐਸ ਆਈ ਪੀ ਯੂਜ਼) ਦੁਆਰਾ ਸਬੰਧਤ ਅਧਿਕਾਰ ਖੇਤਰ ਦੇ ਅਧਿਕਾਰੀਆਂ ਨਾਲ ਸਾਂਝੀ ਨਹੀਂ ਕੀਤੀ ਗਈ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਧਾਰਾ 129 ਅਧੀਨ ਪੈਦਾ ਕੀਤੀਆਂ ਕਰ ਦੀਆਂ ਮੰਗਾਂ ਦੇ ਵਿਰੁੱਧ ਅਦਾ ਕੀਤੇ ਕਰ ਦਾ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤਕਰਤਾਵਾਂ ਦੁਆਰਾ ਐਕਟ ਦਾ ਲਾਭ ਨਹੀਂ ਲਿਆ ਗਿਆ ਸੀ। ਸਿਰਫ ਐਸ ਆਈ ਪੀ ਯੂ, ਪਟਿਆਲਾ ਹੀ ਅਜਿਹੇ ਮਾਮਲਿਆਂ ਦੀ ਜਾਣਕਾਰੀ ਸਪਲਾਇਰ ਕਰਦਾਤਾਵਾਂ ਦੇ ਅਧਿਕਾਰ ਖੇਤਰ ਦੇ ਅਧਿਕਾਰੀਆਂ ਨੂੰ ਸਾਂਝੀ ਕਰਨ ਦਾ ਅਭਿਆਸ ਕਰ ਰਿਹਾ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਐਸ ਆਈ ਪੀ ਯੂ, ਪਟਿਆਲਾ ਦੋ ਨੇ ਚਾਰ ਮਾਮਲਿਆਂ[109] ਵਿੱਚ ਜਵਾਬ ਦਿੱਤਾ (ਸਤੰਬਰ 2023) ਕਿ ਵਸਤਾਂ ਭੇਜਣ ਵਾਲਿਆਂ ਨੇ ਜੀ ਐਸ ਟੀ ਆਰ-1 ਵਿੱਚ ਸਬੰਧਤ ਸਪਲਾਇਰਾਂ ਦੁਆਰਾ ਦਰਸਾਈ ਗਈ ਸਪਲਾਈ ਦੇ ਬਦਲੇ ਇਨਪੁਟ ਟੈਕਸ ਕ੍ਰੈਡਿਟ ਪ੍ਰਾਪਤ ਕੀਤਾ ਸੀ, ਨਾਂ ਕਿ ਐਕਟ ਦੀ ਧਾਰਾ 129 ਅਤੇ 130 ਅਧੀਨ ਅਦਾ ਕੀਤੇ ਕਰ ਅਤੇ ਜੁਰਮਾਨੇ ਦੇ ਬਦਲੇ। ਇਸ ਤੋਂ ਇਲਾਵਾ, ਇਨ੍ਹਾਂ ਸਾਰੇ ਮਾਮਲਿਆਂ ਵਿੱਚ, ਸਪਲਾਇਰ ਕਰਦਾਤਾਵਾਂ ਲਈ ਅਧਿਕਾਰ ਖੇਤਰ ਦੇ ਅਧਿਕਾਰੀਆਂ ਨੂੰ ਕਰਦਾਤਾਵਾਂ ਦੇ ਲੈਣ-ਦੇਣ ਦੀ ਤਸਦੀਕ ਕਰਨ ਲਈ ਸਮੇਂ ਸਿਰ ਸੂਚਿਤ ਕੀਤਾ ਗਿਆ ਸੀ। ਐਸ ਆਈ ਪੀ ਯੂ, ਬਠਿੰਡਾ ਨੇ ਜਵਾਬ ਦਿੱਤਾ (ਮਈ 2024) ਕਿ ਉਹ ਦਰਜ ਕੀਤੇ ਮਾਮਲਿਆਂ ਬਾਰੇ ਅਧਿਕਾਰ ਖੇਤਰ ਦੇ ਅਧਿਕਾਰੀਆਂ ਨੂੰ ਸੂਚਿਤ ਕਰਨ ਦਾ ਅਭਿਆਸ ਸ਼ੁਰੂ ਕਰਨਗੇ। ਐਸ ਆਈ ਪੀ ਯੂਜ਼ ਸ਼ੰਭੂ ਅਤੇ ਲੁਧਿਆਣਾ ਦੁਆਰਾ ਜਵਾਬ ਨਹੀਂ ਦਿੱਤੇ ਗਏ ਸਨ (ਅਕਤੂਬਰ 2024)।

### [ਅ] ਗੈਰ-ਰਜਿਸਟਰਡ ਕਰਦਾਤਾਵਾਂ ਦੁਆਰਾ ਵਸਤਾਂ ਦੀ ਆਵਾਜਾਈ ਦੀ ਨਿਗਰਾਨੀ, ਜਿਨ੍ਹਾਂ ਨੇ ਸੀਮਾਂ ਨੂੰ ਪਾਰ ਕਰ ਲਿਆ

ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 22 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਵਿੱਚ ਵਸਤਾਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਕਰਯੋਗ ਸਪਲਾਈ ਕਰਨ ਵਾਲਾ ਹਰੇਕ

---

107 ਇਨ੍ਹਾਂ ਮਾਮਲਿਆਂ ਵਿੱਚ ਰਾਜ ਦੇ ਅੰਦਰ ਅਤੇ ਅੰਤਰ-ਰਾਜੀ ਸਪਲਾਈ ਸ਼੍ਰੇਣੀ ਦੋਵਾਂ ਨੂੰ ਸ਼ਾਮਲ ਕੀਤਾ ਗਿਆ ਸੀ।

108 ਬਠਿੰਡਾ, ਲੁਧਿਆਣਾ ਅਤੇ ਸ਼ੰਭੂ

109 ਮਾਮਲਾ ਨੰਬਰ 1222 ਮਿਤੀ 31 ਮਈ 2021, 929 ਮਿਤੀ 13 ਫਰਵਰੀ 2021, 1484 ਮਿਤੀ 14 ਅਗਸਤ 2021 ਅਤੇ 1494 ਮਿਤੀ 3 ਸਤੰਬਰ 2021

ਸਪਲਾਇਰ ਇਸ ਐਕਟ ਅਧੀਨ ਰਜਿਸਟਰ ਹੋਣ ਲਈ ਜ਼ਿੰਮੇਵਾਰ ਹੋਵੇਗਾ, ਜੇ ਉਸਦਾ ਇੱਕ ਵਿੱਤੀ ਸਾਲ ਵਿੱਚ ਕੁੱਲ ਕਾਰੋਬਾਰ ₹ 20 ਲੱਖ ਤੋਂ ਵੱਧ ਹੈ। 1 ਜਨਵਰੀ 2020 ਤੋਂ ਵਸਤਾਂ ਦੀ ਸਪਲਾਈ ਵਿੱਚ ਵਿਸ਼ੇਸ਼ ਤੌਰ 'ਤੇ ਲੱਗੇ ਸਪਲਾਇਰਾਂ ਮਾਮਲੇ ਵਿੱਚ ਕੁੱਲ ਟਰਨਓਵਰ ਸੀਮਾਂ ₹ 20 ਲੱਖ ਤੋਂ ਵਧਾ ਕੇ ₹ 40 ਲੱਖ ਕਰ ਦਿੱਤੀ ਗਈ ਸੀ।

ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 63 ਦੇ ਅਨੁਸਾਰ, ਜਿੱਥੇ ਕੋਈ ਕਰਯੋਗ ਵਿਅਕਤੀ ਅਜਿਹਾ ਕਰਨ ਲਈ ਜ਼ਿੰਮੇਵਾਰ ਹੋਣ ਦੇ ਬਾਵਜੂਦ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ, ਪਰੌਪਰ ਅਧਿਕਾਰੀ ਅਜਿਹੇ ਕਰਯੋਗ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਸਬੰਧਤ ਕਰ ਮਿਆਦਾਂ ਲਈ ਆਪਣੇ ਫੈਸਲੇ ਅਨੁਸਾਰ ਕਰਨ ਲਈ ਅੱਗੇ ਵਧ ਸਕਦਾ ਹੈ ਅਤੇ ਵਿੱਤੀ ਸਾਲ ਲਈ ਸਾਲਾਨਾ ਰਿਟਰਨ ਪੇਸ਼ ਕਰਨ ਦੀ ਨਿਰਧਾਰਤ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਦੇ ਅੰਦਰ ਮੁਲਾਂਕਣ ਆਦੇਸ਼ ਜਾਰੀ ਕਰ ਸਕਦਾ ਹੈ ਜਿਸ ਨਾਲ ਕਰ ਦਾ ਭੁਗਤਾਨ ਨਾ ਕਰਨਾ ਸੰਬੰਧਿਤ ਹੈ, ਬਸ਼ਰਤੇ ਕਿ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਅਜਿਹਾ ਕੋਈ ਮੁਲਾਂਕਣ ਆਦੇਸ਼ ਪਾਸ ਨਹੀਂ ਕੀਤਾ ਜਾਵੇਗਾ।

ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ ਆਈ ਸੀ) ਇੱਕ ਵਿਸ਼ਲੇਸ਼ਣਾਤਮਕ ਰਿਪੋਰਟ ਤਿਆਰ ਕਰਦਾ ਹੈ ਜਿਸਦਾ ਨਾਂਅ 'ਨਾਗਰਿਕਾਂ ਦੁਆਰਾ ਤਿਆਰ ਕੀਤੇ ਈ ਡਬਲਯੂ ਬੀਜ਼ (ਐਚ 5 ਰਿਪੋਰਟਰ)' ਹੈ ਜੋ ਗੈਰ-ਰਜਿਸਟਰਡ ਵਿਅਕਤੀਆਂ ਦੁਆਰਾ ਤਿਆਰ ਕੀਤੇ ਗਏ ਈ-ਵੇਅ ਬਿਲਾਂ ਦਾ ਵੇਰਵਾ ਪ੍ਰਦਾਨ ਕਰਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2023), ਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਕੇਂਦਰ ਅਤੇ ਰਾਜਾਂ ਦੇ ਕਰ ਅਧਿਕਾਰੀਆਂ ਦੁਆਰਾ ਵਰਤੋਂ ਲਈ ਐਨ ਆਈ ਸੀ ਦੁਆਰਾ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੀਆਂ ਸਨ। ਲੇਖਾ ਪ੍ਰੀਖਿਆ ਨੇ 2018-19 ਤੋਂ 2021-22 ਦੌਰਾਨ ਗੈਰ-ਰਜਿਸਟਰਡ ਸਪਲਾਇਰਾਂ ਦੁਆਰਾ ਕੀਤੀ ਗਈ ਬਾਹਰੀ ਸਪਲਾਈ ਦੇ ਡਾਟਾਸੈਟਾਂ ਦਾ ਵਿਸ਼ਲੇਸ਼ਣ ਕੀਤਾ ਅਤੇ 22 ਈ-ਵੇਅ ਬਿਲਾਂ ਦੀ ਪਛਾਣ ਕੀਤੀ ਜੋ ਬਾਹਰੀ ਸਪਲਾਈ ਕਰਨ ਵਾਲੇ ਗੈਰ-ਰਜਿਸਟਰਡ ਵਿਅਕਤੀਆਂ ਦੀ ਤਰਫੋਂ ਰਜਿਸਟਰਡ ਕਰਦਾਤਾਵਾਂ ਦੁਆਰਾ ਤਿਆਰ ਕੀਤੇ ਗਏ ਸਨ । ਹਰੇਕ ਪਛਾਣੇ ਗਏ ਈ-ਵੇਅ ਬਿਲ ਦਾ ਮੁਲਾਂਕਣਯੋਗ ਮੁੱਲ ₹ 40 ਲੱਖ ਤੋਂ ਘੱਟ ਨਹੀਂ ਸੀ ਅਤੇ ਇਨ੍ਹਾਂ ਈ-ਵੇਅ ਬਿਲਾਂ ਦਾ ਕੁੱਲ ਮੁਲਾਂਕਣਯੋਗ ਮੁੱਲ ₹ 30.46 ਕਰੋੜ ਸੀ (**ਅੰਤਿਕਾ** 3.13) ਸੀ। ਪਛਾਣੇ ਗਏ ਮਾਮਲਿਆਂ ਬਾਰੇ ਵਿਭਾਗ ਨੂੰ ਸੂਚਿਤ ਕੀਤਾ ਗਿਆ ਸੀ (ਜੂਨ ਅਤੇ ਸਤੰਬਰ 2023) ਤਾਂ ਜੋ ਅਧਿਕਾਰ ਖੇਤਰ ਦੇ ਅਧਿਕਾਰੀਆਂ ਤੋਂ ਜਵਾਬ ਮੰਗਿਆ ਜਾ ਸਕੇ ਕਿ ਕੀ ਗੈਰ-ਰਜਿਸਟਰਡ ਕਰਦਾਤਾਵਾਂ ਨੇ ₹ 40 ਲੱਖ ਦੀ ਟਰਨਓਵਰ ਥ੍ਰੈਸ਼ਹੋਲਡ ਸੀਮਾਂ ਤੋਂ ਵੱਧ ਸਪਲਾਇਰ ਹੋਣ ਦੇ ਨਾਤੇ ਜੀ ਐਸ ਟੀ ਰਜਿਸਟ੍ਰੇਸ਼ਨ ਲਈ ਸੀ।

ਇਸ ਦੇ ਹੁੰਗਾਰੇ ਵੱਜੋਂ ਵਿਭਾਗ ਨੇ ਜਵਾਬ ਦਿੱਤਾ (ਨਵੰਬਰ 2023) ਕਿ ਇੱਕ ਈ-ਵੇਅ ਬਿਲ[110] ਵਿੱਚ ਡੀ ਆਰ ਸੀ-01 ਜਾਰੀ ਕੀਤਾ ਗਿਆ ਹੈ, ਦੋ ਈ-ਵੇਅ ਬਿਲਾਂ[111] ਵਿੱਚ ਡੀ ਆਰ ਸੀ-01 ਏ

[110] ਈ-ਵੇਅ ਬਿਲ ਨੰ. 181172795788

[111] ਈ-ਵੇਅ ਬਿਲ ਨੰ. 721023577231 ਅਤੇ 331320708544

ਜਾਰੀ ਕੀਤੇ ਗਏ ਹਨ, ਇੱਕ ਈ-ਵੇਅ ਬਿਲ[112] ਵਿੱਚ ਏ ਐਸ ਐਮ ਟੀ-10 ਜਾਰੀ ਕੀਤਾ ਗਿਆ ਹੈ, ਤਿੰਨ ਈ-ਵੇਅ ਬਿਲਾਂ[113] ਵਿੱਚ ਤਸਦੀਕ ਪ੍ਰਕਿਰਿਆ ਅਧੀਨ ਹੈ, ਖਰੀਦਦਾਰ ਦੁਆਰਾ ਪਹਿਲਾਂ ਹੀ ਦੋ ਈ-ਵੇਅ ਬਿਲਾਂ[114] ਵਿੱਚ ਰਿਵਰਸ ਚਾਰਜ ਅਧੀਨ ਕਰ ਦਾ ਭੁਗਤਾਨ ਕੀਤਾ ਗਿਆ ਸੀ, ਛੇ ਈ-ਵੇਅ ਬਿਲਾਂ[115] ਵਿੱਚ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਸੀ ਕਿਉਂਕਿ ਸਬੰਧਤ ਵਿਅਕਤੀ ਸਿਰਫ ਛੋਟ ਵਾਲੀਆਂ ਵਸਤਾਂ ਦਾ ਹੀ ਕਾਰੋਬਾਰ ਕਰ ਰਹੇ ਸਨ, ਇਕ ਈ-ਵੇਅ ਬਿਲ[116] ਵਿੱਚ ਕਾਰਵਾਈ ਲੰਬਿਤ ਸੀ, ਇਕ ਮਾਮਲੇ[117] ਵਿੱਚ ਕਰਦਾਤਾ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਸੀ, ਇੱਕ ਈ-ਵੇਅ ਬਿਲ[118] ਕਿਸੇ ਸਰਕਲ ਦੁਆਰਾ ਰਿਪੋਰਟ ਨਹੀਂ ਕੀਤਾ ਗਿਆ ਸੀ, ਇੱਕ ਮਾਮਲੇ[119] ਵਿੱਚ ਕਰਦਾਤਾ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਸੀ ਅਤੇ ਤਿੰਨ ਈ-ਵੇਅ ਬਿਲਾਂ[120] ਵਿੱਚ ਵਿੱਚ ਕਾਰਵਾਈ ਕੀਤੀ ਜਾਵੇਗੀ।

ਵਿਭਾਗ ਦਾ ਇਹ ਜਵਾਬ ਕਿ ਇੱਕ ਖਰੀਦਦਾਰ ਵੱਲੋਂ ਰਿਵਰਸ ਚਾਰਜ ਅਧੀਨ ਪਹਿਲਾਂ ਹੀ ਕਰ ਅਦਾ ਕੀਤਾ ਜਾ ਚੁੱਕਾ ਸੀ, ਸਵੀਕਾਰ ਯੋਗ ਨਹੀਂ ਸੀ ਕਿਉਂਕਿ ਵਿਭਾਗ ਨੇ ਗੈਰ-ਰਜਿਸਟਰਡ ਸਪਲਾਇਰ ਦੀ ਚਰਚਾ ਨਹੀਂ ਕੀਤੀ ਸੀ, ਜਿਸ ਨੂੰ ਸੀਮਾਂ ਤੋਂ ਵੱਧ ਟਰਨਓਵਰ ਕਾਰਨ ਰਜਿਸਟਰ ਕਰਨ ਦੀ ਲੋੜ ਸੀ, ਭਾਵੇਂ ਸਬੰਧਤ ਪ੍ਰਾਪਤਕਰਤਾ ਖਰੀਦਦਾਰ ਦੁਆਰਾ ਕਰ ਦਾ ਭੁਗਤਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਵਿੱਚ ਦਰਸਾਏ ਜਾਣ ਤੋਂ ਬਾਅਦ ਕਾਰਵਾਈਆਂ ਦੀ ਸ਼ੁਰੂਆਤ ਕਰਨਾ ਵਿਭਾਗ ਦੁਆਰਾ ਅਜਿਹੇ ਮਾਮਲਿਆਂ ਦੀ ਨਿਗਰਾਨੀ ਨਾ ਕਰਨ ਦਾ ਸੰਕੇਤ ਸੀ

### [ਏ] ਵਸਤਾਂ ਦੀ ਗੈਰ-ਆਵਾਜਾਈ ਦੀ ਨਿਗਰਾਨੀ

ਕੇਂਦਰ ਅਤੇ ਰਾਜਾਂ ਦੇ ਕਰ ਅਧਿਕਾਰੀਆਂ ਦੁਆਰਾ ਵਰਤੋਂ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ ਆਈ ਸੀ) ਦੁਆਰਾ ਤਿਆਰ ਕੀਤੀ ਗਈ ਵਿਸ਼ਲੇਸ਼ਣਾਤਮਕ ਰਿਪੋਰਟਾਂ ਵਿੱਚੋਂ ਇਕ ਹੈ, 'ਵਾਹਨਾਂ ਦੀ ਗੈਰ-ਆਵਾਜਾਈ (ਬੀ 1 ਰਿਪੋਰਟ) ਬਾਰੇ ਰਿਪੋਰਟ' ਹੈ, ਜਿਸ ਤੇ ਈ-ਵੇਅ ਬਿਲ ਤਿਆਰ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਗਿਆ (ਦਸੰਬਰ 2023) ਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਜ਼ ਕੇਂਦਰ ਅਤੇ ਰਾਜ ਦੇ ਕਰ ਅਧਿਕਾਰੀਆਂ ਦੁਆਰਾ ਵਰਤੋਂ ਲਈ ਐਨ ਆਈ ਸੀ ਦੁਆਰਾ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੀਆਂ ਸਨ। ਲੇਖਾ ਪ੍ਰੀਖਿਆ ਨੇ ਬੀ1 ਰਿਪੋਰਟ ਡਾਟਾਸੈਟਾਂ ਦੀ ਵਿਸ਼ਲੇਸ਼ਣ ਕੀਤਾ ਅਤੇ ਜਾਂਚ ਲਈ ਸਟ੍ਰੇਟੀਫਾਈਡ ਸੈਂਪਲਿੰਗ ਤਕਨੀਕ ਦੀ ਵਰਤੋਂ ਕਰਦਿਆਂ ਪੰਜ ਸਪਲਾਇਰਾਂ[121] ਦੀ ਚੋਣ ਕੀਤੀ, ਜਿੱਥੇ ₹ 1.76 ਕਰੋੜ ਦੇ ਮੁਲਾਂਕਣਯੋਗ ਮੁੱਲ ਅਤੇ ₹ 0.32 ਕਰੋੜ ਦੇ ਕਰ ਵਾਲੇ 30 ਈ-ਵੇਅ ਬਿਲ ਤਿਆਰ ਹੋਣ ਦੇ ਬਾਅਦ ਵਾਹਨ ਦੀ

---

[112] ਈ-ਵੇਅ ਬਿਲ ਨੰ. 491026448363

[113] ਈ-ਵੇਅ ਬਿਲ ਨੰ. 371060393206, 371060277096 ਅਤੇ 351061663285

[114] ਈ-ਵੇਅ ਬਿਲ ਨੰ. 741010468973 ਅਤੇ 751009502821

[115] ਈ-ਵੇਅ ਬਿਲ ਨੰ. 361141213015, 331371472218, 711059671421, 311112257287, 351116606317 ਅਤੇ 321108577204

[116] ਈ-ਵੇਅ ਬਿਲ ਨੰ. 171110762978

[117] ਈ-ਵੇਅ ਬਿਲ ਨੰ. 771104396972

[118] ਈ-ਵੇਅ ਬਿਲ ਨੰ. 301022149998

[119] ਈ-ਵੇਅ ਬਿਲ ਨੰ. 771074097431

[120] ਈ-ਵੇਅ ਬਿਲ ਨੰ. 231336231192, 291346655942 ਅਤੇ 201356829444

[121] ਜੀ ਐਸ ਟੀ ਆਈ ਐਨ: 03AAAC******1ZF, 03AAZF******1ZD, 03AAGF******1ZE, 03ABVP******1ZF ਅਤੇ 03AIQP******1ZD

ਆਵਾਜਾਈ ਨਹੀਂ ਹੋਈ ਸੀ। ਇਨ੍ਹਾਂ ਈ-ਵੇਅ ਬਿਲਾਂ ਦੀ ਪੜਤਾਲ ਕਰਨ 'ਤੇ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਚਾਰ ਸਪਲਾਇਰਾਂ ਨੇ ਵਾਹਨਾਂ ਦੀ ਆਵਾਜਾਈ ਤੋਂ ਬਿਨ੍ਹਾਂ ਖਰੀਦਦਾਰ ਕਰਦਾਤਾਵਾਂ ਨੂੰ 28 ਈ-ਵੇਅ ਬਿਲਾਂ ਵਿੱਚ ਸ਼ਾਮਲ ₹ 0.27 ਕਰੋੜ (**ਅੰਤਿਕਾ 3.14**) ਦਾ ਇਨਪੁਟ ਕਰ ਕ੍ਰੈਡਿਟ ਦਿੱਤਾ। ਅੱਗੇ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਸਬੰਧਤ ਖਰੀਦਦਾਰ ਕਰਦਾਤਾਵਾਂ ਨੇ ਆਪਣੇ ਜੀ ਐਸ ਟੀ ਰਿਟਰਨਾਂ ਵਿੱਚ ₹ 0.27 ਕਰੋੜ ਦਾ ਪਾਸ ਕੀਤੇ ਕ੍ਰੈਡਿਟ ਦਾ ਲਾਭ ਲਿਆ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ (ਅਕਤੂਬਰ 2024)।

### [ਸ] ਵਾਹਨਾਂ ਦੀ ਕਈ ਗਤੀਵਿਧੀਆਂ ਬਾਰੇ ਰਿਪੋਰਟ

ਐਨ ਆਈ ਸੀ ਵਾਹਨਾਂ ਦੀਆਂ ਕਈ ਗਤੀਵਿਧੀਆਂ ਬਾਰੇ ਦੋ ਰਿਪੋਰਟਾਂ ਤਿਆਰ ਕਰਦੀ ਹੈ, ਜਿਵੇਂ ਕਿ ਕੇਂਦਰ ਅਤੇ ਰਾਜਾਂ ਦੇ ਕਰ ਅਧਿਕਾਰੀਆਂ ਦੁਆਰਾ ਵਰਤਣ ਲਈ 'ਇੱਕੋ ਵਾਹਨ ਦੀ ਮਲਟੀਪਲ ਮੂਵਮੈਂਟ' ਤੇ ਬੀ 4 ਰਿਪੋਰਟ ਅਤੇ 'ਦੂਜੇ ਵਾਹਨਾਂ ਵਿੱਚ ਕਈ ਮੂਵਮੈਂਟ' ਬਾਰੇ ਬੀ 5 ਰਿਪੋਰਟ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ ਐਨ ਆਈ ਸੀ ਦੁਆਰਾ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੇ ਸਨ। ਹਾਲਾਂਕਿ ਲੇਖਾ ਪ੍ਰੀਖਿਆ ਨੇ ਵੇਖਿਆ ਕਿ ਲੇਖਾ ਪ੍ਰੀਖਿਆ ਦੇ ਦਾਇਰੇ ਦੌਰਾਨ ਪੰਜਾਬ ਰਾਜ ਲਈ ਬੀ 4 ਅਤੇ ਬੀ 5 ਰਿਪੋਰਟਾਂ ਸਿਫ਼ਰ ਸਨ, ਫਿਰ ਵੀ ਵਿਭਾਗ ਵਿੱਚ ਕਰ ਅਧਿਕਾਰੀਆਂ ਨੂੰ ਐਨ ਆਈ ਸੀ ਦੁਆਰਾ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਬਾਰੇ ਸੰਵੇਦਨਸ਼ੀਲ ਬਣਾਉਣ ਦੀ ਲੋੜ ਸੀ, ਜਿਸ ਵਿੱਚ ਪੈਰ੍ਹਾ 5.5.2 ਅਤੇ 5.5.3 ਅਧੀਨ ਉੱਪਰ ਚਰਚਾ ਕੀਤੀਆਂ ਰਿਪੋਰਟਾਂ ਵੀ ਸ਼ਾਮਲ ਸਨ ਕਿਉਂਕਿ ਇਹ ਰਿਪੋਰਟਾਂ ਜੋਖਮ ਭਰੇ ਲੈਣ-ਦੇਣ 'ਤੇ ਲਾਲ ਝੰਡੀ ਲਗਾਉਂਦੀਆਂ ਹਨ ਪਰ ਰਾਜ ਕਰ ਅਧਿਕਾਰੀਆਂ ਦੁਆਰਾ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਸੀ।

ਇਸ ਮਾਮਲੇ 'ਤੇ 6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ਸੀ, ਜਿਸ ਵਿੱਚ ਵਿੱਚ ਵਿੱਤ ਕਮਿਸ਼ਨਰ (ਕਰਬੰਦੀ) ਨੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਉਪਯੋਗਤਾ 'ਤੇ ਵਿਚਾਰ ਕਰਨ ਤੋਂ ਬਾਅਦ ਵਿਭਾਗ ਨੂੰ ਸਾਰੀਆਂ ਨਿਗਰਾਨੀ ਰਿਪੋਰਟਾਂ ਨੂੰ ਇੱਕ ਡੈਸ਼ਬੋਰਡ ਹੇਠ ਲਿਆਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਅਧਿਕਾਰੀਆਂ ਨੂੰ ਵੱਖ-ਵੱਖ ਨਿਗਰਾਨੀ ਰਿਪੋਰਟਾਂ ਤੱਕ ਪਹੁੰਚ ਕਰਨ ਲਈ ਕਈ ਰਿਪੋਰਟਿੰਗ ਮਾਡਿਊਲਾਂ 'ਤੇ ਨੈਵੀਗੇਟ ਨਾ ਕਰਨਾ ਪਵੇ।

### [ਹ] ਵਸਤਾਂ ਅਤੇ ਆਵਾਜਾਈ ਦੇ ਇੰਟਰਸੈਪਸ਼ਨ ਦੌਰਾਨ ਵੇਖੀਆਂ ਗਈਆਂ ਉਲੰਘਣਾਵਾਂ ਨਾਲ ਸਬੰਧਤ ਜਾਣਕਾਰੀ ਨੂੰ ਸਾਂਝਾ ਨਾ ਕਰਨਾ

ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 64 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪਰੌਪਰ ਅਧਿਕਾਰੀ ਆਪਣੇ ਧਿਆਨ ਵਿੱਚ ਆਉਣ ਵਾਲੇ ਕਿਸੇ ਵਿਅਕਤੀ ਦੀ ਕਰ ਦੇਣਦਾਰੀ ਨੂੰ ਦਰਸਾਉਣ ਵਾਲੇ ਕਿਸੇ ਵੀ ਸਬੂਤ 'ਤੇ, ਵਧੀਕ ਕਮਿਸ਼ਨਰ ਜਾਂ ਸੰਯੁਕਤ ਕਮਿਸ਼ਨਰ ਦੀ ਪਿਛਲੀ ਮੰਜ਼ੂਰੀ ਨਾਲ, ਰੈਵੀਨਿਊ ਦੇ ਹਿੱਤਾਂ ਦੀ ਰਾਖੀ ਲਈ ਅਜਿਹੇ ਵਿਅਕਤੀ ਦੀ ਕਰ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਅੱਗੇ ਵਧ ਸਕਦਾ ਹੈ ਅਤੇ ਮੁਲਾਂਕਣ ਆਦੇਸ਼ ਜਾਰੀ ਕਰ ਸਕਦਾ ਹੈ, ਜੇ ਉਸ ਕੋਲ ਇਹ ਵਿਸ਼ਵਾਸ ਕਰਨ ਲਈ ਕਾਫੀ ਆਧਾਰ ਹਨ ਕਿ ਅਜਿਹਾ ਕਰਨ ਵਿੱਚ ਕਿਸੇ ਵੀ ਦੇਰੀ ਨਾਲ ਰੈਵੀਨਿਊ ਦੇ ਹਿੱਤਾਂ 'ਤੇ ਮਾੜਾ

ਅਸਰ ਪੈ ਸਕਦਾ ਹੈ ਬਸ਼ਰਤੇ ਕਿ ਜਿੱਥੇ ਕਰਯੋਗ ਵਿਅਕਤੀ ਜਿਸ ਨਾਲ ਦੇਣਦਾਰੀ ਸੰਬੰਧਿਤ ਹੈ, ਦਾ ਪਤਾ ਨਹੀਂ ਲਗਾਇਆ ਜਾ ਸਕਦਾ ਅਤੇ ਅਜਿਹੀ ਦੇਣਦਾਰੀ ਵਸਤਾਂ ਦੀ ਸਪਲਾਈ ਨਾਲ ਸਬੰਧਤ ਹੈ, ਤਾਂ ਅਜਿਹੀਆਂ ਵਸਤਾਂ ਦੇ ਇੰਚਾਰਜ ਨੂੰ ਮੁਲਾਂਕਣ ਲਈ ਜ਼ਿੰਮੇਵਾਰ ਕਰਯੋਗ ਵਿਅਕਤੀ ਮੰਨਿਆ ਜਾਵੇਗਾ ਅਤੇ ਇਸ ਧਾਰਾ ਦੇ ਅਧੀਨ ਕਰ ਅਤੇ ਕਿਸੇ ਹੋਰ ਰਾਸ਼ੀ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਮੰਨਿਆ ਜਾਵੇਗਾ।

ਬੁੱਕ ਕੀਤੇ 200 ਨਮੂਨਾ ਮਾਮਲਿਆਂ ਦੀ ਲੇਖਾ ਪ੍ਰੀਖਿਆ ਦੌਰਾਨ, ਲੇਖਾ ਪ੍ਰੀਖਿਆ ਨੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਸ਼ੰਭੂ ਅਧੀਨ ਇੱਕ ਮਾਮਲੇ[122] ਵਿੱਚ ਵੇਖਿਆ (ਅਗਸਤ 2023) ਕਿ 10 ਜਨਵਰੀ 2022 ਨੂੰ ਪਰੌਪਰ ਅਧਿਕਾਰੀ ਦੁਆਰਾ ਮੰਡੀ ਗੋਬਿੰਦਗੜ੍ਹ ਤੋਂ ਵਸਤਾਂ ਦੀ ਢੋਆ-ਢੁਆਈ ਕਰਨ ਵਾਲੇ ਇੱਕ ਵਾਹਨ ਨੂੰ ਰੋਕਿਆ ਗਿਆ ਸੀ। ਇਹ ਪਾਇਆ ਗਿਆ ਕਿ ਇਹ ਵਾਹਨ ਲਾਜ਼ਮੀ ਈ-ਵੇਅ ਬਿਲ ਅਤੇ ਚਲਾਨ ਤੋਂ ਬਿਨਾਂ ਵਸਤਾਂ ਦੀ ਢੋਆ-ਢੁਆਈ ਕਰ ਰਿਹਾ ਸੀ। ਪਰੌਪਰ ਅਧਿਕਾਰੀ ਨੇ ਪੰਜਾਬ ਜੀ ਐਸ ਟੀ ਐਕਟ ਦੀ ਧਾਰਾ 130 ਦੇ ਅਧੀਨ ਜੀ ਐਸ ਟੀ ਆਈ ਐਨ 03EMPP******2ZC ਵਾਲੇ ਕਰਦਾਤਾ ਨੂੰ ₹ 1.83 ਲੱਖ ਦਾ ਜੁਰਮਾਨਾ ਅਤੇ ਦੰਡ ਲਗਾਇਆ ਅਤੇ ਕਰਦਾਤਾ ਤੋਂ ਮੰਗੇ ਗਏ ਜੁਰਮਾਨੇ ਅਤੇ ਦੰਡ ਦੀ ਵਸੂਲੀ ਕਰਨ ਤੋਂ ਬਾਅਦ ਵਸਤਾਂ ਅਤੇ ਵਾਹਨ ਨੂੰ ਰਿਹਾਅ ਕਰ ਦਿੱਤਾ। ਅੱਗੇ ਲੇਖਾ ਪ੍ਰੀਖਿਆ ਜਾਂਚ ਵਿੱਚ ਡੀ ਆਰ ਸੀ-03 ਵਿੱਚ ਪਰੌਪਰ ਅਧਿਕਾਰੀ ਦੁਆਰਾ ਉਠਾਈਆਂ ਗਈਆਂ ਮੰਗਾਂ ਦੇ ਵਿਰੁੱਧ ਕਰਦਾਤਾ ਦੁਆਰਾ ਕੀਤੀ ਗਈ ਅਦਾਇਗੀ ਤੋਂ ਪਤਾ ਲੱਗਿਆ ਹੈ ਕਿ ਕਰਦਾਤਾ ਨੇ ਪਹਿਲਾਂ ਅਕਤੂਬਰ 2021 ਅਤੇ ਮਾਰਚ 2022 ਦੇ ਵਿਚਕਾਰ 44 ਮੌਕਿਆਂ 'ਤੇ ₹ 1.26 ਕਰੋੜ ਦੇ ਕਰ, ਜੁਰਮਾਨੇ ਅਤੇ ਦੰਡ ਦਾ ਭੁਗਤਾਨ ਕੀਤਾ ਸੀ। ਹਾਲਾਂਕਿ, ਕਰਦਾਤਾ ਨੇ ਅਕਤੂਬਰ 2021 ਤੋਂ ਜੂਨ 2023 ਦੇ ਦੌਰਾਨ ਜੀ ਐਸ ਟੀ ਆਰ-1 ਅਤੇ ਜੀ ਐਸ ਟੀ ਆਰ-3 ਬੀ ਦੀਆਂ ਰਿਟਰਨਾਂ ਨਿੱਲ ਦਾਇਰ ਕੀਤੀਆਂ ਅਤੇ ਕਰਦਾਤਾ ਦੀ ਰਜਿਸਟ੍ਰੇਸ਼ਨ ਅਜੇ ਵੀ ਕਿਰਿਆਸ਼ੀਲ ਸੀ (ਦਸੰਬਰ 2023)। ਜਿਵੇਂ ਕਿ ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਹੈ, ਕਰਦਾਤਵਾ ਲਗਾਤਾਰ ਜੀ ਐਸ ਟੀ ਧਾਰਾਵਾਂ ਦੀ ਉਲੰਘਣਾ ਵਿੱਚ ਸ਼ਾਮਲ ਸੀ ਅਤੇ ਜੀ ਐਸ ਟੀ ਦੀਆਂ ਨਿੱਲ ਰਿਟਰਨਾਂ ਦਾਇਰ ਕਰ ਰਿਹਾ ਸੀ। ਵਿਭਾਗ ਨੂੰ ਕਰਦਾਤਾ ਦੇ ਮਾਮਲੇ ਨੂੰ ਜਾਂਚ ਵਿੱਚ ਲੈਣ ਦੀ ਲੋੜ ਸੀ, ਕਿਉਂਕਿ ਕਰਦਾਤਾ ਦੁਆਰਾ ਕਰ ਚੋਰੀ ਹੋਣ ਦੀ ਸੰਭਾਵਨਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਰੁਕਾਵਟਾਂ ਦੇ ਅਨੁਸਾਰ ਕਰਦਾਤਾ ਨੇ ਨਿਯਮਿਤ ਸਪਲਾਈ ਕੀਤੀ ਅਤੇ ਜੀ ਐਸ ਟੀ ਰਿਟਰਨਾਂ ਨਿੱਲ ਦਾਇਰ ਕੀਤੀਆਂ। ਇਸ ਤੋਂ ਇਲਾਵਾ, ਪਰੌਪਰ ਅਧਿਕਾਰੀਆਂ ਦੁਆਰਾ ਵਾਹਨਾਂ ਨੂੰ ਰੋਕਣ ਲਈ ਖੋਜੀਆਂ ਗਈਆਂ ਅਜਿਹੀਆਂ ਉਲੰਘਣਾਵਾਂ ਨੂੰ ਅਧਿਕਾਰ ਖੇਤਰ ਦੇ ਕਰ ਅਧਿਕਾਰੀਆਂ ਨਾਲ ਸਾਂਝਾਂ ਕਰਨ ਦੀ ਲੋੜ ਹੈ ਤਾਂ ਜੋ ਸਰਕਾਰੀ ਮਾਲੀਆ ਦੇ ਹਿੱਤ ਵਿੱਚ ਵਾਰ-ਵਾਰ ਜੀ ਐਸ ਟੀ ਦੀ ਉਲੰਘਣਾ ਤੋਂ ਬਚਿਆ ਜਾ ਸਕੇ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਚਾਰ ਚੁਣੇ ਗਏ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ[123] (ਐਸ ਆਈ ਪੀ ਯੂਜ਼) ਵਿੱਚੋਂ ਸਿਰਫ ਪਟਿਆਲਾ ਹੀ ਸਬੰਧਤ ਅਧਿਕਾਰ ਖੇਤਰ ਦੇ ਕਰ ਅਧਿਕਾਰੀਆਂ ਨਾਲ ਵਾਹਨਾਂ ਦੀ ਰੁਕਾਵਟ ਦੌਰਾਨ ਦੇਖੇ ਗਏ ਅਪਰਾਧਾਂ ਦੇ ਵੇਰਵੇ ਸਾਂਝੇ ਕਰਨ ਦਾ ਅਭਿਆਸ ਕਰ ਰਿਹਾ ਸੀ।

---

[122] ਮਾਮਲਾ ਨੰਬਰ 876 ਮਿਤੀ 7 ਜਨਵਰੀ 2022

[123] ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ।

6 ਮਈ 2024 ਨੂੰ ਹੋਈ ਐਗਜ਼ਿਟ ਮੀਟਿੰਗ ਵਿੱਚ, ਵਿੱਤ ਕਮਿਸ਼ਨਰ (ਕਰਬੰਦੀ) ਨੇ ਸਬੰਧਤ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਗੰਭੀਰ ਮੁੱਦਾ ਹੋਣ ਕਾਰਨ ਜਾਂਚ ਕਰਨ ਦੇ ਨਿਰਦੇਸ਼ ਦਿੱਤੇ।

## 3.11 ਸਿੱਟਾ

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਈ-ਵੇਅ ਬਿਲ ਪ੍ਰਣਾਲੀ ਦੇ ਡਿਜ਼ਾਈਨ ਵਿੱਚ ਕਮੀਆਂ ਨੂੰ ਸਾਹਮਣੇ ਲਿਆਂਦਾ, ਜਿਸ ਕਾਰਨ ਈ-ਵੇਅ ਬਿਲ ਪ੍ਰਣਾਲੀ ਨੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਅੰਤਰਰਾਜੀ ਈ-ਵੇਅ ਬਿਲ ਤਿਆਰ ਕਰਨ ਦੀ ਮੰਜ਼ੂਰੀ ਦਿੱਤੀ, ਜਦੋ ਕਿ ਜੀ ਐਸ ਟੀ ਵਿਵਸਥਾਵਾਂ ਅਨੁਸਾਰ, ਅੰਤਰਰਾਜੀ ਸਪਲਾਈ ਕਰਨ ਵਾਲੇ ਕਰਦਾਤਾ ਕੰਪੋਜ਼ਿਸ਼ਨ ਸਕੀਮ ਲਈ ਯੋਗ ਨਹੀਂ ਸਨ। ਇਸ ਤੋਂ ਇਲਾਵਾ, ਟਰਨਓਵਰ ਦੀ ਨਿਰਧਾਰਤ ਸੀਮਾ ਤੋਂ ਵੱਧ ਕਰਦਾਤਾਵਾਂ ਨੂੰ ਕੰਪੋਜ਼ਿਸ਼ਨ ਸਕੀਮ ਤੋਂ ਬਾਹਰ ਲਿਆਉਣ ਅਤੇ ਸਧਾਰਣ ਕਰਦਾਤਾ ਵਜੋਂ ਕਰ ਅਦਾ ਕਰਨ ਦੀ ਜ਼ਰੂਰਤ ਸੀ ਪਰ ਈ-ਵੇਅ ਬਿਲ ਪ੍ਰਣਾਲੀ ਜੀ ਐਸ ਟੀ ਐਨ ਪੋਰਟਲ ਵਿਚਕਾਰ ਤਾਲਮੇਲ ਦੀ ਘਾਟ ਸੀ, ਜਿਸ ਕਾਰਨ ਉਹ ਕੰਪੋਜ਼ਿਸ਼ਨ ਕਰਦਾਤਾ ਵੀ ਈ-ਵੇਅ ਬਿਲਾਂ ਨੂੰ ਤਿਆਰ ਕਰਨ ਦੇ ਯੋਗ ਸਨ, ਜਿਨ੍ਹਾਂ ਦਾ ਟਰਨਓਵਰ ਸੀਮਾ ਤੋਂ ਵੱਧ ਸੀ ਅਤੇ ਕਰਦਾਤਾ ਨੇ ਕੰਪੋਜ਼ਿਸ਼ਨ ਕਰਦਾਤਾ ਵਜੋਂ ਕਾਰੋਬਾਰੀ ਗਤੀਵਿਧੀਆਂ ਜਾਰੀ ਰੱਖੀਆਂ। ਇਸ ਤੋਂ ਇਲਾਵਾ, ਈ-ਵੇਅ ਬਿਲ ਪ੍ਰਣਾਲੀ ਨੇ ਜੀ ਐਸ ਟੀ ਰਿਟਰਨ ਦਾਖਲ ਕਰਨ ਵਾਲਿਆਂ ਅਤੇ ਨਿੱਲ-ਫਾਈਲਰਜ਼ ਦੁਆਰਾ ਈ-ਵੇਅ ਬਿਲਾਂ ਨੂੰ ਤਿਆਰ ਕਰਨ ਦੀ ਮੰਜ਼ੂਰੀ ਦਿੱਤੀ ਹੈ। ਨਿੱਲ-ਫਾਈਲਰਜ਼ ਜੀ ਐਸ ਟੀ ਆਰ-1 ਰਿਟਰਨ ਵਿੱਚ ਖਰੀਦਦਾਰ ਕਰਦਾਤਾਵਾਂ ਨੂੰ ਇਨਪੁਟ ਕਰ ਕ੍ਰੈਡਿਟ ਦੇਣ ਦੇ ਯੋਗ ਸਨ, ਜਦੋਂ ਕਿ ਇਨ੍ਹਾਂ ਕਰਦਾਤਾਵਾਂ ਨੇ ਜੀ ਐਸ ਟੀ ਰਿਟਰਨਾਂ ਵਿੱਚ ਕਰ ਦਾ ਭੁਗਤਾਨ ਨਹੀਂ ਕੀਤਾ ਸੀ। ਈ-ਵੇਅ ਬਿਲ ਪ੍ਰਣਾਲੀ ਨੇ ਇੱਕੋ ਇਨਵਾਇਸ ਦੇ ਅਧਾਰ ਤੇ ਕਈ ਈ-ਵੇਅ ਬਿਲਾਂ ਨੂੰ ਤਿਆਰ ਕਰਨ ਦੀ ਮੰਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ, ਈ-ਵੇਅ ਬਿਲ ਪ੍ਰਣਾਲੀ ਵਿੱਚ ਵਾਹਨ ਡਾਟਾ ਦੀ ਕੁਸ਼ਲ ਵਰਤੋਂ ਦੀ ਘਾਟ ਸੀ ਜਿਵੇਂਕਿ ਇਹ ਵਾਹਨ ਡਾਟਾ ਨਾਲ ਮੈਪ ਕੀਤੇ ਜਾਣ ਦੇ ਬਾਵਜੂਦ ਈ-ਵੇਅ ਬਿਲਾਂ ਬਣਾਉਣ ਤੋਂ ਪਹਿਲਾਂ ਜੋਖਮ ਭਰੇ ਵਾਹਨਾਂ ਦੀ ਪਛਾਣ ਕਰਨ ਵਿੱਚ ਅਸਮਰੱਥ ਸੀ ਅਤੇ ਇਸ ਨੇ ਅਜਿਹੇ ਵਾਹਨਾਂ ਦੀ ਵਰਤੋਂ ਕਰਕੇ ਈ-ਵੇਅ ਬਿਲਾਂ ਨੂੰ ਬਣਾਉਣ ਦੀ ਮੰਜ਼ੂਰੀ ਦਿੱਤੀ ਜੋ ਵਾਹਨ 'ਤੇ ਉਪਲਬਧ ਜਾਣਕਾਰੀ ਅਨੁਸਾਰ ਚੋਰੀ, ਸਕ੍ਰੈਪ, ਸਮਰਪਣ, ਰੱਦ ਕੀਤੇ ਗਏ ਜਾਂ ਮੁਅੱਤਲ ਕੀਤੇ ਗਏ ਸਨ।

ਇਸ ਲੇਖਾ ਪ੍ਰੀਖਿਆ ਵਿੱਚ ਵਿਭਾਗ ਦੀਆਂ ਰੋਕਥਾਮ ਅਤੇ ਲਾਗੂ ਕਰਨ ਦੀਆਂ ਗਤੀਵਿਧੀਆਂ ਵਿੱਚ ਕਮੀਆਂ ਵੀ ਵੇਖੀਆਂ ਗਈਆਂ। ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਵਿੱਚ ਈ-ਵੇਅ ਬਿਲਾਂ ਦੀ ਤਸਦੀਕ ਕਰਨ ਲਈ ਟੀਚੇ ਨਿਰਧਾਰਤ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ, ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਕੇਂਦਰ ਅਤੇ ਰਾਜਾਂ ਦੇ ਕਰ ਅਧਿਕਾਰੀਆਂ ਦੁਆਰਾ ਵਰਤੋਂ ਲਈ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੁਆਰਾ ਤਿਆਰ ਕੀਤੇ ਜਾ ਰਹੇ ਜੋਖਮ ਭਰੇ ਲੈਣ-ਦੇਣ ਬਾਰੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਨਹੀਂ ਕਰ ਰਹੀਆਂ ਸਨ। ਲੇਖਾ ਪ੍ਰੀਖਿਆ ਵਿੱਚ ਇਹ ਵੀ ਵੇਖਿਆ ਗਿਆ ਕਿ ਹਿਰਾਸਤ ਵਿੱਚ ਲਈਆਂ ਗਈਆਂ ਵਸਤਾਂ ਅਤੇ ਵਾਹਨਾਂ ਨੂੰ ਪਰੌਪਰ ਅਧਿਕਾਰੀਆਂ ਦੁਆਰਾ ਇਲੈਕਟ੍ਰਾਨਿਕ ਕੈਸ਼ ਲੈਜ਼ਰ ਡੈਬਿਟ ਕਰਕੇ ਸਰਕਾਰੀ ਖਾਤਿਆਂ ਵਿੱਚ ਕਰ ਅਤੇ ਜੁਰਮਾਨੇ ਦੀ ਵਸੂਲੀ ਕੀਤੇ ਬਿਨਾਂ ਰਿਹਾਅ ਕੀਤਾ ਗਿਆ ਸੀ ਅਤੇ ਇਲੈਕਟ੍ਰਾਨਿਕ ਕੈਸ਼ ਲੈਜ਼ਰ ਵਿੱਚ ਕਰ ਅਤੇ ਜੁਰਮਾਨੇ

ਦੀ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਬਾਅਦ ਰਿਹਾਈ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ, ਅੰਦਰੂਨੀ ਵਿਭਾਗੀ ਅਤੇ ਅੰਤਰ ਵਿਭਾਗੀ ਤਾਲਮੇਲ ਦੀ ਘਾਟ ਸੀ, ਕਿਉਂਕਿ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨੀਟਾਂ ਦੇ ਪਰੌਪਰ ਅਧਿਕਾਰੀਆਂ ਦੁਆਰਾ ਵਾਹਨਾਂ ਦੀ ਰੁਕਾਵਟ ਦੌਰਾਨ ਦੇਖੇ ਗਏ ਅਪਰਾਧਾਂ ਨਾਲ ਸਬੰਧਤ ਜਾਣਕਾਰੀ ਸਬੰਧਤ ਅਧਿਕਾਰ ਖੇਤਰ ਦੇ ਕਰ ਅਧਿਕਾਰੀਆਂ ਨਾਲ ਸਾਂਝੀ ਨਹੀ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਈ-ਵੇਅ ਬਿਲ ਲੈਣ-ਦੇਣ ਤੋਂ ਇਹ ਵੀ ਵੇਖਿਆ ਕਿ ਗੈਰ-ਰਜਿਸਟਰਡ ਵਿਅਕਤੀਆਂ ਨੇ ₹ 40 ਲੱਖ ਦੀ ਸੀਮਾਂ ਤੋਂ ਵੱਧ ਸਪਲਾਈ ਕੀਤੀ ਸੀ, ਜਿਸ ਤੋਂ ਬਾਅਦ ਜੀ ਐਸ ਟੀ ਰਜਿਸਟ੍ਰੇਸ਼ਨ ਲਾਜ਼ਮੀ ਸੀ।

## 3.12 ਚੰਗੇ ਅਭਿਆਸ

ਪੰਜਾਬ ਕਰ ਵਿਭਾਗ ਨੇ ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਸ਼ੰਭੂ ਵਿਖੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ ਨਾਮਕ ਸੱਤ ਸਮਰਪਿਤ ਪ੍ਰੀਵੈਂਟਿਵ ਯੂਨਿਟਾਂ ਸਥਾਪਿਤ ਕੀਤੀਆਂ ਹਨ ਤਾਂ ਜੋ ਰਾਜ ਵਿੱਚ ਢੋਆ-ਢੁਆਈ ਕੀਤੇ ਜਾਣ ਵਾਲੀਆਂ ਵਸਤਾਂ ਦੇ ਸਮਰਥਨ ਵਿੱਚ ਲਿਜਾਏ ਗਏ ਦਸਤਾਵੇਜ਼ ਦੀ ਸਹਾਇਤਾ ਦੀ ਜਾਂਚ ਕੀਤੀ ਜਾ ਸਕੇ। ਇਹ ਕਰ ਚੋਰੀ ਨੂੰ ਰੋਕਣ ਅਤੇ ਜਾਂਚ ਕਰਨ ਲਈ ਵਿਭਾਗ ਦੇ ਯਤਨਾਂ ਨੂੰ ਪੂਰਾ ਕਰਨ ਲਈ ਲਾਗੂ ਕਰਨ ਦੀਆਂ ਗਤੀਵਿਧੀਆਂ ਦੇ ਅਨਿੱਖੜਵੇ ਅੰਗ ਹਨ। ਪਟਿਆਲਾ ਵਿਖੇ ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟ, ਸਪਲਾਇਰ ਕਰਦਾਤਵਾਂ ਦੇ ਅਧਿਕਾਰ ਖੇਤਰ ਦੇ ਕਰ ਅਧਿਕਾਰੀਆਂ ਨਾਲ ਵਸਤਾਂ ਅਤੇ ਆਵਾਜਾਈ ਦੀ ਰੋਕਥਾਮ ਦੌਰਾਨ ਲੱਭੇ ਗਏ ਅਪਰਾਧਾਂ ਦੇ ਵੇਰਵੇ ਸਾਂਝੇ ਕਰਨ ਦਾ ਅਭਿਆਸ ਕਰ ਰਿਹਾ ਹੈ ਜੋ ਸਰਕਾਰੀ ਰੈਵੀਨਿਊ ਦੇ ਸੁਰੱਖਿਆ ਦੇ ਹਿੱਤ ਵਿੱਚ ਹੈ। ਇਹ ਅਭਿਆਸ ਰਾਜ ਵਿੱਚ ਹੋਰ ਸਟੇਟ ਇੰਟੈਲੀਜੈਂਸ ਪੀਵੈਂਟਿਵ ਯੂਨੀਟਾਂ ਦੁਆਰਾ ਅਪਣਾਇਆ ਜਾ ਸਕਦਾ ਹੈ।

## 3.13 ਸਿਫਾਰਸ਼ਾਂ

1. ਈ-ਵੇਅ ਬਿਲ ਪ੍ਰਣਾਲੀ ਨੂੰ ਜੀ ਐਸ ਟੀ ਐਨ ਤੇ ਉਪਲਬਧ ਕਰਦਾਤਾਵਾਂ ਦੀ ਜਾਣਕਾਰੀ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਅਤੇ ਕੰਪੋਜ਼ਿਸ਼ਨ ਕਰਦਾਤਾਵਾਂ ਦੁਆਰਾ ਅੰਤਰ-ਰਾਜੀ ਈ-ਵੇਅ ਬਿਲਾਂ ਦੇ ਉਤਪਾਦਨ ਨੂੰ ਸੀਮਤ ਕਰਕੇ ਜੀ ਐਸ ਟੀ ਪ੍ਰਬੰਧਾਂ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ।.
2. ਈ-ਵੇਅ ਬਿਲ ਪ੍ਰਣਾਲੀ ਵਿੱਚ ਲੋੜੀਂਦੀ ਪ੍ਰਮਾਣਿਕਤਾ ਜਾਂਚ ਸ਼ੁਰੂ ਕੀਤੀ ਜਾ ਸਕਦੀ ਹੈ ਤਾਂ ਜੋ ਈ-ਵੇਅ ਬਿਲ ਪ੍ਰਣਾਲੀ ਕਰਦਾਤਾਵਾਂ ਦੀ ਪ੍ਰੋਫਾਈਲ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹੋ ਸਕੇ ਅਤੇ ਸਿਰਫ ਅਜਿਹੇ ਡਾਟਾ ਦੀ ਮੰਜ਼ੂਰੀ ਦੇ ਸਕੇ ਜੋ ਕਰਦਾਤਾਵਾਂ ਦੀ ਸ਼੍ਰੇਣੀ ਤੇ ਲਾਗੂ ਹੋ ਸਕਦੇ ਹਨ ਜਿਵੇਂ ਕਿ ਸਪਲਾਈ ਦੀ ਕਿਸਮ ਅਤੇ ਕਰਾਂ ਦੀਆਂ ਦਰਾਂ ਜਿਵੇਂ ਕਿ ਕੰਪੋਜ਼ਿਸ਼ਨ ਕਰਦਾਤਾਵਾਂ ਜਾਂ ਆਮ ਕਰਦਾਤਾਵਾਂ ਤੇ ਲਾਗੂ ਹੁੰਦੀਆਂ ਹਨ।
3. ਈ-ਵੇਅ ਬਿਲ ਪ੍ਰਣਾਲੀ ਵਿੱਚ ਵੈਲੀਡੇਸ਼ਨ ਚੈੱਕ ਲਾਗੂ ਕੀਤੇ ਜਾ ਸਕਦੇ ਹਨ ਤਾਂ ਜੋ ਈ-ਵੇਅ ਬਿਲ ਤਿਆਰ ਹੋਣ ਤੋਂ ਪਹਿਲਾਂ ਚੋਰੀ ਹੋਏ, ਸਕ੍ਰੈਪ ਕੀਤੇ, ਰੱਦ ਕੀਤੇ, ਮੁਅੱਤਲ, ਸਮਰਪਣ ਕੀਤੇ ਜਾਂ ਕਿਰਿਅਸ਼ੀਲ ਵਾਹਨ ਵਰਗੇ ਵਾਹਨ ਡਾਟਾ ਤੋਂ ਵਾਹਾਨ ਦੀ ਸਥਿਤੀ ਦੀ ਪਛਾਣ ਕੀਤੀ ਜਾ ਸਕੇ ਤਾਂ ਜੋ ਜੋਖਮ ਭਰੇ ਵਾਹਨਾਂ ਦੇ ਵਿਰੁਧ ਈ-ਵੇਅ ਬਿਲ ਨਾ ਕੀਤੇ ਜਾ ਸਕਣ।

4. ਵਿਭਾਗ ਕਰਦਾਤਾ ਦੀ ਰਜਿਸਟ੍ਰੇਸ਼ਨ ਰੱਦ ਕਰਨ ਤੋਂ ਪਹਿਲਾਂ ਕਰਦਾਤਾ ਦੁਆਰਾ ਤਿਆਰ ਕੀਤੇ ਗਏ ਈ-ਵੇਅ ਬਿਲਾਂ ਦਾ ਵਿਸ਼ਲੇਸ਼ਣ ਕਰਨ ਅਤੇ ਜਦੋਂ ਵੀ ਲਾਗੂ ਹੋਵੇ, ਕਰ ਦੀ ਵਸੂਲੀ ਲਈ ਕਾਰਵਾਈ ਕਰਨ ਦੀ ਪਰੌਪਰ ਅਧਿਕਾਰੀਆਂ ਨੂੰ ਢੁਕਵੀਆਂ ਹਦਾਇਤਾਂ ਜਾਰੀ ਕਰਨ ਤੇ ਵਿਚਾਰ ਕਰ ਸਕਦਾ ਹੈ।
5. ਵਿਭਾਗ ਕਈ ਈ-ਵੇਅ ਬਿਲ ਬਣਾਉਣ ਲਈ ਇੱਕੋ ਚਲਾਨ ਦੀ ਵਰਤੋਂ ਨੂੰ ਰੋਕਣ ਲਈ ਈ-ਵੇਅ ਬਿਲ ਪ੍ਰਣਾਲੀ ਵਿੱਚ ਢੁਕਵੇਂ ਪ੍ਰਮਾਣਿਕਤਾ ਨਿਯੰਤਰਣ ਸ਼ਾਮਲ ਕਰਨ ਤੇ ਵਿਚਾਰ ਕਰ ਸਕਦਾ ਹੈ।
6. ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ ਦੁਆਰਾ ਜੋਖਮ ਭਰੇ ਈ-ਵੇਅ ਬਿਲ ਲੈਣ-ਦੇਣ ਬਾਰੇ ਤਿਆਰ ਕੀਤੀਆਂ ਵਿਸ਼ਲੇਸ਼ਣਾਤਮਕ ਰਿਪੋਰਟਾਂ ਦੀ ਵਰਤੋਂ ਵਿਭਾਗੀ ਅਧਿਕਾਰੀਆਂ ਦੁਆਰਾ ਕਰ ਚੋਰੀ ਦੇ ਸੰਭਾਵਿਤ ਮਾਮਲਿਆਂ ਦੀ ਪਛਾਣ ਕਰਨ ਲਈ ਕੀਤੀ ਜਾ ਸਕਦੀ ਹੈ।
7. ਸਟੇਟ ਇੰਟੈਲੀਜੈਂਸ ਪ੍ਰੀਵੈਂਟਿਵ ਯੂਨਿਟਾਂ ਵਿੱਚ ਪਰੌਪਰ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਜਾ ਸਕਦੇ ਹਨ ਕਿ ਹਿਰਾਸਤ ਵਿੱਚ ਲਈਆਂ ਗਈਆਂ ਵਸਤਾਂ ਜਾਂ ਵਾਹਨਾਂ ਨੂੰ ਸਰਕਾਰੀ ਖਜ਼ਾਨੇ ਵਿੱਚ ਮੰਗਾਂ ਦੇ ਵਿਰੁੱਧ ਭੁਗਤਾਨਾਂ ਨੂੰ ਪ੍ਰਾਪਤ ਹੋਣ ਤੋਂ ਬਾਅਦ ਹੀ ਰਿਹਾਅ ਕੀਤਾ ਜਾਵੇ।
8. ਵਿਭਾਗ ਨੂੰ ਸੀਮਾਂ ਤੋਂ ਵੱਧ ਈ-ਵੇਅ ਬਿਲ ਤਿਆਰ ਕਰਨ ਤੇ ਰੋਕਣ ਲਈ ਈ-ਵੇਲ ਬਿਲ ਪ੍ਰਣਾਲੀ ਵਿੱਚ ਪ੍ਰਮਾਣਿਕਤਾ ਨਿਯਤਰੰਣ ਸ਼ਾਮਲ ਕਰਨ ਤੇ ਵਿਚਾਰ ਕਰ ਸਕਦਾ ਹੈ ਜਿੱਥੇ ਸਪਲਾਇਰ ਗੈਰ-ਰਜਿਸਟਰਡ ਵਿਅਕਤੀ ਸਨ।



# ਅਧਿਆਇ - IV

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

(ਕਰ-ਰੈਵੀਨਿਊ ਵਿਭਾਗਾਂ)

# ਅਧਿਆਇ-IV

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ
## (ਕਰ-ਰੈਵੀਨਿਊ ਵਿਭਾਗਾਂ)

ਇਸ ਅਧਿਆਇ ਵਿੱਚ ਕਰ-ਰੈਵੀਨਿਊ ਵਿਭਾਗਾਂ ਅਧੀਨ 1,661 ਮਾਮਲਿਆਂ ਵਿੱਚ ਪਾਲਣ ਮੁੱਦਿਆਂ ਨੂੰ ਕਵਰ ਕਰਦੀਆਂ ₹ 17.16 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ 15 ਟਿੱਪਣੀਆਂ ਸ਼ਾਮਲ ਹਨ। ਵਿਭਾਗਾਂ ਨੇ 1,633 ਮਾਮਲਿਆਂ ਵਿੱਚ ₹ 10.35 ਕਰੋੜ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕੀਤਾ ਅਤੇ 412 ਮਾਮਲਿਆਂ ਵਿੱਚ ₹ 0.48 ਕਰੋੜ ਦੀ ਵਸੂਲੀ ਕੀਤੀ। ਅਥਾਰਟੀਆਂ ਵੱਲੋਂ ਦਿੱਤੇ ਗਏ ਜਵਾਬਾਂ ਨੂੰ ਸਬੰਧਿਤ ਟਿੱਪਣੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹਨਾਂ ਦੀ ਚਰਚਾ ਪੈਰ੍ਹਾ 4.1 ਤੋਂ 4.15 ਤੱਕ ਹੇਠ ਲਿਖੀਆਂ ਟਿੱਪਣੀਆਂ ਵਿੱਚ ਕੀਤੀ ਗਈ ਹੈ।

ਲੇਖਾ ਪ੍ਰੀਖਿਆ ਟਿੱਪਣੀਆਂ ਦੇ ਵੇਰਵੇ ਹੇਠਾਂ **ਚਾਰਟ 4.1** ਵਿੱਚ ਪ੍ਰਦਾਨ ਕੀਤੇ ਗਏ ਹਨ

**ਚਾਰਟ 4.1: ਲੇਖਾ ਪ੍ਰੀਖਿਆ ਟਿੱਪਣੀਆਂ ਦੇ ਵੇਰਵੇ**






ਇਸ ਅਧਿਆਇ ਵਿੱਚ 1,661 ਮਾਮਲਿਆਂ ਵਿੱਚ ₹ 17.16 ਕਰੋੜ ਦੀਆਂ 15 ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ




ਵਿਭਾਗ ਨੇ ₹ 10.35 ਕਰੋੜ ਦੇ 1,633 ਮਾਮਲੇ ਸਵਿਕਾਰ ਕੀਤੇ



ਲੇਖਾ ਪ੍ਰੀਖਿਆ ਰਿਪੋਰਟ ਨੂੰ ਅੰਤਿਮ ਰੂਪ ਦੇਣ ਤੱਕ 412 ਮਾਮਲਿਆਂ ਵਿੱਚ ₹ 0.48 ਕਰੋੜ ਦੀਆਂ ਵਸੂਲੀਆਂ ਕੀਤੀਆਂ ਗਈਆਂ

# ਆਬਕਾਰੀ ਅਤੇ ਕਰ ਵਿਭਾਗ

## 4.1 ਵਿਆਜ ਨਾ ਲਗਾਉਣਾ

***10 ਏ ਸੀ ਐਸ ਟੀਜ਼ ਵਿੱਚ ਨਿਰਧਾਰਣ ਅਥਾਰਟੀਆਂ ਨੇ ਕਨੂੰਨੀ ਘੋਸ਼ਣਾਵਾਂ ਪੇਸ਼ ਨਾ ਕਰਨ ਕਰਕੇ 20 ਨਿਰਧਾਰਣ ਮਾਮਲਿਆਂ ਵਿੱਚ ₹ 12.92 ਕਰੋੜ ਦੀ ਵਧੀਕ ਮੰਗ ਕੀਤੀ, ਪ੍ਰੰਤੂ ₹ 5.13 ਕਰੋੜ ਦਾ ਵਿਆਜ ਨਹੀਂ ਲਗਾਇਆ।***

ਪੰਜਾਬ ਵੈਲਿਊ ਐਡਿਡ ਟੈਕਸ ਐਕਟ 2005 (ਪੀ ਵੀ ਏ ਟੀ ਐਕਟ) ਦੀ ਧਾਰਾ 32(1) ਇਹ ਵਿਵਸਥਾ ਕਰਦੀ ਹੈ ਕਿ ਜੇ ਕੋਈ ਵਿਅਕਤੀ ਇਸ ਐਕਟ ਦੀਆਂ ਧਾਰਾਵਾਂ ਅਨੁਸਾਰ ਉਸ ਤੋਂ ਬਕਾਇਆ ਕਰ ਦੀ ਰਾਸ਼ੀ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਹ ਭੁਗਤਾਨ ਦੀ ਨਿਰਧਾਰਤ ਮਿਤੀ ਤੋਂ ਲੈ ਕੇ ਕਰ ਦੀ ਰਾਸ਼ੀ ਅਦਾ ਕਰਨ ਦੀ ਅਸਲ ਮਿਤੀ ਤੱਕ ਅੱਧਾ *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਕਰ ਦੀ ਰਾਸ਼ੀ ਤੇ ਸਧਾਰਨ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਹੋਵੇਗਾ। ਇਸ ਤੋਂ ਇਲਾਵਾ, ਕੇਂਦਰੀ ਵਿਕਰੀ ਕਰ ਐਕਟ 1956 ਦੀ ਧਾਰਾ 9(2ਬੀ) ਇਹ ਵਿਵਸਥਾ ਕਰਦਾ ਹੈ ਕਿ ਕਰ ਦੇ ਭੁਗਤਾਨ ਦੀ ਨਿਰਧਾਰਤ ਮਿਤੀ, ਵਿਆਜ ਦੀ ਦਰ, ਕਰ ਦੇ ਦੇਰੀ ਨਾਲ ਭੁਗਤਾਨ ਕਰਨ ਲਈ ਵਿਆਜ ਨਿਰਧਾਰਣ ਅਤੇ ਉਗਰਾਹੀ ਕਰਨ ਨਾਲ ਸਬੰਧਤ ਹਰੇਕ ਰਾਜ ਦੇ ਵਿਕਰੀ ਕਰ ਕਾਨੂੰਨ ਦੀਆਂ ਸਾਰੀਆਂ ਵਿਵਸਥਾਵਾਂ ਕੇਂਦਰੀ ਵਿਕਰੀ ਕਰ ਐਕਟ ਦੇ ਅਧੀਨ ਬਕਾਇਆ ਕਰ ਦੇ ਸਬੰਧ ਵਿੱਚ ਲਾਗੂ ਹੋਣਗੀਆਂ।

ਰਾਜ ਕਰ[1] ਦੇ 10 ਸਹਾਇਕ ਕਮਿਸ਼ਨਰਾਂ (ਏ ਸੀ ਐਸ ਟੀਜ਼) ਅਧੀਨ ਸਾਲ 2020-21 ਅਤੇ 2021-22 ਦੌਰਾਨ ਅੰਤਿਮ ਰੂਪ ਦਿੱਤੇ ਗਏ 20 ਨਿਰਧਾਰਣ ਮਾਮਲਿਆਂ ਦੀ ਲੇਖਾ ਪ੍ਰੀਖਿਆ ਪੜਤਾਲ (ਮਈ 2022 ਅਤੇ ਜਨਵਰੀ 2023 ਦਰਮਿਆਨ) ਨੇ ਦਰਸਾਇਆ ਕਿ ਡੀਲਰਾਂ ਨੇ ਸਾਲ 2012-13 ਤੋਂ 2016-17 ਦੇ ਸਮੇਂ ਲਈ ਆਪਣੀਆਂ ਸਾਲਾਨਾ ਰਿਟਰਨਾਂ ਵਿੱਚ ਕਰਯੋਗ ਵਸਤਾਂ ਦੀ ਅੰਤਰਰਾਜੀ ਵਿਕਰੀ/ਸ਼ਾਖਾ ਟ੍ਰਾਂਸਫਰ/ਡੀਮਡ ਨਿਰਯਾਤ/ਟ੍ਰਾਂਜ਼ਿਟ ਵਿਕਰੀ ਦਾ ਐਲਾਨ ਕੀਤਾ ਸੀ ਅਤੇ ਆਪਣੀਆਂ ਸਾਲਾਨਾ ਰਿਟਰਨਾਂ ਵਿੱਚ ਅਜਿਹੀ ਵਿਕਰੀ ਤੇ ਕੇਂਦਰੀ ਵਿਕਰੀ ਕਰ ਤੋਂ ਰਿਆਇਤ/ਛੋਟ ਦਾ ਲਾਭ ਲਿਆ ਸੀ। ਹਾਲਾਂਕਿ, ਨਿਰਧਾਰਣ ਦੇ ਸਮੇਂ, ਡੀਲਰ ਉਨ੍ਹਾਂ ਲੈਣ-ਦੇਣਾਂ ਦੇ ਸਬੰਧ ਵਿੱਚ ਕਾਨੂੰਨੀ ਘੋਸ਼ਣਾਵਾਂ[2] ਪੇਸ਼ ਕਰਨ ਵਿੱਚ ਅਸਫਲ ਰਹੇ ਜਿਨ੍ਹਾਂ ਤੇ ਸਾਲਾਨਾ ਰਿਟਰਨਾਂ ਵਿੱਚ ਕੇਂਦਰੀ ਵਿਕਰੀ ਕਰ ਤੋਂ ਰਿਆਇਤ/ਛੋਟ ਦਾ ਲਾਭ ਲਿਆ ਗਿਆ ਸੀ। ਨਤੀਜੇ ਵਜੋਂ, ਨਿਰਧਾਰਣ ਅਥਾਰਟੀਆਂ ਨੇ ਕਾਨੂੰਨੀ ਘੋਸ਼ਣਾਵਾਂ ਪੇਸ਼ ਨਾ ਕਰਨ ਕਰਕੇ ਕਰ ਰਾਸ਼ੀ ਦੇ ਅੰਤਰ ਕਾਰਣ ₹ 12.92 ਕਰੋੜ ਦੇ ਵਾਧੂ ਕਰ ਦੀ ਮੰਗ ਕੀਤੀ। ਕਿਉਂਕਿ ਡੀਲਰ ਕਾਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹੇ ਸਨ, ਇਸ ਲਈ ਉਹ 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦਰ ਨਾਲ ਕਰ ਰਾਸ਼ੀ ਦੇ ਅੰਤਰ ਤੇ ₹ 5.13 ਕਰੋੜ ਦਾ ਵਿਆਜ ਅਦਾ ਕਰਨ ਲਈ ਜ਼ਿੰਮੇਵਾਰ ਸਨ। ਹਾਲਾਂਕਿ, ਨਿਰਧਾਰਣ ਅਥਾਰਟੀਆਂ ਨੇ ₹ 5.13 ਕਰੋੜ ਦਾ ਵਿਆਜ ਨਹੀਂ ਲਗਾਇਆ (**ਅੰਤਿਕਾ** 4.1)।

---

[1] ਅੰਮ੍ਰਿਤਸਰ-I, ਅੰਮ੍ਰਿਤਸਰ- II, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ- I, ਲੁਧਿਆਣਾ- I ਅਤੇ ਲੁਧਿਆਣਾ- III

[2] ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਅਨੁਸਾਰ ਕਾਨੂੰਨੀ ਘੋਸ਼ਣਾਵਾਂ ਲਈ ਲਾਗੂ ਫਾਰਮ: ਅੰਤਰਰਾਜੀ ਵਿਕਰੀ ਲਈ ਫਾਰਮ 'ਸੀ', ਟ੍ਰਾਂਜਿਟ ਵਿਕਰੀ ਲਈ ਫਾਰਮ 'ਈ 1' ਅਤੇ 'ਈ 2' ਅਤੇ ਡੀਮਡ ਨਿਰਯਾਤ ਲਈ ਫਾਰਮ 'ਐਚ'

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਦਿੱਤੀ ਗਈ ਸੀ (ਜੂਨ 2023 ਅਤੇ ਸਤੰਬਰ 2023)।

ਵਿਭਾਗ ਨੇ ਜਵਾਬ ਦਿੱਤਾ (ਅਗਸਤ 2023) ਕਿ ਜੇ ਕੇ ਸਿੰਥੈਟਿਕਸ ਲਿਮਿਟਡ ਬਨਾਮ ਸੀ ਟੀ ਓ (1994) ਦੇ ਮਾਮਲੇ ਵਿੱਚ ਮਾਣਯੋਗ ਸੁਪਰੀਮ ਕੋਰਟ ਦੁਆਰਾ ਨਿਰਧਾਰਤ ਸਿਧਾਂਤਾਂ ਅਨੁਸਾਰ ਮੁਲਾਂਕਣ ਦੀ ਮਿਤੀ ਤੋਂ ਪਹਿਲਾਂ ਦੀ ਮਿਆਦ ਲਈ ਵਿਆਜ ਨਹੀਂ ਲਗਾਇਆ ਗਿਆ ਸੀ। ਵਿਭਾਗ ਨੇ 25 ਅਪ੍ਰੈਲ 2013 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੁਆਰਾ ਮੈਸਰਜ਼ ਆਈਸ਼ਰ ਗੁਡਅਰਥ ਲਿਮਿਟਡ ਬਨਾਮ ਹਰਿਆਣਾ ਰਾਜ ਦੇ ਮਾਮਲੇ ਦੇ ਸੁਣਾਏ ਫੈਸਲੇ ਦਾ ਵੀ ਹਵਾਲਾ ਦਿੱਤਾ, ਜਿੱਥੇ ਹਾਈ ਕੋਰਟ ਨੇ ਜੇ ਕੇ ਸਿੰਥੈਟਿਕਸ ਲਿਮਿਟਡ ਦੇ ਮਾਮਲੇ ਵਿੱਚ ਅਪੈਕਸ ਕੋਰਟ ਦੁਆਰਾ ਨਿਰਧਾਰਤ ਸਿਧਾਂਤਾਂ 'ਤੇ ਭਰੋਸਾ ਕੀਤਾ ਸੀ।

ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ, ਲੇਖਾ ਪ੍ਰੀਖਿਆ ਨੇ ਸਿਰਫ ਅਜਿਹੀਆਂ ਡਿਮਾਂਡਜ਼ ਨੂੰ ਕਵਰ ਕੀਤਾ ਸੀ ਜੋ ਨਿਰਧਾਰਣ ਦੇ ਸਮੇਂ ਡੀਲਰਾਂ ਵੱਲੋਂ ਕਾਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹਿਣ ਕਾਰਨ ਪੈਦਾ ਹੋਈਆਂ ਸਨ, ਜਦੋਂਕਿ ਡੀਲਰਾਂ ਨੇ ਆਪਣੀਆਂ ਕਰ ਰਿਟਰਨਾਂ ਫਾਇਲ ਕਰਨ ਸਮੇਂ ਪਹਿਲਾਂ ਹੀ ਕਰ ਦੀ ਰਿਆਇਤੀ ਅਦਾਇਗੀ ਦਾ ਲਾਭ ਲਿਆ ਸੀ। ਜੇ.ਕੇ. ਸਿੰਥੈਟਿਕਸ ਲਿਮਿਟਡ ਦੇ ਮਾਮਲੇ ਵਿੱਚ ਅਪੈਕਸ ਕੋਰਟ ਨੇ ਵੱਖ-ਵੱਖ ਪਹਿਲੂਆਂ ਤੇ ਕਨਸੀਡ੍ਰੇਸ਼ਨ ਕਰਨ ਤੋਂ ਬਾਅਦ ਇਹ ਫੈਸਲਾ ਸੁਣਾਇਆ ਸੀ ਕਿ ਕਰ ਕਾਨੂੰਨ ਅਸੈਸੀ ਤੋਂ ਅੰਤਿਮ ਨਿਰਧਾਰਣ ਦੀ ਭਵਿੱਖਬਾਣੀ ਅਤੇ ਉਸ ਵਿਆਜ ਦਾ ਭੁਗਤਾਨ ਕਰਨ ਦੀ ਦੇਣਦਾਰੀ ਤੋਂ ਬਚਣ ਲਈ ਉਸ ਅਧਾਰ 'ਤੇ ਕਰ ਭੁਗਤਾਨ ਕਰਨ ਦੀ ਉਮੀਦ ਨਹੀ ਕਰ ਸਕਦਾ। ਇਹ ਉਸ ਨੂੰ ਲਗਭਗ ਅਸੰਭਵ ਕੰਮ ਕਰਨ ਲਈ ਕਹਿਣਾ ਹੋਵੇਗਾ। ਲੇਖਾ ਪ੍ਰੀਖਿਆ ਵੱਲੋਂ ਧਿਆਨ ਵਿੱਚ ਲਿਆਂਦੇ ਗਏ ਮਾਮਲਿਆਂ ਵਿੱਚ, ਡੀਲਰਾਂ ਨੇ ਪੰਜਾਬ ਵੈਲਿਊ ਐਡੇਡ ਟੈਕਸ ਐਕਟ ਦੇ ਨਾਲ-ਨਾਲ ਕੇਂਦਰੀ ਵਿਕਰੀ ਕਰ ਐਕਟ ਦੇ ਅਧੀਨ ਭੁਗਤਾਨਯੋਗ ਕਰ ਨੂੰ ਜਾਣਦੇ ਹੋਏ ਰਿਟਰਨਾਂ ਦਾਖਲ ਕੀਤੀਆਂ ਸਨ। ਸੀ ਐਸ ਟੀ ਐਕਟ ਅਧੀਨ ਭੁਗਤਾਨਯੋਗ ਕਰ ਦੀ ਰਿਆਇਤੀ ਦਰ ਪ੍ਰਾਪਤ ਕਰਨ ਲਈ ਡੀਲਰਾਂ ਨੂੰ ਪਤਾ ਸੀ ਕਿ ਉਨ੍ਹਾਂ ਨੇ ਕਾਨੂੰਨੀ ਘੋਸ਼ਣਾਵਾਂ ਪੇਸ਼ ਕਰਨੀਆਂ ਸਨ। ਉਹ ਇਹ ਵੀ ਜਾਣਦੇ ਸਨ ਕਿ ਜੇ ਉਹ ਕਾਨੂੰਨੀ ਘੋਸ਼ਣਾਵਾਂ ਪੇਸ਼ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਉਹ ਉਕਤ ਐਕਟ ਅਧੀਨ ਕਰ ਅਦਾ ਕਰਨ ਲਈ ਜ਼ਿੰਮੇਵਾਰ ਹੋਣਗੇ। ਇਸ ਲਈ, ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਗਏ ਮਾਮਲੇ ਅਜਿਹੇ ਮਾਮਲੇ ਨਹੀਂ ਸਨ ਜਿੱਥੇ ਡੀਲਰਾਂ ਨੂੰ ਕਰ ਅਦਾ ਕਰਨ ਦੀ ਆਪਣੀ ਦੇਣਦਾਰੀ ਬਾਰੇ ਪਤਾ ਨਹੀਂ ਸੀ।

ਉਪਰੋਕਤ ਦ੍ਰਿਸ਼ਟੀਕੋਣ ਜ਼ਾਹਰ ਕਰਦਿਆਂ, ਲੇਖਾ ਪ੍ਰੀਖਿਆ ਨੇ 12 ਜੂਨ 2014 ਨੂੰ ਕਰਨਾਟਕ ਹਾਈ ਕੋਰਟ ਵੱਲੋਂ ਮੈਸਰਜ਼ ਮੇਨਟੈਕ ਟੈਕਨੋਲੋਜੀਜ਼ ਪ੍ਰਾਈਵੇਟ ਲਿਮਿਟਡ ਬਨਾਮ ਕਰਨਾਟਕ ਰਾਜ ਦੇ ਫੈਸਲਾ ਕੀਤੇ ਮਾਮਲੇ 'ਤੇ ਭਰੋਸਾ ਕੀਤਾ ਸੀ ਜਿੱਥੇ ਡੀਲਰ ਕਾਨੂੰਨੀ ਘੋਸ਼ਣਾ ਫਾਰਮ ਪੇਸ਼ ਕਰਨ ਵਿੱਚ ਅਸਫਲ ਰਿਹਾ ਸੀ। ਇਸ ਮਾਮਲੇ ਵਿੱਚ ਅਦਾਲਤ ਨੇ ਅਪੈਕਸ ਕੋਰਟ ਵੱਲੋਂ ਨਿਰਧਾਰਤ ਸਿਧਾਂਤਾਂ ਤੇ ਕਨਸੀਡ੍ਰੇਸ਼ਨ ਕਰਨ ਤੋਂ ਬਾਅਦ ਫੈਸਲਾ ਕੀਤਾ ਸੀ ਕਿ ਡੀਲਰ ਆਪਣੀ ਕਰ ਦੇਣਦਾਰੀ ਬਾਰੇ ਸੁਚੇਤ ਸੀ ਅਤੇ ਕਰ ਦੇ ਭੁਗਤਾਨ ਵਿੱਚ ਦੇਰੀ ਦੀ ਭਰਪਾਈ ਲਈ ਉਸ ਮਿਤੀ ਤੋਂ ਵਿਆਜ ਦਾ ਭੁਗਤਾਨ

ਕਰਨ ਲਈ ਜ਼ਿੰਮੇਵਾਰ ਸੀ। ਮੈਸਰਜ਼ ਫੋਸਰੋਕ ਕੈਮੀਕਲਜ਼ (ਇੰਡੀਆ) ਪ੍ਰਾਈਵੇਟ ਲਿਮਿਟਡ ਬਨਾਮ ਕਰਨਾਟਕ ਰਾਜ ਦੇ ਇਸ ਤਰ੍ਹਾਂ ਦੇ ਇੱਕ ਮਾਮਲੇ ਵਿੱਚ, ਕਰਨਾਟਕ ਹਾਈ ਕੋਰਟ ਨੇ 5 ਨਵੰਬਰ 2014 ਨੂੰ ਫੈਸਲਾ ਦਿੱਤਾ ਸੀ ਕਿ ਕਾਨੂੰਨੀ ਘੋਸ਼ਣਾ ਫਾਰਮ ਪੇਸ਼ ਨਾ ਕਰਨ ਦੀ ਸੂਰਤ ਵਿੱਚ ਭੁਗਤਾਨਯੋਗ ਕਰ ਦੀ ਨਿਰਧਾਰਤ ਮਿਤੀ ਤੋਂ ਨਿਰਧਾਰਣ ਦੀ ਮਿਤੀ ਤੱਕ ਵਿਆਜ ਵਸੂਲਣਾ ਜਾਇਜ਼ ਹੈ।

ਉਪਰੋਕਤ ਤੋਂ ਇਲਾਵਾ, ਸਰਕਾਰ ਨੇ ਆਪਣੇ ਜਵਾਬ (ਸਤੰਬਰ 2021) ਵਿੱਚ ਪਹਿਲਾਂ ਉਠਾਈ ਗਈ ਇਸ ਤਰ੍ਹਾਂ ਦੀ ਲੇਖਾ ਪ੍ਰੀਖਿਆ ਟਿੱਪਣੀ ਵਿੱਚ, 0.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ 'ਤੇ ਵਿਆਜ ਲਾਗੂ ਹੋਣ ਨੂੰ ਸਵੀਕਾਰ ਕੀਤਾ ਸੀ।

ਲੇਖਾ ਪ੍ਰੀਖਿਆ ਨੂੰ ਦਿੱਤੇ ਜਵਾਬਾਂ (ਨਵੰਬਰ 2024) ਵਿੱਚ, ਚਾਰ ਸਹਾਇਕ ਕਮਿਸ਼ਨਰਾਂ[3] ਨੇ ਦੱਸਿਆ ਕਿ ਛੇਂ ਮਾਮਲਿਆਂ ਵਿੱਚ ਵਸੂਲੀ ਦੀ ਕਾਰਵਾਈ ਪ੍ਰਕਿਰਿਆ ਅਧੀਨ ਸੀ ਅਤੇ ਇੱਕ ਸਹਾਇਕ ਕਮਿਸ਼ਨਰ[4] ਨੇ ਜਵਾਬ ਦਿੱਤਾ ਕਿ ਚਾਰ ਮਾਮਲਿਆਂ ਵਿੱਚ ਵਸੂਲੀ ਲਈ ਨੋਟਿਸ ਜਾਰੀ ਕੀਤੇ ਗਏ ਹਨ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਗਏ ₹ 5.13 ਕਰੋੜ ਦੇ ਵਿਆਜ ਦੀ ਵਸੂਲੀ ਕਰਨ ਅਤੇ ਅਜਿਹੀਆਂ ਗਲਤੀਆਂ ਨੂੰ ਨਾ ਦੁਹਰਾਉਣ ਦੇ ਨਿਰਦੇਸ਼ ਦੇ ਸਕਦੀ ਹੈ।**

## 4.2 ਸ਼ੱਕੀ ਖਰੀਦਾਂ ਤੇ ਇਨਪੁਟ ਟੈਕਸ ਕ੍ਰੈਡਿਟ

***ਨਿਰਧਾਰਣ ਅਥਾਰਟੀਆਂ ਨੇ ਦੋ ਮਾਮਲਿਆਂ ਵਿੱਚ ਸ਼ੱਕੀ/ਸੰਦੇਹਪੂਰਣ ਖਰੀਦ ਤੇ ₹ 2.96 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ।***

ਪੰਜਾਬ ਵੈਲਿਊ ਐਡੇਡ ਟੈਕਸ ਐਕਟ, 2005 ਦੀ ਧਾਰਾ 13(12) ਇਹ ਵਿਵਸਥਾ ਕਰਦੀ ਹੈ ਕਿ ਕਿਸੇ ਵੀ ਸੂਰਤ ਵਿੱਚ ਵਸਤਾਂ ਦੀ ਖਰੀਦ ਤੇ ਇਨਪੁਟ ਟੈਕਸ ਕ੍ਰੈਡਿਟ ਦੀ ਰਾਸ਼ੀ ਅਜਿਹੀਆਂ ਵਸਤਾਂ ਦੀ ਖਰੀਦ ਤੇ ਸਰਕਾਰੀ ਖਜ਼ਾਨੇ ਵਿੱਚ ਅਸਲ ਵਿੱਚ ਅਦਾ ਕੀਤੇ ਕਰ ਦੀ ਰਾਸ਼ੀ ਤੋਂ ਵੱਧ ਨਹੀਂ ਹੋਵੇਗੀ।

ਕਰ ਵਿਭਾਗ ਨੇ ਈ ਟੀ ਟੀ ਐਸ ਏ[5] ਨਾਮਕ ਇੱਕ ਨੈੱਟਵਰਕ ਬਣਾਈ ਰੱਖਿਆ ਜਿਸ 'ਤੇ ਹਰੇਕ ਡੀਲਰ ਨੂੰ ਉਸ ਦੁਆਰਾ ਕੀਤੀ ਗਈ ਵਿਕਰੀ/ਖਰੀਦ ਦਾ ਵੇਰਵਾ ਭਰਨਾ ਜ਼ਰੂਰੀ ਸੀ। ਡੀਲਰਾਂ ਨੂੰ ਨੈਟਵਰਕ ਤੇ ਵੈਟ-15 ਵਿੱਚ ਤਿਮਾਹੀ ਰਿਟਰਨ ਅਤੇ ਵੈਟ-20 ਵਿੱਚ ਸਾਲਾਨਾ ਰਿਟਰਨ ਵੀ ਭਰਨੀ ਜ਼ਰੂਰੀ ਸੀ। ਨੈਟਵਰਕ ਨੇ ਸੂਚਨਾ ਇਕੱਤਰ ਕਰਨ ਕੇਂਦਰਾਂ (ਆਈ ਸੀ ਸੀਜ਼) ਰਾਹੀਂ ਡੀਲਰਾਂ ਦੇ ਸਬੰਧ ਵਿੱਚ ਰਾਜ ਦੇ ਅੰਦਰ ਅਤੇ ਬਾਹਰ ਵਸਤਾਂ ਦੀ ਆਵਾਜਾਈ ਅਤੇ ਡੀਲਰਾਂ ਦੁਆਰਾ ਅਦਾ ਕੀਤੇ ਕਰ ਦੇ ਵੇਰਵੇ ਨੂੰ ਵੀ ਕੈਪਚਰ ਕੀਤਾ। ਵਿਭਾਗ ਨੇ ਇਸ ਨੈਟਵਰਕ ਦੀ ਵਰਤੋਂ ਵਿਕਰੇਤਾ ਡੀਲਰ ਦੇ ਵਿਕਰੀ ਵੇਰਵਿਆਂ ਨਾਲ ਖਰੀਦਦਾਰ ਡੀਲਰ ਦੇ ਖਰੀਦ ਵੇਰਵਿਆਂ ਦੀ ਪੁਸ਼ਟੀ ਕਰਨ ਲਈ ਕੀਤੀ।

---

[3] ਅੰਮ੍ਰਿਤਸਰ-II, ਫਰੀਦਕੋਟ, ਫਤਿਹਗੜ੍ਹ ਸਾਹਿਬ ਅਤੇ ਫਿਰੋਜ਼ਪੁਰ

[4] ਹੁਸ਼ਿਆਰਪੁਰ

[5] ਆਬਕਾਰੀ ਅਤੇ ਕਰ ਤਕਨੀਕੀ ਸੇਵਾਵਾਂ ਏਜੰਸੀ

ਕਿਸੇ ਡੀਲਰ ਦੀ ਵਿਕਰੀ/ਖਰੀਦ ਲੜੀ ਵਿੱਚ ਕੋਈ ਵੀ ਰੁਕਾਵਟ ਜਦੋਂ ਤੱਕ ਕਿ ਜਾਇਜ਼ ਨਾ ਹੋਵੇ, ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਦਾ ਸੰਕੇਤ ਸੀ।

ਰਾਜ ਕਰ ਸਹਾਇਕ ਕਮਿਸ਼ਨਰ ਲੁਧਿਆਣਾ-I ਅਤੇ ਲੁਧਿਆਣਾ-III ਅਧੀਨ ਸਾਲ 2014-15 ਲਈ ਨਿਰਧਾਰਣ ਕੀਤੇ ਗਏ[6] ਦੋ ਨਿਰਧਾਰਣ ਮਾਮਲਿਆਂ (ਅਗਸਤ ਅਤੇ ਨਵੰਬਰ 2022) ਦੀ ਪੜਤਾਲ ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀਆਂ ਨੇ ਖਰੀਦਦਾਰ ਡੀਲਰਾਂ ਵੱਲੋਂ ਆਪਣੀ ਖਰੀਦ ਰਿਟਰਨ[7] ਵਿੱਚ ਐਲਾਨੀ ਗਈ ₹ 48.62 ਕਰੋੜ[8] ਦੀ ਇਨਪੁਟ ਖਰੀਦ ਦੇ ਵਿਰੁੱਧ ₹ 2.96 ਕਰੋੜ[9] ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ ਸੀ। ਈ ਟੀ ਟੀ ਐਸ ਏ ਨੈਟਵਰਕ ਤੇ ਉਪਲਬਧ ਜਾਣਕਾਰੀ ਦੇ ਹੋਰ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ ਜਾਂ ਤਾਂ ਖਰੀਦ ਲੜੀ ਵਿੱਚ ਰੁਕਾਵਟ ਪਈ ਸੀ ਕਿਉਂਕਿ ਵਿਕਰੇਤਾ ਡੀਲਰਾਂ ਨੇ ਖਰੀਦਦਾਰ ਡੀਲਰਾਂ ਨੂੰ ਕੀਤੀ ਵਿਕਰੀ ਨਹੀਂ ਦਿਖਾਈ ਜਾਂ ਵਿਕਰੇਤਾ ਡੀਲਰਾਂ ਨੇ ਅਜਿਹੇ ਡੀਲਰਾਂ ਤੋਂ ਖਰੀਦ ਦਿਖਾਈ ਸੀ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਸੀ। ਇਸ ਲਈ, ਖਰੀਦ ਲੜੀ ਵਿੱਚ ਸਰਕਾਰੀ ਖਾਤੇ ਵਿੱਚ ਕੋਈ ਕਰ ਨਹੀਂ ਦਿੱਤਾ ਗਿਆ ਜੋ ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਦਾ ਸੰਕੇਤ ਸੀ। ਨਿਰਧਾਰਣ ਅਥਾਰਟੀਆਂ ਨੇ ਲੋੜੀਂਦੀ ਪੜਤਾਲ ਨਹੀਂ ਕੀਤੀ ਅਤੇ ਤਸਦੀਕ ਲਈ ਈ ਟੀ ਟੀ ਐਸ ਏ ਨੈਟਵਰਕ ਤੇ ਉਪਲਬਧ ਡੀਲਰਾਂ ਦੀ ਵਿਕਰੀ/ਖਰੀਦ ਦੇ ਵੇਰਵੇ ਹੋਣ ਦੇ ਬਾਵਜੂਦ ਸ਼ੱਕੀ/ਸੰਦੇਹਪੂਰਣ ਖਰੀਦਾਂ ਤੇ ₹ 2.96 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ।

ਮਾਮਲਿਆਂ ਦੀ ਵਿਆਖਿਆ ਹੇਠਾਂ ਦਿੱਤੀ ਗਈ ਹੈ:

**ਲੁਧਿਆਣਾ-III**: ਡੀਲਰ 'ਏ' ਨੇ ਸਾਲ 2014-15 ਦੌਰਾਨ ਡੀਲਰ[10] 'ਬੀ' ਤੋਂ ₹ 29.59 ਕਰੋੜ ਦੀ ਖਰੀਦ ਕੀਤੀ ਅਤੇ ਖਰੀਦ ਦੇ ਬਦਲੇ ₹ 1.79 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਕੀਤਾ। ਰਾਜ ਕਰ ਦੇ ਸਹਾਇਕ ਕਮਿਸ਼ਨਰ (ਏ ਸੀ ਐਸ ਟੀ), ਲੁਧਿਆਣਾ-III ਅਧੀਨ ਨਿਰਧਾਰਣ ਅਥਾਰਟੀ ਨੇ ਅਗਸਤ 2021 ਵਿੱਚ ਡੀਲਰ 'ਏ' ਦੇ ਮਾਮਲੇ ਦਾ ਨਿਰਧਾਰਣ[11] ਕੀਤਾ ਅਤੇ ₹ 1.79 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ। ਲੇਖਾ ਪ੍ਰੀਖਿਆ ਨੇ ਈ ਟੀ ਟੀ ਐਸ ਏ ਨੈਟਵਰਕ ਤੇ ਉਪਲਬਧ ਜਾਣਕਾਰੀ ਤੋਂ ਡੀਲਰ ਬੀ ਦੇ ਵਿਕਰੀ[12] ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਪਾਇਆ ਕਿ ਡੀਲਰ 'ਬੀ' ਨੇ ਸਾਲ 2014-15 ਦੌਰਾਨ ਡੀਲਰ 'ਏ' ਨੂੰ ਕੋਈ ਵਿਕਰੀ ਨਹੀਂ ਕੀਤੀ ਸੀ। ਇਸ ਤੋਂ ਇਲਾਵਾ, ਡੀਲਰ 'ਬੀ' ਦੀ ਖਰੀਦ ਅਜਿਹੇ ਡੀਲਰਾਂ ਤੋਂ ਕੀਤੀ ਗਈ ਸੀ, ਜਿਨ੍ਹਾਂ ਦੀ ਰਜਿਸਟ੍ਰੇਸ਼ਨ

---

6 **ਲੁਧਿਆਣਾ-I**: ਨਿਰਧਾਰਣ ਮਾਮਲਾ ਨਿਪਟਾਰਾ ਨੰ 100 ਮਿਤੀ 10 ਸਤੰਬਰ 2021
**ਲੁਧਿਆਣਾ-III**: ਨਿਰਧਾਰਣ ਮਾਮਲਾ ਨਿਪਟਾਰਾ ਨੰ 19 ਮਿਤੀ 16 ਅਗਸਤ 2021

7 ਖਰੀਦ ਦੀ ਜਾਣਕਾਰੀ ਵੈਟ-24 ਰਿਟਰਨ ਵਿੱਚ ਦਾਖਲ ਕੀਤੀ ਜਾਂਦੀ ਹੈ

8 **ਲੁਧਿਆਣਾ-I**: ₹ 19.03 ਕਰੋੜ ਜਮ੍ਹਾਂ **ਲੁਧਿਆਣਾ-III**: ₹ 29.59 ਕਰੋੜ

9 **ਲੁਧਿਆਣਾ-I**: ₹ 1.17 ਕਰੋੜ ਜਮ੍ਹਾਂ **ਲੁਧਿਆਣਾ-III**: ₹ 1.79 ਕਰੋੜ

10 ਟੀ ਆਈ ਐਨ: 03082115773

11 ਨਿਰਧਾਰਣ ਮਾਮਲਾ ਨਿਪਟਾਰਾ ਨੰ 19 ਮਿਤੀ 16 ਅਗਸਤ 2021

12 ਵਿਕਰੀ ਦੀ ਜਾਣਕਾਰੀ ਵੈਟ-23 ਰਿਟਰਨ ਵਿੱਚ ਭਰੀ ਜਾਂਦੀ ਹੈ

1 ਅਪ੍ਰੈਲ 2012 ਤੋਂ 31 ਦਸੰਬਰ 2015 ਦੇ ਵਿਚਕਾਰ ਰੱਦ[13] ਕੀਤੀ ਗਈ ਸੀ। ਅੱਗੇ, ਇਹ ਦੇਖਿਆ ਗਿਆ ਕਿ ਡੀਲਰ 'ਬੀ' ਨੇ 21 ਅਗਸਤ 2012 ਨੂੰ ਰਜਿਸਟ੍ਰੇਸ਼ਨ ਰੱਦ ਕਰਨ ਦੀ ਬੇਨਤੀ ਕੀਤੀ ਸੀ ਅਤੇ 2 ਅਕਤੂਬਰ 2015 ਨੂੰ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ, ਈ ਟੀ ਟੀ ਐਸ ਏ 'ਤੇ ਉਪਲਬਧ ਜਾਣਕਾਰੀ ਅਨੁਸਾਰ, ਖਰੀਦ ਲੜੀ ਵਿੱਚ ਲੈਣ-ਦੇਣ ਸ਼ੱਕੀ ਸੀ ਪਰ ਨਿਰਧਾਰਣ ਅਥਾਰਟੀ ਨੇ ਇਨ੍ਹਾਂ ਸ਼ੱਕੀ ਲੈਣ-ਦੇਣ ਦੇ ਵਿਰੁੱਧ ਡੀਲਰ 'ਏ' ਨੂੰ ₹ 1.79 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ।

**ਲੁਧਿਆਣਾ-I**: ਡੀਲਰ 'ਸੀ' ਨੇ ਸਾਲ 2014-15 ਦੌਰਾਨ ਡੀਲਰ[14] 'ਡੀ' ਤੋਂ ₹ 19.03 ਕਰੋੜ ਦੀ ਖਰੀਦ ਕੀਤੀ ਅਤੇ ਖਰੀਦ ਦੇ ਬਦਲੇ ₹ 1.17 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਕਲੇਮ ਕੀਤਾ। ਰਾਜ ਕਰ ਦੇ ਸਹਾਇਕ ਕਮਿਸ਼ਨਰ (ਏ ਸੀ ਐਸ ਟੀ), ਲੁਧਿਆਣਾ-I ਅਧੀਨ ਨਿਰਧਾਰਣ ਅਥਾਰਟੀ ਨੇ ਸਤੰਬਰ 2021 ਵਿੱਚ ਡੀਲਰ 'ਸੀ' ਦੇ ਮਾਮਲੇ ਦਾ ਨਿਰਧਾਰਣ[15] ਕੀਤਾ ਅਤੇ ₹ 1.17 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ। ਲੇਖਾ ਪ੍ਰੀਖਿਆ ਨੇ ਈ ਟੀ ਟੀ ਐਸ ਏ ਨੈਟਵਰਕ ਤੇ ਉਪਲਬਧ ਜਾਣਕਾਰੀ ਤੋਂ ਡੀਲਰ 'ਡੀ' ਦੇ ਖਰੀਦ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ ਡੀਲਰ 'ਡੀ' ਨੇ ਡੀਲਰ[16] 'ਈ' ਤੋਂ ਆਪਣੀ ਪੂਰੀ ਖਰੀਦ ਦਿਖਾਈ ਸੀ, ਜਿਸ ਦੀ ਵਿਭਾਗ ਨੇ ਰਜਿਸਟ੍ਰੇਸ਼ਨ ਫਰਵਰੀ 2013 ਵਿੱਚ ਪਹਿਲਾਂ ਹੀ ਰੱਦ ਕਰ ਦਿੱਤੀ ਸੀ। ਇਸ ਲਈ ਡੀਲਰ 'ਸੀ' ਤੋਂ ਲੈ ਕੇ 'ਈ' ਤੱਕ ਦਾ ਲੈਣ-ਦੇਣ ਸ਼ੱਕੀ ਸੀ ਅਤੇ ਨਿਰਧਾਰਣ ਅਥਾਰਟੀ ਨੇ ਬਿਨ੍ਹਾਂ ਜਾਂਚ ਕੀਤੇ ਡੀਲਰ 'ਸੀ' ਨੂੰ ₹ 1.17 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ ਦੇਣ ਦੀ ਮੰਨਜ਼ੂਰੀ ਦੇ ਦਿੱਤੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਦਿੱਤੀ ਗਈ ਸੀ (ਸਤੰਬਰ 2023 ਅਤੇ ਨਵੰਬਰ 2023); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਧਿਆਨ ਦਵਾਉਣ 'ਤੇ, ਸਹਾਇਕ ਕਮਿਸ਼ਨਰਾਂ ਨੇ ਦੋਵਾਂ ਦੱਸੇ ਗਏ ਮਾਮਲਿਆਂ ਵਿੱਚ ਲੇਖਾ ਪ੍ਰੀਖਿਆ ਨਿਰੀਖਣਾਂ ਨੂੰ ਸਵੀਕਾਰ ਕਰ ਲਿਆ (ਮਾਰਚ 2024) ਅਤੇ ਕਿਹਾ ਕਿ ਮਾਮਲਿਆਂ ਦਾ ਮੁੜ ਨਿਰੀਖਣ ਕੀਤਾ ਜਾਵੇਗਾ।

**ਸਰਕਾਰ ਵਿਭਾਗ ਨੂੰ ਜਾਅਲੀ ਇਨਪੁਟ ਟੈਕਸ ਕ੍ਰੈਡਿਟ ਬਣਾਉਣ ਦੇ ਤਰੀਕੇ ਦੀ ਜਾਂਚ ਕਰਨ ਅਤੇ ਦਰਸਾਏ ਗਏ ਮਾਮਲਿਆਂ ਵਿੱਚ ਵਸੂਲੀ ਕਰਨ ਤੋਂ ਇਲਾਵਾ ਸ਼ਾਮਲ ਵਿਅਕਤੀਆਂ ਦੀਆਂ ਜ਼ਿੰਮੇਵਾਰੀਆਂ ਤੈਅ ਕਰਨ ਦੇ ਨਿਰਦੇਸ਼ ਦੇ ਸਕਦੀ ਹੈ।**

---

[13] ਰਜਿਸਟ੍ਰੇਸ਼ਨ ਨੂੰ ਰੱਦ ਕਰਨਾ

| ਲੜੀ ਨੰ. | ਟੀ ਆਈ ਐਨ | ਰੱਦ ਕਰਨ ਦੀ ਮਿਤੀ | ਲੜੀ ਨੰ. | ਟੀ ਆਈ ਐਨ | ਰੱਦ ਕਰਨ ਦੀ ਮਿਤੀ |
|---|---|---|---|---|---|
| 1. | 03281123909 | 01.04.2012 | 7. | 03911154483 | 01.04.2015 |
| 2. | 03262072412 | 14.10.2013 | 8. | 03141160096 | 06.05.2015 |
| 3. | 03142028343 | 01.04.2014 | 9. | 03301032259 | 30.06.2015 |
| 4. | 03692012084 | 13.10.2014 | 10. | 03042048283 | 15.10.2015 |
| 5. | 03111079942 | 27.01.2015 | 11. | 03402098719 | 31.12.2015 |
| 6. | 03552170659 | 23.02.2015 | | | |

[14] ਟੀ ਆਈ ਐਨ: 03812155966

[15] ਨਿਰਧਾਰਣ ਮਾਮਲਾ ਨਿਪਟਾਰਾ ਨੰ 100 ਮਿਤੀ 10 ਸਤੰਬਰ 2021

[16] ਟੀ ਆਈ ਐਨ: 03512072420

## 4.3 ਗਲਤ 'ਸੀ' ਫਾਰਮਾਂ 'ਤੇ ਕਰ ਦੀ ਰਿਆਇਤ ਦੀ ਅਨਿਯਮਿਤ ਮੰਨਜ਼ੂਰੀ ਦੇਣਾ

***ਨਿਰਧਾਰਣ ਅਥਾਰਟੀ ਨੇ 'ਸੀ' ਫਾਰਮਾਂ ਦੇ ਅਸਲੀ ਹੋਣ ਨੂੰ ਯਕੀਨੀ ਬਣਾਏ ਬਿਨਾਂ ਇੱਕ ਨਿਰਧਾਰਣ ਮਾਮਲੇ ਵਿੱਚ ₹ 0.68 ਕਰੋੜ ਦੇ ਕੇਂਦਰੀ ਵਿਕਰੀ ਕਰ ਦੀ ਅਨਿਯਮਿਤ ਰਿਆਇਤ ਦੀ ਮੰਨਜ਼ੂਰੀ ਦਿੱਤੀ।***

ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮਾਵਲੀ, 1957 ਦੇ ਨਿਯਮ 12(1) ਨਾਲ ਪੜ੍ਹਦੇ ਹੋਏ ਕੇਂਦਰੀ ਵਿਕਰੀ ਕਰ ਐਕਟ 1956 ਦੀ ਧਾਰਾ 8(4) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਦੋਂ ਤੱਕ ਵੇਚਣ ਵਾਲਾ ਡੀਲਰ, ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਕੀਤੇ ਨਿਰਧਾਰਤ ਫਾਰਮ ਵਿੱਚ ਰਜਿਸਟਰਡ ਡੀਲਰ, ਜਿਸ ਨੂੰ ਮਾਲ ਵੇਚਿਆ ਜਾਂਦਾ ਹੈ, ਦੁਆਰਾ ਬਕਾਇਦਾ ਭਰੇ ਗਏ ਅਤੇ ਦਸਤਖਤ ਕੀਤੇ, ਫਾਰਮ 'ਸੀ' ਵਿੱਚ ਇੱਕ ਘੋਸ਼ਣਾ ਪੇਸ਼ ਨਹੀਂ ਕਰਦਾ, ਉਦੋਂ ਤੱਕ ਦੋ *ਪ੍ਰਤੀਸ਼ਤ* ਦੀ ਦਰ ਦਾ ਰਿਆਇਤੀ ਕਰ ਸਵੀਕਾਰਯੋਗ ਨਹੀਂ ਹੋਵੇਗਾ।

ਰਾਜ ਕਰ ਦੇ ਸਹਾਇਕ ਕਮਿਸ਼ਨਰ, ਫਿਰੋਜਪੁਰ ਵਿੱਚ ਰਿਕਾਰਡ ਦੀ ਪੜਤਾਲ (ਜਨਵਰੀ 2023) ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀ ਨੇ ਸਾਲ 2013-14 ਲਈ ਡੀਲਰ ਦੇ ਇੱਕ ਨਿਰਧਾਰਣ ਮਾਮਲੇ[17] ਵਿੱਚ ਚਾਰ 'ਸੀ' ਫਾਰਮਾਂ[18] ਦੇ ਅਧਾਰ 'ਤੇ ₹ 5.53 ਕਰੋੜ ਦੇ ਮਾਲ ਦੀ ਅੰਤਰਰਾਜੀ ਵਿਕਰੀ ਦੇ ਵਿਰੁੱਧ ਦੋ *ਪ੍ਰਤੀਸ਼ਤ* ਰਿਆਇਤੀ ਕਰ (ਸੀ ਐਸ ਟੀ) ਦੀ ਮੰਨਜ਼ੂਰੀ ਦਿੱਤੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਨ੍ਹਾਂ 'ਸੀ' ਫਾਰਮਾਂ ਦੇ ਗੈਰ-ਅਸਲੀ ਹੋਣ ਦਾ ਸ਼ੱਕ ਸੀ ਕਿਉਂਕਿ ਉਹ ਟਿੰਕਸਿਸ[19] ਪੋਰਟਲ ਤੇ ਤਸਦੀਕ ਯੋਗ ਨਹੀਂ ਸਨ। ਹੋਰ ਪੜਤਾਲ ਕਰਨ 'ਤੇ ਦਿੱਲੀ ਅਤੇ ਉਤਰਾਖੰਡ ਦੇ ਸਬੰਧਤ ਕਰ ਅਥਾਰਟੀਆਂ ਜਿਨ੍ਹਾਂ ਦੁਆਰਾ ਇਹ 'ਸੀ' ਫਾਰਮਾਂ ਜਾਰੀ ਕੀਤੇ ਗਏ ਸਨ, ਤੋਂ ਇਹ ਪਾਇਆ ਗਿਆ ਕਿ ਕਰ ਅਧਿਕਾਰੀਆਂ ਦੁਆਰਾ ਫਾਰਮ ਜਾਰੀ ਨਹੀਂ ਕੀਤੇ ਗਏ ਸਨ, ਇਸ ਲਈ ਇਹ ਸਹੀ ਨਹੀਂ ਸਨ। ਮੁਲਾਂਕਣ ਅਥਾਰਟੀ ਨੇ ਇਹ ਯਕੀਨੀ ਬਣਾਏ ਬਿਨਾਂ ਕਰ ਦੀ ਰਿਆਇਤ ਦੀ ਮੰਨਜ਼ੂਰੀ ਦਿੱਤੀ ਕਿ ਫਾਰਮ ਸਹੀ ਸਨ। ₹ 5.53 ਕਰੋੜ ਦੇ ਮਾਲ ਤੇ 14.30 *ਪ੍ਰਤੀਸ਼ਤ*[20] (ਸਰਚਾਰਜ ਸਮੇਤ) ਦੀ ਸਧਾਰਣ ਦਰ 'ਤੇ ₹ 0.79 ਕਰੋੜ[21] ਦਾ ਸੀ ਐਸ ਟੀ ਲਗਾਇਆ ਗਿਆ ਸੀ, ਜਦੋਂ ਕਿ ਦੋ *ਪ੍ਰਤੀਸ਼ਤ* ਦੀ ਰਿਆਇਤੀ ਦਰ ਤੇ ₹ 0.11 ਕਰੋੜ[22] ਦਾ ਸੀ ਐਸ ਟੀ ਲਗਾਇਆ ਗਿਆ ਸੀ। ਇਸ ਦੇ ਨਤੀਜੇ ਵਜੋਂ ₹ 0.68 ਕਰੋੜ ਦੇ ਰਿਆਇਤ ਕਰ ਦੀ ਅਨਿਯਮਿਤ ਮੰਨਜ਼ੂਰੀ ਦਿੱਤੀ ਗਈ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੁਲਾਈ 2023 ਅਤੇ ਸਤੰਬਰ 2023) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਸਹਾਇਕ ਕਮਿਸ਼ਨਰ ਨੇ ਕਿਹਾ (ਨਵੰਬਰ 2024) ਕਿ ਵਸੂਲੀ ਕਾਰਜਵਿਧੀਆਂ ਪ੍ਰਕਿਰਿਆ ਅਧੀਨ ਸਨ।

---

17 ਨਿਰਧਾਰਣ ਮਾਮਲਾ ਨਿਪਟਾਰਾ ਨੰ 122 ਮਿਤੀ 17 ਨਵੰਬਰ 2020

18 **ਦਿੱਲੀ**: (i) 16P 9011423 (ii) 16P 8857578 (iii) 16P 8857579 **ਉਤਰਾਖੰਡ**: (iv) ਯੂ ਏ/ਸੀ-2014/4577152

19 ਟੈਕਸ ਇਨਫਰਮੇਸ਼ਨ ਐਕਸਚੇਂਜ ਸਿਸਟਮ (ਟਿੰਕਸਿਸ) ਅੰਤਰ-ਰਾਜੀ ਲੈਣ-ਦੇਣ ਤੇ ਨਜ਼ਰ ਰੱਖਣ ਲਈ ਆਨਲਾਈਨ ਸਹੂਲਤ ਹੈ।

20 ₹ 13,07,56,233 ਦੀ ਕੁੱਲ ਵਿਕਰੀ ਵਿੱਚੋ, ₹ 12,90,98,278 ਦੀ ਵਿਕਰੀ 14.30 *ਪ੍ਰਤੀਸ਼ਤ* ਦੀ ਦਰ ਨਾਲ ਹੋਈ ਹੈ ਜੋ ਕੁੱਲ ਵਿਕਰੀ ਦਾ 98.73 *ਪ੍ਰਤੀਸ਼ਤ* ਬਣਦੀ ਹੈ। ਕਿਉਂਕਿ ਵਿਕਰੀ ਦਾ ਮਹੱਤਵਪੂਰਨ ਹਿੱਸਾ 14.30 *ਪ੍ਰਤੀਸ਼ਤ* ਦੀ ਦਰ ਨਾਲ ਹੈ, ਇਸ ਲਈ ਕਰ ਦੀ ਇਹ ਦਰ ਆਮ ਦਰ ਤੇ ਕਰ ਲਗਾਉਣ ਲਈ ਅਪਣਾਈ ਗਈ ਹੈ।

21 ₹ 5,53,39,047 x 14.30/100 = ₹ 79,13,484

22 ₹ 5,53,39,047 x 2/100 = ₹ 11,06,781

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਜਾਅਲੀ ਕਾਨੂੰਨੀ ਫਾਰਮਾਂ ਨੂੰ ਸ਼ਾਮਲ ਕਰਨ ਅਤੇ ਪ੍ਰਸਾਰਿਤ ਕਰਨ ਦੇ ਸਰੋਤ ਦੀ ਜਾਂਚ ਕਰਨ ਅਤੇ ਨਿਰਧਾਰਣ ਮਾਮਲੇ ਵਿੱਚ ₹ 0.68 ਕਰੋੜ ਦਾ ਕਰ ਵਸੂਲਣ ਦੇ ਨਿਰਦੇਸ਼ ਦੇ ਸਕਦੀ ਹੈ।**

## 4.4 ਡੀਮਡ ਨਿਰਯਾਤ 'ਤੇ ਕਰ ਦੀ ਛੋਟ ਦੀ ਅਨਿਯਮਿਤ ਮੰਨਜ਼ੂਰੀ

***ਨਿਰਧਾਰਣ ਅਥਾਰਟੀ ਨੇ ਕਾਨੂੰਨੀ 'ਐਚ' ਫਾਰਮਾਂ ਦੀ ਅਸਲੀਅਤ ਨੂੰ ਯਕੀਨੀ ਬਣਾਏ ਬਿਨਾਂ ਡੀਮਡ ਨਿਰਯਾਤ ਦੇ ਵਿਰੁੱਧ ਜ਼ੀਰੋ ਕਰ ਦਰ ਦੇ ਅਸਵੀਕਾਰਯੋਗ ਲਾਭ ਦੀ ਮੰਨਜ਼ੂਰੀ ਦਿੱਤੀ, ਜਿਸ ਦੇ ਨਤੀਜੇ ਵਜੋਂ ₹ 0.14 ਕਰੋੜ ਦੇ ਕਰ ਦੀ ਅਨਿਯਮਿਤ ਛੋਟ ਦੀ ਮੰਨਜ਼ੂਰੀ ਮਿਲੀ।***

ਕੇਂਦਰੀ ਵਿਕਰੀ ਕਰ ਐਕਟ, 1956 ਦੀ ਧਾਰਾ 8(1) ਦੇ ਨਾਲ ਪੜ੍ਹੀ ਗਈ ਧਾਰਾ 6(1) ਅੰਤਰ-ਰਾਜੀ ਵਪਾਰ ਜਾਂ ਵਣਜ ਦੇ ਦੌਰਾਨ ਸਾਰੀਆਂ ਵਿਕਰੀਆਂ[23] ਤੇ ਦੋ ਪ੍ਰਤੀਸ਼ਤ ਦੀ ਦਰ ਨਾਲ ਕਰ ਲਗਾਉਣ ਦੀ ਵਿਵਸਥਾ ਕਰਦੀ ਹੈ। ਇਸ ਤੋਂ ਇਲਾਵਾ, ਐਕਟ ਦੀ ਧਾਰਾ 5(1) ਇਹ ਨਿਰਧਾਰਤ ਕਰਦੀ ਹੈ ਕਿ ਵਸਤਾਂ ਦੀ ਵਿਕਰੀ ਜਾਂ ਖਰੀਦ ਭਾਰਤ ਦੇ ਖੇਤਰ ਤੋਂ ਬਾਹਰ ਵਸਤਾਂ ਦੇ ਨਿਰਯਾਤ ਦੇ ਦੌਰਾਨ ਹੁੰਦੀ ਮੰਨੀ ਜਾਵੇਗੀ, ਜੇਕਰ ਵਿਕਰੀ ਜਾਂ ਖਰੀਦ ਅਜਿਹੇ ਨਿਰਯਾਤ ਦੇ ਮੌਕੇ ਜਾਂ ਵਸਤਾਂ ਭਾਰਤੀ ਕਸਟਮ ਸਰਹੱਦਾਂ ਨੂੰ ਪਾਰ ਕਰਨ ਤੋਂ ਬਾਅਦ ਵਸਤਾਂ ਦੇ ਸਿਰਲੇਖ ਦੇ ਦਸਤਾਵੇਜ਼ਾਂ ਦੇ ਤਬਾਦਲੇ ਦੁਆਰਾ ਪ੍ਰਭਾਵਿਤ ਹੁੰਦੀ ਹੈ, ਜੋ ਕਿ ਭਾਰਤ ਦੀਆਂ ਕਸਟਮ ਸਰਹੱਦਾਂ ਨੂੰ ਪਾਰੂ ਕਰ ਗਿਆ। ਐਕਟ ਦੀ ਧਾਰਾ 5(3) ਸਪੱਸ਼ਟ ਕਰਦੀ ਹੈ ਕਿ ਭਾਰਤ ਦੇ ਖੇਤਰ ਬਾਹਰ ਉਹਨਾਂ ਵਸਤਾਂ ਦੇ ਨਿਰਯਾਤ ਦੇ ਮੌਕੇ ਤੇ ਕਿਸੇ ਵੀ ਵਸਤੂ ਦੀ ਵਿਕਰੀ ਜਾਂ ਖਰੀਦ ਤੋਂ ਪਹਿਲਾਂ ਦੀ ਆਖਰੀ ਵਿਕਰੀ ਜਾਂ ਖਰੀਦ ਨੂੰ ਵੀ ਨਿਰਯਾਤ ਦੇ ਦੌਰਾਨ ਮੰਨਿਆ ਜਾਵੇਗਾ, ਜੇ ਅਜਿਹੀ ਆਖਰੀ ਵਿਕਰੀ ਜਾਂ ਖਰੀਦ ਬਾਅਦ ਵਿੱਚ ਹੋਈ ਸੀ, ਅਤੇ ਅਜਿਹੇ ਨਿਰਯਾਤ ਦੇ ਸੰਬੰਧ ਵਿੱਚ ਜਾਂ ਸਮਝੌਤੇ ਜਾਂ ਆਦੇਸ਼ ਦੀ ਪਾਲਣਾ ਕਰਨ ਦੇ ਉਦੇਸ਼ ਲਈ ਕੀਤੀ ਗਈ ਸੀ। ਐਕਟ ਦੀ ਧਾਰਾ 5(4) ਦੇ ਪੜ੍ਹੀ ਗਈ ਧਾਰਾ 6(1) ਦੇ ਪ੍ਰਾਵਧਾਨ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅਜਿਹੀਆਂ ਵਸਤਾਂ ਦੇ ਨਿਰਯਾਤ ਤੇ ਕੋਈ ਕਰ ਅਦਾ ਕਰਨਯੋਗ ਨਹੀਂ ਹੈ। ਜੇਕਰ ਡੀਲਰਾਂ ਐਕਟ ਦੀ ਧਾਰਾ 5(3) ਅਧੀਨ ਨਿਰਧਾਰਿਤ ਅਥਾਰਟੀ ਤੋਂ ਪ੍ਰਾਪਤ ਨਿਰਧਾਰਿਤ ਫਾਰਮ (ਫਾਰਮ 'ਐਚ')[24] ਵਿੱਚ ਵਸਤਾਂ ਵੇਚੇ ਜਾਣ ਵਾਲੇ ਨਿਰਯਾਤ ਕਰਤਾ ਦੁਆਰਾ ਸਹੀ ਢੰਗ ਨਾਲ ਭਰਿਆ ਅਤੇ ਹਸਤਾਖਰ ਕੀਤਾ ਗਿਆ ਘੋਸ਼ਣਾ ਪੱਤਰ ਨਿਰਧਾਰਿਤ ਅਥਾਰਟੀ ਨੂੰ ਪੇਸ਼ ਕਰਦਾ ਹੈ ਤਾਂ ਕੇਂਦਰੀ ਵਿਕਰੀ ਕਰ ਐਕਟ 1956 ਦੀ ਧਾਰਾ 9(2) ਅਤੇ ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 2(ਸੀ ਸੀ) ਅਨੁਸਾਰ ਇਸ ਮਾਮਲੇ ਵਿੱਚ ਨਿਰਧਾਰਿਤ ਅਥਾਰਟੀ ਉਚਿਤ ਰਾਜ ਦੀ ਵਿਕਰੀ ਕਰ ਅਥਾਰਟੀ ਹੈ।

---

23 ਇਲੈਕਟ੍ਰਿਕ ਅਨਰਜ਼ੀ ਵਸਤਾਂ ਤੋਂ ਇਲਾਵਾ

24 ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 12(10)(ਏ) ਅਧੀਨ ਨਿਰਧਾਰਿਤ ਫਾਰਮ-ਐਚ ਵਿੱਚ 'ਨਿਰਯਾਤ ਸਰਟੀਫਿਕੇਟ'

ਰਾਜ ਕਰ ਦੇ ਸਹਾਇਕ ਕਮਿਸ਼ਨਰ, ਮੋਗਾ ਅਧੀਨ ਨਵੰਬਰ 2021 ਵਿੱਚ ਨਿਰਧਾਰਣ ਕੀਤੇ ਗਏ ਸਾਲ 2014-15 ਦੇ ਮਾਮਲੇ[25] ਦੀ ਲੇਖਾ ਪੜਤਾਲ (ਮਈ 2023) ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀ ਨੇ ਛੇ 'ਐਚ' ਫਾਰਮਾਂ[26] ਦੇ ਅਧਾਰ ਤੇ ਵੇਚਣ ਵਾਲੇ ਡੀਲਰ ਨੂੰ ₹ 2.53 ਕਰੋੜ ਦੇ ਡੀਮਡ ਨਿਰਯਾਤ 'ਤੇ ਜ਼ੀਰੋ ਕਰ ਦਰ ਦਾ ਲਾਭ ਦੇਣ ਦੀ ਮੰਨਜ਼ੂਰੀ ਦਿੱਤੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਵੇਚਣ ਵਾਲੇ ਡੀਲਰ ਦੁਆਰਾ ਜਮ੍ਹਾਂ ਕੀਤੇ ਗਏ 'ਐਚ' ਫਾਰਮ ਦਾ ਸਹੀ ਨਾ ਹੋਣ ਦਾ ਸ਼ੱਕ ਸੀ ਕਿਉਂਕਿ ਇਨ੍ਹਾਂ ਦੀ ਤਸਦੀਕ ਟਿੰਕਸਿਸ[27] ਦੇ ਨਾਲ ਨਾਲ ਦਿੱਲੀ ਦੇ ਕਰ ਵਿਭਾਗ ਦੇ ਵੈੱਬ ਪੋਰਟਲ 'ਤੇ ਨਹੀਂ ਕੀਤੀ ਜਾ ਸਕੀ, ਜਿਸ ਨੂੰ ਨਿਰਯਾਤਕਾਂ ਦੀ ਕਰ ਅਥਾਰਟੀ ਦੱਸਿਆ ਗਿਆ ਸੀ। ਲੇਖਾ ਪ੍ਰੀਖਿਆ ਨੇ ਫਾਰਮਾਂ ਦੀ ਅਸਲੀਅਤ ਦਾ ਪਤਾ ਲਗਾਉਣ ਲਈ ਦਿੱਲੀ ਦੇ ਕਰ ਵਿਭਾਗ ਤੋਂ ਇਨ੍ਹਾਂ 'ਐਚ' ਫਾਰਮਾਂ ਦੀ ਤਸਦੀਕ ਕੀਤੀ। ਦਿੱਲੀ ਦੇ ਕਰ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ੱਕੀ 'ਐਚ' ਫਾਰਮਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ ਕਿਉਂਕਿ ਉਹਨਾਂ ਦੇ ਰਿਕਾਰਡ ਅਨੁਸਾਰ, ਫਾਰਮ ਨਿਰਯਾਤਕਾਂ ਨੂੰ ਜਾਰੀ ਨਹੀਂ ਕੀਤੇ ਗਏ ਸਨ, ਜਿਨ੍ਹਾਂ ਬਾਰੇ ਕਿਹਾ ਗਿਆ ਸੀ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਵੇਚਣ ਵਾਲੇ ਡੀਲਰ ਨੂੰ ਸਪਲਾਈ ਕੀਤਾ ਸੀ। ਇਸ ਤਰ੍ਹਾਂ, ਨਿਰਧਾਰਣ ਅਥਾਰਟੀ ਨੇ ਫਾਰਮਾਂ ਦੀ ਅਸਲੀਅਤ ਨੂੰ ਯਕੀਨੀ ਬਣਾਏ ਬਿਨ੍ਹਾਂ ਵੇਚਣ ਵਾਲੇ ਡੀਲਰ ਨੂੰ ਕਰ ਛੋਟ ਦਿੱਤੀ। ਇਸ ਦੇ ਨਤੀਜੇ ਵਜੋਂ ₹ 0.14 ਕਰੋੜ[28] ਦੀ ਕਰ ਛੋਟ ਦੀ ਅਨਿਯਮਿਤ ਮੰਨਜ਼ੂਰੀ ਮਿਲੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਦਸੰਬਰ 2023 ਅਤੇ ਮਾਰਚ 2024) ਨੂੰ ਦਿੱਤੀ ਗਈ ਸੀ ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਦੱਸੇ ਜਾਣ 'ਤੇ, ਰਾਜ ਕਰ ਦੇ ਸਹਾਇਕ ਕਮਿਸ਼ਨਰ ਨੇ ਕਿਹਾ (ਨਵੰਬਰ 2024) ਕਿ ਮਾਮਲੇ ਨੂੰ 'ਸੀ' ਫਾਰਮਾਂ ਦੀ ਤਸਦੀਕ ਲਈ ਸਬੰਧਤ ਅਧਿਕਾਰ ਖੇਤਰ ਅਧਿਕਾਰੀ ਨੂੰ ਭੇਜਿਆ ਗਿਆ ਹੈ ਅਤੇ ਫਾਰਮਾਂ ਦੀ ਤਸਦੀਕ ਤੋਂ ਬਾਅਦ ਅੰਤਿਮ ਜਵਾਬ ਪੇਸ਼ ਕੀਤਾ ਜਾਵੇਗਾ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਜਾਅਲੀ ਕਾਨੂੰਨੀ ਫਾਰਮਾਂ ਨੂੰ ਸ਼ਾਮਲ ਕਰਨ ਅਤੇ ਪ੍ਰਸਾਰਿਤ ਕਰਨ ਦੇ ਸਰੋਤ ਦੀ ਜਾਂਚ ਕਰਨ ਅਤੇ ਨਿਰਧਾਰਣ ਮਾਮਲੇ ਵਿੱਚ ₹ 0.14 ਕਰੋੜ ਦਾ ਕਰ ਵਸੂਲਣ ਦੇ ਨਿਰਦੇਸ਼ ਦੇ ਸਕਦੀ ਹੈ।**

---

25 ਨਿਰਧਾਰਣ ਮਾਮਲਾ ਨਿਪਟਾਰਾ ਨੰ 102 ਮਿਤੀ 15 ਨਵੰਬਰ 2021

26 (i) ਫਾਰਮ ਨੰ.12226622871036: ₹ 0.31 ਕਰੋੜ (ii) ਫਾਰਮ ਨੰ.12226622871036: ₹ 0.51 ਕਰੋੜ (iii) ਫਾਰਮ ਨੰ.12225102469831: ₹ 0.66 ਕਰੋੜ (iv) ਫਾਰਮ ਨੰ.12225102469831: ₹ 0.61 ਕਰੋੜ (v) ਫਾਰਮ ਨੰ.12225102123954: ₹ 0.05 ਕਰੋੜ ਅਤੇ (vi) ਫਾਰਮ ਨੰ.12225102123958: ₹ 0.39 ਕਰੋੜ

27 ਟੈਕਸ ਇਨਫਰਮੇਸ਼ਨ ਐਕਸਚੇਂਜ ਸਿਸਟਮ (ਟਿੰਕਸਿਸ) ਅੰਤਰ-ਰਾਜੀ ਲੈਣ-ਦੇਣ ਤੇ ਨਜ਼ਰ ਰੱਖਣ ਲਈ ਆਨਲਾਈਨ ਸਹੂਲਤ ਹੈ।

28 'ਐਚ' ਫਾਰਮਾਂ ਦੇ ਵਿਰੁੱਧ ਨਿਰਧਾਰਕ ਦੁਆਰਾ ਵੇਚੇ ਗਏ ਝੋਨੇ ਅਤੇ ਚੌਲਾਂ 'ਤੇ ਲਾਗੂ 5 *ਪ੍ਰਤੀਸ਼ਤ* ਜਮ੍ਹਾਂ 10 *ਪ੍ਰਤੀਸ਼ਤ* ਸਰਚਾਰਜ ਦੀ ਦਰ ਨਾਲ ਕਰ ਤੈਅ ਕੀਤਾ ਗਿਆ ਹੈ।

## 4.5 ਕਰ ਘੱਟ ਲਗਾਉਣਾ ਅਤੇ ਸਰਚਾਰਜ ਨਾ ਲਗਾਉਣਾ

***ਨਿਰਧਾਰਣ ਅਥਾਰਟੀ ਨੇ ₹ 5.39 ਲੱਖ ਦਾ ਘੱਟ ਕਰ ਲਗਾਇਆ ਅਤੇ ਕਾਨੂੰਨੀ ਘੋਸ਼ਣਾਵਾਂ ਤੋਂ ਬਿਨਾਂ ਅੰਤਰਰਾਜੀ ਵਿਕਰੀ ਤੇ ₹ 7.95 ਲੱਖ ਦਾ ਸਰਚਾਰਜ ਨਹੀਂ ਲਗਾਇਆ।***

ਕੇਂਦਰੀ ਵਿਕਰੀ ਕਰ (ਰਜਿਸਟ੍ਰੇਸ਼ਨ ਅਤੇ ਟਰਨਓਵਰ) ਨਿਯਮ, 1957 ਦੇ ਨਿਯਮ 12(1) ਦੇ ਨਾਲ ਪੜ੍ਹ ਕੇ ਕੇਂਦਰੀ ਵਿਕਰੀ ਕਰ (ਸੀ ਐਸ ਟੀ) ਐਕਟ, 1956 ਦੀ ਧਾਰਾ 8(1) ਅਤੇ 8(4) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅੰਤਰਰਾਜੀ ਵਿਕਰੀ ਦੇ ਮਾਮਲੇ ਵਿੱਚ ਜਦੋਂ ਤੱਕ ਵੇਚਣ ਵਾਲਾ ਡੀਲਰ, ਨਿਰਧਾਰਤ ਅਥਾਰਟੀ ਤੋਂ ਪ੍ਰਾਪਤ ਕੀਤੇ ਨਿਰਧਾਰਤ ਫਾਰਮ ਵਿੱਚ ਰਜਿਸਟਰਡ ਡੀਲਰ, ਜਿਸ ਨੂੰ ਮਾਲ ਵੇਚਿਆ ਜਾਂਦਾ ਹੈ, ਦੁਆਰਾ ਬਕਾਇਦਾ ਭਰੇ ਗਏ ਅਤੇ ਦਸਤਖਤ ਕੀਤੇ, ਫਾਰਮ 'ਸੀ' ਵਿੱਚ ਇੱਕ ਘੋਸ਼ਣਾ ਪੇਸ਼ ਨਹੀਂ ਕਰਦਾ, ਉਦੋਂ ਤੱਕ ਦੋ *ਪ੍ਰਤੀਸ਼ਤ* ਦੀ ਦਰ ਦਾ ਰਿਆਇਤੀ ਕਰ ਸਵੀਕਾਰਯੋਗ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਪੰਜਾਬ ਵੈਲਿਊ ਐਡੇਡ ਟੈਕਸ ਐਕਟ, 2005 ਦੀ ਧਾਰਾ 8(ਬੀ) ਵਿੱਚ ਕਰ ਦੇ 10 *ਪ੍ਰਤੀਸ਼ਤ* ਦੀ ਦਰ ਨਾਲ ਸਰਚਾਰਜ ਲਗਾਉਣ ਦੀ ਵਿਵਸਥਾ ਹੈ।

ਰਾਜ ਕਰ ਦੇ ਸਹਾਇਕ ਕਮਿਸ਼ਨਰ, ਫਰੀਦਕੋਟ ਦੇ ਨਿਰਧਾਰਣ ਰਿਕਾਰਡ ਦੀ ਲੇਖਾ ਪ੍ਰੀਖਿਆ (ਜਨਵਰੀ 2023) ਨੇ ਦਰਸਾਇਆ ਕਿ ਨਿਰਧਾਰਣ ਅਥਾਰਟੀ ਨੇ ਅੰਤਰਰਾਜੀ ਵਿਕਰੀ ਵਿਰੁੱਧ ਨੌਂ ਨਿਰਧਾਰਣ ਮਾਮਲਿਆਂ ਵਿੱਚ ਫਾਰਮ 'ਸੀ' ਵਿੱਚ ਕਾਨੂੰਨੀ ਘੋਸ਼ਣਾਵਾਂ ਜਮ੍ਹਾਂ ਨਾ ਕਰਨ ਕਾਰਨ ਰਾਜ ਵਿੱਚ ਲਾਗੂ ਕਰ ਦੀ ਆਮ ਦਰ 'ਤੇ ₹ 20.23 ਲੱਖ ਦਾ ਕਰ ਲਗਾਇਆ। ਹਾਲਾਂਕਿ, ਨਿਰਧਾਰਣ ਅਥਾਰਟੀਆਂ ਨੇ ਕਰ ਦੇ 10 *ਪ੍ਰਤੀਸ਼ਤ* ਦੀ ਦਰ ਨਾਲ ਲਗਣਯੋਗ ₹ 2.02 ਲੱਖ ਦਾ ਸਰਚਾਰਜ ਨਹੀਂ ਲਗਾਇਆ। ਇਸ ਤੋਂ ਇਲਾਵਾ, ਕਾਨੂੰਨੀ ਘੋਸ਼ਣਾਵਾਂ ਤੋਂ ਬਿਨਾਂ ਅੰਤਰਰਾਜੀ ਵਿਕਰੀ ਦੇ ਅਜਿਹੇ ਚਾਰ ਮਾਮਲਿਆਂ ਵਿੱਚ, ਨਿਰਧਾਰਣ ਅਥਾਰਟੀ ਨੇ ਕਰ ਦੀ ਗਲਤ ਦਰ[29] ਲਾਗੂ ਕਰਕੇ ₹ 5.39 ਲੱਖ ਦਾ ਕਰ ਘੱਟ ਲਗਾਇਆ ਅਤੇ ₹ 5.93 ਲੱਖ ਦਾ ਸਰਚਾਰਜ ਵੀ ਨਹੀਂ ਲਗਾਇਆ। ਇਨ੍ਹਾਂ ਨਿਰਧਾਰਣ ਵਿੱਚ ਗਲਤੀਆਂ ਦੇ ਨਤੀਜੇ ਵਜੋਂ ਕਰ ਘੱਟ ਲਗਾਇਆ ਗਿਆ ਅਤੇ ₹ 13.34 ਲੱਖ ਦਾ ਸਰਚਾਰਜ ਨਹੀਂ ਲਗਾਇਆ ਗਿਆ (**ਅੰਤਿਕਾ** 4.2)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਅਗਸਤ 2023 ਅਤੇ ਸਤੰਬਰ 2023) ਨੂੰ ਦਿੱਤੀ ਗਈ ਸੀ ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਰਾਜ ਕਰ ਦੇ ਸਹਾਇਕ ਕਮਿਸ਼ਨਰ ਨੇ ਜਵਾਬ ਦਿੱਤਾ ਸੀ (ਮਾਰਚ ਅਤੇ ਨਵੰਬਰ 2024) ਕਿ ਪੰਜ ਮਾਮਲਿਆਂ[30] ਵਿੱਚ ₹ 13,833 ਦੀ ਵਸੂਲੀ ਕੀਤੀ ਗਈ ਸੀ ਅਤੇ ਬਾਕੀ ਮਾਮਲਿਆਂ ਵਿੱਚ ₹ 13.20 ਲੱਖ ਦੀ ਵਸੂਲੀ ਲਈ ਨੋਟਿਸ ਜਾਰੀ ਕੀਤੇ ਗਏ ਸਨ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਗਏ ਬਾਕੀ ₹ 13.20 ਲੱਖ ਦੀ ਵਸੂਲੀ ਕਰਨ ਲਈ ਨਿਰਦੇਸ਼ ਦੇ ਸਕਦੀ ਹੈ ਅਤੇ ਕੁਤਾਹੀ ਲਈ ਸਬੰਧਤ ਨਿਰਧਾਰਣ ਅਥਾਰਟੀ ਦੀ ਜ਼ਿੰਮੇਵਾਰੀ ਤੈਅ ਕਰ ਸਕਦੀ ਹੈ।**

---

[29] ਨਿਰਧਾਰਣ ਅਥਾਰਟੀ ਨੇ ਗਲਤ ਤਰੀਕੇ ਨਾਲ ਲਾਗੂ 5.5 *ਪ੍ਰਤੀਸ਼ਤ* ਦੀ ਬਜਾਏ 5 *ਪ੍ਰਤੀਸ਼ਤ* ਕਰ ਦੀ ਦਰ ਲਾਗੂ ਕੀਤੀ।

[30] ਨਿਪਟਾਰਾ ਨੰ. 12 ਮਿਤੀ 9.10.2020: ₹ 2755, ਨਿਪਟਾਰਾ ਨੰ. 25 ਮਿਤੀ 21.10.2020: ₹ 2,365, ਨਿਪਟਾਰਾ ਨੰ. 26 ਮਿਤੀ 21.10.2020: ₹ 2,050, ਨਿਪਟਾਰਾ ਨੰ. 27 ਮਿਤੀ 21.10.2020: ₹ 2,307, ਨਿਪਟਾਰਾ ਨੰ. 66 ਮਿਤੀ 3.12.2020: ₹ 4,356

## 4.6 ਇਨਪੁਟ ਟੈਕਸ ਕ੍ਰੈਡਿਟ ਦੀ ਅਸਵੀਕਾਰਯੋਗ ਮੰਨਜ਼ੂਰੀ

***ਰਾਜ ਕਰ ਦੇ ਸਹਾਇਕ ਕਮਿਸ਼ਨਰ, ਲੁਧਿਆਣਾ-I ਨੇ ਉਨ੍ਹਾਂ ਵਸਤਾਂ 'ਤੇ ₹ 0.13 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ, ਜਿਨ੍ਹਾਂ ਦੀ ਵਰਤੋਂ ਕਰਯੋਗ ਵਿਕਰੀ ਲਈ ਨਹੀਂ ਕੀਤੀ ਗਈ ਸੀ।***

ਪੰਜਾਬ ਵੈਲਿਊ ਐਡੇਡ ਟੈਕਸ ਐਕਟ, 2005 ਦੀ ਧਾਰਾ 13(1) ਅਧੀਨ ਦਰਜ ਵਿਵਸਥਾਵਾਂ ਅਨੁਸਾਰ ਰਾਜ ਅੰਦਰ ਕਰਯੋਗ ਵਸਤਾਂ ਦੀ ਖਰੀਦ 'ਤੇ ਅਦਾ ਕੀਤਾ ਕਰ ਇਨਪੁਟ ਟੈਕਸ ਕ੍ਰੈਡਿਟ ਵਜੋਂ ਉਦੋਂ ਹੀ ਉਪਲਬਧ ਹੁੰਦਾ ਹੈ ਜਦੋਂ ਅਜਿਹੀਆਂ ਵਸਤਾਂ ਦੀ ਵਰਤੋਂ ਵਿਕਰੀ ਲਈ ਕਰਯੋਗ ਵਸਤਾਂ ਦੇ ਨਿਰਮਾਣ, ਪ੍ਰੋਸੈਸਿੰਗ ਜਾਂ ਪੈਕਿੰਗ ਵਿੱਚ ਕੀਤੀ ਜਾਂਦੀ ਹੈ।

ਰਾਜ ਕਰ ਦੇ ਸਹਾਇਕ ਕਮਿਸ਼ਨਰ, ਲੁਧਿਆਣਾ-I ਦੇ ਨਿਰਧਾਰਣ ਰਿਕਾਰਡ ਦੀ ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ (ਨਵੰਬਰ 2022) ਕਿ ਨਿਰਧਾਰਣ ਅਥਾਰਟੀ ਨੇ ਸਾਲ 2014-15 ਲਈ ਡੀਲਰ ਦੇ ਨਿਰਧਾਰਣ ਮਾਮਲੇ[31] ਦਾ ਨਿਰਧਾਰਣ ਕਰਦੇ ਸਮੇਂ ਕਰਯੋਗ ਵਸਤਾਂ ਦੀ ਖਰੀਦ 'ਤੇ ਡੀਲਰ ਦੁਆਰਾ ਅਦਾ ਕੀਤੇ ਗਏ ਕਰ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਮੰਨਜ਼ੂਰੀ ਦਿੱਤੀ ਸੀ, ਹਾਲਾਂਕਿ, ਅਜਿਹੀਆਂ ਸਾਰੀਆਂ ਖਰੀਦੀਆਂ ਗਈਆਂ ਵਸਤਾਂ ਦੀ ਵਰਤੋਂ ਕਰਯੋਗ ਵਿਕਰੀ ਲਈ ਨਹੀਂ ਕੀਤੀ ਗਈ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਡੀਲਰ ਨੇ ₹ 7.93 ਕਰੋੜ ਦੀ ਕਰਯੋਗ ਖਰੀਦ ਕੀਤੀ ਸੀ, ਜਿਸ 'ਤੇ ₹ 0.48 ਕਰੋੜ ਦਾ ਇਨਪੁਟ ਟੈਕਸ ਕ੍ਰੈਡਿਟ (ਸਰਚਾਰਜ ਸਮੇਤ) ਪ੍ਰਾਪਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਡੀਲਰ ਨੇ ਵਿਕਰੀ ਲਈ ₹ 8.66 ਕਰੋੜ[32] ਦੀ ਕਰ ਅਦਾ ਕੀਤੀ ਖਰੀਦ ਦੀ ਵਰਤੋਂ ਕੀਤੀ, ਜਿਸ ਵਿੱਚੋਂ ਸਿਰਫ ₹ 6.07 ਕਰੋੜ ਦੀ ਵਿਕਰੀ ਕਰਯੋਗ ਸੀ। ਬਾਕੀ ₹ 2.59 ਕਰੋੜ ਦੀ ਵਿਕਰੀ ਕਰ ਮੁਕਤ ਸੀ। ਡੀਲਰ ₹ 2.59 ਕਰੋੜ ਦੇ ਵਸਤਾਂ ਵਿੱਚ ਸ਼ਾਮਲ ₹ 0.14 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦਾ ਹੱਕਦਾਰ ਨਹੀਂ ਸੀ, ਜਿਸ ਨੂੰ ਕਰ ਅਦਾ ਕੀਤੇ ਬਿਨਾਂ ਕਲੀਅਰ ਕਰ ਦਿੱਤਾ ਗਿਆ ਸੀ।

ਹਾਲਾਂਕਿ, ਨਿਰਧਾਰਣ ਅਥਾਰਟੀ ਨੇ ਨਿਰਧਾਰਣ ਦੌਰਾਨ ਸਿਰਫ ₹ 0.009 ਕਰੋੜ ਵਾਪਸ ਲਏ, ਜਿਸ ਦੇ ਨਤੀਜੇ ਵਜੋਂ ₹ 0.13 ਕਰੋੜ ਦੇ ਇਨਪੁਟ ਟੈਕਸ ਕ੍ਰੈਡਿਟ ਦੀ ਅਸਵੀਕਾਰਯੋਗ ਮੰਨਜ਼ੂਰੀ ਮਿਲੀ (**ਅੰਤਿਕਾ** 4.3)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਸਤੰਬਰ 2023 ਅਤੇ ਨਵੰਬਰ 2023) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਧਿਆਨ ਦਵਾਉਣ 'ਤੇ, ਸਹਾਇਕ ਕਮਿਸ਼ਨਰ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕਰ ਲਿਆ (ਮਾਰਚ 2024) ਅਤੇ ਕਿਹਾ ਕਿ ਮਾਮਲੇ ਦਾ ਮੁੜ ਨਿਰਧਾਰਣ ਕੀਤਾ ਜਾਵੇਗਾ।

---

31 ਨਿਰਧਾਰਣ ਮਾਮਲਾ ਨਿਪਟਾਰਾ ਨੰ 67 ਮਿਤੀ 13 ਅਗਸਤ 2021

32 ਡੀਲਰ ਕੋਲ ₹ 2,02,93,680 ਦੀ ਕਰਯੋਗ ਖਰੀਦ ਦਾ ਸ਼ੁਰੂਆਤੀ ਬਕਾਇਆ ਸੀ। ਸਾਲ ਦੌਰਾਨ, ਕਰਯੋਗ ਖਰੀਦਦਾਰੀ ₹ 7,93,25,909 ਰਹੀ। ਇਸ ਲਈ, ਡੀਲਰ ਕੋਲ ਕੁੱਲ ₹ 9,96,19,589 ਦੀ ਕਰਯੋਗ ਖਰੀਦ ਸੀ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਗਏ ₹ 0.13 ਕਰੋੜ ਦੀ ਵਸੂਲੀ ਕਰਨ ਅਤੇ ਲਾਪਰਵਾਹੀ ਲਈ ਸਬੰਧਤ ਨਿਰਧਾਰਣ ਅਥਾਰਟੀ ਦੀ ਜ਼ਿੰਮੇਵਾਰੀ ਤੈਅ ਕਰਨ ਦੇ ਨਿਰਦੇਸ਼ ਦੇ ਸਕਦੀ ਹੈ।**

## 4.7 ਆਬਕਾਰੀ ਲਾਇਸੈਂਸ ਫੀਸ ਦਾ ਦੇਰੀ ਨਾਲ ਭੁਗਤਾਨ ਤੇ ਵਿਆਜ ਨਾ ਲਗਾਉਣਾ

***ਆਬਕਾਰੀ ਲਾਇਸੈਂਸ ਫੀਸ ਦੇ ਦੇਰੀ ਨਾਲ ਭੁਗਤਾਨ ਤੇ ਸੱਤ ਸਹਾਇਕ ਕਮਿਸ਼ਨਰਾਂ (ਆਬਕਾਰੀ) ਵੱਲੋਂ ਆਬਕਾਰੀ ਬਕਾਏ ਦੀ ਸਮੇਂ ਸਿਰ ਅਦਾਇਗੀ ਨੂੰ ਲਾਗੂ ਕਰਨ ਦੇ ਲਈ ਦੰਡਾਤਮਕ ਵਿਆਜ ਦੀਆਂ ਵਿਵਸਥਾਵਾਂ ਲਾਗੂ ਨਹੀਂ ਕੀਤੀਆਂ ਗਈਆਂ, ਜਿਸ ਕਾਰਨ 1,507 ਲਾਇਸੈਂਸਾਂ ਦੇ ਮੁਕਾਬਲੇ ਲਾਇਸੈਂਸ ਫੀਸ ਦੇ ਦੇਰੀ ਨਾਲ ਭੁਗਤਾਨ ਲਈ ₹ 0.44 ਕਰੋੜ ਦਾ ਵਿਆਜ ਵਸੂਲਿਆ ਨਹੀਂ ਗਿਆ।***

ਪੰਜਾਬ ਸ਼ਰਾਬ ਲਾਇਸੈਂਸ ਨਿਯਮ, 1956 ਦੇ ਨਿਯਮ 12(ਬੀ) ਦੇ ਨਾਲ ਪੜ੍ਹੇ ਗਏ ਨਿਯਮ 11 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਲਾਇਸੈਂਸਾਂ ਦੇ ਨਵੀਨੀਕਰਨ ਲਈ ਅਰਜ਼ੀਆਂ ਹਰੇਕ ਵਿੱਤੀ ਸਾਲ ਦੀ 31 ਜਨਵਰੀ ਤੱਕ ਜਮ੍ਹਾਂ ਕਰਵਾਈਆਂ ਜਾਣਗੀਆਂ ਅਤੇ ਅਗਲੇ ਵਿੱਤੀ ਸਾਲ ਲਈ ਲਾਇਸੈਂਸਾਂ ਦੇ ਸਬੰਧ ਵਿੱਚ ਨਵੀਨੀਕਰਨ ਦੇ ਆਦੇਸ਼ 30 ਮਾਰਚ ਤੱਕ ਦਿੱਤੇ ਜਾਣਗੇ। ਨਿਯਮ 34 ਅਨੁਸਾਰ ਲਾਇਸੈਂਸ ਨਵਿਆਉਣ ਦੀ ਫੀਸ ਲਾਇਸੈਂਸ ਨਵਿਆਉਣ ਦੇ ਸੱਤ ਦਿਨਾਂ ਦੇ ਅੰਦਰ ਭੁਗਤਾਨਯੋਗ ਹੋਵੇਗੀ। ਮਾਰਚ 2021 ਨੂੰ ਪੰਜਾਬ ਸ਼ਰਾਬ ਲਾਇਸੈਂਸ ਨਿਯਮ, 1956 ਵਿੱਚ ਸੋਧ ਕੀਤੀ ਅਤੇ ਨਿਯਮ 25 ਦੇ ਅਧੀਨ ਇਕ ਉਪ-ਨਿਯਮ 5 ਸ਼ਾਮਲ ਕੀਤਾ ਜਿਸ ਵਿੱਚ ਸਾਰੇ ਲਾਇਸੈਂਸਧਾਰਕਾਂ ਤੋਂ ਹਰ ਕਿਸਮ ਦੀਆਂ ਡਿਊਟੀਆਂ ਜਾਂ ਫੀਸ ਜਾਂ ਚਾਰਜ ਦੀ ਦੇਰੀ ਨਾਲ ਅਦਾਇਗੀ ਵਿਰੁੱਧ ਵਿਆਜ ਅਤੇ ਦੰਡਾਤਮਕ ਕਾਰਵਾਈ ਦੀ ਵਿਵਸਥਾ ਕੀਤੀ ਗਈ ਹੈ। ਇਹ ਸੋਧ 1 ਅਪ੍ਰੈਲ 2021[33] ਤੋਂ ਲਾਗੂ ਹੋ ਗਈ ਸੀ ਅਤੇ ਉਪਬੰਧਾਂ ਅਨੁਸਾਰ, ਦੇਰੀ ਨਾਲ ਭੁਗਤਾਨ ਕਰਨ 'ਤੇ ਰੋਜ਼ਾਨਾ ਆਧਾਰ ਤੇ ਗਣਨਾ ਕੀਤੇ ਜਾਣ ਵਾਲਾ 1.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ਵਿਆਜ ਵਸੂਲਿਆ ਜਾਂਦਾ ਸੀ।

ਸੱਤ ਸਹਾਇਕ ਕਮਿਸ਼ਨਰਾਂ[34] (ਆਬਕਾਰੀ) ਦੇ ਰਿਕਾਰਡਾਂ ਦੀ ਪੜਤਾਲ ਨੇ ਦਰਸਾਇਆ (ਜੂਨ ਤੋਂ ਦਸੰਬਰ 2022) ਕਿ ਸਾਲ 2021-22 ਦੌਰਾਨ 1507 ਲਾਇਸੈਂਸਾਂ[35] ਦੀਆਂ ਵੱਖ-ਵੱਖ ਸ਼੍ਰੇਣੀਆਂ[36] ਦੇ ਵਿਰੁੱਧ ₹ 4.91 ਕਰੋੜ ਦੀ ਆਬਕਾਰੀ ਲਾਇਸੈਂਸਾਂ ਫੀਸ 4 ਤੋਂ 364 ਦਿਨਾਂ ਦੀ ਦੇਰੀ ਨਾਲ ਜਮ੍ਹਾਂ ਕਰਵਾਈ ਗਈ ਸੀ, ਹਾਲਾਂਕਿ ਵਿਭਾਗ ਦੁਆਰਾ ਲਾਇਸੈਂਸਧਾਰਕਾਂ ਤੋਂ ਦੇਰੀ[37] ਨਾਲ

---

33 ਐਲ-2 (ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ ਪ੍ਰਚੂਨ ਵਿਕਰੇਤਾ) ਅਤੇ ਐਲ-14 ਏ (ਪੰਜਾਬ ਮੀਡੀਅਮ ਸ਼ਰਾਬ ਪ੍ਰਚੂਨ ਵਿਕਰੇਤਾ) ਲਾਇਸੈਂਸਾਂ ਨੂੰ ਛੱਡ ਕੇ। ਇਨ੍ਹਾਂ ਲਾਇਸੈਂਸਾਂ ਦੇ ਸਬੰਧ ਵਿੱਚ, 2 ਫਰਵਰੀ 2021 ਤੋਂ ਨਿਯਮ 25 (5) ਲਾਗੂ ਹੋ ਗਿਆ।

34 ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ (ਪੂਰਬੀ), ਜਲੰਧਰ (ਪੱਛਮੀ), ਲੁਧਿਆਣਾ (ਪੱਛਮੀ) ਅਤੇ ਪਟਿਆਲਾ

35 ਅੰਮ੍ਰਿਤਸਰ: 377, ਬਠਿੰਡਾ: 18, ਹੁਸ਼ਿਆਰਪੁਰ: 383, ਜਲੰਧਰ (ਪੂਰਬੀ): 274, ਜਲੰਧਰ (ਪੱਛਮੀ): 197, ਲੁਧਿਆਣਾ (ਪੱਛਮੀ): 256 ਅਤੇ ਪਟਿਆਲਾ: 2

36 **ਹੋਟਲ**: ਐਲ-3 ਰੈਸਟੋਰੈਂਟ: ਐਲ-4, ਐਲ-4ਏ, ਐਲ-5, ਐਲ-5ਏ, ਐਲ-5 ਬੀ **ਮੈਰਿਜ ਪੈਲੇਸ**: ਐਲ-5ਡੀ **ਮਾਈਕਰੋ ਬਰੂਅਰੀ**: ਐਲ -10 ਸੀ **ਦੇਸੀ ਸ਼ਰਾਬ ਥੋਕ ਅਤੇ ਪ੍ਰਚੂਨ ਵਿਕਰੇਤਾ**: ਐਲ-13 **ਅਹਾਤਾ**: ਐਲ-52

37 1 ਅਪ੍ਰੈਲ 2021 ਤੋਂ ਕੰਜ਼ਰਵੇਟਿਵ ਲੇਖਾ ਪ੍ਰੀਖਿਆ ਪਹੁੰਚ ਅਪਣਾ ਕੇ ਦੇਰੀ ਦੀ ਗਣਨਾ ਕੀਤੀ ਗਈ ਹੈ ਕਿਉਂਕਿ ਨਿਯਮਾਂ ਵਿੱਚ ਫੀਸ ਜਮ੍ਹਾਂ ਕਰਨ ਦੀ ਵਿਸ਼ੇਸ਼ ਆਖਰੀ ਮਿਤੀ ਪ੍ਰਦਾਨ ਨਹੀਂ ਕੀਤੀ ਗਈ ਹੈ। ਆਮ ਤੌਰ ਤੇ, ਕਿਸੇ ਵਿਤੀ ਸਾਲ ਦੀ ਆਬਕਾਰੀ ਡਿਊਟੀ ਅਤੇ ਫੀਸਾਂ ਦੀਆਂ ਸੋਧੀਆਂ ਦਰਾਂ ਦੇ ਨਾਲ ਪਿਛਲੇ ਵਿੱਤੀ ਸਾਲ ਦੇ ਫਰਵਰੀ ਜਾਂ ਮਾਰਚ ਦੇ ਮਹੀਨੇ ਵਿੱਚ ਆਬਕਾਰੀ ਨੀਤੀ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ, ਇਸ ਲਈ ਅਗਲੇ ਸਾਲ ਦੀ ਨਵੀਂ ਆਬਕਾਰੀ ਨੀਤੀ ਜਾਰੀ ਕਰਨ ਤੋਂ ਪਹਿਲਾਂ ਲਾਇਸੈਂਸਧਾਰਕਾਂ ਨੂੰ ਲਾਇਸੈਸ ਫੀਸ ਦੀ ਦਰ ਦਾ ਪਤਾ ਨਹੀਂ ਹੋ ਸਕਦਾ ਹੈ। ਇਸ ਲਈ, 1 ਅਪ੍ਰੈਲ ਤੋਂ ਦੇਰੀ ਦੀ ਗਣਨਾ ਕੀਤੀ ਗਈ ਹੈ, ਜਦੋਂ ਤੋਂ ਲਾਇਸੈਂਸ ਪ੍ਰਭਾਵੀ ਹੋ ਜਾਂਦਾ ਹੈ ਅਤੇ ਲਾਇਸੈਂਸਧਾਰਕ ਨੂੰ ਭੁਗਤਾਨ ਕੀਤੇ ਜਾਣ ਵਾਲੀ ਲਾਇਸੈਂਸ ਫੀਸ ਦੀ ਦਰਾਂ ਬਾਰੇ ਚੰਗੀ ਤਰ੍ਹਾਂ ਪਤਾ ਹੁੰਦਾ ਹੈ।

ਭੁਗਤਾਨ ਲਈ 1.5 *ਪ੍ਰਤੀਸ਼ਤ* ਪ੍ਰਤੀ ਮਹੀਨਾ ਦੀ ਦਰ ਨਾਲ ₹ 0.44 ਕਰੋੜ ਦਾ ਵਿਆਜ ਨਹੀਂ ਲਗਾਇਆ ਗਿਆ ਸੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਅਗਸਤ 2023 ਅਤੇ ਅਪ੍ਰੈਲ 2024 ਦੇ ਵਿਚਕਾਰ) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਧਿਆਨ ਦਵਾਉਣ ‘ਤੇ, ਪੰਜ ਸਹਾਇਕ ਕਮਿਸ਼ਨਰਾਂ[38] ਨੇ 403 ਲਾਇਸੈਂਸਾਂ ਦੇ ਵਿਰੁੱਧ ₹ 0.10 ਕਰੋੜ ਦੀ ਵਸੂਲੀ ਦੀ ਰਿਪੋਰਟ ਕੀਤੀ, ਜਿਸ ਵਿੱਚੋਂ ₹ 16,377 ਦੀ ਵਸੂਲੀ ਡਾਟਾ ਵਿੱਚ ਮੇਲ ਨਾ ਹੋਣ ਕਾਰਨ ਤਸਦੀਕ ਨਹੀਂ ਕੀਤੀ ਜਾ ਸਕੀ। ਇਸ ਤੋਂ ਇਲਾਵਾ, ਸਹਾਇਕ ਕਮਿਸ਼ਨਰ, ਜਲੰਧਰ (ਪੂਰਬੀ) ਨੇ ₹ 0.02 ਕਰੋੜ ਦੀ ਵਸੂਲੀ ਦੀ ਸੂਚਨਾ ਦਿੱਤੀ (ਜਨਵਰੀ 2025) ਪਰ ਲਾਇਸੈਂਸ ਅਤੇ ਚਲਾਨਾਂ ਦੇ ਵੇਰਵੇ ਨਹੀਂ ਦਿੱਤੇ। ਹੋਰ ਵਸੂਲੀ ਦੀ ਉਡੀਕ ਹੈ (ਜਨਵਰੀ 2025)।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਆਬਕਾਰੀ ਬਕਾਏ ਦੀ ਦੇਰੀ ਨਾਲ ਅਦਾਇਗੀ ਦੇ ਮਾਮਲਿਆਂ ਵਿੱਚ ਦੰਡਾਤਮਕ ਵਿਆਜ ਦੀਆਂ ਵਿਵਸਥਾਵਾਂ ਲਾਗੂ ਕਰਨ ਅਤੇ ਲਾਇਸੈਂਸਧਾਰਕਾਂ ਤੋਂ ਵਿਆਜ ਦੀ ਬਕਾਇਆ ਰਾਸ਼ੀ ਵਸੂਲਣ ਦੇ ਨਿਰਦੇਸ਼ ਦੇ ਸਕਦੀ ਹੈ।**

## 4.8 ਐਕਸਪੋਰਟ-ਇਨ-ਬਾਂਡ ਅਧੀਨ ਜਾਰੀ ਸ਼ਰਾਬ ‘ਤੇ ਆਬਕਾਰੀ ਕਰ ਦੀ ਵਸੂਲੀ ਨਾ ਕਰਨਾ

***ਇੰਚਾਰਜ-ਅਧਿਕਾਰੀ (ਆਬਕਾਰੀ) ਨੇ ਬਾਟਲਿੰਗ ਪਲਾਂਟ ਤੋਂ ਐਕਸਪੋਰਟ-ਇਨ-ਬਾਂਡ ਅਧੀਨ ਜਾਰੀ ਕੀਤੀ ਗਈ 5,926.50 ਪਰੂਫ ਲੀਟਰ ਭਾਰਤ ਨਿਰਮਿਤ ਵਿਦੇਸ਼ੀ ਸ਼ਰਾਬ ਦੇ ਵਿਰੁੱਧ ਕੰਨਸਾਈਨਮੈਂਟ ਰਸੀਦ ਸਰਟੀਫਿਕੇਟ ਪੇਸ਼ ਕਰਨ ਵਿੱਚ ਅਸਫਲ ਰਹਿਣ ਤੇ ₹ 0.27 ਕਰੋੜ ਦਾ ਆਬਕਾਰੀ ਕਰ ਵਸੂਲ ਨਹੀਂ ਕੀਤਾ।***

ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 31 ਪੰਜਾਬ ਸਰਕਾਰ ਨੂੰ ਆਬਕਾਰੀ ਵਸਤਾਂ 'ਤੇ ਆਬਕਾਰੀ ਕਰ ਵਸੂਲਣ ਦਾ ਅਧਿਕਾਰ ਦਿੰਦੀ ਹੈ। 2021-22 ਵਿੱਚ ਭਾਰਤੀ ਬਣੀ ਵਿਦੇਸ਼ੀ ਸ਼ਰਾਬ ਲਈ ₹ 450 ਪ੍ਰਤੀ ਪਰੂਫ ਲੀਟਰ[39] ਦੀ ਦਰ ਨਾਲ ਆਬਕਾਰੀ ਲੇਵੀ ਨਿਰਧਾਰਿਤ ਕੀਤੀ ਗਈ ਸੀ। ਹਾਲਾਂਕਿ, ਪੰਜਾਬ ਸ਼ਰਾਬ ਪਰਮਿਟ ਅਤੇ ਪਾਸ ਰੂਲਜ਼, 1932 ਦੇ ਨਿਯਮ 2-ਸੀ ਅਧੀਨ ਪੰਜਾਬ ਰਾਜ ਵਿੱਚ ਮਾਨਤਾ ਪ੍ਰਾਪਤ ਨਿਰਮਾਤਾ ਦੇ ਅਹਾਤੇ ਤੋਂ ਭਾਰਤ ਦੇ ਕਿਸੇ ਹੋਰ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਐਕਸਪੋਰਟ-ਇਨ-ਬਾਂਡ ਅਧੀਨ ਸੋਧੇ ਹੋਏ ਸਪਿਰਟ ਵਾਲੇ ਮਿਸ਼ਰਨ ਨੂੰ ਹਟਾਉਣ ਲਈ ਆਬਕਾਰੀ ਲੇਵੀ ਭੁਗਤਾਨਯੋਗ ਨਹੀਂ ਸੀ, ਜੇਕਰ ਹੇਠਾਂ ਦੱਸੇ ਅਨੁਸਾਰ ਨਿਰਧਾਰਿਤ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ ਸੀ।

- ਮਿਸ਼ਰਨ ਦਾ ਆਯਾਤ ਕਰਨ ਵਾਲਾ ਵਿਅਕਤੀ ਪੰਜਾਬ ਰਾਜ ਵਿੱਚ ਮਾਨਤਾ ਪ੍ਰਾਪਤ ਨਿਰਮਾਤਾ ਨੂੰ ਉਸ ਥਾਂ ਦੇ ਜ਼ਿਲ੍ਹੇ ਦੇ ਕੁਲੈਕਟਰ ਜਾਂ ਅਧਿਕਾਰਤ ਅਧਿਕਾਰੀ ਦੁਆਰਾ ਦਸਤਖਤ ਕੀਤੇ ਇਮਪੋਰਟ-ਇਨ-ਬਾਂਡ ਪਰਮਿਟ ਭੇਜੇਗਾ।

---

[38] ਬਠਿੰਡਾ (18 ਲਾਇਸੈਂਸ: ₹ 38,038), ਹੁਸ਼ਿਆਰਪੁਰ (131 ਲਾਇਸੈਂਸ: ₹ 3,40,014), ਜਲੰਧਰ-ਪੱਛਮੀ (71 ਲਾਇਸੈਂਸ: ₹ 1,87,441), ਲੁਧਿਆਣਾ-ਪੱਛਮੀ (181 ਲਾਇਸੈਂਸ: ₹ 3,81,179) ਅਤੇ ਪਟਿਆਲਾ (2 ਲਾਇਸੈਂਸ: ₹ 9,600)

[39] ₹ 355 ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਆਬਕਾਰੀ ਡਿਊਟੀ + ₹ 5 ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਵਿਸ਼ੇਸ਼ ਲਾਇਸੈਂਸ ਫੀਸ + ₹ 90 ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਆਬਕਾਰੀ ਡਿਊਟੀ (ਪਹਿਲਾਂ ਵਾਧੂ ਲਾਇਸੈਂਸ ਫੀਸ ਵੱਜੋਂ ਜਾਣੀ ਜਾਂਦੀ ਸੀ)

- ਮਿਸ਼ਰਨ ਦੀਆਂ ਕੰਨਸਾਈਨਮੈਂਟ ਪੰਜਾਬ ਰਾਜ ਨਿਰਮਾਤਾ ਦੁਆਰਾ ਉਸ ਜ਼ਿਲ੍ਹੇ ਦੇ ਕੁਲੈਕਟਰ ਦੁਆਰਾ ਪ੍ਰਦਾਨ ਕੀਤੇ ਐਕਸਪੋਰਟ-ਇਨ-ਬਾਂਡ ਅਥਾਰਟੀ[40] ਅਧੀਨ ਜਾਰੀ ਕੀਤੀਆਂ ਜਾਣਗੀਆਂ ਜਿਸ ਵਿੱਚ ਮਾਨਤਾ ਪ੍ਰਾਪਤ ਨਿਰਮਾਤਾ ਦੀ ਇਮਾਰਤ ਸਥਿਤ ਹੈ।

ਐਕਸਪੋਰਟ-ਇਨ-ਬਾਂਡ ਅਥਾਰਟੀ ਉਦੋਂ ਦਿੱਤੀ ਜਾਂਦੀ ਹੈ ਜਦੋਂ ਪੰਜਾਬ ਰਾਜ ਵਿੱਚ ਪ੍ਰਵਾਨਿਤ ਨਿਰਮਾਤਾ ਨੇ ਭੇਜੀ ਜਾਣ ਵਾਲੀ ਕੰਨਸਾਈਮੈਂਟ ਦੇ ਸਬੰਧ ਵਿੱਚ ਆਬਕਾਰੀ ਤੇ ਲੇਵੀ ਦਾ ਭੁਗਤਾਨ ਕਰਨ ਲਈ ਇੱਕ ਬਾਂਡ[41] ਦਿੱਤਾ ਹੋਵੇ ਜਿਸ ਵਿੱਚ ਕੰਨਸਾਈਨਮੈਂਟ ਲਈ ਪਾਸ ਜਾਰੀ ਹੋਣ ਦੇ ਸੱਠ ਦਿਨਾਂ ਦੇ ਅੰਦਰ ਸਬੰਧਤ ਜ਼ਿਲ੍ਹੇ ਦੇ ਇੱਕ ਅਧਿਕਾਰਿਤ ਅਧਿਕਾਰੀ ਦੁਆਰਾ ਹਸਤਾਖਰ ਕੀਤੇ ਕੰਨਸਾਈਨਮੈਂਟ ਦੀ ਰਸੀਦ ਸਰਟੀਫਿਕੇਟ[42] ਪੇਸ਼ ਨਾ ਕਰਨ ਦੀ ਸੂਰਤ ਵਿੱਚ ਕੰਨਸਾਈਨਮੈਂਟ 'ਤੇ ਆਬਕਾਰੀ ਕਰ ਦਾ ਭੁਗਤਾਨ ਕਰਨ ਲਈ ਆਪਣੇ ਆਪ ਨੂੰ ਪਾਬੰਦ ਕੀਤਾ ਹੋਵੇ। ਜੇ ਅਜਿਹਾ ਸਰਟੀਫਿਕੇਟ ਸੱਠ ਦਿਨਾਂ ਦੇ ਅੰਦਰ ਪ੍ਰਵਾਨਿਤ ਨਿਰਮਾਤਾ ਦੁਆਰਾ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਡਿਪਟੀ ਆਬਕਾਰੀ ਅਤੇ ਕਰ ਕਮਿਸ਼ਨਰ (ਡਿਸਟਿਲਰੀਜ਼) ਕੋਲ ਬਕਾਇਆ ਡਿਊਟੀ ਦੇ ਪੱਚੀ *ਪ੍ਰਤੀਸ਼ਤ* ਦੀ ਬੈਂਕ ਗਾਰੰਟੀ ਪੇਸ਼ ਕਰਨ ਦੇ ਅਧੀਨ, ਇੱਕ ਸੋ ਵੀਹ ਦਿਨਾਂ ਦੀ ਵਾਧੂ ਮਿਆਦ ਦੀ ਮੰਨਜ਼ੂਰੀ ਦੇਣ ਦੀ ਸ਼ਕਤੀ ਹੈ।

ਲੇਖਾ ਪ੍ਰੀਖਿਆ ਨੇ ਬਾਟਲਿੰਗ ਪਲਾਂਟ[43] ਵਿੱਚ ਸਾਲ 2019-20 ਤੋਂ 2021-22 ਦੇ ਇੰਚਾਰਜ-ਅਧਿਕਾਰੀ (ਆਬਕਾਰੀ) ਦੇ ਰਿਕਾਰਡਾਂ ਤੋਂ ਦੇਖਿਆ (ਮਾਰਚ 2023) ਕਿ ਬਾਟਲਿੰਗ ਪਲਾਂਟ ਨੇ ਜਨਵਰੀ ਅਤੇ ਫਰਵਰੀ 2020 ਵਿੱਚ ਐਕਸਪੋਰਟ-ਇਨ-ਬਾਂਡ ਅਧੀਨ ਉਤਰਾਖੰਡ ਨੂੰ 5,926.50 ਪਰੂਫ ਲੀਟਰਾਂ ਵਾਲੀ ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ ਦੀਆਂ ਦੋ ਕੰਨਸਾਈਨਮੈਂਟ[44] ਜਾਰੀ ਕੀਤੀਆਂ ਸਨ। ਬਾਟਲਿੰਗ ਪਲਾਂਟ ਵੱਲੋਂ ਪੇਸ਼ ਕੀਤੇ ਗਏ ਬਾਂਡ ਅਤੇ ਕੁਲੈਕਟਰ ਵੱਲੋਂ ਦਿੱਤੇ ਗਏ ਐਕਸਪੋਰਟ-ਇਨ-ਬਾਂਡ ਅਥਾਰਟੀ ਨਾਲ ਸਬੰਧਤ ਰਿਕਾਰਡ ਲੇਖਾ ਪ੍ਰੀਖਿਆ ਲਈ ਪੇਸ਼ ਨਹੀਂ ਕੀਤੇ ਗਏ। ਹਾਲਾਂਕਿ, ਲੇਖਾ ਪ੍ਰੀਖਿਆ ਦੁਆਰਾ ਕੰਨਸਾਈਨਮੈਂਟ ਦੇ ਰਿਕਾਰਡਜ਼ ਦੀ ਪੜਤਾਲ ਅਤੇ ਇੰਚਾਰਜ-ਅਧਿਕਾਰੀ ਤੋਂ ਤਸਦੀਕ ਕੀਤੀ ਗਈ ਅਗਲੇਰੀ ਸਥਿਤੀ ਨੇ ਪੁਸ਼ਟੀ ਕੀਤੀ (ਮਾਰਚ 2024) ਕਿ ਬਾਟਲਿੰਗ ਪਲਾਂਟ ਦੁਆਰਾ ਦੋਵੇਂ ਕੰਨਸਾਈਨਮੈਂਟ ਵਿਰੁੱਧ ਕੰਨਸਾਈਨਮੈਂਟ ਰਸੀਦ ਸਰਟੀਫਿਕੇਟ ਪੇਸ਼ ਨਹੀਂ ਕੀਤੇ ਗਏ ਸਨ। ਬਾਟਲਿੰਗ ਪਲਾਂਟ ਵੱਲੋਂ 5,926.50 ਪਰੂਫ ਲੀਟਰ ਦੇ ਵਿਰੁੱਧ ਲੋੜੀਂਦੇ ਕੰਨਸਾਈਨਮੈਂਟ ਰਸੀਦ ਸਰਟੀਫਿਕੇਟ ਪੇਸ਼ ਨਾ ਕੀਤੇ ਜਾਣ ਦੇ ਬਾਵਜੂਦ ਇੰਚਾਰਜ-ਅਧਿਕਾਰੀ ਵੱਲੋਂ ਬਾਟਲਿੰਗ ਪਲਾਂਟ ਤੋਂ ₹ 450 ਪ੍ਰਤੀ ਪਰੂਫ ਲੀਟਰ ਦੇ ਹਿਸਾਬ ਨਾਲ ₹ 0.27 ਕਰੋੜ ਆਬਕਾਰੀ ਕਰ ਵਸੂਲ ਨਹੀਂ ਕੀਤਾ ਗਿਆ ਸੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਦਿੱਤੀ ਗਈ ਸੀ (ਮਾਰਚ ਅਤੇ ਮਈ 2024), ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ,

---

[40] ਫਾਰਮ ਐਲ-36

[41] ਫਾਰਮ ਐਲ- 37

[42] ਫਾਰਮ ਐਲ- 38

[43] ਮੈਸਰਜ਼ ਏ-ਵਨ ਵਾਈਨਰੀਜ਼, ਸੰਗਰੂਰ

[44] **1,984.50 ਪਰੂਫ ਲੀਟਰ**: ਪਰਮਿਟ ਨੰ. ARL0205000010 ਮਿਤੀ 1 ਜਨਵਰੀ 2020, ਪਾਸ ਨੰ. PA200127576 ਮਿਤੀ 10 ਜਨਵਰੀ 2020 ਅਤੇ **3,942 ਪਰੂਫ ਲੀਟਰ :** ਪਰਮਿਟ ਨੰ. ARL0205000012 ਮਿਤੀ 31 ਜਨਵਰੀ 2020, ਪਾਸ ਨੰ. PA200130778 ਮਿਤੀ 7 ਫਰਵਰੀ 2020

ਇੰਚਾਰਜ-ਅਧਿਕਾਰੀ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਸਵੀਕਾਰ ਕਰ ਲਿਆ (ਮਈ 2024) ਅਤੇ ₹ 0.07 ਕਰੋੜ[45] ਦੀ ਵਸੂਲੀ ਬਾਰੇ ਸੂਚਿਤ ਕੀਤਾ। ਅਗਲੇਰੀ ਵਸੂਲੀਆਂ ਦੀ ਪ੍ਰਕਿਰਿਆ ਚੱਲ ਰਹੀਆਂ ਸਨ (ਅਕਤੂਬਰ 2024)।

**ਸਰਕਾਰ ਵਿਭਾਗ ਨੂੰ ਉਪਰੋਕਤ ਮਾਮਲੇ ਵਿੱਚ ₹ 0.20 ਕਰੋੜ ਦੀ ਬਕਾਇਆ ਰਾਸ਼ੀ ਵਸੂਲਣ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦੇ ਸਕਦੀ ਹੈ ਕਿ ਅਜਿਹੇ ਮਾਮਲਿਆਂ ਵਿੱਚ ਆਬਕਾਰੀ ਕਰ ਨਿਰੰਤਰ ਵਸੂਲੀ ਜਾਵੇ।**

## 4.9 ਆਈ ਟੀ ਫੀਸ ਦਾ ਭੁਗਤਾਨ ਨਾਂ ਕਰਨਾ

***ਸਾਲ 2018-19 ਦੌਰਾਨ ਇਕ ਡਿਸਟਿਲਰੀ ਦੇ ਇੰਚਾਰਜ ਅਧਿਕਾਰੀ ਨੇ ਡਿਸਟਿਲਰੀ ਤੋਂ ਪੰਜਾਬ ਮੀਡੀਅਮ ਸ਼ਰਾਬ ਅਤੇ ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ ਜਾਰੀ ਕਰਨ ਸਮੇਂ ₹ 0.14 ਕਰੋੜ ਦੀ ਆਈ ਟੀ ਫੀਸ ਦਾ ਭੁਗਤਾਨ ਯਕੀਨੀ ਨਹੀਂ ਬਣਾਇਆ।***

ਪੰਜਾਬ ਸ਼ਰਾਬ ਲਾਇਸੈਂਸ ਨਿਯਮ, 1956 ਦੇ ਨਿਯਮ 25 (41) ਵਿੱਚ ਮਿਤੀ 22 ਮਾਰਚ 2018 ਦੇ ਨੋਟੀਫਿਕੇਸ਼ਨ[46] ਰਾਹੀਂ ਸੋਧ ਕੀਤੀ ਗਈ ਹੈ, ਜਿਸ ਵਿੱਚ, ਪੰਜਾਬ ਮੀਡੀਅਮ ਸ਼ਰਾਬ (ਪੀ ਐਮ ਐਲ), ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ (ਆਈ ਐਮ ਐਫ ਐਲ) 'ਤੇ ₹ 0.50 ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਅਤੇ ਬੀਅਰ 'ਤੇ ₹ 0.50 ਪ੍ਰਤੀ ਬਲਕ ਲੀਟਰ ਦੀ ਦਰ ਨਾਲ ਆਈ ਟੀ ਫੀਸ ਵਸੂਲਣ ਦੀ ਵਿਵਸਥਾ ਕੀਤੀ ਗਈ ਹੈ। ਇਹ ਫੀਸ ਨਿਰਮਾਤਾ ਤੋਂ 1 ਅਪ੍ਰੈਲ 2018 ਤੋਂ ਥੋਕ ਲਾਇਸੈਂਸਧਾਰਕਾਂ ਨੂੰ ਪੀ ਐਮ ਐਲ, ਆਈ ਐਮ ਐਫ ਐਲ ਅਤੇ ਬੀਅਰ ਦੀ ਢੋਆ-ਢੁਆਈ ਲਈ ਟਰਾਂਸਪੋਰਟ ਪਰਮਿਟ ਜਾਰੀ ਕਰਨ ਸਮੇਂ ਲਗਾਈ ਗਈ ਸੀ।

ਇੱਕ[47] ਡਿਸਟਿਲਰੀ ਵਿਖੇ ਇੰਚਾਰਜ-ਅਧਿਕਾਰੀ (ਆਬਕਾਰੀ) ਦੇ ਰਿਕਾਰਡ (ਮਾਰਚ 2023) ਦੀ ਪੜਤਾਲ ਨੇ ਦਰਸਾਇਆ ਕਿ ਸਾਲ 2018-19 ਦੌਰਾਨ ਡਿਸਟਿਲਰੀ ਵੱਲੋਂ 26,69,364 ਪਰੂਫ ਲੀਟਰ ਪੀ ਐਮ ਐਲ ਅਤੇ 1,85,539 ਪਰੂਫ ਲੀਟਰ ਆਈ ਐਮ ਐਫ ਐਲ ਜਾਰੀ ਕੀਤੇ ਗਏ ਸਨ, ਜਿਸ ਤੇ ਨਿਯਮ 25(41) ਅਧੀਨ ਭੁਗਤਾਨਯੋਗ ₹ 0.14 ਕਰੋੜ[48] ਦੀ ਆਈ ਟੀ ਫੀਸ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਅਗਸਤ 2023 ਅਤੇ ਸਤੰਬਰ 2023) ਨੂੰ ਦਿੱਤੀ ਗਈ ਸੀ, ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਧਿਆਨ ਵਿੱਚ ਲਿਆਂਦੇ ਜਾਣ 'ਤੇ, ਇੰਚਾਰਜ-ਅਧਿਕਾਰੀ ਨੇ ਅਗਸਤ 2023 ਵਿੱਚ ਇਤਰਾਜ਼ ਕੀਤੀ ਰਾਸ਼ੀ ਦੀ ਵਸੂਲੀ ਦੀ ਰਿਪੋਰਟ ਕੀਤੀ (ਅਗਸਤ 2023)।

ਲੇਖਾ ਪ੍ਰੀਖਿਆ ਨੇ ਸਤੰਬਰ 2021 ਵਿੱਚ ਸਰਕਾਰ ਨੂੰ ਇਸੇ ਤਰ੍ਹਾਂ ਦੀ ₹ 0.82 ਕਰੋੜ ਦੀ ਬੋਝ ਪੈਣ ਵਾਲੀ ਟਿੱਪਣੀ ਜਾਰੀ ਕੀਤੀ ਸੀ ਜਿਸ ਵਿੱਚ ਦੋ ਡਿਸਟਿਲਰੀਆਂ ਅਤੇ ਇੱਕ ਬਰੂਅਰੀ ਵਾਲੀ

---

45 12 ਅਪ੍ਰੈਲ 2024 ਨੂੰ ਵਸੂਲੀ ਕੀਤੀ ਗਈ

46 ਨੋਟੀਫਿਕੇਸ਼ਨ ਨੰ. ਜੀ ਐਸ ਆਰ 14/ਪੀ ਏ 1/1914/ਐਸ 59/ਏ ਐਮ ਡੀ (136)/2018 ਮਿਤੀ 22 ਮਾਰਚ 2018

47 ਮੈਸਰਜ਼ ਏ ਬੀ ਸ਼ੂਗਰਜ਼ ਲਿਮਟਿਡ, ਦਸੂਹਾ

48 (26,69,364 ਪਰੂਫ ਲੀਟਰ ਪੀ ਐਮ ਐਲ+1,85,539 ਪਰੂਫ ਲੀਟਰ ਆਈ ਐਮ ਐਫ ਐਲ) x ₹ 0.50= ₹ 14,27,452

ਫੈਕਟਰੀ ਸ਼ਾਮਲ ਸਨ। ਹਾਲਾਂਕਿ ਲੇਖਾ ਪ੍ਰੀਖਿਆ ਵੱਲੋਂ ਇਹ ਮੁੱਦਾ ਉਠਾਏ ਜਾਣ ਤੋਂ ਬਾਅਦ ਦੱਸੇ ਗਏ ਸਾਰੇ ਮਾਮਲਿਆਂ ਵਿੱਚ ਵਿਭਾਗ ਵੱਲੋਂ ਰਿਕਵਰੀ ਕੀਤੀ ਗਈ ਸੀ। ਫਿਰ ਵੀ ਇਹ ਸੰਕੇਤ ਦਿੰਦਾ ਹੈ ਕਿ ਡਿਸਟਿਲਰੀਆਂ ਅਤੇ ਬਰੂਅਰੀਜ਼ ਵਿੱਚ ਤਾਇਨਾਤ ਆਬਕਾਰੀ ਅਧਿਕਾਰੀਆਂ ਦੁਆਰਾ ਸਰਕਾਰ ਵੱਲੋਂ ਜਾਰੀ ਰਾਜ ਆਬਕਾਰੀ ਨਾਲ ਸਬੰਧਤ ਹਦਾਇਤਾਂ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕੀਤੀ ਜਾ ਰਹੀ ਸੀ।

**ਸਰਕਾਰ ਵਿਭਾਗ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦੇ ਸਕਦੀ ਹੈ ਕਿ ਡਿਸਟਿਲਰੀਆਂ ਅਤੇ ਬਰੂਅਰੀਜ਼ ਵਿੱਚ ਤਾਇਨਾਤ ਆਬਕਾਰੀ ਅਧਿਕਾਰੀਆਂ ਦੁਆਰਾ ਰਾਜ ਆਬਕਾਰੀ ਨਾਲ ਸਬੰਧਤ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।**

## ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ

### 4.10 ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਦੀ ਅਨਿਯਮਿਤ ਛੋਟ

***ਸੰਯੁਕਤ ਉਪ-ਰਜਿਸਟਰਾਰ, ਸਾਹਨੇਵਾਲ ਨੇ ਨਗਰ ਨਿਗਮ ਲੁਧਿਆਣਾ ਦੇ ਹੱਕ ਵਿੱਚ ਰਜਿਸਟਰਡ ਅਚੱਲ ਜਾਇਦਾਦਾਂ ਦੀ ਵਿਕਰੀ ਦੇ 48 ਵਿਲੇਖਾਂ 'ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਵਜੋਂ ₹ 2.76 ਕਰੋੜ ਦੀ ਅਨਿਯਮਿਤ ਛੋਟ ਦਿੱਤੀ।***

ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 17 ਦੇ ਅਨੁਸਾਰ ਅਚੱਲ ਜਾਇਦਾਦ ਦੀ ਵਿਕਰੀ ਲਈ ਕੀਤੇ ਗਈ ਕੰਵੇਐਂਸ ਡੀਡ, ਲਾਜ਼ਮੀ ਤੌਰ 'ਤੇ ਰਜਿਸਟਰਡ ਦਸਤਾਵੇਜ ਹੈ, ਜਿਸ 'ਤੇ ਵੱਧ ਤੋਂ ਵੱਧ ₹ ਦੋ ਲੱਖ ਦੇ ਅਧੀਨ ਇਕ *ਪ੍ਰਤੀਸ਼ਤ* ਦੀ ਦਰ ਨਾਲ ਰਜਿਸਟ੍ਰੇਸ਼ਨ ਫੀਸ ਵਸੂਲੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਅਜਿਹੇ ਵਿਲੇਖਾਂ 'ਤੇ ਪੰਜ *ਪ੍ਰਤੀਸ਼ਤ* ਦੀ ਦਰ ਨਾਲ ਅਸ਼ਟਾਮ ਡਿਊਟੀ ਇੰਡੀਅਨ ਸਟੈਂਪ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ ਲਗਾਈ ਜਾ ਸਕਦੀ ਹੈ ਜਿਵੇਂ ਕਿ ਪੰਜਾਬ ਰਾਜ 'ਤੇ ਲਾਗੂ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ, ਪੰਜਾਬ ਸਰਕਾਰ ਨੇ ਇੰਡੀਅਨ ਸਟੈਂਪ ਐਕਟ, 1899 ਦੀ ਅਨੁਸੂਚੀ 1-ਸੀ ਅਧੀਨ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ[49], ਇੱਕ *ਪ੍ਰਤੀਸ਼ਤ* ਦੀ ਦਰ ਨਾਲ ਬੁਨਿਆਦੀ ਢਾਂਚਾ ਵਿਕਾਸ ਫੀਸ[50] ਅਤੇ ਪੰਜਾਬ ਉਦਯੋਗਿਕ ਵਿਕਾਸ ਐਕਟ, 2002 ਦੀ ਧਾਰਾ 25 ਅਧੀਨ 0.25 *ਪ੍ਰਤੀਸ਼ਤ* ਦੀ ਦਰ ਨਾਲ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ[51] ਲਗਾਈ।

ਜੇ ਜ਼ਮੀਨ ਦੀ ਖਰੀਦ, ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀਆਂ ਸੜਕਾਂ ਜਾਂ ਇਮਾਰਤਾਂ ਦੀ ਉਸਾਰੀ ਦੇ ਉਦੇਸ਼ ਲਈ ਕੀਤੀ ਗਈ ਸੀ ਤਾਂ ਪੰਜਾਬ ਸਰਕਾਰ ਨੇ ਮਿਊਂਸਪਲ ਕਮੇਟੀ

---

49 ਐਸ ਆਈ ਸੀ ਨੇ ਨੋਟੀਫਿਕੇਸ਼ਨ ਨੰ 12 ਲੀਗ/2013 ਮਿਤੀ 6 ਫਰਵਰੀ 2013 ਰਾਹੀਂ ਲਗਾਇਆ

50 ਆਈ ਡੀ ਐਫ ਨੋਟੀਫਿਕੇਸ਼ਨ ਨੰ ਐਸ.ਓ.25/ਪੀ.ਏ.8/2002/ਐਸ.25/2015 ਮਿਤੀ 24 ਜੂਨ 2015 ਦੁਆਰਾ ਲਗਾਈ

51 ਐਸ ਆਈ ਡੀ ਐਫ ਨੋਟੀਫਿਕੇਸ਼ਨ ਨੰਬਰ ਐਸ.ਓ.33/ਪੀ.ਏ.8/2002/ਐਸ.25-ਏ/2021 ਮਿਤੀ 5 ਅਪ੍ਰੈਲ 2021 ਦੁਆਰਾ ਲਗਾਈ

ਦੁਆਰਾ ਜਾਂ ਉਸ ਦੇ ਹੱਕ ਵਿੱਚ ਜਾਂ ਉਸ ਦੇ ਹੱਕ ਵਿੱਚ ਕੀਤੀ ਗਈ ਵਿਕਰੀ ਦੇ ਵਿਲੇਖਾਂ 'ਤੇ ਅਸ਼ਟਾਮ ਡਿਊਟੀ[52] ਅਤੇ ਰਜਿਸਟ੍ਰੇਸ਼ਨ ਫੀਸ[53] ਦੀ ਛੋਟ ਦਿੱਤੀ ਸੀ। ਹਾਲਾਂਕਿ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਦੇ ਸਬੰਧ ਵਿੱਚ ਅਜਿਹੀ ਕੋਈ ਛੋਟ ਨਹੀਂ ਦਿੱਤੀ ਗਈ ਸੀ।

ਸਾਲ 2020-22 ਦੇ ਸਮੇਂ ਲਈ ਸਯੁੰਕਤ ਉਪ-ਰਜਿਸਟਰਾਰ, ਸਾਹਨੇਵਾਲ ਦੇ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਪੜਤਾਲ ਨੇ ਦਰਸਾਇਆ (ਅਗਸਤ 2022) ਕਿ ਸਯੁੰਕਤ ਉਪ-ਰਜਿਸਟਰਾਰ ਨੇ ਅਗਸਤ 2021 ਅਤ ਫਰਵਰੀ 2022 ਵਿਚਕਾਰ ਨਗਰ ਨਿਗਮ, ਲੁਧਿਆਣਾ ਦੇ ਨਾਂਅ 'ਤੇ ਅਚੱਲ ਜਾਇਦਾਦ ਦੀ ਵਿਕਰੀ ਦੇ 48 ਵਿਲੇਖ ਰਜਿਸਟਰ ਕੀਤੇ, ਜਿਨ੍ਹਾਂ ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ, ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਕੀਤੀ ਗਈ ਸੀ। ਲੇਖਾ ਪ੍ਰੀਖਿਆ ਦੁਆਰਾ ਨਗਰ ਨਿਗਮ, ਲੁਧਿਆਣਾ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਇਹ ਜ਼ਮੀਨਾਂ ਵਾਟਰ ਟਰੀਟਮੈਂਟ ਪਲਾਂਟ ਦੀ ਉਸਾਰੀ ਲਈ ਖਰੀਦੀਆਂ ਗਈਆਂ ਸਨ ਜੋ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਈ ਛੋਟ ਦਿੱਤੀ ਨੋਟੀਫਿਕੇਸ਼ਨਾਂ ਵਿੱਚ ਨਿਰਧਾਰਤ ਉਦੇਸ਼ਾਂ ਦੇ ਅਧੀਨ ਨਹੀਂ ਸਨ। ਇਸ ਲਈ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਤੋਂ ਇਲਾਵਾ ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਵਿੱਚ ਕੁੱਲ ₹ 2.76 ਕਰੋੜ ਦੀ ਛੋਟ ਅਨਿਯਮਿਤ ਸੀ (**ਅੰਤਿਕਾ** 4.4)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੁਲਾਈ 2023 ਅਤੇ ਅਗਸਤ 2023 ਦੇ ਵਿਚਕਾਰ) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਲੇਖਾ ਪ੍ਰੀਖਿਆ ਵਿੱਚ ਦਰਸਾਏ ਜਾਣ 'ਤੇ, ਸੰਯੁਕਤ ਉਪ-ਰਜਿਸਟਰਾਰ, ਸਾਹਨੇਵਾਲ ਨੇ ਜਵਾਬ ਦਿੱਤਾ (ਸਤੰਬਰ 2023) ਕਿ ਨਗਰ ਨਿਗਮ, ਲੁਧਿਆਣਾ ਨੂੰ ਨਾ ਜਮ੍ਹਾਂ ਕੀਤੀ ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ, ਇਹ ਸੂਚਿਤ ਕੀਤਾ ਗਿਆ (ਨਵੰਬਰ 2024) ਸੀ ਕਿ ਨਗਰ ਨਿਗਮ, ਲੁਧਿਆਣਾ ਤੋਂ ਵਸੂਲੀਆਂ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਸਨ।

**ਸਰਕਾਰ ਵਿਭਾਗ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦੇ ਸਕਦੀ ਹੈ ਕਿ ਡਿਊਟੀਆਂ ਅਤੇ ਫੀਸਾਂ ਤੋਂ ਛੋਟ ਸਿਰਫ ਉਹਨਾਂ ਉਦੇਸ਼ਾਂ ਲਈ ਦਿੱਤੀ ਜਾਂਦੀ ਹੈ ਜਿਨ੍ਹਾਂ ਤੇ ਸਰਕਾਰ ਦੁਆਰਾ ਛੋਟਾਂ ਦੀ ਇਜਾਜ਼ਤ ਦਿੱਤੀ ਗਈ ਹੈ।**

52 ਅਸ਼ਟਾਮ ਡਿਊਟੀ ਦੀ ਛੋਟ ਲਈ ਆਰਡਰ ਨੰ ਐਸ.ਓ.9/ਸੀ.ਏ.2/99/ਐਸ.9/81 ਮਿਤੀ 20 ਫਰਵਰੀ 1981

53 ਰਜਿਸਟ੍ਰੇਸ਼ਨ ਫੀਸ ਦੀ ਛੋਟ ਲਈ ਨੋਟੀਫਿਕੇਸ਼ਨ ਨੰ ਐਸ.ਓ.ਐਸ./ਸੀ.ਏ.16/9/85, 78 ਅਤੇ 79/ਏ.ਐਮ.ਡੀ./81 ਮਿਤੀ 20 ਫਰਵਰੀ 1981

## 4.11 ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ

***10 ਉਪ-ਰਜਿਸਟਰਾਰਾਂ/ਸਯੁੰਕਤ ਉਪ ਰਜਿਸਟਰਾਰਾਂ ਨੇ ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਕਾਰਨ 26 ਮਾਮਲਿਆਂ ਵਿੱਚ ₹ 1.95 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ ।***

ਪੰਜਾਬ ਸਟੈਂਪ (ਘੱਟ ਮੁੱਲ ਵਾਲੇ ਦਸਤਾਵੇਜਾਂ ਦੀ ਡੀਲਿੰਗ) ਨਿਯਮਾਵਲੀ 1983 ਦਾ ਨਿਯਮ 3-ਏ ਕਿਸੇ ਜ਼ਿਲ੍ਹੇ ਦੇ ਕੁਲੈਕਟਰ ਨੂੰ ਜ਼ਿਲ੍ਹੇ ਵਿੱਚ ਸਥਿਤ ਜ਼ਮੀਨ/ਜਾਇਦਾਦਾਂ ਦਾ ਘੱਟੋ ਘੱਟ ਬਾਜ਼ਾਰ ਮੁੱਲ, ਸਥਾਨ-ਵਾਰ ਅਤੇ ਸ਼੍ਰੇਣੀ-ਵਾਰ ਨਿਰਧਾਰਤ ਕਰਨ ਅਤੇ ਜਾਇਦਾਦ ਦੇ ਤਬਾਦਲੇ ਦੇ ਦਸਤਾਵੇਜਾਂ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣ ਦੇ ਉਦੇਸ਼ ਲਈ ਇਸਨੂੰ ਰਜਿਸਟਰਿੰਗ ਅਫਸਰ ਨੂੰ ਸੂਚਿਤ ਕਰਨ ਦਾ ਅਧਿਕਾਰ ਦਿੰਦਾ ਹੈ।

10 ਉਪ-ਰਜਿਸਟਰਾਰਾਂ/ਸਯੁੰਕਤ ਉਪ ਰਜਿਸਟਰਾਰਾਂ ਦੇ ਰਿਕਾਰਡ (ਜੂਨ 2022 ਅਤੇ ਮਾਰਚ 2023 ਦੇ ਵਿਚਕਾਰ) ਦੀ ਪੜਤਾਲ ਨੇ ਦਰਸਾਇਆ ਕਿ ਜਾਇਦਾਦਾਂ ਦੇ ਤਬਾਦਲੇ ਦੇ 26 ਵਿਲੇਖਾਂ[54] ਦੀ ਕੀਮਤ ₹ 32.98 ਕਰੋੜ ਸੀ ਅਤੇ ਖੇਤੀਬਾੜੀ ਜਾਇਦਾਦਾਂ ਦੀਆਂ ਦਰਾਂ ਲਾਗੂ ਕਰਕੇ ਰਜਿਸਟਰ ਕੀਤੇ ਗਏ ਸਨ, ਜਿਨ੍ਹਾਂ 'ਤੇ ₹ 1.34 ਕਰੋੜ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਈ ਗਈ ਸੀ। ਜਦੋਂਕਿ, ਰਜਿਸਟ੍ਰੇਸ਼ਨ ਦੇ ਸਮੇਂ ਇਨ੍ਹਾਂ ਜਾਇਦਾਦਾਂ ਦੀ ਸ਼੍ਰੇਣੀ ਰੈਵੀਨਿਊ ਰਿਪੋਰਟ ਅਨੁਸਾਰ ਰਿਹਾਇਸ਼ੀ/ਉਦਯੋਗਿਕ ਸੀ। ਇਸ ਲਈ, ਜਾਇਦਾਦਾਂ ਦੀ ਕੀਮਤ ₹ 70.62 ਕਰੋੜ ਹੋਣੀ ਲੋੜੀਂਦੀ ਸੀ ਅਤੇ ₹ 3.29 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਲਗਾਉਣੀ ਲੋੜੀਂਦੀ ਸੀ। ਜਾਇਦਾਦਾਂ ਦੇ ਗਲਤ ਵਰਗੀਕਰਣ ਦੇ ਨਤੀਜੇ ਵਜੋਂ ₹ 1.95 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ ਗਈ (**ਅੰਤਿਕਾ** 4.5)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਅਗਸਤ 2023 ਅਤੇ ਸਤੰਬਰ 2023 ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਦਰਸਾਏ ਜਾਣ ਤੇ, ਮਾਮਲੇ ਨੂੰ ਕੁਲੈਕਟਰ ਨੂੰ ਭੇਜਿਆ ਜਾ ਰਿਹਾ ਸੀ। ਉਪ-ਰਜਿਸਟਰਾਰ, ਬਠਿੰਡਾ ਨੇ ਦੱਸਿਆ (ਨਵੰਬਰ 2024) ਕਿ ਇਕ ਮਾਮਲੇ[55] ਵਿੱਚ ₹ 0.07 ਕਰੋੜ[56] ਦੀ ਵਸੂਲੀ, ਉਪ-ਰਜਿਸਟਰਾਰ, ਲੁਧਿਆਣਾ (ਪੱਛਮੀ) ਨੇ ਜਵਾਬ ਦਿੱਤਾ (ਨਵੰਬਰ 2024) ਕਿ 11 ਮਾਮਲਿਆਂ ਵਿੱਚ ਘੱਟ ਰਾਸ਼ੀ ਜਮ੍ਹਾਂ ਕਰਵਾਉਣ ਲਈ ਸੰਮਨ ਜਾਰੀ ਕੀਤੇ ਗਏ ਹਨ, ਸੰਯੁਕਤ ਉਪ-ਰਜਿਸਟਰਾਰ

---

[54] ਅੰਮ੍ਰਿਤਸਰ-II (3), ਬਨੂੜ (1), ਬਠਿੰਡਾ (1), ਡੇਰਾਬਸੀ (2), ਖੰਨਾ (2), ਖਰੜ (1), ਲੁਧਿਆਣਾ ਪੱਛਮੀ (11), ਲੁਧਿਆਣਾ ਦੱਖਣੀ-ਕੇਂਦਰੀ (2), ਮਾਜਰੀ (1) ਅਤੇ ਜ਼ੀਰਕਪੁਰ (2)

[55] ਡੀਡ 12825 ਮਿਤੀ 28.02.2022

[56] ਵਿਆਜ ਸਮੇਤ

ਅੰਮ੍ਰਿਤਸਰ-II ਨੇ ਜਵਾਬ ਦਿੱਤਾ ਕਿ (ਨਵੰਬਰ 2024) ਕਿ ਤਿੰਨ ਮਾਮਲਿਆਂ ਵਿੱਚ ਵਸੂਲੀ ਲਈ ਯਤਨ ਕੀਤੇ ਜਾ ਰਹੇ ਹਨ, ਤਿੰਨ ਉਪ-ਰਜਿਸਟਰਾਰਾਂ[57] ਨੇ ਜਵਾਬ ਦਿੱਤਾ (ਨਵੰਬਰ 2024) ਕਿ ਇੰਡੀਅਨ ਸਟੈਂਪ ਐਕਟ, ਦੀ ਧਾਰਾ 47-ਏ ਅਧੀਨ ਇਹ ਪੰਜ ਮਾਮਲੇ ਫੈਸਲੇ ਲਈ ਕੁਲੈਕਟਰ ਨੂੰ ਭੇਜੇ ਗਏ ਸਨ ਅਤੇ ਚਾਰ ਉਪ-ਰਜਿਸਟਰਾਰਾਂ[58], ਨੇ ਜਵਾਬ ਦਿੱਤਾ (ਨਵੰਬਰ 2024) ਕਿ ਛੇ ਮਾਮਲੇ ਧਾਰਾ 47-ਏ ਅਧੀਨ ਫੈਸਲੇ ਲਈ ਬਕਾਇਆ ਸਨ।

**ਸਰਕਾਰ ਵਿਭਾਗ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦੇ ਸਕਦੀ ਹੈ ਕਿ ਰਜਿਸਟ੍ਰੇਸ਼ਨ ਸਮੇਂ ਕਨਵੇਅੰਸ ਦੇ ਵਿਲੇਖਾਂ ਅਨੁਸਾਰ ਸਹੀ ਦਰਾਂ ਲਾਗੂ ਕੀਤੀਆਂ ਜਾਣ ਅਤੇ ਇਸ ਪੈਰ੍ਹੇ ਵਿੱਚ ਦਰਸਾਏ ਗਏ ਬਾਕੀ 25 ਮਾਮਲਿਆਂ ਵਿੱਚ ₹ 1.89 ਕਰੋੜ ਦੀ ਵਸੂਲੀ ਕੀਤੀ ਜਾਵੇ।**

## 4.12 'ਵੇਚਣ ਲਈ ਇਕਰਾਰਨਾਮੇ' 'ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ

***ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਜਾਇਦਾਦ ਦੇ ਕਬਜ਼ੇ ਦੀ ਸਪੁਰਦਗੀ ਦੇ ਸਬੂਤ ਦੇ ਕੇ 'ਵੇਚਣ ਲਈ ਇਕਰਾਰਨਾਮੇ' 'ਤੇ ₹ 1.11 ਕਰੋੜ ਦੀ ਘੱਟ ਅਸ਼ਟਾਮ ਡਿਊਟੀ ਅਤੇ ਫੀਸਾਂ ਲਗਾਈਆਂ।***

ਇੰਡੀਅਨ ਸਟੈਂਪ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 5(ਸੀ), ਜਿਵੇਂ ਕਿ ਪੰਜਾਬ ਰਾਜ ਤੇ ਲਾਗੂ ਹੁੰਦੀ ਹੈ, ਅਚੱਲ ਜਾਇਦਾਦ ਵੇਚਣ ਸਬੰਧੀ ਇਕਰਾਰਨਾਮੇ ਤੇ ₹ 4,000 ਦੀ ਅਸ਼ਟਾਮ ਡਿਊਟੀ ਲਗਾਉਂਦੀ ਹੈ। ਹਾਲਾਂਕਿ 'ਵੇਚਣ ਲਈ ਇਕਰਾਰਨਾਮੇ'[59] ਦੀ ਪਾਲਣਾ ਕੀਤੀ ਗਈ ਜਾਂ ਅਚੱਲ ਜਾਇਦਾਦ ਦੇ ਮਾਮਲੇ ਵਿੱਚ ਕਬਜੇ ਦੀ ਡਿਲੀਵਰੀ ਦਾ ਪ੍ਰਮਾਣ ਦਿੱਤਾ ਜਾਂਦਾ ਹੈ, ਤਾਂ ਅਨੁਸੂਚੀ ਦੀ ਐਂਟਰੀ 5(ਸੀ ਸੀ) ਵਿਵਸਥਾ ਕਰਦੀ ਹੈ ਕਿ ਓਹੀ ਅਸ਼ਟਾਮ ਡਿਊਟੀ ਲਾਗੂ ਹੋਵੇਗੀ ਜੋ ਕਿ ਅਨੁਸੂਚੀ 1-ਏ ਦੀ ਐਂਟਰੀ 23 ਦੇ ਅਨੁਸਾਰ ਹੋਰ ਕਨਵੇਅੰਸਿਜ਼[60] ਦੇ ਮਾਮਲੇ ਵਿੱਚ ਲਾਗੂ ਹੋਵੇਗੀ, ਅਜਿਹੇ ਇਕਰਾਰਨਾਮੇ ਦੀ ਪਾਲਣਾ ਵਿੱਚ ਕੀਤੇ ਗਏ ਕਨਵੇਅੰਸ ਦੇ ਐਕਸਿਕਿਊਸ਼ਨ ਦੇ ਸਮੇਂ ਲਗਾਣ ਵਾਲੀ ਡਿਊਟੀ ਸਮਾਯੋਜਨ ਦੇ ਅਧੀਨ ਹੈ। ਇਸ ਤੋਂ ਇਲਾਵਾ, ਪੰਜਾਬ ਸਟੈਂਪ (ਡਿਲਿੰਗ ਆਫ ਅੰਡਰਵੈਲਿਊਡ ਇੰਸਟਰੂਮੈਂਟਸ ਰੈਗੂਲੇਸ਼ਨਜ਼) ਰੂਲਜ਼, 1983 ਦੇ ਨਿਯਮ 3-ਏ ਦੇ ਨਾਲ ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ, ਅਸ਼ਟਾਮ ਡਿਊਟੀ ਜ਼ਿਲ੍ਹੇ ਦੇ ਕੁਲੈਕਟਰ ਦੁਆਰਾ ਨਿਰਧਾਰਤ ਜ਼ਮੀਨ ਜਾਂ ਜਾਇਦਾਦ ਦੇ ਘੱਟੋ-ਘੱਟ ਬਾਜ਼ਾਰ ਮੁੱਲ ਦੇ ਅਧੀਨ ਵਿਲੇਖ ਵਿੱਚ ਨਿਰਧਾਰਤ ਕਨਸੀਡ੍ਰੇਸ਼ਨ ਮੁੱਲ ਤੇ ਭੁਗਤਾਨਯੋਗ ਹੈ।

ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 78 ਰਾਜ ਸਰਕਾਰ ਨੂੰ ਦਸਤਾਵੇਜ਼ਾਂ ਦੀ ਰਜਿਸਟ੍ਰੇਸ਼ਨ ਲਈ ਫੀਸ ਨਿਰਧਾਰਿਤ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਸ਼ਕਤੀ ਦੀ ਵਰਤੋਂ ਕਰਦੇ ਹੋਏ, ਪੰਜਾਬ

---

57 ਬਨੂੜ, ਡੇਰਾਬਸੀ ਅਤੇ ਲੁਧਿਆਣਾ (ਦੱਖਣੀ ਕੇਂਦਰੀ)

58 ਖੰਨਾ, ਖਰੜ, ਮਾਜਰੀ ਅਤੇ ਜ਼ੀਰਕਪੁਰ

59 'ਵੇਚਣ ਲਈ ਇਕਰਾਰਨਾਮਾ' ਇਕ ਇਕਰਾਰਨਾਮਾ ਦਸਤਾਵੇਜ਼ ਹੈ ਜੋ ਭਵਿੱਖ ਦੀ ਮਿਤੀ ਤੇ ਕਿਸੇ ਜਾਇਦਾਦ ਦੀ ਮਾਲਕੀ ਦੇ ਤਬਾਦਲੇ ਲਈ ਕੀਮਤ ਸਮੇਤ ਨਿਯਮਾਂ ਅਤੇ ਸ਼ਰਤਾਂ ਦੀ ਰੂਪ-ਰੇਖਾ ਦਰਸਾਉਂਦਾ ਹੈ।

60 ਅਨੁਸੂਚੀ 1-ਏ ਦੀ ਐਂਟਰੀ 23 ਅਨੁਸਾਰ ਹੋਰ ਕਨਵੇਐਂਸ਼ਿਜ ਤੇ ਤਿੰਨ *ਪ੍ਰਤੀਸ਼ਤ* ਦੀ ਦਰ ਨਾਲ ਅਸ਼ਟਾਮ ਡਿਊਟੀ ਲਾਗੂ ਹੁੰਦੀ ਹੈ।

ਸਰਕਾਰ ਨੇ ਦਸਤਾਵੇਜ਼ ਦੇ ਮੁੱਲ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਰਜਿਸਟ੍ਰੇਸ਼ਨ ਫੀਸ ਨਿਰਧਾਰਿਤ ਕੀਤੀ ਹੈ, ਜੋ ਲਾਜ਼ਮੀ ਤੌਰ ਤੇ ਰਜਿਸਟਰ ਕੀਤੇ ਜਾਣ ਵਾਲੇ ਸਾਰੇ ਦਸਤਾਵੇਜ਼ਾਂ[61] ਤੇ ਘੱਟੋ-ਘੱਟ ₹ 50 ਅਤੇ ਵੱਧ-ਤੋਂ-ਵੱਧ ₹ 2 ਲੱਖ ਹਨ।

ਪੰਜਾਬ ਸਰਕਾਰ ਨੇ ਅਨੁਸੂਚੀ 1-ਏ ਦੀ ਐਂਟਰੀ 23 ਅਧੀਨ ਦੱਸੀ ਕਿਸੇ ਵੀ ਅਚੱਲ ਜਾਇਦਾਦ ਦੀ ਖਰੀਦ ਦੇ ਮੁੱਲ 'ਤੇ ਫਰਵਰੀ 2013 ਵਿੱਚ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ (ਐਸ ਆਈ ਸੀ) ਲਗਾਇਆ ਸੀ। ਇਸ ਤੋਂ ਇਲਾਵਾ, ਇਸ ਨੇ ਪੰਜਾਬ ਰਾਜ ਦੇ ਅੰਦਰ ਕਿਸੇ ਵੀ ਅਚੱਲ ਜਾਇਦਾਦ ਦੀ ਖਰੀਦ ਦੇ ਮੁੱਲ ਤੇ ਜੂਨ 2015 ਵਿੱਚ ਇਕ *ਪ੍ਰਤੀਸ਼ਤ* ਦੀ ਦਰ ਨਾਲ ਬੁਨਿਆਦੀ ਢਾਂਚਾ ਵਿਕਾਸ ਫੀਸ (ਆਈ ਡੀ ਐਫ) ਅਤੇ 5 ਅਪ੍ਰੈਲ 2021 ਤੋਂ 0.25 *ਪ੍ਰਤੀਸ਼ਤ* ਦੀ ਦਰ ਨਾਲ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ (ਐਸ ਆਈ ਡੀ ਐਫ) ਵੀ ਲਗਾਈ।

ਸਾਲ 2021-22 ਲਈ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਦੇ ਰਿਕਾਰਡ ਦੀ ਪੜਤਾਲ (ਫਰਵਰੀ 2023) ਨੇ ਦਰਸਾਇਆ ਕਿ ਅਪ੍ਰੈਲ 2021 ਅਤੇ ਮਾਰਚ 2022 ਦੇ ਵਿਚਕਾਰ ਦੋ ਡਿਵੈਲਪਰਾਂ ਦੇ ਹੱਕ ਵਿੱਚ ₹ 0.20 ਕਰੋੜ[62] ਦੀ ਅਸ਼ਟਾਮ ਡਿਊਟੀ ਅਤੇ ਫੀਸਾਂ ਲਗਾ ਕੇ 37 'ਵੇਚਣ ਦੇ ਇਕਰਾਰਨਾਮੇ' ਰਜਿਸਟਰ ਕੀਤੇ ਗਏ ਸਨ। ਇਨ੍ਹਾਂ ਇਕਰਾਰਨਾਮਿਆਂ ਵਿੱਚ, ਜਾਇਦਾਦਾਂ ਦੇ ਮਾਲਕਾਂ ਡਿਵੈਲਪਰਾਂ ਜਾਂ ਉਹਨਾਂ ਦੇ ਨਾਮਜ਼ਦ ਵਿਅਕਤੀਆਂ ਦੇ ਹੱਕ ਵਿੱਚ ਕਨਵੇਅੰਸ ਡੀਡਜ਼ ਨੂੰ ਰਜਿਸਟਰ ਕਰਨ ਲਈ ਪਾਬੰਦ ਹੁੰਦੇ ਹਨ ਅਤੇ ਸਹਿਮਤੀਸ਼ੁਦਾ ਅਤੇ ਨਕਦੀ ਬਦਲੇ ਡਿਵੈਲਪਰਾਂ ਨੂੰ ਜਾਇਦਾਦਾਂ ਦਾ ਭੌਤਿਕ ਕਬਜ਼ਾ ਸੌਂਪਦੇ ਹਨ ਅਤੇ ₹ 20.87 ਕਰੋੜ ਦੇ ਕਨਸੀਡ੍ਰੇਸ਼ਨ ਮੁੱਲ ਦੇ ਵਿਕਸਤ ਪਲਾਟਾਂ ਦੇ ਅਨੁਸੂਚੀ 1-ਏ ਦੀ ਐਂਟਰੀ 5(ਸੀ ਸੀ) ਦੀ ਵਿਵਸਥਾ ਦੇ ਅਨੁਸਾਰ, ਇਕਰਾਰਨਾਮਿਆਂ ਨੂੰ ₹ 20.87 ਕਰੋੜ[63] ਦੇ ਕਨਸੀਡ੍ਰੇਸ਼ਨ ਮੁੱਲ 'ਤੇ ₹ 1.31 ਕਰੋੜ[64] ਦੀ ਅਸ਼ਟਾਮ ਡਿਊਟੀ ਅਤੇ ਫੀਸਾਂ ਦੇ ਨਾਲ ਵਸੂਲਿਆ ਜਾਣਾ ਸੀ। ਹਾਲਾਂਕਿ, ਸੰਯੁਕਤ ਉਪ-ਰਜਿਸਟਰਾਰ ਨੇ ਇੰਡੀਅਨ ਸਟੈਂਪ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 5(ਸੀ) ਦੇ ਅਧੀਨ ਇਹਨਾਂ ਸਮਝੌਤਿਆਂ[65] ਨੂੰ ਕਵਰ ਕਰਕੇ ਹਰੇਕ ਮਾਮਲੇ ਵਿੱਚ ਹੋਰ ਫੀਸਾਂ ਲਗਾਉਣ ਤੋਂ ਇਲਾਵਾ ₹ 4,000 ਦੀ ਅਸ਼ਟਾਮ ਡਿਊਟੀ ਲਗਾਈ, ਨਤੀਜੇ ਵਜੋਂ ₹ 1.11 ਕਰੋੜ[66] ਦੀ ਅਸ਼ਟਾਮ ਡਿਊਟੀ ਅਤੇ ਫੀਸਾਂ ਘੱਟ ਲਗਾਈਆਂ (**ਅੰਤਿਕਾ** 4.6)।

---

61 ਅਚੱਲ ਜਾਇਦਾਦ ਦੇ ਲੀਜ਼ ਤੋਂ ਇਲਾਵਾ

62 ਅਸ਼ਟਾਮ ਡਿਊਟੀ: ₹ 1,48,000, ਰਜਿਸਟ੍ਰੇਸ਼ਨ ਫੀਸ: ₹ 18,11,347, ਆਈ ਡੀ ਐਫ: ₹ 16,864 ਅਤੇ ਐਸ ਆਈ ਡੀ ਐਫ: ₹ 444

63 ਕਨਸੀਡ੍ਰੇਸ਼ਨ ਮੁੱਲ ਉਸ ਜਾਇਦਾਦ ਦੇ ਕੁਲੈਕਟਰ ਮੁੱਲ ਤੋਂ ਵੱਧ ਹੁੰਦਾ ਹੈ ਜਿਸ ਨੂੰ ਵੇਚਿਆ ਜਾਣ ਲਈ ਸਹਿਮਤ ਕੀਤਾ ਜਾਂਦਾ ਹੈ ਜਾਂ ਸਹਿਮਤੀ/ਪ੍ਰਾਪਤ ਕਨਸੀਡ੍ਰੇਸ਼ਨ ਮੁੱਲ ਹੁੰਦਾ ਹੈ ਜਿਸ ਵਿੱਚ ਨਕਦ ਅਤੇ ਵਿਕਸਤ ਪਲਾਟਾਂ ਦਾ ਘੱਟੋ-ਘੱਟ ਕੁਲੈਕਟਰ ਮੁੱਲ ਸ਼ਾਮਲ ਹੁੰਦਾ ਹੈ।

64 ਅਸ਼ਟਾਮ ਡਿਊਟੀ: ₹ 62,61,824, ਰਜਿਸਟ੍ਰੇਸ਼ਨ ਫੀਸ: ₹ 20,83,967, ਐਸ ਆਈ ਸੀ: ₹ 20,87,273, ਆਈ ਡੀ ਐਫ: ₹ 20,87,273 ਅਤੇ ਐਸ ਆਈ ਡੀ ਐਫ: ₹ 5,21,821

65 19 ਫਰਵਰੀ 2024 ਨੂੰ ਲੇਖਾ ਪ੍ਰੀਖਿਆ ਦੁਆਰਾ ਪ੍ਰਾਪਤ ਕੀਤੀ ਅੱਪਡੇਟ ਸਥਿਤੀ ਅਨੁਸਾਰ, 'ਵੇਚਣ ਲਈ ਇਕਰਾਰਨਾਮੇ' ਦੀ ਪਾਲਣਾ ਵਿੱਚ 'ਕਨਵੇਅੰਸ ਡੀਡ' ਵੀ ਉਸ ਹੀ ਮਿਤੀ ਤੱਕ ਡਿਵੈਲਪਰਾਂ ਦੇ ਹੱਕ ਵਿੱਚ ਰਜਿਸਟਰ ਨਹੀਂ ਹਨ ਜਿਸ ਨਾਲ 'ਕਨਵੇਅੰਸ ਡੀਡਜ਼' ਦੀ ਰਜਿਸਟ੍ਰੇਸ਼ਨ ਦੇ ਸਮੇਂ ਅਸ਼ਟਾਮ ਡਿਊਟੀ ਅਤੇ ਫੀਸ ਪੂਰੀ ਹੋ ਸਕਦੀ ਸੀ।

66 ਅਸ਼ਟਾਮ ਡਿਊਟੀ: ₹ 61,13,824, ਰਜਿਸਟ੍ਰੇਸ਼ਨ ਫੀਸ: ₹ 2,72,620, ਐਸ ਆਈ ਸੀ: ₹ 20,87,273, ਆਈ ਡੀ ਐਫ: ₹ 20,70,409 ਅਤੇ ਐਸ ਆਈ ਡੀ ਐਫ: ₹ 5,21,377

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੁਲਾਈ 2023 ਅਤੇ ਮਈ 2024) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਦੱਸੇ ਜਾਣ 'ਤੇ, ਸੰਯੁਕਤ ਉਪ-ਰਜਿਸਟਰਾਰ ਨੇ ਜਵਾਬ ਦਿੱਤਾ (ਜਨਵਰੀ 2025) ਕਿ ਮਾਮਲਿਆਂ ਨੂੰ ਇੰਡੀਅਨ ਸਟੈਂਪ ਐਕਟ, 1899 ਦੀ ਧਾਰਾ 47-ਏ ਅਧੀਨ ਫੈਸਲਾ ਲਿਆ ਗਿਆ ਹੈ ਅਤੇ ਵਸੂਲੀ ਲਈ ਯਤਨ ਕੀਤੇ ਜਾ ਰਹੇ ਹਨ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਗਏ ਮਾਮਲਿਆਂ ਵਿੱਚ ₹ 1.11 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਫੀਸਾਂ ਵਸੂਲਣ ਦੇ ਨਿਰਦੇਸ਼ ਦੇ ਸਕਦੀ ਹੈ ਅਤੇ ਇਹ ਯਕੀਨੀ ਬਣਾ ਸਕਦੀ ਹੈ ਕਿ ਕਬਜ਼ੇ ਦੀ ਸਪੁਰਦਗੀ ਦੇ ਨਾਲ 'ਵੇਚਣ ਦੇ ਇਕਰਾਰਨਾਮੇ' ਨੂੰ ਲਾਗੂ ਕਰਨ ਸਮੇਂ ਲਗਾਈਆਂ ਜਾਣ ਵਾਲੀ ਡਿਊਟੀ ਅਤੇ ਫੀਸਾਂ ਸਹੀ ਢੰਗ ਨਾਲ ਲਗਾਈਆਂ ਜਾਣ।**

## 4.13 ਪਾਵਰ ਆਫ ਅਟਾਰਨੀ ਤੇ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ

***ਉਪ-ਰਜਿਸਟਰਾਰ, ਜਲੰਧਰ-I ਨੇ ਕਨਸੀਡ੍ਰੇਸ਼ਨ ਦੇ ਬਦਲੇ ਅਚੱਲ ਜਾਇਦਾਦ ਦੀ ਵਿਕਰੀ ਲਈ ਡਿਵੈਲਪਰ ਨੂੰ ਅਧਿਕਾਰਤ ਪਾਵਰ ਆਫ ਅਟਾਰਨੀ 'ਤੇ ₹ 0.90 ਕਰੋੜ ਦੀ ਅਸ਼ਟਾਮ ਡਿਊਟੀ, ਸਮਾਜਿਕ ਬੁਨਿਆਦੀ ਢਾਂਚਾ ਸੈੱਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਨਹੀਂ ਲਗਾਈ।***

ਭਾਰਤ ਦੀ ਸੁਪਰੀਮ ਕੋਰਟ ਨੇ 2009 ਦੀ ਐਸ ਐਲ ਪੀ (ਸੀ) ਨੰ. 13917 ਵਿੱਚ ਵੇਖਿਆ ਕਿ ਰੀਅਲ ਅਸਟੇਟ ਦੇ ਕਾਰੋਬਾਰੀਆਂ ਵਲੋਂ ਆਪਣੇ ਮੁਨਾਫੇ ਦਾ ਅੰਸ਼ ਵਧਾਉਣ ਲਈ ਅਨੇਕ ਅਸ਼ਟਾਮ ਡਿਊਟੀਆਂ/ਰਜਿਸਟ੍ਰੇਸ਼ਨ ਫੀਸਾਂ ਤੋਂ ਬਚਣ ਲਈ ਹੋਰ ਗੱਲਾਂ ਦੇ ਨਾਲ ਨਾਲ ਪਾਵਰ ਆਫ ਅਟਾਰਨੀ ਰਾਹੀਂ ਲੈਣ-ਦੇਣ ਦਾ ਸਹਾਰਾ ਲਿਆ ਸੀ। ਇਸ ਤੋਂ ਬਾਅਦ, ਪੰਜਾਬ ਸਰਕਾਰ ਨੇ ਇੰਡੀਅਨ ਸਟੈਂਪ ਐਕਟ, 1899 ਦੀ ਸ਼ਡਿਊਲ 1-ਏ ਦੀ ਐਂਟਰੀ 48(ਐਫ) ਵਿੱਚ ਸੋਧ (ਅਕਤੂਬਰ 2016) ਪੰਜਾਬ 'ਤੇ ਲਾਗੂ ਕੀਤੀ ਅਤੇ ਪਾਵਰ ਆਫ ਅਟਾਰਨੀ 'ਤੇ ਅਸ਼ਟਾਮ ਡਿਊਟੀ ਲਗਾਈ ਜੋ ਕਿ ਕਨਵੇਅੰਸਿਜ਼ (ਐਂਟਰੀ 23) ਦੀ ਦਰ[67] 'ਤੇ ਲਾਗੂ ਹੁੰਦੀ ਹੈ, ਜਦੋਂ ਪਾਵਰ ਆਫ ਅਟਾਰਨੀ ਕਨਸੀਡ੍ਰੇਸ਼ਨ ਲਈ ਦਿੱਤੀ ਗਈ ਸੀ ਅਤੇ ਅਟਾਰਨੀ ਨੂੰ ਕਿਸੇ ਵੀ ਅਚੱਲ ਜਾਇਦਾਦ ਨੂੰ ਵੇਚਣ ਦਾ ਅਧਿਕਾਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਇਕ *ਪ੍ਰਤੀਸ਼ਤ* ਦੀ ਦਰ ਨਾਲ ਸਮਾਜਿਕ ਬੁਨਿਆਦੀ ਢਾਂਚਾ ਸੈੱਸ (ਐਸ ਆਈ ਸੀ), ਇਕ *ਪ੍ਰਤੀਸ਼ਤ* ਦੀ ਦਰ ਨਾਲ ਬੁਨਿਆਦੀ ਢਾਂਚਾ ਵਿਕਾਸ ਫੀਸ (ਆਈ ਡੀ ਐਫ) ਅਤੇ ਮੁੱਲ ਜਾਂ ਕਨਸੀਡ੍ਰੇਸ਼ਨ ਦੀ ਰਾਸ਼ੀ 'ਤੇ 0.25 *ਪ੍ਰਤੀਸ਼ਤ* ਦੀ ਦਰ ਨਾਲ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ (ਐਸ ਆਈ ਡੀ ਐਫ) ਲਗਾਉਣਯੋਗ ਸੀ।

ਸਾਲ 2021-22 ਲਈ ਉਪ-ਰਜਿਸਟਰਾਰ, ਜਲੰਧਰ-1 (ਅਪ੍ਰੈਲ 2022) ਦੇ ਰਿਕਾਰਡ ਦੀ ਪੜਤਾਲ ਨੇ ਦਰਸਾਇਆ ਕਿ ਸੰਯੁਕਤ ਵਿਕਾਸ ਇਕਰਾਰਨਾਮੇ[68] ਨੂੰ ਜਾਰੀ ਰੱਖਦੇ ਹੋਏ ਜ਼ਮੀਨ

---

[67] ਪੰਜ *ਪ੍ਰਤੀਸ਼ਤ*

[68] ਡੀਡ ਨੰ 2819 ਮਿਤੀ 28 ਮਾਰਚ 2018

ਮਾਲਕ ਅਤੇ ਡਿਵੈਲਪਰ ਵਿਚਕਾਰ 1 ਫਰਵਰੀ 2022 ਨੂੰ ਇਕਰਾਰਨਾਮੇ[69] ਦੇ ਨਾਲ ਇੱਕ ਪਾਵਰ ਆਫ ਅਟਾਰਨੀ[70] ਐਗਜ਼ੀਕਿਊਟ ਕੀਤੀ ਗਈ ਸੀ, ਜਿੱਥੇ ਜ਼ਮੀਨ ਮਾਲਕ ਨੇ ਡਿਵੈਲਪਰ ਨੂੰ ਆਪਣੀ 69 ਮਰਲੇ ਅਤੇ 50 ਵਰਗ ਫੁੱਟ ਦੀ ਜ਼ਮੀਨ ਤੇ ਪ੍ਰੋਜੈਕਟ ਵਿਕਸਤ ਕਰਨ ਦੇ ਪੂਰੇ ਅਧਿਕਾਰ ਦਿੱਤੇ ਸਨ। ਜਿਵੇਂ ਕਿ ਜ਼ਮੀਨ ਮਾਲਕ ਦੁਆਰਾ ਸਹਿਮਤੀ ਦਿੱਤੀ ਗਈ ਸੀ, ਡਿਵੈਲਪਰ ਨੂੰ ਬਿਲਟ-ਅੱਪ ਵਿਕਰੀਯੋਗ ਖੇਤਰ ਦੇ ਸੰਭਾਵਿਤ ਖਰੀਦਦਾਰਾਂ ਦੇ ਨਾਮ ਤੇ ਕਬਜ਼ਾ ਰੱਖਣ, ਕਬਜ਼ਾ ਬਣਾਉਣ, ਜਾਇਦਾਦ ਦੀ ਸਾਂਭ-ਸੰਭਾਲ ਕਰਨ ਅਤੇ ਵਿਕਰੀ ਦੇ ਡੀਡਜ਼ ਨੂੰ ਲਾਗੂ ਕਰਨ ਲਈ ਅਧਿਕਾਰਤ ਕੀਤਾ ਗਿਆ। ਇਸ ਸੌਦੇ ਵਿੱਚ, ਜ਼ਮੀਨ ਮਾਲਕ ਨੂੰ ਕਨਸੀਡ੍ਰੇਸ਼ਨ ਵਜੋਂ ₹ 12.40 ਕਰੋੜ ਮਿਲੇ। ਜ਼ਮੀਨ ਮਾਲਕ ਵੱਲੋਂ ਅਚੱਲ ਜਾਇਦਾਦ ਵੇਚਣ ਲਈ ਅਟਾਰਨੀ ਨੂੰ ਅਧਿਕਾਰਤ ਕਰਨ ਲਈ ਪਾਵਰ ਆਫ ਅਟਾਰਨੀ ਹੋਣ ਦੇ ਨਾਤੇ, ਰਜਿਸਟਰਿੰਗ ਅਥਾਰਟੀ ਨੂੰ ₹ 0.90 ਕਰੋੜ ਦੀ ਅਸ਼ਟਾਮ ਡਿਊਟੀ, ਐਸ ਆਈ ਸੀ, ਆਈ ਡੀ ਐਫ ਅਤੇ ਐਸ ਆਈ ਡੀ ਐਫ ਲਗਾਉਣ ਦੀ ਲੋੜ ਸੀ। ਹਾਲਾਂਕਿ, ਪਾਵਰ ਆਫ ਅਟਾਰਨੀ ਨੂੰ ਸਿਰਫ ₹ 2,000 ਦੀ ਅਸ਼ਟਾਮ ਡਿਊਟੀ ਲਗਾ ਕੇ ਰਜਿਸਟਰ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ₹ 0.90 ਕਰੋੜ (**ਅੰਤਿਕਾ** 4.7) ਦੀ ਅਸ਼ਟਾਮ ਡਿਊਟੀ, ਐਸ ਆਈ ਸੀ, ਆਈ ਡੀ ਐਫ ਅਤੇ ਐਸ ਆਈ ਡੀ ਐਫ ਘੱਟ ਲਗਾਈ ਗਈ ।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੂਨ 2023 ਅਤੇ ਅਗਸਤ 2023) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਦੱਸੇ ਜਾਣੇ ਤੇ ਉਪ-ਰਜਿਸਟਰਾਰ ਨੇ ਜਵਾਬ ਦਿੱਤਾ (ਅਗਸਤ 2023 ਅਤੇ ਨਵੰਬਰ 2024) ਕਿ ਮਾਮਲੇ ਨੂੰ ਇੰਡੀਅਨ ਸਟੈਂਪ ਐਕਟ, 1899 ਦੀ ਧਾਰਾ 47-ਏ ਅਧੀਨ ਫੈਸਲੇ ਲਈ ਭੇਜਿਆ ਗਿਆ ਸੀ।

**ਸਰਕਾਰ ਵਿਭਾਗ ਨੂੰ ਨਿਰਦੇਸ਼ ਦੇ ਸਕਦੀ ਹੈ ਕਿ ਉਹ ਇਸ ਪੈਰ੍ਹਾ ਵਿੱਚ ਦੱਸੇ ਗਏ ਪਾਵਰ ਆਫ ਅਟਾਰਨੀ ਦੇ ਸਬੰਧ ਵਿੱਚ ਗਲਤੀ ਲਈ ਜਿੰਮੇਵਾਰੀ ਤੈਅ ਕਰਨ ਅਤੇ ₹ 0.90 ਕਰੋੜ ਦੀ ਅਸ਼ਟਾਮ ਡਿਊਟੀ, ਐਸ ਆਈ ਸੀ, ਆਈ ਡੀ ਐਫ ਅਤੇ ਐਸ ਆਈ ਡੀ ਐਫ ਦੀ ਵਸੂਲੀ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਅਜਿਹੇ ਮਾਮਲਿਆਂ ਵਿੱਚ ਰਜਿਸਟ੍ਰੇਸ਼ਨ ਦੇ ਸਮੇਂ ਲਾਗੂ ਲੈਵੀਜ਼ ਨਿਰੰਤਰ ਤੌਰ 'ਤੇ ਲਗਾਈਆਂ ਜਾਣ।**

## 4.14 ਜਾਇਦਾਦਾਂ ਦੇ ਘੱਟ ਮੁਲਾਂਕਣ ਕਾਰਨ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਉਣਾ

***ਪੰਜ ਮਾਮਲਿਆਂ ਵਿੱਚ ਦੋ ਉਪ-ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਨੇ ਜਾਇਦਾਦਾਂ ਦਾ ਮੁੱਲ ਘਟਾਇਆ ਅਤੇ ₹ 0.25 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ।***

ਪੰਜਾਬ ਸਟੈਂਪ (ਘੱਟ ਮੁੱਲ ਵਾਲੇ ਵਿਲੇਖਾਂ ਦੀ ਡੀਲਿੰਗ) ਨਿਯਮ, 1983 ਦਾ ਨਿਯਮ 3-ਏ ਕਿਸੇ ਜ਼ਿਲ੍ਹੇ ਦੇ ਕੁਲੈਕਟਰ ਨੂੰ ਜ਼ਿਲ੍ਹੇ ਵਿੱਚ ਸਥਿਤ ਜ਼ਮੀਨ/ਜਾਇਦਾਦਾਂ ਦਾ ਘੱਟੋ ਘੱਟ ਬਾਜ਼ਾਰ ਮੁੱਲ,

[69] ਡੀਡ ਨੰ 1529 ਮਿਤੀ 1 ਫਰਵਰੀ 2022

[70] ਡੀਡ ਨੰ 1530 ਮਿਤੀ 1 ਫਰਵਰੀ 2022

ਸਥਾਨ-ਵਾਰ ਅਤੇ ਸ਼੍ਰੇਣੀ-ਵਾਰ ਨਿਰਧਾਰਤ ਕਰਨ ਅਤੇ ਜਾਇਦਾਦ ਦੇ ਤਬਾਦਲੇ ਦੇ ਵਿਲੇਖਾਂ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾਉਣ ਦੇ ਉਦੇਸ਼ ਲਈ ਰਜਿਸਟਰਿੰਗ ਅਫਸਰ (ਅਫਸਰਾਂ) ਨੂੰ ਸੂਚਿਤ ਕਰਨ ਦਾ ਅਧਿਕਾਰ ਦਿੰਦਾ ਹੈ।

ਦੋ ਉਪ ਰਜਿਸਟਰਾਰਾਂ/ਸੰਯੁਕਤ ਉਪ-ਰਜਿਸਟਰਾਰਾਂ ਦੇ ਰਿਕਾਰਡ ਦੀ ਪੜਤਾਲ (ਅਗਸਤ 2022 ਅਤੇ ਜਨਵਰੀ 2023 ਦੇ ਵਿਚਕਾਰ) ਨੇ ਦਰਸਾਇਆ ਕਿ ਰਜਿਸਟ੍ਰੇਸ਼ਨਾਂ ਦੇ ਸਮੇਂ ਜਾਇਦਾਦਾਂ ਦੇ ਤਬਾਦਲੇ ਦੇ ਪੰਜ ਵਿਲੇਖਾਂ[71] ਦੀ ਕੀਮਤ ₹ 6.68 ਕਰੋੜ ਸੀ, ਜਿਸ 'ਤੇ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ₹ 0.53 ਕਰੋੜ ਲਗਾਈ ਗਈ ਸੀ।

ਹਾਲਾਂਕਿ, ਰਜਿਸਟਰਡ ਜਾਇਦਾਦਾਂ ਅਜਿਹੀਆਂ ਥਾਵਾਂ ਤੇ ਸਨ ਜਿਨ੍ਹਾਂ ਲਈ ਰੇਟ ਸੂਚੀ ਵਿੱਚ ਉੱਚੀਆਂ ਦਰਾਂ ਨਿਰਧਾਰਤ ਕੀਤੀਆਂ ਗਈਆਂ ਸਨ। ਇਸ ਅਨੁਸਾਰ, ਜਾਇਦਾਦਾਂ ਦੇ ਤਬਾਦਲੇ ਦੇ ਵਿਲੇਖਾਂ ਦੀ ਕੀਮਤ ₹ 9.78 ਕਰੋੜ ਹੋਣੀ ਚਾਹੀਦੀ ਸੀ ਜਿਸ ਉੱਤੇ ₹ 0.78 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਫੀਸ ਲੱਗਣੀ ਸੀ। ਜਾਇਦਾਦਾਂ ਦੇ ਘੱਟ ਮੁਲਾਂਕਣ ਦੇ ਨਤੀਜੇ ਵਜੋਂ ₹ 0.25 ਕਰੋੜ ਦੀ ਅਸ਼ਟਾਮ ਡਿਊਟੀ, ਰਜਿਸਟ੍ਰੇਸ਼ਨ ਫੀਸ, ਬੁਨਿਆਦੀ ਢਾਂਚਾ ਵਿਕਾਸ ਫੀਸ ਅਤੇ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ ਘੱਟ ਲਗਾਈ ਗਈ (**ਅੰਤਿਕਾ** 4.8)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਸਤੰਬਰ 2023 ਅਤੇ ਨਵੰਬਰ 2023) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਦਰਸਾਏ ਜਾਣ ਤੇ ਉਪ-ਰਜਿਸਟਰਾਰ, ਬਨੂੜ ਨੇ ਜਵਾਬ ਦਿੱਤਾ (ਨਵੰਬਰ 2024) ਕਿ ਦਰਸਾਏ ਗਏ ਤਿੰਨ ਮਾਮਲੇ[72] ਇੰਡੀਅਨ ਸਟੈਂਪ ਐਕਟ ਦੀ ਧਾਰਾ 47-ਏ ਅਧੀਨ ਕੁਲੈਕਟਰ ਨੂੰ ਭੇਜੇ ਗਏ ਹਨ। ਉਪ-ਰਜਿਸਟਰਾਰ, ਹੁਸ਼ਿਆਰਪੁਰ ਨੇ ਸੂਚਿਤ ਕੀਤਾ (ਨਵੰਬਰ 2024) ਕਿ ਇੱਕ ਮਾਮਲੇ ਵਿੱਚ ਵਿਆਜ ਸਮੇਤ ₹ 7.56 ਲੱਖ[73] ਦੀ ਵਸੂਲੀ ਅਤੇ ਕਿਹਾ ਕਿ ਇੱਕ ਹੋਰ ਮਾਮਲੇ[74] ਵਿੱਚ ਇੰਡੀਅਨ ਸਟੈਂਪ ਐਕਟ ਦੀ ਧਾਰਾ 47-ਏ ਅਧੀਨ ਫੈਸਲਾ ਬਕਾਇਆ ਸੀ।

**ਸਰਕਾਰ ਵਿਭਾਗ ਨੂੰ ਨਿਰਦੇਸ਼ ਦੇ ਸਕਦੀ ਹੈ ਕਿ ਉਹ ਇਸ ਪੈਰ੍ਹਾ ਵਿੱਚ ਦਰਸਾਏ ਗਏ ਬਕਾਇਆ ਚਾਰ ਮਾਮਲਿਆਂ ਵਿੱਚ ₹ 0.18 ਕਰੋੜ ਦੀਆਂ ਵਸੂਲੀਆਂ ਕਰੇ ਅਤੇ ਡਿਊਟੀ ਘੱਟ ਲਗਾਉਣ ਲਈ ਸਬੰਧਤ ਰਜਿਸਟਰਿੰਗ ਅਥਾਰਟੀਆਂ ਦੀ ਜ਼ਿੰਮੇਵਾਰੀ ਤੈਅ ਕਰੇ।**

---

71 ਬਨੂੜ (3) ਅਤੇ ਹੁਸ਼ਿਆਰਪੁਰ (2)

72 ਡੀਡ ਨੰ. 73 ਮਿਤੀ 15.06.2020, ਡੀਡ ਨੰ. 125 ਮਿਤੀ 06.05.2021 ਅਤੇ ਡੀਡ ਨੰ. 1122 ਮਿਤੀ 04.01.2022

73 ਡੀਡ ਨੰ. 1803 ਮਿਤੀ 06.07.2021 (ਇਤਰਾਜ ਦੀ ਰਾਸ਼ੀ ₹ 6,09,988 ਜਮ੍ਹਾਂ ਵਿਆਜ ₹ 1,46,400)

74 ਡੀਡ ਨੰ. 4313 ਮਿਤੀ 21.12.2021

## 4.15 ਲੀਜ਼ ਡੀਡ 'ਤੇ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਉਣਾ

***ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਦੋ ਲੀਜ਼ ਇਕਰਾਰਨਾਮਿਆਂ ਉੱਤੇ ₹ 0.17 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਈ।***

ਰਜਿਸਟ੍ਰੇਸ਼ਨ ਐਕਟ, 1908 ਦੀ ਧਾਰਾ 17(ਡੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਾਲ ਦਰ ਸਾਲ, ਜਾਂ ਇੱਕ ਸਾਲ ਤੋਂ ਵੱਧ ਦੀ ਮਿਆਦ ਲਈ, ਜਾਂ ਸਾਲਾਨਾ ਕਿਰਾਇਆ ਰਾਖਵਾਂ ਕਰਨ ਲਈ ਅਚੱਲ ਜਾਇਦਾਦ ਦੀ ਲੀਜ਼ ਲਾਜ਼ਮੀ ਤੌਰ 'ਤੇ ਰਜਿਸਟਰ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਸਰਕਾਰ ਨੇ ਲੀਜ਼ ਇਕਰਾਰਨਾਮਿਆਂ ਦੀ ਰਜਿਸਟ੍ਰੇਸ਼ਨ 'ਤੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਵੱਧ ਤੋਂ ਵੱਧ ਦੋ ਲੱਖ ਰੁਪਏ ਰਜਿਸਟ੍ਰੇਸ਼ਨ ਫੀਸ ਨਿਰਧਾਰਤ[75] ਕੀਤੀ।

ਇਸ ਤੋਂ ਇਲਾਵਾ, ਇੰਡੀਅਨ ਸਟੈਂਪ ਐਕਟ, 1899 ਦੀ ਅਨੁਸੂਚੀ 1-ਏ ਦੀ ਐਂਟਰੀ 35, ਜਿਵੇਂ ਕਿ ਪੰਜਾਬ ਰਾਜ 'ਤੇ ਲਾਗੂ ਹੁੰਦੀ ਹੈ, ਲੀਜ਼ ਦੀ ਮਿਆਦ, ਮੁੱਦਰਾ ਦੀ ਪੇਸ਼ਗੀ ਅਤੇ ਰਾਖਵੇਂ ਔਸਤ ਸਲਾਨਾ ਕਿਰਾਏ ਦੀ ਰਾਸ਼ੀ ਦੇ ਅਧਾਰ 'ਤੇ ਲੀਜ਼ ਦੇ ਦਸਤਾਵੇਜਾਂ 'ਤੇ ਨਿਰਧਾਰਤ ਦਰਾਂ[76] 'ਤੇ ਅਸ਼ਟਾਮ ਡਿਊਟੀ ਲਗਾਉਣ ਦੀ ਵਿਵਸਥਾ ਕਰਦੀ ਹੈ।

ਸਾਲ 2021-22 ਲਈ ਸੰਯੁਕਤ ਉਪ-ਰਜਿਸਟਰਾਰ, ਮਾਜਰੀ ਦੇ ਰਿਕਾਰਡ ਦੀ ਪੜਤਾਲ (ਫਰਵਰੀ 2023) ਨੇ ਦਰਸਾਇਆ ਕਿ 33 ਸਾਲਾਂ ਦੇ ਮਿਆਦ ਵਾਲੀ ਲੀਜ਼[77] ਦੇ ਇੱਕ ਵਿਲੇਖ ਨੂੰ ₹ 0.02 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਲਗਾ ਕੇ ਰਜਿਸਟਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ, ₹ 0.19 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ₹ 1.41 ਕਰੋੜ ਦੇ ਸਾਲਾਨਾ ਔਸਤਨ ਕਿਰਾਏ ਦੇ ਚਾਰ ਗੁਣਾ[78] ਦੇ ਬਰਾਬਰ ਮੁੱਲ ਤੇ ਵਸੂਲਣਯੋਗ ਸੀ। ਇਸ ਗਲਤੀ ਦੇ ਨਤੀਜੇ ਵਜੋਂ ₹ 0.17 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਘੱਟ ਲਗਾਈ ਗਈ (**ਅੰਤਿਕਾ** 4.9)।

ਇਸ ਮਾਮਲੇ ਦੀ ਸੂਚਨਾ ਸਰਕਾਰ ਅਤੇ ਵਿਭਾਗ (ਜੂਨ 2023 ਅਤੇ ਅਗਸਤ 2023) ਨੂੰ ਦਿੱਤੀ ਗਈ ਸੀ; ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ (ਜਨਵਰੀ 2025)। ਹਾਲਾਂਕਿ, ਧਿਆਨ

---

75 ਨੋਟੀਫਿਕੇਸ਼ਨ ਨੰ. ਐਸ ਓ 90/ਸੀ ਏ 16/1908/ਐਸ ਐਸ 78 ਅਤੇ 79/2012 ਮਿਤੀ 23 ਅਕਤੂਬਰ 2012

76 ਲੀਜ਼ ਇਕਰਾਰਨਾਮਿਆਂ 'ਤੇ ਅਸ਼ਟਾਮ ਡਿਊਟੀ ਦੀ ਦਰ:

| ਲੀਜ਼ ਦੀ ਮਿਆਦ | ਅਸ਼ਟਾਮ ਡਿਊਟੀ ਦੀ ਦਰ | ਰਾਸ਼ੀ ਜਿਸ 'ਤੇ ਭੁਗਤਾਨ ਯੋਗ ਹੈ |
|---|---|---|
| ਇੱਕ ਸਾਲ ਤੋਂ ਘੱਟ | ਅੱਠ# *ਪ੍ਰਤੀਸ਼ਤ* | ਲੀਜ਼ ਅਧੀਨ ਭੁਗਤਾਨ ਯੋਗ ਪੂਰੀ ਰਾਸ਼ੀ |
| ਇੱਕ ਸਾਲ ਤੋਂ ਪੰਜ ਸਾਲ | ਅੱਠ# *ਪ੍ਰਤੀਸ਼ਤ* | ਔਸਤ ਸਾਲਾਨਾ ਕਿਰਾਇਆ |
| ਪੰਜ ਸਾਲ ਤੋਂ ਦਸ ਸਾਲ | ਤਿੰਨ *ਪ੍ਰਤੀਸ਼ਤ* | ਔਸਤ ਸਾਲਾਨਾ ਕਿਰਾਇਆ |
| ਦਸ ਸਾਲ ਤੋਂ 20 ਸਾਲ | ਤਿੰਨ *ਪ੍ਰਤੀਸ਼ਤ* | ਔਸਤ ਸਾਲਾਨਾ ਕਿਰਾਇਆ ਤੋਂ ਦੁੱਗਣਾ |
| 20 ਸਾਲ ਤੋਂ 30 ਸਾਲ | ਤਿੰਨ *ਪ੍ਰਤੀਸ਼ਤ* | ਔਸਤ ਸਾਲਾਨਾ ਕਿਰਾਇਆ ਤੋਂ ਤਿੰਨ ਗੁਣਾ |
| 30 ਸਾਲ ਤੋਂ 100 ਸਾਲ | ਤਿੰਨ *ਪ੍ਰਤੀਸ਼ਤ* | ਔਸਤ ਸਾਲਾਨਾ ਕਿਰਾਇਆ ਤੋਂ ਚਾਰ ਗੁਣਾ |

# ਪੰਜਾਬ ਸਰਕਾਰ ਨੇ ਲੀਜ਼ ਡੀਡ ਤੇ ਅਸ਼ਟਾਮ ਡਿਊਟੀ ਦੀ ਦਰ (30 ਜਨਵਰੀ 2019) ਨੂੰ ਔਸਤ ਸਾਲਾਨਾ ਕਿਰਾਏ ਦੇ ਚਾਰ *ਪ੍ਰਤੀਸ਼ਤ* ਤੋਂ ਵਧਾ ਕੇ ਅੱਠ *ਪ੍ਰਤੀਸ਼ਤ* ਕਰ ਦਿੱਤੀ, ਜਿੱਥੇ ਲੀਜ਼ ਪੰਜ ਸਾਲ ਤੱਕ ਦੀ ਮਿਆਦ ਲਈ ਹੈ।

77 ਡੀਡ ਨੰ. 5589 ਮਿਤੀ 21.03.2022

78 ₹ 1,40,78,792 x 4 = ₹ 5,63,15,168

ਵਿੱਚ ਦਿਵਾਉਣ ਜਾਣ 'ਤੇ, ਸੰਯੁਕਤ ਉਪ-ਰਜਿਸਟਰਾਰ, ਮਾਜਰੀ ਨੇ ਜਵਾਬ ਦਿੱਤਾ (ਦਸੰਬਰ 2024) ਕਿ ਮਾਮਲੇ ਨੂੰ ਇੰਡੀਅਨ ਸਟੈਂਪ ਐਕਟ, 1899 ਦੀ ਧਾਰਾ 47-ਏ ਅਧੀਨ ਫੈਸਲੇ ਲਈ ਕੁਲੈਕਟਰ ਨੂੰ ਭੇਜਿਆ ਗਿਆ ਹੈ।

**ਸਰਕਾਰ ਵਿਭਾਗ ਨੂੰ ਇਸ ਪੈਰ੍ਹਾ ਵਿੱਚ ਦਰਸਾਏ ਗਏ ਲੀਜ਼ ਦੇ ਦਸਤਾਵੇਜ਼ ਦੇ ਸਬੰਧ ਵਿੱਚ ₹ 0.17 ਕਰੋੜ ਦੀ ਅਸ਼ਟਾਮ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਵਸੂਲਣ ਦਾ ਨਿਰਦੇਸ਼ ਦੇ ਸਕਦੀ ਹੈ।**



**ਚੰਡੀਗੜ੍ਹ** **(ਨਾਜ਼ਲੀ ਜੇ. ਸ਼ਾਇਨ)**

**ਮਿਤੀ 17 ਸਤੰਬਰ 2025** **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਪ੍ਰਤੀ ਹਸਤਾਖਰ**



**(ਕੇ ਸੰਜੇ ਮੂਰਤੀ)**

**ਨਵੀਂ ਦਿੱਲੀ**

**ਮਿਤੀ 30 ਸਤੰਬਰ 2025** **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

# ਅੰਤਿਕਾ 1.1

*(ਸਾਰਣੀ 1.3 ਦੇ ਹਵਾਲੇ ਵਿੱਚ)*

## ਸਾਰਣੀ 1.3 ਦੇ ਲੜੀ ਨੰ. 12 ਤੇ 'ਹੋਰ' ਵਿੱਚ ਸ਼ਾਮਲ ਗੈਰ-ਕਰ ਰੈਵੀਨਿਊ ਦੀਆਂ ਮੱਦਾਂ ਅਧੀਨ ਪ੍ਰਾਪਤੀਆਂ

| ਲੜੀ ਨੰ. | ਰੈਵੀਨਿਊ ਦੀ ਮੱਦ | ਪ੍ਰਾਪਤੀ (₹ ਕਰੋੜ ਵਿੱਚ ) | | 2021-22 ਦੇ ਦੌਰਾਨ *ਪ੍ਰਤੀਸ਼ਤ** ਵਾਧਾ (+) ਜਾਂ ਘਾਟਾ (-) | |
|---|---|---|---|---|---|
| | | 2021-22 | 2022-23 | | |
| 1 | 0050-ਲਾਭਅੰਸ਼ ਅਤੇ ਲਾਭ | 6.66 | 3.11 | - | 53.30 |
| 2 | 0051-ਪਬਲਿਕ ਸਰਵਿਸ ਕਮਿਸ਼ਨ | 30.19 | 32.40 | + | 7.32 |
| 3 | 0056- ਜੇਲ੍ਹਾਂ | 2.07 | 2.74 | + | 32.37 |
| 4 | 0057-ਸਪਲਾਈਜ਼ ਅਤੇ ਡਿਸਪੋਜ਼ਲਜ਼ | 0.13 | 0.07 | - | 46.15 |
| 5 | 0058-ਸਟੇਸ਼ਨਰੀ ਅਤੇ ਪ੍ਰਿੰਟਿੰਗ | 3.20 | 0.77 | - | 75.94 |
| 6 | 0071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭਾਂ ਲਈ ਯੋਗਦਾਨ ਅਤੇ ਵਸੂਲੀ | 148.35 | 159.42 | + | 7.46 |
| 7 | 0211-ਪਰਿਵਾਰ ਭਲਾਈ | 0.03 | 0.20 | + | 566.67 |
| 8 | 0215-ਜਲ ਸਪਲਾਈ ਅਤੇ ਸੈਨੀਟੇਸ਼ਨ | 1.09 | 5.87 | + | 438.53 |
| 9 | 0216- ਮਕਾਨ ਉਸਾਰੀ | 10.03 | 14.94 | + | 48.95 |
| 10 | 0217-ਸ਼ਹਿਰੀ ਵਿਕਾਸ | 92.52 | 134.12 | + | 44.96 |
| 11 | 0220-ਸੂਚਨਾ ਅਤੇ ਪ੍ਰਚਾਰ | 0.07 | 0.03 | - | 57.14 |
| 12 | 0230-ਕਿਰਤ ਅਤੇ ਰੁਜ਼ਗਾਰ | 39.87 | 34.94 | - | 12.37 |
| 13 | 0235-ਸਮਾਜਿਕ ਸੁੱਰਖਿਆ ਅਤੇ ਭਲਾਈ | 280.42 | 92.35 | - | 67.07 |
| 14 | 0250-ਹੋਰ ਸਮਾਜਿਕ ਸੇਵਾਵਾਂ | 2.32 | 3.35 | + | 44.40 |
| 15 | 0401-ਫਸਲ ਪਾਲਣ | 7.14 | 177.81 | + | 2,390.34 |
| 16 | 0403-ਪਸ਼ੂ ਪਾਲਣ | 8.54 | 9.51 | + | 11.36 |
| 17 | 0404-ਡੇਅਰੀ ਵਿਕਾਸ | 0.006 | 0.04 | + | 566.67 |
| 18 | 0405-ਮੱਛੀ ਪਾਲਣ | 0.54 | 1.16 | + | 114.81 |
| 19 | 0415-ਖੇਤੀਬਾੜੀ ਖੋਜ ਅਤੇ ਸਿੱਖਿਆ | 0.0023 | 0 | - | 100.00 |
| 20 | 0435-ਹੋਰ ਖੇਤੀਬਾੜੀ ਪ੍ਰੋਗਰਾਮ | 4.85 | 2.52 | - | 48.04 |
| 21 | 0515-ਹੋਰ ਪੇਂਡੂ ਵਿਕਾਸ ਪ੍ਰੋਗਰਾਮ | 3.42 | 57.01 | + | 1,566.96 |
| 22 | 0802-ਪੈਟਰੋਲੀਅਮ | 0.0001 | 0 | - | 100.00 |
| 23 | 0810-ਊਰਜਾ ਦੇ ਗੈਰ-ਰਿਵਾਇਤੀ ਸ੍ਰੋਤ | 0 | 99.89 | + | 100.00 |
| 24 | 0851-ਪਿੰਡ ਅਤੇ ਲਘੂ ਉਦਯੋਗ | 0.73 | 25.29 | + | 3,364.38 |
| 25 | 0852-ਉਦਯੋਗ | 0.03 | 0.02 | - | 33.33 |
| 26 | 1054-ਸੜਕਾਂ ਅਤੇ ਪੁਲ | 92.49 | 53.05 | - | 42.64 |
| 27 | 1055-ਸੜਕ ਆਵਾਜਾਈ | 99.77 | 69.34 | - | 30.50 |
| 28 | 1275-ਹੋਰ ਸੰਚਾਰ ਸੇਵਾਵਾਂ | 0.0001 | 0.0001 | | 0.00 |
| 29 | 1452-ਸੈਰ ਸਪਾਟਾ | 0.10 | 1.67 | + | 1,570.00 |
| 30 | 1456-ਸਿਵਲ ਸਪਲਾਈਜ਼ | 246.41 | 206.92 | - | 16.03 |
| 31 | 1475-ਹੋਰ ਆਮ ਆਰਥਿਕ ਸੇਵਾਵਾਂ | 63.47 | 402.40 | + | 534.00 |
| | **ਜੋੜ** | **1,144.44** | **1,590.94** | **+** | **39.01** |

* *ਉਪਰੋਕਤ ਸਾਰਣੀ ਵਿੱਚ ਅੰਕੜਿਆਂ ਨੂੰ ਕਰੋੜ ਰੁਪਏ ਵਿੱਚ ਰਾਊਂਡ ਆਫ ਕਰਨ ਦੇ ਕਾਰਨ, 2021-22 ਵਿੱਚ ਪ੍ਰਤੀਸ਼ਤ ਵਾਧਾ (+) ਜਾਂ ਘਾਟਾ (-) ਵਿੱਤ ਲੇਖਿਆਂ ਵਿੱਚ ਦਰਸਾਏ ਗਏ ਤੋਂ ਵੱਖਰੇ ਹੋ ਸਕਦੇ ਹਨ, ਜਿਥੇ ਰਾਸ਼ੀ ਨੂੰ ਲੱਖਾਂ ਰੁਪਏ ਵਿੱਚ ਰਾਊਂਡ ਆਫ ਕੀਤਾ ਗਿਆ ਹੈ।*

# ਅੰਤਿਕਾ 2.1

*(ਪੈਰ੍ਹਾ 2.5 ਦੇ ਹਵਾਲੇ ਵਿੱਚ)*

## [ੳ]-'ਸਰਕਲ ਲੇਖਾ ਪ੍ਰੀਖਿਆ' ਲਈ ਚੁਣੇ ਗਏ ਨਮੂਨਿਆਂ ਦੇ ਵੇਰਵੇ

| ਲੜੀ ਨੰ. | ਸਰਕਲ | ਰਿਟਰਨ ਸਾਲ |
|---|---|---|
| 1. | ਅੰਮ੍ਰਿਤਸਰ-I | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 2. | ਅੰਮ੍ਰਿਤਸਰ-II | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 3. | ਫਾਜ਼ਿਲਕਾ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 4. | ਗੁਰਦਾਸਪੁਰ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 5. | ਹੁਸ਼ਿਆਰਪੁਰ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 6. | ਜਲੰਧਰ-III | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 7. | ਮਾਨਸਾ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 8. | ਮੋਗਾ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 9. | ਪਠਾਣਕੋਟ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |
| 10. | ਰੋਪੜ | 1 ਅਪ੍ਰੈਲ 2020 ਤੋਂ 31 ਮਾਰਚ 2021, 2022-23 ਵਿੱਚ ਕੀਤੀ ਗਈ ਪੜਤਾਲ |

## [ਅ]- 'ਕੇਂਦਰੀ ਲੇਖਾ ਪ੍ਰੀਖਿਆ' ਲਈ ਚੁਣੇ ਗਏ ਨਮੂਨਿਆਂ ਦੇ ਵੇਰਵੇ

| ਲੜੀ ਨੰ. | ਸਰਕਲ | ਮਾਮਲਿਆਂ ਦੀ ਗਿਣਤੀ | ਕਰਦਾਤਾਵਾਂ ਦੀ ਸੰਖਿਆ | ਰਿਟਰਨ ਸਾਲ |
|---|---|---|---|---|
| 1 | ਅੰਮ੍ਰਿਤਸਰ-I | 15 | 9 | 2018-21 |
| 2 | ਅੰਮ੍ਰਿਤਸਰ-II | 24 | 12 | 2018-21 |
| 3 | ਬਰਨਾਲਾ | 2 | 2 | 2018-21 |
| 4 | ਬਠਿੰਡਾ | 24 | 14 | 2018-21 |
| 5 | ਫਰੀਦਕੋਟ | 3 | 2 | 2018-21 |
| 6 | ਫਤਿਹਗੜ੍ਹ ਸਾਹਿਬ | 38 | 26 | 2018-21 |
| 7 | ਫਾਜ਼ਿਲਕਾ | 3 | 1 | 2018-21 |
| 8 | ਫਿਰੋਜ਼ਪੁਰ | 3 | 1 | 2018-21 |
| 9 | ਗੁਰਦਾਸਪੁਰ | 3 | 1 | 2018-21 |
| 10 | ਹੁਸ਼ਿਆਰਪੁਰ | 16 | 8 | 2018-21 |
| 11 | ਜਲੰਧਰ-I | 12 | 8 | 2018-21 |
| 12 | ਜਲੰਧਰ-II | 24 | 11 | 2018-21 |
| 13 | ਜਲੰਧਰ-III | 31 | 17 | 2018-21 |
| 14 | ਕਪੂਰਥਲਾ | 14 | 7 | 2018-21 |
| 15 | ਲੁਧਿਆਣਾ-I | 48 | 28 | 2018-21 |
| 16 | ਲੁਧਿਆਣਾ-II | 46 | 21 | 2018-21 |
| 17 | ਲੁਧਿਆਣਾ-III | 29 | 16 | 2018-21 |
| 18 | ਲੁਧਿਆਣਾ-IV | 27 | 20 | 2018-21 |
| 19 | ਲੁਧਿਆਣਾ-V | 39 | 27 | 2018-21 |
| 20 | ਮਾਨਸਾ | 10 | 5 | 2018-21 |
| 21 | ਮੋਗਾ | 3 | 2 | 2018-21 |
| 22 | ਨਵਾਂ ਸ਼ਹਿਰ | 4 | 2 | 2018-21 |
| 23 | ਪਠਾਨਕੋਟ | 10 | 5 | 2018-21 |
